Published in Punjabi & English
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ- 16, ਅੰਕ-6, ਜੂਨ 2026
Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

# ਇਰਾਨ-ਅਮਰੀਕਾ ਸਮਝੌਤੇ ਦੀਆਂ ਕੰਨਸੋਆਂ ਦੀ ਚਰਚਾ ਕਰਦਿਆਂ...

ਬੁਰਾਈ ਦੇ ਧੁਰੇ ਅਮਰੀਕੀ-ਇਜ਼ਰਾਇਲੀ ਜੰਗਬਾਜ਼ਾਂ ਵੱਲੋਂ ਇਰਾਨ ਵਿਰੁੱਧ ਵਿੱਢੀ ਜੰਗ ਨੂੰ ਤਿੰਨ ਮਹੀਨੇ ਹੋ ਗਏ ਹਨ। ਪੈਂਟਾਗਾਨ ਅਨੁਸਾਰ ਹੁਣ ਤੱਕ ਇਰਾਨ ਜੰਗ ਉਪਰ ਅਮਰੀਕਾ ਦਾ 29 ਅਰਬ ਡਾਲਰ ਜਦਕਿ ਫੋਰਬਸ ਮੈਗਜ਼ੀਨ ਅਨੁਸਾਰ 200 ਅਰਬ ਡਾਲਰ ਖ਼ਰਚ ਆ ਚੁੱਕਾ ਹੈ। ਧੜਵੈਲ ਸਾਮਰਾਜੀ ਤਾਕਤ ਦਾ ਟਾਕਰਾ ਸੀਮਤ ਆਰਥਕ ਵਸੀਲਿਆਂ ਅਤੇ ਫ਼ੌਜੀ ਤਾਕਤ ਵਾਲਾ ਇਰਾਨ ਬਹਾਦਰੀ ਨਾਲ ਕਰ ਰਿਹਾ ਹੈ। ਚੰਦ ਦਿਨਾਂ 'ਚ ਇਰਾਨ ਵਿਚ ਨਿਜ਼ਾਮ ਬਦਲਣ ਤੁਰਿਆ ਟਰੰਪ ਹੋਰਮੁਜ਼ ਸਮੁੰਦਰੀ ਮਾਰਗ ਬੰਦ ਹੋਣ ਨਾਲ ਬਣੇ ਡੂੰਘੇ ਸੰਕਟ 'ਚੋਂ ਨਿਕਲਣ ਲਈ ਤਰਲੋਮੱਛੀ ਹੋ ਰਿਹਾ ਹੈ।

ਅੱਜ ਵੀ ਸਭ ਤੋਂ ਸ਼ਕਤੀਸ਼ਾਲੀ ਫ਼ੌਜੀ ਤਾਕਤ ਹੋਣ ਦੇ ਬਾਵਜੂਦ ਅਮਰੀਕੀ ਸਾਮਰਾਜ ਦਾ ਦੁਨੀਆ ਉਪਰ ਪਹਿਲਾਂ ਵਾਲਾ ਦਬਾਅ ਨਹੀਂ ਰਿਹਾ। ਕੌਮਾਂਤਰੀ ਵਪਾਰ ਅਤੇ ਫਾਇਨਾਂਸ ਵਿਚ ਡਾਲਰ ਦੀ ਸਰਦਾਰੀ ਖ਼ਤਰੇ 'ਚ ਹੈ। ਆਲਮੀ ਸਾਮਰਾਜੀ ਚੌਧਰ ਬਣਾਈ ਰੱਖਣ ਲਈ ਟਰੰਪ ਪ੍ਰਸ਼ਾਸਨ ਦਾ ਫ਼ੌਜੀ ਤਾਕਤ ਅਤੇ ਟੈਰਿਫ਼ ਹਮਲਿਆਂ ਦਾ ਮੰਤਰ ਵੀ ਕੰਮ ਨਹੀਂ ਕਰ ਰਿਹਾ। ਅਮਰੀਕੀ ਫ਼ੌਜੀ ਚੌਕੀਆਂ ਬਣੇ ਪੱਛਮੀ ਏਸ਼ੀਆ ਦੇ ਮੁਲਕਾਂ ਨੂੰ ਨਿਸ਼ਾਨਾ ਬਣਾ ਕੇ ਇਰਾਨ ਨੇ ਉਨ੍ਹਾਂ ਨੂੰ ਇਸ ਜੰਗ ਦਾ ਸਾਥ ਦੇਣ ਤੋਂ ਰੋਕ ਦਿੱਤਾ ਹੈ। ਨਾਟੋ ਜੋਟੀਦਾਰ ਵੀ ਪੱਛਮੀ ਏਸ਼ੀਆ ਵਿਚ ਟਰੰਪ ਦੀਆਂ ਅਤਿ-ਅਭਿਲਾਸ਼ੀ ਜੰਗੀ ਮੁਹਿੰਮਾਂ ਦਾ ਸਾਥ ਨਹੀਂ ਦੇ ਰਹੇ। ਦੁਨੀਆ ਦੇ ਬਦਲ ਚੁੱਕੇ ਸ਼ਕਤੀ ਸੰਤੁਲਨ ਨੂੰ ਸਵੀਕਾਰਨ ਦੀ ਬਜਾਏ ਟਰੰਪ ਪ੍ਰਸ਼ਾਸਨ ਦੀ ਧੁੱਸ ਫ਼ੌਜੀ ਤਾਕਤ ਵਧਾਉਣ ਉਪਰ ਹੈ, ਅਮਰੀਕਾ ਦੇ ਫ਼ੌਜੀ ਖ਼ਰਚ ਨੂੰ 860 ਅਰਬ ਡਾਲਰ ਤੋਂ ਵਧਾ ਕੇ ਵਿੱਤੀ ਸਾਲ 2027 ਲਈ 1.45 ਖ਼ਰਬ ਡਾਲਰ ਕਰਨਾ ਇਸੇ ਪਾਸੇ ਇਸ਼ਾਰਾ ਹੈ।

ਦੂਜੇ ਪਾਸੇ, ਹੋਰਮੁਜ਼ ਸਮੁੰਦਰੀ ਮਾਰਗ ਬੰਦ ਰਹਿਣ ਨਾਲ ਤੇਲ ਦੀ ਸਪਲਾਈ ਦਾ ਸੰਕਟ ਗੰਭੀਰ ਹੋ ਗਿਆ ਹੈ। ਖਾੜੀ ਤੇਲ 'ਤੇ ਨਿਰਭਰ ਮੁਲਕਾਂ ਵਿਚ ਮਹਿੰਗਾਈ ਵਧ ਰਹੀ ਹੈ। ਹੋਰਮੁਜ਼ ਨੂੰ ਖੁੱਲ੍ਹਵਾਉਣ ਦਾ ਦਬਾਅ ਟਰੰਪ ਨੂੰ ਇਰਾਨ ਨੂੰ ਤਬਾਹ ਕਰ ਦੇਣ ਦੇ ਅਲਟੀਮੇਟਮ ਵਾਰ-ਵਾਰ ਵਾਪਸ ਲੈਣ ਅਤੇ ਬੈਕਡੋਰ ਚੈਨਲਾਂ ਰਾਹੀਂ ਇਰਾਨ ਨਾਲ ਆਰਜ਼ੀ ਸਮਝੌਤਾ ਕਰਨ ਲਈ ਮਜਬੂਰ ਕਰ ਰਿਹਾ ਹੈ। ਨਵੰਬਰ 'ਚ ਅਮਰੀਕਾ ਵਿਚ ਮੱਧਕਾਲੀ ਚੋਣ ਤੋਂ ਪਹਿਲਾਂ ਟਰੰਪ ਇਰਾਨ ਵਿਰੁੱਧ ਜੰਗ ਨੂੰ ਆਪਣੀ ਕਾਮਯਾਬੀ ਵਜੋਂ ਪੇਸ਼ ਕਰਨ ਲਈ ਤਾਹੂ ਹੈ। ਪਰ ਨੇਤਨਯਾਹੂ ਸਰਕਾਰ ਅਤੇ ਅਮਰੀਕੀ ਜਿਓਨਵਾਦੀ ਲਾਬੀ ਸਮਝੌਤੇ ਦੀ ਬਜਾਏ ਟਰੰਪ ਉਪਰ ਇਰਾਨ ਵਿਰੁੱਧ ਮੁਕੰਮਲ ਜੰਗ ਵਿੱਢਣ ਲਈ ਦਬਾਅ ਪਾ ਰਹੇ ਹਨ।




ਇਰਾਨ ਦੀ ਕੋਸ਼ਿਸ਼ ਸ਼ੁਰੂ ਤੋਂ ਹੀ ਕਿਸੇ ਵਾਜਬ ਸਮਝੌਤੇ ਰਾਹੀਂ ਜੰਗ ਤੋਂ ਦੂਰ ਰਹਿਣ ਦੀ ਰਹੀ ਹੈ। ਸਮਝੌਤਾ ਟਰੰਪ-ਨੇਤਨਯਾਹੂ ਦੀ ਯੁੱਧਨੀਤੀ ਨੂੰ ਰਾਸ ਨਾ ਆਉਂਦਾ ਹੋਣ ਕਾਰਨ ਉਨ੍ਹਾਂ ਨੇ ਫਰਵਰੀ 'ਚ ਚੱਲ ਰਹੀ ਗੱਲਬਾਤ ਦੌਰਾਨ ਹੀ ਇਰਾਨ ਉਪਰ ਹਮਲਾ ਕਰਕੇ ਜੰਗ ਥੋਪ ਦਿੱਤੀ ਸੀ। ਗਾਜ਼ਾ ਹੋਵੇ, ਲੇਬਨਾਨ ਜਾਂ ਇਰਾਨ, ਅਮਰੀਕੀ ਅਤੇ ਇਜ਼ਰਾਇਲੀ ਹੁਕਮਰਾਨ ਖ਼ੁਦ ਨੂੰ ਯੂ.ਐੱਨ. ਸਮਝੌਤਿਆਂ, ਅਹਿਦਨਾਮਿਆਂ, ਕੌਮਾਂਤਰੀ ਨੇਮਾਂ ਅਤੇ ਜੰਗਬੰਦੀ ਤੋਂ ਉਪਰ ਸਮਝਦੇ ਹਨ ਅਤੇ ਜੰਗੀ ਜੁਰਮਾਂ ਨੂੰ ਬੇਖ਼ੌਫ਼ ਹੋ ਕੇ ਅੰਜਾਮ ਦੇ ਰਹੇ ਹਨ। ਕਤਰ ਵਿਚ ਹਾਲੀਆ ਗੱਲਬਾਤ ਦੌਰਾਨ ਹੀ ਅਮਰੀਕਾ ਵੱਲੋਂ ਇਰਾਨ ਦੇ ਸੂਬੇ ਹੋਰਮੋਜ਼ਗਨ ਉੱਪਰ ਹਮਲਾ ਕਰਕੇ ਜੰਗਬੰਦੀ ਦੀ ਘੋਰ ਉਲੰਘਣਾ ਕੀਤੀ ਗਈ ਹੈ। ਇਸਨੂੰ ਟਰੰਪ ਪ੍ਰਸ਼ਾਸਨ ਇਰਾਨ ਦੇ ਮਿਜ਼ਾਇਲ ਲਾਂਚ ਅੱਡਿਆਂ ਅਤੇ ਸਮੁੰਦਰ 'ਚ ਬਾਰੂਦੀ ਸੁਰੰਗਾਂ ਵਿਛਾਉਣ ਲਈ ਯਤਨਸ਼ੀਲ ਇਰਾਨੀ ਕਿਸ਼ਤੀਆਂ ਨੂੰ ਨਿਸ਼ਾਨਾ ਬਣਾਉਣ ਦੀ "ਡਿਫੈਂਸਿਵ" ਕਾਰਵਾਈ ਦੱਸ ਰਿਹਾ ਹੈ। ਘਿਣਾਉਣੇ ਝੂਠ ਬੋਲਕੇ ਆਪਣੇ ਹਮਲਿਆਂ ਨੂੰ ਸਹੀ ਠਹਿਰਾਉਣਾ ਅਮਰੀਕੀ ਹੁਕਮਰਾਨਾਂ ਦੀ ਖ਼ਸਲਤ ਰਹੀ ਹੈ।

1945 'ਚ ਤਤਕਾਲੀ ਅਮਰੀਕੀ ਰਾਸ਼ਟਰਪਤੀ ਰੂਜ਼ਵੈਲਟ ਨੇ ਸੰਯੁਕਤ ਰਾਸ਼ਟਰ ਦੇ ਰੂਪ 'ਚ "ਸ਼ਾਂਤੀ ਲਈ ਸਥਾਈ ਢਾਂਚਾ" ਬਣਾਉਣ ਦਾ ਜੋ ਐਲਾਨ ਕੀਤਾ ਸੀ, ਇਤਿਹਾਸ ਗਵਾਹ ਹੈ ਕਿ ਓਦੋਂ ਤੋਂ ਹੀ ਸੰਯੁਕਤ ਰਾਸ਼ਟਰ ਵਿਚ ਬਣੀ ਕੌਮਾਂਤਰੀ ਸਹਿਮਤੀ ਦੀਆਂ ਧੱਜੀਆਂ ਸਭ ਤੋਂ ਵੱਧ ਖ਼ੁਦ ਅਮਰੀਕੀ ਹੁਕਮਰਾਨ ਉਡਾਉਂਦੇ ਆ ਰਹੇ ਹਨ। ਅਮਰੀਕੀ ਹੁਕਮਰਾਨ ਆਪਣੀ ਸਾਮਰਾਜੀ ਸਲਤਨਤ ਦੇ ਹਿਤ ਸਥਾਈ ਸ਼ਾਂਤੀ ਸਮਝੌਤੇ 'ਚ ਨਹੀਂ, ਸਗੋਂ ਜੰਗਾਂ ਅਤੇ ਟਕਰਾਵਾਂ ਦੇ ਜਾਰੀ ਰਹਿਣ 'ਚ ਦੇਖਦੇ ਹਨ।

ਤਾਜ਼ਾ ਰਿਪੋਰਟਾਂ ਅਨੁਸਾਰ ਸਮਝੌਤੇ ਲਈ ਰਸਮੀਂ ਗੱਲਬਾਤ ਚਲਾਉਣ ਲਈ ਅਮਰੀਕੀ-ਇਰਾਨੀ ਵਫ਼ਦਾਂ ਦਰਮਿਆਨ 60 ਦਿਨਾਂ ਲਈ ਜੰਗਬੰਦੀ ਵਧਾਉਣ ਉਪਰ ਸਹਿਮਤੀ ਹੋ ਗਈ ਹੈ। ਪਰ ਕੀ ਟਰੰਪ ਸਰਕਾਰ ਸੰਜੀਦਗੀ ਨਾਲ ਸਮਝੌਤਾ ਕਰੇਗੀ ਅਤੇ ਈਮਾਨਦਾਰੀ ਨਾਲ ਲਾਗੂ ਕਰੇਗੀ? ਹਾਲੀਆ ਗੱਲਬਾਤ ਵਿਚ ਬਣ ਰਹੀ ਸਹਿਮਤੀ ਬਾਰੇ ਇਰਾਨ ਦੇ ਅਧਿਕਾਰੀ ਅਤੇ ਟਰੰਪ ਦੋਵੇਂ ਧਿਰਾਂ ਟਕਰਾਵੀਂ ਵਿਆਖਿਆ ਦੇ ਰਹੀਆਂ ਹਨ। ਟਰੰਪ ਸਮਝੌਤੇ ਨੂੰ ਅੰਤਮ ਰੂਪ ਦੇਣ ਦੀ ਗੱਲ ਵੀ ਕਰ ਰਿਹਾ ਹੈ ਅਤੇ 28 ਫਰਵਰੀ ਤੋਂ ਸ਼ੁਰੂ ਕੀਤੀਆਂ ਜੇਤੂ ਬੜਕਾਂ ਵੀ ਦੁਹਰਾਈ ਜਾ ਰਿਹਾ ਹੈ। ਇਹ ਇਸਦਾ ਸੰਕੇਤ ਹੈ ਕਿ ਬੇਹੱਦ ਪੇਚੀਦਾ ਬਣ ਚੁੱਕੇ ਇਨ੍ਹਾਂ ਮਸਲਿਆਂ ਦੇ ਪੱਕੇ ਹੱਲ ਦੀ ਗੱਲ ਤਾਂ ਛੱਡੋ, ਅੰਤਿਰਮ ਸਮਝੌਤਾ ਵੀ ਐਨਾ ਸੌਖਾ ਨਹੀਂ ਹੈ। ਸੋਧੇ ਹੋਏ ਯੂਰੇਨੀਅਮ ਦਾ ਸਵਾਲ, ਅਮਰੀਕਾ ਵੱਲੋਂ ਥੋਪੀਆਂ ਆਰਥਕ ਪਾਬੰਦੀਆਂ ਅਤੇ ਇਰਾਨ ਦੀਆਂ ਬੰਦਰਗਾਹਾਂ ਦੀ ਨਾਕਾਬੰਦੀ ਹਟਾਉਣਾ, ਜੰਗ ਨਾਲ ਤਬਾਹੀ ਦਾ ਮੁਆਵਜ਼ਾ ਅਤੇ ਹੋਰਮੁਜ਼ ਉਪਰ ਇਰਾਨੀ ਕੰਟਰੋਲ ਨੂੰ ਮਾਨਤਾ ਇਰਾਨ ਲਈ ਬਹੁਤ ਮਹੱਤਵਪੂਰਨ ਮੁੱਦੇ ਹਨ। ਇਰਾਨ ਦੇ ਮੁਕਾਬਲਤਨ ਉਦਾਰ ਰਾਜਨੇਤਾਵਾਂ ਤੋਂ ਲੈ ਕੇ ਕੱਟੜ ਫ਼ੌਜੀ-ਸੁਰੱਖਿਆ ਗੁੱਟਾਂ ਤੱਕ ਸਭ ਦਾ ਅਹਿਦ ਹੈ ਕਿ "ਆਤਮ-ਸਮਰਪਣ" ਵਰਗੇ ਕਿਸੇ ਵੀ ਸਮਝੌਤੇ ਨੂੰ ਇਸਲਾਮਿਕ ਗਣਰਾਜ ਮਨਜ਼ੂਰ ਨਹੀਂ ਕਰੇਗਾ। ਇਰਾਨ ਦੀ ਲੀਡਰਸ਼ਿੱਪ ਦੀ ਇਹ ਚਿੰਤਾ ਵੀ ਨਿਰਆਧਾਰ ਨਹੀਂ ਹੈ ਕਿ ਅੰਤਰਿਮ ਸਮਝੌਤੇ ਨੂੰ ਖ਼ੁਫ਼ੀਆ ਜਾਣਕਾਰੀ ਲੈਣ ਦਾ ਜ਼ਰੀਆ ਜਾਂ ਰਾਜਨੀਤਕ ਬਹਾਨਾ ਬਣਾਕੇ ਅਮਰੀਕਾ ਤੇ ਇਜ਼ਰਾਇਲ ਹੋਰ ਵੀ ਵੱਡੇ ਹਮਲੇ ਵਿੱਢ ਸਕਦੇ ਹਨ।

ਇਰਾਨ ਨੇ ਭੂਤਰੇ ਹੋਏ ਅਮਰੀਕੀ ਸਾਮਰਾਜੀ ਸਾਨ੍ਹ ਨੂੰ ਧੌਣੋਂ ਫੜਕੇ ਸ਼ਾਨਦਾਰ ਇਤਿਹਾਸ ਰਚਿਆ ਹੈ। ਇਰਾਨ ਦੀ ਲੜਾਈ ਸਾਡੀ ਸਭ ਦੀ ਲੜਾਈ ਹੈ। ਕੁਲ ਦੁਨੀਆ ਦੇ ਲੋਕਾਂ ਨੂੰ ਜਨਤਕ ਦਬਾਅ ਬਣਾਉਣਾ ਚਾਹੀਦਾ ਹੈ ਤਾਂ ਜੋ ਅਮਰੀਕੀ-ਇਜ਼ਰਾਇਲੀ ਗੱਠਜੋੜ ਇਰਾਨ ਦੀ ਪ੍ਰਭੂਸੱਤਾ ਅਤੇ ਸੁਰੱਖਿਆ ਨੂੰ ਕੇਂਦਰ ਵਿਚ ਰੱਖਕੇ ਸਮਝੌਤਾ ਕਰਨ, ਜੰਗ ਖ਼ਤਮ ਕਰਨ, ਅਤੇ ਸਮਝੌਤੇ ਨੂੰ ਲਾਗੂ ਕਰਕੇ ਪੱਛਮੀ ਏਸ਼ੀਆ ਵਿਚ ਸ਼ਾਂਤੀ ਕਾਇਮ ਕਰਨ ਦਾ ਪਾਬੰਦ ਹੋਣ ਲਈ ਮਜਬੂਰ ਹੋ ਜਾਵੇ।

**- ਸੰਪਾਦਕੀ ਬੋਰਡ**

• 24/7 Support • Licensed • Full-Spectrum Home Care • 100 % Satisfaction
GOLDEN HARMONY 22 CARE
GOLDEN HARMONY CARE
Medical & Paramedic-Led Home Care
• We offer Direct Billing
• Services provided in Punjabi, Hindu, Urdu, etc.
• Free home care for the elderly
Mamta Vandana Sharma
(403) 439-6688
www.goldenharmonycare.ca
goldenharmonycare@gmail.com

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • ਕਾਰ ਇੰਸ਼ੋਰੈਂਸ
• Home Insurance • ਹੋਮ ਇੰਸ਼ੋਰੈਂਸ
• Life Insurance • ਲਾਈਫ ਇੰਸ਼ੋਰੈਂਸ
• Critical illness • ਕਰਿਟੀਕਲ ਇਲਨੈਸ ਇੰਸ਼ੋਰੈਂਸ
• Disability Insurance • ਡਿਸਅਬਿਲਟੀ ਇੰਸ਼ੋਰੈਂਸ
• Car Loans • ਕਾਰ ਲੋਨ
• Business Insurance • ਬਿਜਨਸ ਇੰਸ਼ੋਰੈਂਸ
SAVE UPTO 30%
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE
Calgary AB T2E 6Z3

CALL NOW
FOR HOUSE BUYING & SELLING NEEDS.
BALJINDER SANGHA REALTOR®
(Certified Condominium Specialist)
403.680.3212
teamoraclehomes@gmail.com
EACH OFFICE INDEPENDENTLY OWNED AND OPERATED
RE/MAX MOUNTAIN VIEW




AMANDEEP S. RANIA
RCIC Regulated Canadian Immigration Consultant
Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com





RDSP UP TO $90,000 GOVERNMENT GRANT + BOND.
SUPER VISA INSURANCE
Punjab Insurance Inc PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010



# ਰਜਿਸਟਰਡ ਡਿਸਏਬਿਲਟੀ ਸੇਵਿੰਗ ਪਲਾਨ (RDSP)

(ਦੇਖੋ ਸਫ਼ਾ 39 'ਤੇ)

16 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ ਸਿੰਘ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਵਿਨੀਪੈੱਗ) | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |


NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ।ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ।ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ।19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

Hearing Aid Brands we Carry
• Oticon • Unitron • Signia

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca

1st Location : 124-4774 Westwinds Drive NE Calgary, Alberta
Email : westwinds@careine.ca

2nd Location : 2110-4250 109 Ave NE, Calgary, AB (The Port Plaza)

3rd Location : 45-250 Carrington Blvd NW Calgary, AB, T3P OC7

Phone : 403-605-6300 | Fax : 403-536-4057

Email : calgary@careinc.ca



AAXEL INSURANCE BROKERS LTD.

Harcharan Parhar
403-614-1797
harcharan.parhar@aaxelinsurance.com

Auto·Home·Business Insurance

- Commercial Auto & Trucking
- Commercial Property
- Rental Property
- Tenant Insurance
- General Liability
- Builder's Risk
- Special Event, Shows, Parties Liability

Ph. 403-614-1797 | Email : harcharan.parhar@aaxelinsurance.com
#3256, 4310-104 Ave NE, Calgary AB T3N 1W1
www.aaxelinsurance.com



Insta Realty
BUY SELL INSTANTLY

Residential | Commercial | Rural
Property Management

Harcharan Parhar
BROKER
403-681-8689



info@instarlt.com | www.instarlt.com
400, 3115-12th St NE Calgary AB T2E 7J2





ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

Specialist in :

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

www.hmphome.com

HMP Custom Cabinets Ltd.

Specialist in :



Custom Kitchen, Bars, Washroom Vanity, Custom Bedroom Closet & All Commercial Mill Work

Free Estimate Paul Sekhon : 403-701-4947

Bay 11 2316 27 Ave. NE, Calgary





Harpinder Sidhu INSURANCE EXPERT

Punjab Insurance Inc

SUPER VISA INSURANCE

* LIFE INSURANCE * RESPs

# 5106-4310 104 Ave,
NE Calgary AB T3N 1W5



CALL FOR BEST RATES

HARPINDER SIDHU
LOVEPREET SIDHU

403 404 3500

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Parminder Swaich
Surrey (BC)
604-760-4794
pswaich@hotmail.com
Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5



Universal Health
It's all about "U"
PHARMACY
Compounding & Home Health Care
Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com




For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE
REALTOR
REAL ESTATE BOARD
Taranjit "T. J." Mand
Real Estate Associate
Max Value Reality Ltd.



Call Romi Sidhu For Insurance & Financial Needs
StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments
4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN






Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਮੀ ਲਾਰਡ ! 'ਕਾਕਰੋਚ' ਸਿਸਟਮ ਨੂੰ ਸਵਾਲ ਕਿਉਂ ਨਾ ਕਰਨ ?



ਬੂਟਾ ਸਿੰਘ
ਮਹਿਮੂਦਪੁਰ
94634-74342

ਸਮਾਜ ਨਿਆਂ ਪ੍ਰਣਾਲੀ ਦੇ ਉੱਚਤਮ ਅਹੁਦਿਆਂ 'ਤੇ ਬਿਰਾਜਮਾਨ ਜੱਜਾਂ ਤੋਂ ਬਿਹਤਰੀਨ ਮਾਰਗ-ਦਰਸ਼ਕ ਭਾਸ਼ਾ ਦੀ ਤਵੱਕੋ ਕਰਦਾ ਹੈ ਪਰ ਕਦੇ ਨਾ ਕਦੇ ਉਨ੍ਹਾਂ ਦੇ ਅੰਦਰ ਛੁਪੇ ਜਮਾਤੀ, ਜਾਤੀ, ਪਿਤਰਸੱਤਾਵਾਦੀ ਤੇ ਫਿਰਕੂ ਤੁਅੱਸਬ ਤੇ ਪੱਖਪਾਤ ਸਭਿਅਕ ਹੋਣ ਦਾ ਮੁਲੰਮਾ ਲਾਹ ਕੇ ਜੱਗ ਜ਼ਾਹਰ ਹੋ ਹੀ ਜਾਂਦੇ ਹਨ। ਭਾਰਤ ਦੇ ਮੌਜੂਦਾ ਚੀਫ ਜਸਟਿਸ ਸੂਰੀਆਕਾਂਤ ਵੱਲੋਂ ਰਾਜਨੀਤਕ ਆਗੂਆਂ ਵਾਲੀ ਨਫ਼ਰਤੀ ਭਾਸ਼ਾ ਦੀ ਵਰਤੋਂ ਇਸਦਾ ਸੰਕੇਤ ਹੈ ਕਿ ਸਰਵਉੱਚ ਅਦਾਲਤ ਦੇ ਮੁਖੀ ਵੀ ਹੁਣ ਨਿਰਪੱਖਤਾ ਦਾ ਮਖੌਟਾ ਲਾਹ ਕੇ, ਹੁਕਮਰਾਨ ਧਿਰ ਦੀ ਤਰਜ਼ 'ਤੇ ਨਫ਼ਰਤੀ ਟਿੱਪਣੀਆਂ ਕਰਨ 'ਚ ਪਿੱਛੇ ਨਹੀਂ ਰਹਿਣਾ ਚਾਹੁੰਦੇ।

ਚੀਫ ਜਸਟਿਸ ਦਾ ਬੇਰੁਜ਼ਗਾਰ ਨੌਜਵਾਨਾਂ ਨੂੰ 'ਕਾਕਰੋਚ' ਕਹਿਣਾ ਸਰਸਰੀ ਟਿੱਪਣੀ ਨਹੀਂ ਹੈ, ਇਹ ਮੁਲਕ ਦੇ ਕੁਲੀਨ ਵਰਗ ਦੀ ਸੋਚ ਵਿਚ ਸਮਾਜ ਦੇ ਉਨ੍ਹਾਂ ਹਿੱਸਿਆਂ ਪ੍ਰਤੀ ਡੂੰਘੀ ਜਮਾਤੀ ਨਫ਼ਰਤ ਦੀ ਨੁਮਾਇਸ਼ ਹੈ ਜੋ ਆਰਥਕ ਤੌਰ 'ਤੇ ਹਾਸ਼ੀਏ 'ਤੇ ਧੱਕੇ ਹੋਏ ਹਨ ਅਤੇ ਤਰੱਕੀ ਦੇ ਮੌਕਿਆਂ ਤੋਂ ਵਾਂਝੇ ਹਨ। ਇਹ ਟਿੱਪਣੀ ਦਰਸਾਉਂਦੀ ਹੈ ਕਿ ਕੁਲੀਨ-ਵਰਗੀ ਹਿੱਸੇ ਆਮ ਲੋਕਾਂ ਦੀ ਜਮਹੂਰੀ ਅਸਹਿਮਤੀ ਨੂੰ ਕਿੰਨੀ ਨਫ਼ਰਤ ਨਾਲ ਦੇਖਦੇ ਹਨ।

ਚੀਫ ਜਸਟਿਸ ਨੇ ਇਹ ਜ਼ਬਾਨੀ ਟਿੱਪਣੀ 15 ਮਈ ਨੂੰ ਤੀਸ ਹਜ਼ਾਰੀ ਜ਼ਿਲ੍ਹਾ ਅਦਾਲਤ ਦੇ ਕੁਝ ਵਕੀਲਾਂ ਦੀ ਵਕਾਲਤ ਦੀ ਡਿਗਰੀ ਨੂੰ ਜਾਅਲੀ ਕਰਾਰ ਦਿੰਦੇ ਹੋਏ ਕੀਤੀ। ਦਿੱਲੀ ਹਾਈ ਕੋਰਟ ਵੱਲੋਂ ਆਪਣੇ ਵਕੀਲਾਂ ਨੂੰ ਸੀਨੀਅਰਾਂ ਦਾ ਦਰਜਾ ਦੇਣ ਲਈ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ। ਸੰਨ 2024 'ਚ 302 ਵਕੀਲਾਂ ਨੇ ਸੀਨੀਅਰ ਦਰਜਾ ਲੈਣ ਲਈ ਅਪਲਾਈ ਕੀਤਾ ਸੀ ਜਿਨ੍ਹਾਂ ਵਿੱਚੋਂ 70 ਨੂੰ ਸੀਨੀਅਰ ਦਾ ਦਰਜਾ ਦਿੱਤਾ ਗਿਆ। ਦੋਸ਼ ਲੱਗਿਆ ਕਿ ਕਈ ਅਯੋਗ ਵਕੀਲਾਂ ਨੂੰ ਸੀਨੀਅਰ ਬਣਾ ਦਿੱਤਾ ਗਿਆ ਸੀ ਅਤੇ ਬਹੁਤ ਸਾਰੇ ਹੱਕਦਾਰ ਵਕੀਲ ਸੂਚੀ 'ਚੋਂ ਬਾਹਰ ਕਰ ਦਿੱਤੇ ਗਏ ਸਨ। ਖ਼ੁਦ ਦਰਜਾ ਦੇਣ ਵਾਲੀ ਕਮੇਟੀ ਵਿੱਚ ਸ਼ਾਮਲ ਸੀਨੀਅਰ ਐਡਵੋਕੇਟ ਸੁਧੀਰ ਨੰਦਰਾਜੋਗ ਨੇ ਦੋਸ਼ ਲਾਇਆ ਕਿ ਸੀਨੀਅਰ ਵਕੀਲਾਂ ਦੀ ਸੂਚੀ ਬਣਾਉਣ ਸਮੇਂ ਉਸਦੀ ਸਹਿਮਤੀ ਨਹੀਂ ਲਈ ਗਈ ਸੀ ਅਤੇ ਸੂਚੀ ਅੰਤਮ ਰੂਪ ਦੇ ਕੇ ਉਸ ਕੋਲ ਭੇਜੀ ਗਈ ਸੀ। ਉਸ ਨੇ ਸੂਚੀ ਉੱਪਰ ਦਸਖ਼ਤ ਕਰਨ ਤੋਂ ਨਾਂਹ ਕਰਦਿਆਂ ਕਮੇਟੀ ਤੋਂ ਅਸਤੀਫ਼ਾ ਦੇ ਦਿੱਤਾ। ਜਿਨ੍ਹਾਂ ਨੂੰ ਸੀਨੀਅਰ ਦਾ ਦਰਜਾ ਨਹੀਂ ਦਿੱਤਾ ਗਿਆ ਸੀ ਉਨ੍ਹਾਂ ਵਿਚ ਹਾਈ ਕੋਰਟ ਦਾ ਵਕੀਲ ਸੰਜੇ ਦੁੱਬੇ ਵੀ ਸੀ। ਦੁੱਬੇ ਨੇ ਪਿਛਲੇ ਸਾਲ ਇਸੇ ਨੂੰ ਆਧਾਰ ਬਣਾ ਕੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਪਾਈ ਅਤੇ 70 ਵਕੀਲਾਂ ਨੂੰ ਦਿੱਤੇ ਗਏ ਸੀਨੀਅਰ ਦੇ ਦਰਜੇ ਨੂੰ ਚੁਣੌਤੀ ਦਿੱਤੀ ਸੀ। ਸੁਪਰੀਮ ਵੱਲੋਂ ਉਸ ਦੀ ਪਟੀਸ਼ਨ ਨਾਮਨਜ਼ੂਰ ਕਰ ਦਿੱਤੀ ਗਈ ਸੀ। 15 ਮਈ 2026 ਨੂੰ ਸੰਜੇ ਦੁੱਬੇ ਮੁੜ ਪਟੀਸ਼ਨ ਲੈ ਕੇ ਸੁਪਰੀਮ ਕੋਰਟ ਵਿੱਚ ਗਿਆ ਅਤੇ ਇਸ ਤੋਂ ਪਹਿਲਾਂ ਸੋਸ਼ਲ ਮੀਡੀਆ ਉੱਪਰ ਇਸ ਮਾਮਲੇ ਬਾਰੇ ਤਿੱਖੀਆਂ ਪੋਸਟਾਂ ਪਾਉਂਦਾ ਰਿਹਾ। ਚੀਫ਼ ਜਸਟਿਸ ਵੱਲੋਂ ਉਸਦੀਆਂ ਫੇਸਬੁੱਕ ਪੋਸਟਾਂ ਦੇ ਹਵਾਲੇ ਨਾਲ ਉਸਨੂੰ ਝਾੜ ਪਾਉਂਦਿਆਂ ਜੋ ਭਾਸ਼ਾ ਵਰਤੀ ਗਈ ਉਹ ਸਮੂਹ ਬੇਰੁਜ਼ਗਾਰ ਨੌਜਵਾਨਾਂ ਨੂੰ ਅਪਮਾਨਿਤ ਕਰਨ ਵਾਲੀ ਸੀ।

ਜਦੋਂ ਇਸ ਟਿੱਪਣੀ ਦਾ ਤਿੱਖਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਤਾਂ ਚੀਫ ਜਸਟਿਸ ਨੇ ਸਫ਼ਾਈ ਪੇਸ਼ ਕੀਤੀ ਕਿ ਮੀਡੀਆ ਦੇ ਇਕ ਹਿੱਸੇ ਨੇ ਉਸਦੀ ਟਿੱਪਣੀ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਹੈ। ਚੀਫ ਜਸਟਿਸ ਨੇ ਸਪਸ਼ਟੀਕਰਨ ਦਿੱਤਾ ਕਿ ਉਸ ਨੇ ਤਾਂ ਉਨ੍ਹਾਂ ਲੋਕਾਂ ਨੂੰ 'ਕਾਕਰੋਚ' ਅਤੇ 'ਪਰਜੀਵੀ' ਕਿਹਾ ਸੀ ਜੋ ਖ਼ਾਸ ਤੌਰ 'ਤੇ ਜਾਅਲੀ ਡਿਗਰੀਆਂ ਦੀ ਮਦਦ ਨਾਲ ਵਕਾਲਤ ਦੀ ਪ੍ਰੈਕਟਿਸ ਵਰਗੇ ਪੇਸ਼ਿਆਂ ਵਿਚ ਘੁਸ ਚੁੱਕੇ ਹਨ ਨਾ ਕਿ ਬੇਰੁਜ਼ਗਾਰ ਨੌਜਵਾਨਾਂ ਨੂੰ; ਕਿ ਇਸੇ ਤਰ੍ਹਾਂ ਦੇ ਵਿਅਕਤੀ ਮੀਡੀਆ, ਸੋਸ਼ਲ ਮੀਡੀਆ ਅਤੇ ਹੋਰ ਉੱਤਮ ਪੇਸ਼ਿਆਂ ਵਿਚ ਘੁਸਪੈਠ ਕਰ ਚੁੱਕੇ ਹਨ ਅਤੇ ਇਸ ਲਈ ਉਹ ਪਰਜੀਵੀਆਂ ਵਰਗੇ ਹਨ; ਮੁਲਕ ਦੇ ਨੌਜਵਾਨ ਤਾਂ ਉਸ ਲਈ ਵਿਕਸਤ ਭਾਰਤ ਦੇ ਥੰਮ੍ਹ ਹਨ।

ਜਨਾਬ ਸੂਰੀਆਕਾਂਤ ਦੀ ਇਹ ਪਹਿਲੀ ਵਿਵਾਦਪੂਰਨ ਟਿੱਪਣੀ ਨਹੀਂ ਹੈ। ਉਹ ਅਜਿਹੀਆਂ ਟਿੱਪਣੀਆਂ ਕਾਰਨ ਪਹਿਲਾਂ ਵੀ ਚਰਚਾ ਦਾ ਕੇਂਦਰ ਬਣਦੇ ਰਹੇ ਹਨ। ਪਹਿਲੀਆਂ ਟਿੱਪਣੀਆਂ ਦਾ ਸੁਰ ਵੀ ਲਗਭਗ ਅਜਿਹਾ ਹੀ ਰਿਹਾ ਹੈ। ਮਿਸਾਲ ਲਈ, ਘਰਾਂ ਵਿਚ ਕੰਮ ਕਰਨ ਵਾਲੇ ਵਰਕਰਾਂ ਦੇ ਹੱਕਾਂ ਬਾਰੇ ਜਨ-ਹਿਤ ਪਟੀਸ਼ਨ ਦੀ ਸੁਣਵਾਈ ਕਰਦਿਆਂ 29 ਜਨਵਰੀ ਨੂੰ ਉਨ੍ਹਾਂ ਨੇ ਟਰੇਡ ਯੂਨੀਅਨਾਂ ਬਾਰੇ ਟਿੱਪਣੀ ਕੀਤੀ ਕਿ ਮੁਲਕ ਦਾ ਆਰਥਕ ਵਾਧਾ ਰੋਕਣ ਲਈ ਟਰੇਡ ਯੂਨੀਅਨਾਂ ਜ਼ੁੰਮੇਵਾਰ ਹਨ: "ਉਨ੍ਹਾਂ ਦੇ ਕਾਰਨ ਕਿੰਨੀਆਂ ਸਨਅਤੀ ਇਕਾਈਆਂ ਬੰਦ ਹੋ ਗਈਆਂ? ਮੁਲਕ ਦੀਆਂ ਸਾਰੀਆਂ ਰਵਾਇਤੀ ਸਨਅਤਾਂ ਪੂਰੇ ਦੇਸ਼ ਵਿਚ ਇਨ੍ਹਾਂ "ਝੰਡਾ ਯੂਨੀਅਨਾਂ" ਦੇ ਕਾਰਨ ਬੰਦ ਹੋ ਗਈਆਂ।" ਉਨ੍ਹਾਂ ਨੇ ਇੱਥੋਂ ਤੱਕ ਕਿਹਾ ਕਿ ਘੱਟੋਘੱਟ ਉਜਰਤਾਂ ਤੈਅ ਕਰਨ ਨਾਲ – ਖ਼ਾਸ ਕਰਕੇ ਘਰੇਲੂ ਕੰਮ ਵਰਗੇ ਖੇਤਰਾਂ ਵਿਚ – ਮਾਲਕ ਵਰਕਰਾਂ ਨੂੰ ਕੰਮ 'ਤੇ ਰੱਖਣ ਤੋਂ ਨਿਰਉਤਸ਼ਾਹਤ ਹੋ ਸਕਦੇ ਹਨ, ਇਸ ਨਾਲ ਰੁਜ਼ਗਾਰ ਪੈਦਾ ਹੋਣ 'ਚ ਰੁਕਾਵਟ ਪਵੇਗੀ। ਇਹ ਮਜ਼ਦੂਰਾਂ ਦੇ ਆਪਣੇ ਹਿਤਾਂ ਲਈ ਸਮੂਹਿਕ ਸੰਘਰਸ਼ ਦੇ ਹੱਕ ਦੇ ਖ਼ਿਲਾਫ਼ ਟਿੱਪਣੀ ਸੀ।

ਜਦੋਂ ਭਾਰਤੀ ਅਧਿਕਾਰੀਆਂ ਵੱਲੋਂ ਕੁਝ ਰੋਹਿੰਗਿਆ ਰਫਿਊਜ਼ੀਆਂ ਨੂੰ ਚੁੱਕਕੇ ਸਮੁੰਦਰ ਵਿਚ ਸੁੱਟ ਦੇਣ ਦੀਆਂ ਰਿਪੋਰਟਾਂ ਤੋਂ ਫ਼ਿਕਰਮੰਦ ਕਾਰਕੁਨਾਂ ਨੇ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕਰਕੇ ਸਰਵਉੱਚ ਅਦਾਲਤ ਨੂੰ ਇਸਦਾ ਨੋਟਿਸ ਲੈਣ ਦੀ ਗੁਜ਼ਾਰਿਸ਼ ਕੀਤੀ ਤਾਂ ਜਸਟਿਸ ਸੂਰੀਆਕਾਂਤ ਨੇ ਇਸ ਨੂੰ "ਖ਼ੂਬਸੂਰਤੀ ਨਾਲ ਘੜੀ ਕਹਾਣੀ" ਕਹਿਕੇ ਰੱਦ ਕਰ ਦਿੱਤਾ। 2 ਦਸੰਬਰ 2025 ਨੂੰ ਉਸਦੀ ਅਗਵਾਈ ਵਾਲੇ ਦੋ-ਮੈਂਬਰੀ ਬੈਂਚ ਨੇ ਰੋਹਿੰਗਿਆ ਵਿਅਕਤੀਆਂ ਦੇ ਲਾਪਤਾ ਹੋ ਜਾਣ ਬਾਰੇ ਪਟੀਸ਼ਨ ਦੀ ਸੁਣਵਾਈ ਕਰਦਿਆਂ ਭਾਰਤ ਵਿਚ ਰੋਹਿੰਗਿਆ ਵਿਅਕਤੀਆਂ ਦੀ ਮੌਜੂਦਗੀ ਬਾਰੇ ਹੀ ਸਵਾਲ ਖੜ੍ਹਾ ਕਰਦਿਆਂ ਕਿਹਾ: "ਜੇ ਕੋਈ ਘੁਸਪੈਠੀਆ ਆਉਂਦਾ ਹੈ, ਤਾਂ ਕੀ ਅਸੀਂ ਉਸਦਾ ਲਾਲ ਗਲੀਚਾ ਵਿਛਾ ਕੇ ਸਵਾਗਤ ਕਰੀਏ ਅਤੇ ਕਹੀਏ ਕਿ ਅਸੀਂ ਤੁਹਾਨੂੰ ਸਾਰੀਆਂ ਸਹੂਲਤਾਂ ਦੇਣਾ ਚਾਹੁੰਦੇ ਹਾਂ?" ਚੀਫ ਜਸਟਿਸ ਨੇ ਟਿੱਪਣੀ ਕੀਤੀ, "ਪਹਿਲਾਂ ਤੁਸੀਂ ਆਉਂਦੇ ਹੋ, ਤੁਸੀਂ ਗੈਰਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਦੇ ਹੋ। ਤੁਸੀਂ ਸੁਰੰਗ ਖੋਦ ਕੇ ਜਾਂ ਵਾੜ ਟੱਪਕੇ ਗੈਰਕਾਨੂੰਨੀ ਤੌਰ 'ਤੇ ਭਾਰਤ ਵਿੱਚ ਦਾਖ਼ਲ ਹੁੰਦੇ ਹੋ। ਫਿਰ ਤੁਸੀਂ ਕਹਿੰਦੇ ਹੋ ਕਿ ਹੁਣ ਜਦੋਂ ਮੈਂ ਅੰਦਰ ਆ ਗਿਆ ਹਾਂ, ਤਾਂ ਤੁਹਾਡੇ ਕਾਨੂੰਨ ਮੇਰੇ 'ਤੇ ਲਾਗੂ ਹੋਣੇ ਚਾਹੀਦੇ ਹਨ ਅਤੇ ਮੈਂ ਖਾਣੇ ਦਾ ਹੱਕਦਾਰ ਹਾਂ, ਮੈਂ ਰਹਿਣ ਲਈ ਰੈਣ-ਬਸੇਰੇ ਦਾ ਹੱਕਦਾਰ ਹਾਂ, ਮੇਰੇ ਬੱਚੇ ਸਿੱਖਿਆ ਦੇ ਹੱਕਦਾਰ ਹਨ। ਕੀ ਅਸੀਂ ਕਾਨੂੰਨ ਨੂੰ ਇਸ ਹੱਦ ਤੱਕ ਖਿੱਚਣਾ ਚਾਹੁੰਦੇ ਹਾਂ?" ਉਨ੍ਹਾਂ ਨੇ ਇਸ਼ਾਰਾ ਕੀਤਾ ਕਿ ਅਜਿਹੇ ਵਿਅਕਤੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ ਵਾਪਸ ਭੇਜਣ ਵਿੱਚ ਕੋਈ ਸਪੱਸ਼ਟ ਸਮੱਸਿਆ ਨਹੀਂ ਹੈ। (ਇਸ ਤੋਂ ਪਹਿਲਾਂ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਵੀ ਇਕ ਤਾਮਿਲ ਰਫਿਊਜ਼ੀ ਨੂੰ ਹਿਰਾਸਤ ਵਿਚ ਲਏ ਜਾਣ ਦੇ ਕੇਸ ਵਿਚ ਦਖ਼ਲ ਦੇਣ ਤੋਂ ਇਨਕਾਰ ਕਰਦਿਆਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ 'ਇਹ ਕੋਈ ਧਰਮਸ਼ਾਲਾ ਨਹੀਂ ਹੈ ਕਿ ਅਸੀਂ ਸਾਰੇ ਬਦੇਸ਼ੀ ਨਾਗਰਿਕਾਂ ਨੂੰ ਪਨਾਹ ਦੇਈਏ।') ਜਿਵੇਂ ਬਿਪਤਾ ਦੀ ਹਾਲਤ ਵਿਚ ਆਪਣਾ ਵਤਨ ਛੱਡਣ ਲਈ ਮਜਬੂਰ ਹੋਏ ਲੋਕ ਭਗਵਾ ਹੁਕਮਰਾਨਾਂ ਲਈ 'ਸਿਉਂਕ' ਹਨ, ਉਸੇ ਤਰ੍ਹਾਂ ਇਨ੍ਹਾਂ ਜਸਟਿਸ ਸਾਹਿਬਾਨ ਦੀਆਂ ਨਜ਼ਰਾਂ ਵਿਚ ਉਹ ਗ਼ੈਰਕਾਨੂੰਨੀ ਘੁਸਪੈਠੀਏ ਹਨ!

11 ਮਈ ਨੂੰ ਵਾਤਾਵਰਣ ਕਾਰਕੁਨਾਂ ਵੱਲੋਂ ਵਾਤਾਵਰਣ ਬਾਰੇ ਉਠਾਏ ਸਰੋਕਾਰਾਂ ਬਾਰੇ ਜਨਾਬ ਸੂਰੀਆਕਾਂਤ ਨੇ ਕਿਹਾ ਕਿ ਇਨ੍ਹਾਂ ਦਾ ਕੰਮ ਹੀ ਹੈ ਅਦਾਲਤ ਵਿਚ ਆ ਕੇ ਦਲੀਲਾਂ ਦੇਣਾ। ਇਕ ਵੀ ਕੇਸ ਦੱਸ ਦਿਓ ਜਿੱਥੇ ਇਨ੍ਹਾਂ ਕਥਿਤ ਵਾਤਾਵਰਣ ਕਾਰਕੁਨਾਂ ਨੇ ਹੋਏ ਵਿਕਾਸ ਦਾ ਸਵਾਗਤ ਕੀਤਾ ਹੋਵੇ। ਕਮੇਡੀਅਨ ਸਮਯ ਰੈਨਾ ਦੇ ਯੂਟਿਊਬ ਸ਼ੋਅ "ਇੰਡੀਆਜ਼ ਗੌਟ ਲੇਟੈਂਟ" ਨਾਲ ਜੁੜੇ ਵਿਵਾਦ ਅਤੇ ਯੂਟਿਊਬਰ ਰਣਬੀਰ ਅਲਾਹਾਬਾਦੀਆ ਦੀ ਪਟੀਸ਼ਨ ਉੱਪਰ ਸੁਣਵਾਈ ਦੌਰਾਨ ਵੀ ਟਿੱਪਣੀਆਂ ਦੀ ਭਾਸ਼ਾ ਖ਼ਾਸ ਸੁਰ ਵਾਲੀ ਸੀ। ਜਿਵੇਂ, "ਕੁਝ ਲੋਕ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਂ 'ਤੇ ਲੇਖ ਲਿਖ ਰਹੇ ਹਨ; ਸਾਨੂੰ ਉਨ੍ਹਾਂ ਨਾਲ ਨਜਿੱਠਣਾ ਚੰਗੀ ਤਰ੍ਹਾਂ ਆਉਂਦਾ ਹੈ, "ਮੌਲਿਕ ਅਧਿਕਾਰਾਂ ਦੇ ਨਾਲ-ਨਾਲ ਕਰਤੱਵ ਵੀ ਜੁੜੇ ਹੁੰਦੇ ਹਨ" "ਇਹ ਨੌਜਵਾਨ ਜ਼ਰੂਰਤ ਤੋਂ ਜ਼ਿਆਦਾ ਚਲਾਕ ਬਣ ਰਹੇ ਹਨਉਨ੍ਹਾਂ ਨੂੰ ਸ਼ਾਇਦ ਇਸ ਅਦਾਲਤ ਦੇ ਅਧਿਕਾਰ-ਖੇਤਰ ਅਤੇ ਇੱਥੋਂ ਕੀ ਕੀਤਾ ਜਾ ਸਕਦਾ ਹੈ, ਇਸਦਾ ਅੰਦਾਜ਼ਾ ਨਹੀਂ ਹੈ।" ਅਜਿਹੀਆਂ ਹੋਰ ਮਿਸਾਲਾਂ ਵੀ ਦਿੱਤੀਆਂ ਜਾ ਸਕਦੀਆਂ ਹਨ।

ਚੀਫ ਜਸਟਿਸ ਨੇ ਉਪਰੋਕਤ ਟਿੱਪਣੀ ਉਨ੍ਹਾਂ ਹਾਲਾਤ ਵਿਚ ਕੀਤੀ ਹੈ ਜਦੋਂ ਭਾਰਤੀ ਸਮਾਜ ਵਿਚ ਪਹਿਲਾਂ ਹੀ ਡੂੰਘੀ ਫਿਰਕੂ ਪਾਲਾਬੰਦੀ ਹੋ ਚੁੱਕੀ ਹੈ। ਭਗਵਾ ਧਿਰ ਵੱਲੋਂ ਲਗਾਤਾਰ ਨਫ਼ਰਤੀ ਭਾਸ਼ਣਾਂ, ਨਫ਼ਰਤ ਫੈਲਾਊ ਮੁਹਿੰਮਾਂ ਰਾਹੀਂ ਨਫ਼ਰਤੀ ਭਾਸ਼ਾ ਨੂੰ ਨਿਊ ਨਾਰਮਲ ਬਣਾ ਦਿੱਤਾ ਗਿਆ ਹੈ। "ਇੰਡੀਆ ਹੇਟ ਲੈਬ" ਦੀ ਸਾਲਾਨਾ ਰਿਪੋਰਟ 2025 ਅਨੁਸਾਰ ਇਕ ਸਾਲ ਵਿਚ ਅਜਿਹੇ 141 ਨਫ਼ਰਤੀ ਭਾਸ਼ਣ ਦਿੱਤੇ ਗਏ। ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ, ਬੁੱਧੀਮਾਨ ਵਿਦਿਆਰਥੀਆਂ ਸਮੇਤ ਅਸਹਿਮਤ ਆਵਾਜ਼ਾਂ ਨੂੰ ਪਹਿਲਾਂ ਹੀ "ਦੇਸ਼ਧ੍ਰੋਹੀ, ਟੁਕੜੇ-ਟੁਕੜੇ ਗੈਂਗ, ਸ਼ਹਿਰੀ ਨਕਸਲੀ", "ਘੁਸਪੈਠੀਏ" ਵਰਗੇ ਲੇਬਲਾਂ ਨਾਲ ਨਿਸ਼ਾਨਾ ਬਣਾਉਣ ਦਾ ਸਿਲਸਿਲਾ ਸਾਲਾਂ ਤੋਂ ਚੱਲ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਨਾ ਸਿਰਫ਼ ਚੋਣ ਰੈਲੀਆਂ ਵਿਚ ਸਗੋਂ ਪਾਰਲੀਮੈਂਟ ਦੇ ਅੰਦਰ "ਘੁਸਪੈਠੀਏ, "ਸਿਉਂਕ, "ਅੰਦੋਲਨਜੀਵੀ" ਵਰਗੇ ਸ਼ਬਦ ਵਰਤਦੇ ਦੇਖੇ ਜਾ ਸਕਦੇ ਹਨ। ਵਡਿਆਈ ਪਸੰਦ ਰਾਜਕੀ ਸੰਸਥਾਵਾਂ ਅਤੇ ਹੁਕਮਰਾਨ ਆਪਣੀ ਘੋਖ-ਪੜਤਾਲ ਅਤੇ ਜਨਤਕ ਨਿਗਰਾਨੀ ਨਹੀਂ ਚਾਹੁੰਦੇ। ਇਸੇ ਲਈ ਸਵਾਲ ਉਠਾਉਣ ਵਾਲਿਆਂ ਨੂੰ ਦੇਸ਼-ਧ੍ਰੋਹੀ ਕਰਾਰ ਦੇ ਕੇ ਖ਼ੌਫ਼ ਦਾ ਮਾਹੌਲ ਬਣਾਇਆ ਗਿਆ ਹੈ। ਕਾਰਕੁਨਾਂ ਨੂੰ ਖ਼ਤਰਨਾਕ ਮੁਜਰਿਮਾਂ ਵਾਂਗ ਪੇਸ਼ ਕਰਕੇ ਜੇਲ੍ਹਾਂ ਵਿਚ ਡੱਕਿਆ ਜਾਂਦਾ ਹੈ। ਪੱਤਰਕਾਰਾਂ 'ਤੇ ਛਾਪੇ ਮਾਰੇ ਜਾਂਦੇ ਹਨ। ਅਸਹਿਮਤੀ ਨੂੰ ਖ਼ਤਰਾ ਬਣਾਕੇ ਪੇਸ਼ ਕੀਤਾ ਜਾਂਦਾ ਹੈ। ਨਿਆਂ ਪ੍ਰਣਾਲੀ ਅਜਿਹੇ ਮਾਹੌਲ ਨੂੰ ਰੋਕਣ ਲਈ ਦਖ਼ਲਅੰਦਾਜ਼ੀ ਕਰਨ ਦੀ ਬਜਾਏ ਆਵਾਜ਼ ਉਠਾਉਣ ਵਾਲਿਆਂ ਪ੍ਰਤੀ ਹੀ ਨਫ਼ਰਤ ਪੈਦਾ ਕਰਨ 'ਚ ਸ਼ਾਮਲ ਹੋ ਰਹੀ ਹੈ। ਹੁਣ ਜੇ ਬੇਰੁਜ਼ਗਾਰ ਨੌਜਵਾਨਾਂ ਅਤੇ ਆਰ.ਟੀ.ਆਈ. ਕਾਰਕੁਨਾਂ ਨੂੰ ਵੀ "ਪਰਜੀਵੀ" ਕਿਹਾ ਜਾਣ ਲੱਗਾ ਹੈ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਹਮਲੇ ਦਾ ਘੇਰਾ ਚੌੜਾ ਕੀਤਾ ਜਾ ਰਿਹਾ ਹੈ ਅਤੇ ਹਾਲਾਤ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਖ਼ਤਰਨਾਕ ਹੱਦ 'ਤੇ ਜਾ ਪਹੁੰਚੇ ਹਨ।

ਇਹ ਭਗਵਾ ਹਕੂਮਤ ਦੇ ਤਹਿਤ ਮੁਲਕ ਦੇ ਰਾਜ-ਢਾਂਚੇ ਦੇ ਅੰਦਰ ਡੂੰਘੀ ਘੁਸਪੈਠ ਕਰ ਚੁੱਕੀ ਨਫ਼ਰਤੀ ਵਿਚਾਰਧਾਰਾ ਦਾ ਪ੍ਰਗਟਾਵਾ ਵੀ ਹੈ। ਆਰ.ਐੱਸ.ਐੱਸ. ਦੀ ਵਿਚਾਰਧਾਰਾ ਅਧਿਕਾਰਾਂ ਦੀ ਬਜਾਏ 'ਕਰਤੱਵ' ਅਤੇ ਸਵਾਲਾਂ ਦੀ ਬਜਾਏ ਅੰਧ-ਭਗਤੀ ਉੱਪਰ ਜ਼ੋਰ ਦਿੰਦੀ ਹੈ। ਇਹ ਵਿਚਾਰਧਾਰਾ ਕੁਲੀਨ ਵਰਗ ਨੂੰ ਪੂਰੀ ਤਰ੍ਹਾਂ ਰਾਸ ਆਉਂਦੀ ਹੈ ਕਿ ਵਾਂਝੇ ਨੌਜਵਾਨ ਯਥਾਸਥਿਤੀਵਾਦੀ ਬਣੇ ਰਹਿਣ ਅਤੇ ਸੱਤਾ ਨੂੰ ਸਵਾਲ ਕਰਨ ਦਾ ਹੌਸਲਾ ਨਾ ਕਰਨ। ਇਸ ਬੇਹੱਦ ਖ਼ਤਰਨਾਕ ਟਿੱਪਣੀ ਵਿੱਚੋਂ ਸਿਸਟਮ ਉੱਪਰ ਸਵਾਲ ਕਰਨ ਵਾਲਿਆਂ ਪ੍ਰਤੀ ਹਾਕਮ ਜਮਾਤ ਅਤੇ ਕੁਲੀਨ ਵਰਗ ਦਾ ਜਮਾਤੀ ਨਜ਼ਰੀਆ ਝਲਕਦਾ ਹੈ। ਇਹ ਨਜ਼ਰੀਆ ਸੱਤਾ ਦੀ ਜੀ-ਹਜ਼ੂਰੀ ਨੂੰ ਦੇਸ਼ਭਗਤੀ ਅਤੇ ਸਵਾਲ ਪੁੱਛਣ ਨੂੰ ਦੇਸ਼ਧ੍ਰੋਹ ਮੰਨਦਾ ਹੈ। ਦਿਮਾਗ ਬੰਦ ਕਰਕੇ ਸੱਤਾ ਦੇ ਜੀ-ਹਜ਼ੂਰੀਏ ਬਣੇ ਰਹਿਣ ਦੀ ਸੂਰਤ 'ਚ ਨੌਜਵਾਨੀ ਤੋਂ ਨਾ ਹਕੂਮਤ ਨੂੰ ਕੋਈ ਸਮੱਸਿਆ ਨਹੀਂ ਹੈ ਅਤੇ ਨਾ ਕੁਲੀਨ-ਵਰਗੀ ਮਾਨਸਿਕਤਾ ਵਾਲੇ ਕਥਿਤ ਸੱਭਿਅਕ ਲਾਣੇ ਨੂੰ। ਪਰ ਜੇਕਰ ਨੌਜਵਾਨ ਸਰਕਾਰਾਂ ਦੀ ਕਾਰਗੁਜ਼ਾਰੀ ਉੱਪਰ ਸਵਾਲ ਉਠਾਉਂਦੇ ਹਨ, ਜੇਕਰ ਉਹ ਆਪਣੇ ਹੱਕਾਂ ਦੀ ਗੱਲ ਕਰਦੇ ਹਨ ਜਾਂ ਮਨੁੱਖੀ ਜ਼ਿੰਦਗੀ ਦੇ ਹਾਲਾਤਾਂ ਨੂੰ ਬਿਹਤਰ ਬਣਾਉਣ ਦਾ ਸੁਪਨਾ ਦੇਖਦੇ ਹਨ




ਤਾਂ ਹੁਕਮਰਾਨਾਂ ਨੂੰ ਚੁੱਭਣੇ ਸ਼ੁਰੂ ਹੋ ਜਾਂਦੇ ਹਨ। ਚੀਫ ਜਸਟਿਸ ਦੀ ਟਿੱਪਣੀ ਵਿਚ ਇਹ ਕੁਲੀਨ-ਵਰਗੀ ਔਖ ਖ਼ਾਸ ਤੌਰ 'ਤੇ ਜ਼ਾਹਰ ਹੋਈ ਹੈ ਕਿ ਮੀਡੀਆ, ਸੋਸ਼ਲ ਮੀਡੀਆ, ਸੂਚਨਾ ਅਧਿਕਾਰ ਕਾਰਕੁਨ ਸੱਤਾ ਨੂੰ ਸਵਾਲ ਕਿਉਂ ਕਰਦੇ ਹਨ। ਉਹ ਰਾਜ-ਪ੍ਰਬੰਧ ਦੇ ਅਦਾਰਿਆਂ ਤੋਂ ਜਵਾਬਦੇਹੀ ਦੀ ਮੰਗ ਕਿਉਂ ਕਰਦੇ ਹਨ। ਉਹ ਹਕੂਮਤ ਪੱਖੀ ਸਰਕਾਰੀ ਤੇ ਗ਼ੈਰਸਰਕਾਰੀ ਪ੍ਰਚਾਰ-ਤੰਤਰ ਦੇ ਬਿਰਤਾਂਤਾਂ ਨੂੰ ਅੱਖਾਂ ਮੀਟਕੇ ਆਖ਼ਰੀ ਸੱਚ ਕਿਉਂ ਨਹੀਂ ਮੰਨਦੇ।

ਲੋਕਤੰਤਰ ਵਿੱਚ ਸਵਾਲ ਪੁੱਛਣਾ ਅਪਰਾਧ ਨਹੀਂ ਮੰਨਿਆ ਜਾਂਦਾ, ਭਾਰਤ ਦੇ ਸੰਵਿਧਾਨ ਵਿਚ ਆਰਟੀਕਲ 19 ਦੇ ਤਹਿਤ ਵੀ ਪ੍ਰਗਟਾਵੇ ਦੀ ਆਜ਼ਾਦੀ ਸਮੇਤ ਬੁਨਿਆਦੀ ਨਾਗਰਿਕ ਆਜ਼ਾਦੀਆਂ ਦੀ ਜ਼ਾਮਨੀ ਦਿੱਤੀ ਗਈ ਹੈ। ਪਰ ਸੰਵਿਧਾਨ ਅਤੇ ਇਸ ਵਿਚ ਦਰਜ ਗਾਰੰਟੀਆਂ ਤਾਂ ਮੋਮ ਦੀ ਨੱਕ ਵਾਂਗ ਹਨ ਜਿਨ੍ਹਾਂ ਨੂੰ ਹੁਕਮਰਾਨ ਆਪਣੇ ਹਿਤ ਅਨੁਸਾਰ ਮੋੜ ਲੈਂਦੇ ਹਨ। ਚੀਫ ਜਸਟਿਸ ਵੱਲੋਂ ਪ੍ਰਗਟਾਵੇ ਦੀ ਆਜ਼ਾਦੀ ਦੇ ਇਸ ਸੰਵਿਧਾਨਕ ਹੱਕ ਦਾ ਇਸਤੇਮਾਲ ਕਰਨ ਵਾਲਿਆਂ ਨੂੰ "ਪਰਜੀਵੀ" ਕਹਿਣਾ ਇਸ ਸੰਵਿਧਾਨਕ ਗਾਰੰਟੀ ਤੋਂ ਪਿੱਛੇ ਹਟਣ ਦੇ ਰੁਝਾਨ ਨੂੰ ਦਰਸਾਉਂਦਾ ਹੈ। ਨੌਜਵਾਨਾਂ ਵੱਲੋਂ ਮੀਡੀਆ, ਸੋਸ਼ਲ ਮੀਡੀਆ ਜਾਂ ਆਰ.ਟੀ.ਆਈ. ਨੂੰ ਹਕੂਮਤ ਤੋਂ ਜਵਾਬ ਮੰਗਣ ਲਈ ਵਰਤਣਾ ਸਿਸਟਮ ਨੂੰ ਗਵਾਰਾ ਨਹੀਂ ਹੋ ਸਕਦਾ। 'ਸਿਸਟਮ' ਚਾਹੁੰਦਾ ਹੈ ਕਿ ਨੌਜਵਾਨ 'ਵਿਕਸਿਤ ਭਾਰਤ', 'ਵਿਕਾਸ' ਦੇ ਹਕੂਮਤੀ ਬਿਰਤਾਂਤ ਨੂੰ ਮੰਤਰ ਵਾਂਗ ਜਪਦੇ ਰਹਿਣ ਅਤੇ ਸਵਾਲ ਕਰਨੇ ਛੱਡ ਦੇਣ।

ਭਾਰਤ ਦੀ 65% ਵਸੋਂ ਦੀ ਉਮਰ 35 ਸਾਲ ਤੋਂ ਘੱਟ ਹੈ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕੋਲ ਕੋਈ ਸਨਮਾਨਜਨਕ ਰੁਜ਼ਗਾਰ ਨਹੀਂ ਹੈ। ਚੀਫ ਜਸਟਿਸ ਦੀ ਟਿੱਪਣੀ ਮਹਿਜ਼ ਮੁਲਕ ਦੀ ਨੌਜਵਾਨੀ ਦਾ ਹੀ ਅਪਮਾਨ ਨਹੀਂ ਹੈ, ਇਹ ਜ਼ਮੀਨੀਂ ਪੱਧਰ 'ਤੇ ਕੰਮ ਕਰਦੇ ਪੱਤਰਕਾਰਾਂ ਅਤੇ ਆਰ.ਟੀ.ਆਈ. ਕਾਰਕੁਨਾਂ ਦੀ ਖਣਨ, ਉਸਾਰੀ ਆਦਿ ਵਰਗੇ ਖੇਤਰਾਂ ਵਿਚ ਵਿਆਪਕ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰਨ ਅਤੇ ਪ੍ਰਸ਼ਾਸਨ ਨੂੰ ਇਨ੍ਹਾਂ ਮਾਮਲਿਆਂ ਵਿਚ ਐਕਸ਼ਨ ਲੈਣ ਲਈ ਮਜਬੂਰ ਕਰਨ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨੂੰ ਵੀ ਰੱਦ ਕਰਦੀ ਹੈ। ਸਟੇਟ ਦੀਆਂ ਏਜੰਸੀਆਂ ਨੇ ਵਿਆਪਕ ਭ੍ਰਿਸ਼ਟਾਚਾਰ ਪ੍ਰਤੀ ਅੱਖਾਂ ਮੀਟ ਰੱਖੀਆਂ ਹਨ ਜਦਕਿ ਆਰਟੀਆਈ ਕਾਰਕੁਨ ਆਪਣੀਆਂ ਜਾਨਾਂ ਨੂੰ ਖ਼ਤਰੇ ਵਿਚ ਪਾ ਕੇ ਭ੍ਰਿਸ਼ਟ ਸਿਸਟਮ ਨੂੰ ਬੇਨਕਾਬ ਕਰ ਰਹੇ ਹਨ। ਸਮਾਜ ਵਿਚ ਹੋ ਰਹੇ ਨੰਗੇ ਅਨਿਆਂ ਦਾ ਸੰਸਥਾਵਾਂ ਨੋਟਿਸ ਨਹੀਂ ਲੈਂਦੀਆਂ ਪਰ ਸੁਤੰਤਰ ਪੱਤਰਕਾਰ ਅਨਿਆਂ ਦੇ ਮਾਮਲਿਆਂ ਨੂੰ ਦਸਤਾਵੇਜ਼ੀ ਰੂਪ ਦਿੰਦੇ ਹਨ ਅਤੇ ਸਮਾਜ ਨੂੰ ਇਨ੍ਹਾਂ ਦਾ ਨੋਟਿਸ ਲੈਣ ਲਈ ਪ੍ਰੇਰਿਤ ਕਰਦੇ ਹਨ। ਆਪਣੀਆਂ ਕਮੀਆਂ ਦੇ ਬਾਵਜੂਦ ਸੋਸ਼ਲ ਮੀਡੀਆ ਸਰਗਰਮੀ, ਅਕਸਰ ਆਮ ਲੋਕਾਂ ਲਈ ਭਾਰੂ ਬਿਰਤਾਂਤ ਨੂੰ ਚੁਣੌਤੀ ਦੇਣ ਅਤੇ ਜਵਾਬਦੇਹੀ ਦੀ ਮੰਗ ਕਰਨ ਦਾ ਇਕ ਮੰਚ ਬਣਕੇ ਉੱਭਰੀ ਹੈ। ਹੁਕਮਰਾਨਾਂ ਦੀ ਇਸ ਉੱਪਰ ਤਿੱਖੀ ਨਜ਼ਰ ਹੈ ਅਤੇ ਇਸਨੂੰ ਕਾਨੂੰਨੀ ਬੰਦਸ਼ਾਂ ਰਾਹੀਂ ਅਪਾਹਜ ਬਣਾਉਣ ਲਈ ਪੂਰਾ ਤਾਣ ਲਾਇਆ ਜਾ ਰਿਹਾ ਹੈ।

ਅੱਜ ਭਾਰਤ ਦੇ ਲੋਕਾਂ ਕੋਲ ਜੋ ਬਹੁਤ ਸਾਰੇ ਅਧਿਕਾਰ ਹਨ, ਉਹ 'ਸਿਸਟਮ' ਨੇ ਥਾਲ਼ੀ 'ਚ ਪਰੋਸਕੇ ਨਹੀਂ ਦਿੱਤੇ। ਵਾਤਾਵਰਣ ਸੁਰੱਖਿਆ, ਮਜ਼ਦੂਰ ਸੁਰੱਖਿਆ, ਨਾਗਰਿਕ ਅਜ਼ਾਦੀਆਂ, ਭ੍ਰਿਸ਼ਟਾਚਾਰ ਵਿਰੋਧੀ ਵਿਵਸਥਾਵਾਂ ਅਤੇ ਪਾਰਦਰਸ਼ਤਾ ਕਾਨੂੰਨ ਸਮਾਜ ਦੀ ਖ਼ਾਮੋਸ਼ੀ 'ਚੋਂ ਪੈਦਾ ਨਹੀਂ ਹੋਏ। ਇਹ ਲੋਕ ਦਬਾਅ ਕਾਰਨ ਪ੍ਰਾਪਤ ਹੋਏ ਜਾਂ ਕੁਝ ਅਧਿਕਾਰ ਸਮਾਜਿਕ ਕਾਰਕੁਨਾਂ ਤੇ ਜਨ ਹਿਤ ਪਟੀਸ਼ਨਕਰਤਾਵਾਂ ਦੀਆਂ ਕੋਸ਼ਿਸ਼ਾਂ ਨਾਲ ਮਿਲੇ। ਅਦਾਲਤਾਂ ਨੂੰ ਖ਼ੁਦ ਵੀ ਜਨਹਿਤ ਪਟੀਸ਼ਨਾਂ ਅਤੇ ਸਰਗਰਮ ਨਾਗਰਿਕ ਦਖ਼ਲਅੰਦਾਜ਼ੀ ਦੇ ਆਧਾਰ 'ਤੇ ਸੰਵਿਧਾਨਕ ਅਧਿਕਾਰਾਂ ਦਾ ਕੁਝ ਨਾ ਕੁਝ ਵਿਸਤਾਰ ਕਰਨਾ ਪਿਆ ਹੈ। ਜਿੱਥੋਂ ਤੱਕ 'ਸਿਸਟਮ' ਦਾ ਸਵਾਲ ਹੈ, ਇਹ ਲਗਾਤਾਰ ਹੀ ਇਨ੍ਹਾਂ ਨੂੰ ਖ਼ਤਮ ਕਰਨ ਜਾਂ ਬੇਅਸਰ ਬਣਾਉਣ ਲਈ ਯਤਨਸ਼ੀਲ ਹੈ। ਇਸਦੀ ਵੱਡੀ ਮਿਸਾਲ ਕਿਰਤ ਕਾਨੂੰਨਾਂ ਨੂੰ ਖ਼ਤਮ ਕਰਕੇ ਬਣਾਏ ਚਾਰ ਲੇਬਰ ਕੋਡ ਹਨ। ਚੀਫ ਜਸਟਿਸ ਵੱਲੋਂ ਸਰਗਰਮੀ ਨੂੰ ਪਰਜੀਵੀ ਕਹਿਣ ਨਾਲ ਇਨ੍ਹਾਂ ਸਰਗਰਮੀਆਂ ਦੀ ਮਹੱਤਵਪੂਰਨ ਭੂਮਿਕਾ ਨੂੰ ਮਿਟਾਇਆ ਨਹੀਂ ਜਾ ਸਕਦਾ।

ਵਿਆਪਕ ਭ੍ਰਿਸ਼ਟਾਚਾਰ ਦੇ ਆਲਮ ਵਿਚ ਫਰੀਲਾਂਸ ਪੱਤਰਕਾਰ ਅਤੇ ਆਰ.ਟੀ.ਆਈ. ਕਾਰਕੁਨ ਆਪਣੀਆਂ ਜਾਨਾਂ ਨੂੰ ਜੋਖ਼ਮ ਵਿਚ ਪਾ ਕੇ ਕੰਮ ਕਰਦੇ ਹਨ। ਲੋਕ ਹਿਤਾਂ ਅਤੇ ਵਾਤਾਵਰਣ ਦੇ ਸਰੋਕਾਰਾਂ ਵੱਲ ਧਿਆਨ ਦਿਵਾਉਣ ਅਤੇ ਭ੍ਰਿਸ਼ਟਾਚਾਰ ਵਿਰੁੱਧ ਆਵਾਜ਼ ਉਠਾਉਣ ਦਾ ਮੁੱਲ ਸੈਂਕੜੇ ਪੱਤਰਕਾਰਾਂ ਅਤੇ ਕਾਰਕੁਨਾਂ ਨੂੰ ਆਪਣੀ ਜਾਨ ਦੇ ਕੇ ਚੁਕਾਉਣਾ

ਪਿਆ ਹੈ। ਚੀਫ ਜਸਟਿਸ ਦੀ ਟਿੱਪਣੀ ਉਨ੍ਹਾਂ ਦੇ ਕੰਮ ਪ੍ਰਤੀ ਨਫ਼ਰਤ ਪੈਦਾ ਕਰਕੇ ਉਸਨੂੰ ਹੋਰ ਵੀ ਜੋਖ਼ਮ ਭਰਿਆ ਬਣਾਉਣ ਵਾਲੀ ਹੈ।

ਲਿਹਾਜ਼ਾ, ਸਵਾਲ ਇਹ ਨਹੀਂ ਹੈ ਕਿ ਚੀਫ ਜਸਟਿਸ ਨੇ ਟਿੱਪਣੀ ਲਈ ਸਹੀ ਸ਼ਬਦ ਚੁਣੇ ਜਾਂ ਨਹੀਂ। ਇਸਦੀ ਬਜਾਏ, ਅਦਾਲਤੀ ਪ੍ਰਣਾਲੀ ਦੇ ਰਵੱਈਏ ਵਿਚ ਆ ਰਹੀ ਵੱਡੀ ਤਬਦੀਲੀ ਨੂੰ ਸਮਝਣਾ ਜ਼ਰੂਰੀ ਹੈ। ਮੁਲਕ ਦੀ ਕੇਂਦਰੀ ਸੱਤਾ ਉੱਪਰ ਕਾਬਜ਼ ਹੋ ਕੇ ਹਿੰਦੂਤਵ ਦੇ ਪੈਰੋਕਾਰਾਂ ਨੇ ਪੂਰੇ ਰਾਜ-ਢਾਂਚੇ ਵਿਚ ਡੂੰਘੀ ਘੁਸਪੈਠ ਕਰ ਲਈ ਹੈ ਅਤੇ ਨਾਮਨਿਹਾਦ ਨਿਰਪੱਖ ਮੰਨੀ ਜਾਂਦੀ ਅਦਾਲਤੀ ਪ੍ਰਣਾਲੀ ਵਿਚ ਬੈਠੇ ਜੱਜ ਸਾਹਿਬਾਨ ਵੀ ਭਗਵਾ ਸੁਰ 'ਚ ਟਿੱਪਣੀਆਂ ਕਰਦੇ ਦੇਖੇ ਜਾ ਸਕਦੇ ਹਨ। ਹਿੰਦੂਤਵਵਾਦੀਆਂ ਦਾ ਪ੍ਰੇਰਨਾ ਸਰੋਤ ਜਰਮਨੀ ਦੀ ਨਾਜ਼ੀਵਾਦੀ ਹਿਟਲਰਸ਼ਾਹੀ ਅਤੇ ਇਟਲੀ ਵਿਚ ਮੁਸੋਲਿਨੀ ਦਾ ਫਾਸ਼ੀਵਾਦ ਰਿਹਾ ਹੈ। ਇਨ੍ਹਾਂ ਰਾਜਾਂ ਨੇ ਸਮਾਜ ਦੇ ਖ਼ਾਸ ਹਿੱਸਿਆਂ ਤੋਂ ਜਿਉਣ ਦਾ ਹੱਕ ਖੋਹਕੇ ਉਨ੍ਹਾਂ ਨੂੰ ਅਜਿਹੇ ਕੀੜੇ ਅਤੇ ਪਰਜੀਵੀ ਕਰਾਰ ਦਿੱਤਾ ਜਿਨ੍ਹਾਂ ਤੋਂ ਮੁਕਤ ਹੋ ਕੇ ਸਮਾਜਾਂ ਦੇ ਤਰੱਕੀ ਕਰਨ ਦਾ ਮੱਤ ਪੇਸ਼ ਕੀਤਾ ਗਿਆ। ਇਹ ਨਜ਼ਰੀਆ ਖ਼ਾਸ ਹਿੱਸਿਆਂ ਵਿਰੁੱਧ ਹਿੰਸਾ ਨੂੰ ਸਮਾਜ ਦੀ "ਸਫ਼ਾਈ" ਜਾਂ "ਇਲਾਜ" ਵਜੋਂ ਜਾਇਜ਼ ਠਹਿਰਾਉਂਦਾ ਹੈ ਅਤੇ ਉਨ੍ਹਾਂ ਦੇ ਕਤਲੇਆਮ/ਨਸਲਕੁਸ਼ੀ ਦੇ ਹੱਕ ਵਿਚ ਲੋਕ-ਰਾਇ ਬਣਾਉਂਦਾ ਹੈ। ਖ਼ਾਸ ਹਿੱਸਿਆਂ ਉੱਪਰ ਅਜਿਹੇ ਠੱਪੇ ਲਗਾ ਕੇ ਕੀਤੇ ਕਤਲੇਆਮ ਇਤਿਹਾਸ ਵਿਚ ਕਾਲੇ ਪੰਨਿਆਂ ਵਜੋਂ ਦਰਜ ਹਨ। ਜਰਮਨੀ ਦੇ ਨਾਜ਼ੀਵਾਦੀ ਰਾਜ ਵਿੱਚ ਯਹੂਦੀਆਂ ਨੂੰ "ਚੂਹੇ" ਅਤੇ "ਪਰਜੀਵੀ" ਕਹਿਣਾ ਆਮ ਰਾਜਨੀਤਕ ਭਾਸ਼ਾ ਬਣ ਗਿਆ ਸੀ। 1990ਵਿਆਂ 'ਚ ਰਵਾਂਡਾ ਵਿੱਚ ਤੁਤਸੀ ਲੋਕਾਂ ਨੂੰ "ਕਾਕਰੋਚ" ਕਹਿ ਕੇ ਮਨੁੱਖ ਹੋਣ ਤੋਂ ਵਾਂਝੇ ਕੀਤਾ ਗਿਆ ਅਤੇ ਘੱਟੋਘੱਟ 8-10 ਲੱਖ ਲੋਕ ਬੇਹੱਦ ਕਰੂਰਤਾ ਨਾਲ ਮਾਰ ਦਿੱਤੇ ਗਏ। ਇਜ਼ਰਾਇਲ ਦੇ ਜ਼ਿਓਨਵਾਦੀ ਹੁਕਮਰਾਨ ਅਤੇ ਉਨ੍ਹਾਂ ਨਾਲ ਸਹਿਮਤ ਹਿੱਸੇ ਫ਼ਲਸਤੀਨੀਂ ਲੋਕਾਂ ਨੂੰ ਕੀੜੇ-ਮਕੌੜੇ ਅਤੇ ਪਸ਼ੂ ਕਰਾਰ ਦੇ ਕੇ ਉਨ੍ਹਾਂ ਦੀ ਨਸਲਕੁਸ਼ੀ ਕਰ ਰਹੇ ਹਨ।

ਭਾਰਤ ਵਿਚ ਭਗਵਾ ਧਿਰ ਵੱਲੋਂ "ਲਵ-ਜਿਹਾਦ, ਕਰੋਨਾ-ਜਹਾਦ" ਆਦਿ ਬਿਰਤਾਂਤਾਂ ਰਾਹੀਂ ਮੁਸਲਮਾਨ ਘੱਟਗਿਣਤੀ ਵਿਰੁੱਧ ਸਿਲਸਿਲੇਵਾਰ ਤਰੀਕੇ ਨਾਲ ਫਿਰਕੂ ਨਫ਼ਰਤ ਫੈਲਾਈ ਗਈ ਹੈ। ਪੱਛਮੀ ਦਿੱਲੀ ਵਿਚ 'ਜੀਨ ਜਿਹਾਦ' ਦੇ ਨਾਂ ਹੇਠ ਜੀਨ ਬਣਾਉਣ ਵਾਲੇ ਮੁਸਲਮਾਨ ਕਿਰਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਹੁਣ ਨਾਸਿਕ (ਮਹਾਰਾਸ਼ਟਰ) ਦੀ ਇਕ ਘਟਨਾ ਰਾਹੀਂ "ਕਾਰਪੋਰੇਟ-ਜਹਾਦ" ਦਾ ਨਵਾਂ ਮੋਰਚਾ ਖੋਲ੍ਹਿਆ ਗਿਆ ਹੈ। ਕਹਾਣੀ ਇਹ ਘੜੀ ਗਈ ਹੈ ਕਿ ਇੱਥੇ ਟਾਟਾ ਕੰਸਲਟੈਂਸੀ ਸਰਵਿਸ ਵਿਚ ਨੌਕਰੀ ਕਰ ਰਹੇ ਮੁਸਲਮਾਨ ਪ੍ਰੋਫੈਸ਼ਨਲ ਜਬਰੀ ਧਰਮ-ਬਦਲੀ ਦੀ ਯੋਜਨਾ ਤਹਿਤ ਕੰਮ ਕਰ ਰਹੇ ਸਨ। ਇਸਦਾ ਮਨੋਰਥ ਆਈ.ਟੀ. ਕੰਪਨੀਆਂ ਵਿਚ ਉੱਚ ਵਿਦਿਆ ਹਾਸਲ ਕਰਨ ਵਾਲੇ ਮੁਸਲਮਾਨ ਨੌਜਵਾਨਾਂ ਨੂੰ ਨੌਕਰੀਆਂ 'ਤੇ ਨਾ ਰੱਖਣ ਦਾ ਮਾਹੌਲ ਬਣਾਉਣਾ ਹੈ। ਚੀਫ ਜਸਟਿਸ ਦੀ ਟਿੱਪਣੀ ਉਨ੍ਹਾਂ ਹਿੱਸਿਆਂ ਨੂੰ ਸ਼ਾਮਲ ਕਰਕੇ ਨਫ਼ਰਤ ਦਾ ਨਿਸ਼ਾਨਾ ਬਣਾਏ ਜਾਣ ਦਾ ਦਾਇਰਾ ਵਧਾਉਂਦੀ ਹੈ ਜਿਨ੍ਹਾਂ ਨੂੰ ਇਹ 'ਸਿਸਟਮ' ਪੜ੍ਹਾਈ, ਰੁਜ਼ਗਾਰ ਅਤੇ ਤਰੱਕੀ ਦੇ ਮੌਕੇ ਦੇਣ 'ਚ ਅਸਫ਼ਲ ਰਿਹਾ। ਜੇਕਰ ਲਾਅ ਦੀਆਂ ਡਿਗਰੀਆਂ ਜਾਅਲੀ ਹਨ ਤਾਂ ਸਰਵਉੱਚ ਅਦਾਲਤ ਸੰਘਰਸ਼ ਕਰ ਰਹੇ ਨਾਗਰਿਕਾਂ ਨੂੰ ਭੰਡਣ ਦੀ ਬਜਾਏ ਜਾਅਲੀ ਡਿਗਰੀਆਂ ਦੇਣ ਵਾਲੇ ਸਿਸਟਮ ਨੂੰ ਜਵਾਬਦੇਹ ਬਣਾਉਣ ਅਤੇ ਜਾਅਲਸਾਜ਼ੀ ਦੇ ਸੂਤਰਧਾਰਾਂ ਨੂੰ ਨੱਥ ਪਾਉਣ ਲਈ ਠੋਸ ਕਦਮ ਚੁੱਕੇ। ਜੇਕਰ ਮਸਲਾ ਜਾਅਲੀ ਡਿਗਰੀ ਦਾ ਹੀ ਹੈ ਫਿਰ ਤਾਂ ਮਿਸਟਰ ਮੋਦੀ ਦੀ ਡਿਗਰੀ ਵੀ ਬਹੁਤ ਚਰਚਾ ਵਿਚ ਰਹੀ ਹੈ, ਕੀ ਚੀਫ ਜਸਟਿਸ ਉਸਨੂੰ ਵੀ ਕਾਕਰੋਚ ਕਹਿਣਗੇ!

ਚੀਫ ਜਸਟਿਸ ਜਿਨ੍ਹਾਂ ਬੇਰੁਜ਼ਗਾਰ ਨੌਜਵਾਨਾਂ ਬਾਰੇ ਏਨੀ ਹਕਾਰਤ ਨਾਲ ਗੱਲ ਕਰਦੇ ਹਨ, ਉਹ ਆਖ਼ਿਰ ਕੌਣ ਹਨ? ਉਹ ਉਸ ਆਰਥਕ ਢਾਂਚੇ ਦੇ ਪੈਦਾ ਕੀਤੇ ਹੋਏ ਹਨ ਜੋ ਸਨਮਾਨਜਨਕ ਰੁਜ਼ਗਾਰ ਪੈਦਾ ਕਰਨ ਵਿੱਚ ਨਾਕਾਮ ਰਿਹਾ ਹੈ। ਉਹ ਡਿਗਰੀਆਂ ਹਾਸਲ ਕਰ ਚੁੱਕੇ, ਰੁਜ਼ਗਾਰ ਦੇ ਮੌਕਿਆਂ ਤੋਂ ਵਾਂਝੇ ਡਿਗਰੀਧਾਰੀ ਹਨ। ਉਹ ਨੌਜਵਾਨ ਨਾਗਰਿਕ ਹਨ ਜੋ ਮਹਿੰਗਾਈ, ਵਧ ਰਹੀਆਂ ਸਿੱਖਿਆ ਦੀਆਂ ਲਾਗਤਾਂ, ਘੱਟ ਰਹੀਆਂ ਸਰਕਾਰੀ ਨੌਕਰੀਆਂ ਅਤੇ ਘੋਰ ਨਬਰਾਬਰੀ ਵਾਲੀ ਆਰਥਿਕਤਾ ਨਾਲ ਜੂਝ ਰਹੇ ਹਨ, ਜਿੱਥੇ ਦੌਲਤ ਉੱਪਰਲੇ ਧਨਾਢਾਂ ਕੋਲ ਇਕੱਠੀ ਹੁੰਦੀ ਜਾਂਦੀ ਹੈ ਜਦਕਿ ਹੇਠਲੇ ਵਰਗਾਂ ਦੀਆਂ ਆਸਾਂ ਟੁੱਟਦੀਆਂ ਜਾਂਦੀਆਂ ਹਨ। ਜੇਕਰ ਨੌਜਵਾਨ ਬੇਰੁਜ਼ਗਾਰ ਹਨ ਤਾਂ ਇਸ ਲਈ ਜ਼ੁੰਮੇਵਾਰ ਇਹ 'ਸਿਸਟਮ' ਹੀ ਹੈ। ਹਾਕਮ ਜਮਾਤ ਦੀਆਂ ਨੀਤੀਆਂ ਕਾਰਨ ਮੁਲਕ ਦੀ ਨੌਜਵਾਨੀ ਪਹਿਲਾਂ ਹੀ ਸਿੱਖਿਆ ਦੇ ਵਪਾਰੀਕਰਨ, ਘੋਰ ਬੇਰੁਜ਼ਗਾਰੀ, ਠੇਕੇਦਾਰੀ ਸਿਸਟਮ ਰਾਹੀਂ ਅਸਹਿ ਲੁੱਟ ਵਰਗੀਆਂ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ। ਮਸਲਿਆਂ ਨੂੰ ਹੱਲ ਕਰਨ 'ਚ 'ਸਿਸਟਮ' ਦੀ ਨਾਕਾਮੀ ਉੱਪਰ ਸਵਾਲ ਉਠਾਉਣਾ ਨੌਜਵਾਨਾਂ ਦਾ ਅਧਿਕਾਰ ਹੈ। ਪਰ ਕੁਲੀਨ ਲਾਣਾ ਨਹੀਂ ਚਾਹੁੰਦਾ ਕਿ ਨੌਜਵਾਨ 'ਸਿਸਟਮ' ਦੀਆਂ ਨਾਕਾਮੀਆਂ ਉੱਪਰ ਉਂਗਲ ਰੱਖਣ। ਚੀਫ ਜਸਟਿਸ ਦੀ ਟਿੱਪਣੀ ਬੇਰੁਜ਼ਗਾਰੀ ਨੂੰ ਢਾਂਚਾਗਤ ਨਾਕਾਮੀ ਦੀ ਥਾਂ ਵਿਅਕਤੀਗਤ ਅਸਫ਼ਲਤਾ ਵਜੋਂ ਪੇਸ਼ ਕਰਦੀ ਹੈ ਅਤੇ ਇਹ ਮਾਣ-ਸਨਮਾਨ ਵਾਲੇ ਰੁਜ਼ਗਾਰ ਤੋਂ ਵਾਂਝੇ ਨੌਜਵਾਨਾਂ ਨੂੰ 'ਸਿਸਟਮ' ਦੇ ਪੀੜਤਾਂ ਦੀ ਬਜਾਏ 'ਸਿਸਟਮ' ਲਈ 'ਸਮੱਸਿਆ ਪੈਦਾ ਕਰਨ ਵਾਲੇ ਪਰਜੀਵੀਆਂ' ਵਜੋਂ ਪੇਸ਼ ਕਰਦੀ ਹੈ। ਜਦੋਂ ਸਵਾਲ ਪੁੱਛਣ ਨੂੰ ਸਿਸਟਮ ਉੱਪਰ ਹਮਲਾ ਕਰਨ ਵਾਲਾ ਪਰਜੀਵੀ ਕਰਾਰ ਦੇ ਦਿੱਤਾ ਜਾਵੇ ਤਾਂ ਸਵਾਲ ਕਰਨ ਵਾਲਾ ਹਰ ਨਾਗਰਿਕ ਸ਼ੱਕ ਦੇ ਘੇਰੇ ਵਿੱਚ ਆ ਜਾਂਦਾ ਹੈ।

ਇਨ੍ਹਾਂ ਸਾਰੀਆਂ ਟਿੱਪਣੀਆਂ ਵਿਚ ਸਾਂਝੀ ਤੰਦ ਇਹ ਹੈ ਕਿ ਇਨ੍ਹਾਂ ਦਾ ਸੁਰ ਹੁਕਮਰਾਨ ਧਿਰ ਵੱਲੋਂ ਚਲਾਏ ਜਾ ਰਹੇ ਬਿਰਤਾਂਤਾਂ ਨਾਲ ਮਿਲਦਾ-ਜੁਲਦਾ ਹੈ। ਜਦੋਂ ਮੁਲਕ ਦੀ ਨਿਆਂ ਪ੍ਰਣਾਲੀ ਦੇ ਸਭ ਤੋਂ ਸਿਖ਼ਰਲੇ ਅਹੁਦੇ 'ਤੇ ਬੈਠੇ 'ਸੱਭਿਅਕ' ਦਿਮਾਗ ਸਮਾਜ ਦੇ ਖ਼ਾਸ ਹਿੱਸਿਆਂ ਦੀ ਤੁਲਨਾ ਕਾਕਰੋਚਾਂ ਨਾਲ ਕਰਨ ਲੱਗ ਜਾਣ ਅਤੇ ਉਨ੍ਹਾਂ ਨੂੰ ਪਰਜੀਵੀ ਕਹਿਣ ਲੱਗ ਜਾਣ, ਤਾਂ ਇਹ ਸਿਰਫ਼ ਉਨ੍ਹਾਂ ਦੀ ਨਿੱਜੀ ਰਾਇ ਨਹੀਂ ਰਹਿੰਦੀ; ਇਹ ਰਾਜ ਦੀ ਨੈਤਿਕ ਭਾਸ਼ਾ ਬਣ ਜਾਂਦੀ ਹੈ।

ਬੁੱਧੀਮਾਨ ਲੋਕਾਂ ਅਤੇ ਸੰਵੇਦਨਸ਼ੀਲ ਨੌਜਵਾਨਾਂ ਨੇ ਇਸ ਟਿੱਪਣੀ ਦਾ ਗੰਭੀਰ ਨੋਟਿਸ ਲੈ ਕੇ ਬਿਲਕੁਲ ਸਹੀ ਕੀਤਾ ਹੈ। ਇਹ ਇਸ ਘਿਣਾਉਣੀ ਟਿੱਪਣੀ ਵਿਰੁੱਧ ਉੱਠਿਆ ਰੋਹ ਅਤੇ 'ਮੈਂ ਵੀ ਕਾਕਰੋਚ' ਆਵਾਜ਼ ਦਾ ਦਬਾਅ ਹੀ ਹੈ ਜਿਸ ਕਾਰਨ ਚੀਫ ਜਸਟਿਸ ਨੂੰ ਸਪਸ਼ਟੀਕਰਨ ਦੇਣ ਲਈ ਮਜਬੂਰ ਹੋਣਾ ਪਿਆ ਹੈ। ਡਿਜ਼ੀਟਲ ਵਿਰੋਧ ਮਹੱਤਵਪੂਰਨ ਹਨ ਪਰ ਇਸਦੀਆਂ ਪ੍ਰਤੱਖ ਸੀਮਾਵਾਂ ਵੀ ਹਨ। ਇਹ ਵੀ ਚੇਤੇ ਰੱਖਣਾ ਹੋਵੇਗਾ ਕਿ ਇਹ ਖ਼ਾਸ ਨਫ਼ਰਤੀ ਵਿਚਾਰਧਾਰਾ ਆਉਣ ਵਾਲੇ ਸਮੇਂ ਵਿਚ ਨਵੇਂ ਰੂਪਾਂ 'ਚ ਸਾਹਮਣੇ ਆਵੇਗੀ। ਸਵਾਲ ਇਸਨੂੰ ਪੱਕੇ ਤੌਰ 'ਤੇ ਹਰਾਉਣ ਦਾ ਹੈ।

# 'ਲਿਖਕੇ ਜੇਬ ਵਿਚ ਰੱਖ ਲਓ'

*[ਅੰਜਨੀ ਕੁਮਾਰ ਸੁਤੰਤਰ ਲੋਕਪੱਖੀ ਪੱਤਰਕਾਰ ਅਤੇ ਕਾਰਕੁਨ ਹਨ। ਅਜੋਕੇ ਸਮੇਂ ਦੇ ਭਾਰਤ ਵਿਚ ਪਾਲਾਬੰਦੀ ਦੀ ਸਿਆਸਤ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਦੀ ਰਾਜਨੀਤਕ ਦਖ਼ਲਅੰਦਾਜ਼ੀ ਦੇ ਬਾਵਜੂਦ ਇਸ ਖ਼ਤਰਨਾਕ ਸਿਆਸਤ ਦੇ ਪੈਰ ਪਸਾਰਨ ਦਾ ਵਰਤਾਰਾ ਰੁਕ ਨਹੀਂ ਰਿਹਾ। ਇਸ ਮਹੱਤਵਪੂਰਨ ਰਾਜਨੀਤਕ ਟਿੱਪਣੀ ਵਿਚ ਉਨ੍ਹਾਂ ਨੇ ਧਿਆਨ ਦਿਵਾਇਆ ਹੈ ਕਿ ਭਾਰਤ ਦੀ ਹਾਕਮ ਜਮਾਤ ਵੱਲੋਂ ਅਪਣਾਏ ਆਰਥਕ ਮਾਡਲ ਵਿਚ ਆਈ ਖੜੋਤ ਕਾਰਨ ਪਾਲਾਬੰਦੀ ਦੀ ਸਿਆਸਤ ਨੂੰ ਉਭਾਰਨਾ ਸੱਤਾਧਾਰੀ ਧਿਰ ਦੀ ਰਾਜਨੀਤਕ ਜ਼ਰੂਰਤ ਹੈ। ਲੇਖਕ ਨੇ ਜ਼ੋਰ ਦਿੱਤਾ ਹੈ ਕਿ ਫਿਰਕੂ ਪਾਲਾਬੰਦੀ ਦੇ ਉਭਾਰ ਨੂੰ ਇਸ ਪਾਸਿਓਂ ਵੀ ਦੇਖਣਾ ਜ਼ਰੂਰੀ ਹੈ। ਟਿੱਪਣੀ ਵਿਚ ਉਭਾਰੇ ਖ਼ਾਸ ਨੁਕਤੇ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ ਜਿਸਦਾ ਅਨੁਵਾਦ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਉਚੇਚੇ ਤੌਰ 'ਤੇ ਕੀਤਾ ਹੈ। -ਸੰਪਾਦਕ]*

-ਅੰਜਨੀ ਕੁਮਾਰ
ਅਨੁ.: ਬੂਟਾ ਸਿੰਘ ਮਹਿਮੂਦਪੁਰ

ਤੁਸੀਂ ਰਵੀਸ਼ ਕੁਮਾਰ ਦੇ ਯੂਟਿਊਬ ਵੀਡੀਓ ਜ਼ਰੂਰ ਵੇਖੇ ਹੋਣਗੇ। ਪੰਚਮ ਸੁਰ ਤੋਂ ਥੋੜ੍ਹਾ ਉੱਪਰ ਦੇ ਸੁਰ 'ਚ ਟਿਕੀ ਹੋਈ ਆਵਾਜ਼ ਸਿੱਧੀ ਤੁਹਾਡੇ ਕੰਨਾਂ ਨਾਲ ਟਕਰਾਉਂਦੀ ਹੈ। ਉਨ੍ਹਾਂ ਦੇ ਆਪਣੇ ਹੀ ਕਹੇ ਅਨੁਸਾਰ, ਉਹ ਕਾਫ਼ੀ ਖੋਜ ਅਤੇ ਅਧਿਐਨ ਤੋਂ ਬਾਅਦ ਆਪਣਾ ਵਿਸ਼ਾ ਪੇਸ਼ ਕਰਦੇ ਹਨ। ਅਤੀਤ ਅਤੇ ਵਰਤਮਾਨ ਦੇ ਤੱਥਾਂ ਦਾ ਪੂਰਾ ਜਖੀਰਾ ਤੁਹਾਡੇ ਸਾਹਮਣੇ ਹੁੰਦਾ ਹੈ ਅਤੇ ਪੱਕੀ ਖ਼ਬਰ ਵਾਂਗ ਤੁਹਾਡੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਉਹ ਤੱਥਾਂ ਨੂੰ ਇਸ ਤਰ੍ਹਾਂ ਪੇਸ਼ ਕਰਦੇ ਹਨ ਜਿਵੇਂ ਉਹ ਕੋਈ ਅਜਿਹਾ ਸੱਚ ਹੋਵੇ ਜੋ ਤਾਰਕਿਕ ਹੈ ਅਤੇ ਜਿਸ ਨੇ ਭਵਿੱਖ ਵਿੱਚ ਆਪਣੇ ਤਰਕਪੂਰਨ ਨਤੀਜੇ ਤੱਕ ਪਹੁੰਚਣਾ ਹੀ ਹੈ।

ਇਸ ਤਰਕਪੂਰਨ ਨਤੀਜੇ ਦੇ ਸਮੇਂ ਰਵੀਸ਼ ਕੁਮਾਰ ਦੀ ਆਵਾਜ਼ ਵਿੱਚ ਥੋੜ੍ਹਾ ਵਿਅੰਗ ਦਾ ਪੁੱਟ, ਕਈ ਵਾਰ ਚਿੰਤਾ ਵੀ ਉਭਰ ਆਉਂਦੀ ਹੈ। ਉਹ ਬੋਲਦੇ ਹਨ: "ਲਿਖ ਕੇ ਪਾਕੇਟ ਵਿੱਚ ਰੱਖ ਲਓ।

ਇਹ ਅੰਦਾਜ਼ ਸਿਰਫ਼ ਰਵੀਸ਼ ਕੁਮਾਰ ਦਾ ਹੀ ਨਹੀਂ ਹੈ। ਯੂਟਿਊਬ 'ਤੇ ਹੋਰ ਵੀ ਪੱਤਰਕਾਰ ਅਤੇ ਵਿਸ਼ਲੇਸ਼ਕ ਹਨ ਜੋ ਇਸੇ ਅੰਦਾਜ਼ ਵਿੱਚ ਗੱਲ ਕਰਦੇ ਹਨ। "ਮੈਂ ਲਿਖ ਕੇ ਦੇਣ ਲਈ ਤਿਆਰ ਹਾਂ, "ਅਸੀਂ ਕਾਕਰੋਚ ਬਣਦੇ ਜਾ ਰਹੇ ਹਾਂ, "ਯਾਦ ਰੱਖਿਓ, ਸਾਡਾ ਇਹ ਗੁਨਾਹ ਆਉਣ ਵਾਲੀਆਂ ਪੀੜ੍ਹੀਆਂ ਮਾਫ਼ ਨਹੀਂ ਕਰਨਗੀਆਂ" ਅਤੇ "ਅਸੀਂ ਤਾਂ ਆਪਣਾ ਕੰਮ ਕਰ ਰਹੇ ਹਾਂ, ਤੁਸੀਂ ਨਹੀਂ ਕਰੋਗੇ ਤਾਂ ਕੀ ਕੀਤਾ ਜਾ ਸਕੇਗਾ" ਆਦਿ। ਇਹ ਗੱਲਾਂ ਉਹ ਕਿਸੇ ਖ਼ਾਸ ਵਰਗ ਨੂੰ ਨਹੀਂ, ਸਗੋਂ ਆਪਣੇ ਸੁਣਨ ਵਾਲਿਆਂ ਨੂੰ ਸੁਣਾ ਰਹੇ ਹੁੰਦੇ ਹਨ ਅਤੇ ਇਹ ਮੰਨ ਕੇ ਚੱਲ ਰਹੇ ਹੁੰਦੇ ਹਨ ਕਿ ਉਨ੍ਹਾਂ ਦੀ ਗੱਲ ਕੁਝ ਹੱਦ ਤੱਕ ਅਸਰ ਕਰੇਗੀ।

ਸਪਸ਼ਟ ਹੈ ਕਿ ਅਜਿਹੀ ਆਸ ਤੋਂ ਬਿਨਾਂ ਇਸ ਤਰ੍ਹਾਂ ਕੌਣ ਗੱਲ ਕਰ ਸਕਦਾ ਹੈ। ਸੁਣਨ ਵਾਲੇ ਯੂਟਿਊਬ 'ਤੇ ਹਰ ਕਲਿੱਕ ਨਾਲ ਦਰਸ਼ਕ ਵਜੋਂ ਦਰਜ ਹੁੰਦੇ ਹਨ। ਕੁਝ ਲੋਕ ਟਿੱਪਣੀਆਂ ਵੀ ਕਰਦੇ ਹਨ। ਇਹ ਅੰਦਾਜ਼ ਕੁਝ ਹੱਦ ਤੱਕ ਰਾਜਨੀਤਕ ਆਗੂਆਂ ਵਿਚ ਵੀ ਪਹੁੰਚ ਗਿਆ ਹੈ। ਰਾਹੁਲ ਗਾਂਧੀ ਦੇ ਰਾਜਨੀਤਕ ਅੰਦਾਜ਼ੇ, ਜੋ ਠੋਸ ਅੰਦਾਜ਼ ਵਿੱਚ ਕਹੇ ਗਏ ਸਨ, ਜਦੋਂ ਆਉਣ ਵਾਲੇ ਸਮੇਂ ਵਿੱਚ ਸੱਚ ਸਾਬਤ ਹੋਣ ਲੱਗੇ ਤਾਂ ਲੋਕਾਂ ਨੇ ਉਸ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦਿੱਤਾ। ਸਮੇਂ ਦੇ ਨਾਲ ਰਾਹੁਲ ਗਾਂਧੀ ਦੇ ਭਾਸ਼ਣ ਹੋਰ ਵੀ ਠੋਸ ਅੰਦਾਜ਼ 'ਚ ਦਿੱਤੇ ਜਾਣ ਲੱਗੇ ਅਤੇ "ਲਿਖ ਕੇ ਲੈ ਲਓ" ਵਾਲਾ ਅੰਦਾਜ਼ ਪਹਿਲਾਂ ਨਾਲੋਂ ਵੱਧ ਗਿਆ। ਇਨ੍ਹਾਂ ਠੋਸ ਭਵਿੱਖਬਾਣੀਆਂ ਅਤੇ ਆਪਣੇ ਸਰੋਤਿਆਂ ਤੇ ਦਰਸ਼ਕਾਂ ਤੱਕ ਨਤੀਜਿਆਂ ਸਮੇਤ ਰਾਜਨੀਤਕ ਵਿਸ਼ਲੇਸ਼ਣ ਪਹੁੰਚਾਉਣ ਦੇ ਬਾਵਜੂਦ ਅਸੀਂ ਭਾਜਪਾ ਦੀ ਨਫ਼ਰਤ ਭੜਕਾਊ ਅਤੇ ਪਾਟਕਪਾਊ ਸਿਆਸਤ ਦਾ ਵਧਾਰਾ-ਪਸਾਰਾ ਹੁੰਦਾ ਦੇਖ ਰਹੇ ਹਾਂ। ਇਹ ਮੈਂ ਸਿਰਫ਼ ਚੋਣ ਨਤੀਜਿਆਂ ਵਿੱਚ ਭਾਜਪਾ ਦੀ ਜਿੱਤ ਦੇ ਪ੍ਰਸੰਗ 'ਚ ਨਹੀਂ ਕਹਿ ਰਿਹਾ। ਮੈਂ ਇਹ ਹੋਰ ਸਮਾਜਿਕ ਸਰਗਰਮੀਆਂ ਅਤੇ ਧਾਰਮਿਕ ਸ਼ਮੂਲੀਅਤ ਨਾਲ ਹੋ ਰਹੀ ਹਿੰਸਾ ਅਤੇ ਟਕਰਾਵਾਂ ਦੀ ਵਧਦੀ ਗਿਣਤੀ ਦੇ ਆਧਾਰ 'ਤੇ ਕਹਿ ਰਿਹਾ ਹਾਂ।

ਜਦੋਂ ਰਾਹੁਲ ਗਾਂਧੀ ਆਪਣੀ 'ਭਾਰਤ ਜੋੜੋ' ਯਾਤਰਾ ਮੁਕਾ ਕੇ ਉਸ ਤੋਂ ਪ੍ਰਾਪਤ ਅਨੁਭਵਾਂ ਨੂੰ ਸੂਤਰਬੱਧ ਕਰ ਰਹੇ ਸਨ, ਓਦੋਂ ਉਹ ਇਸ ਗੱਲ 'ਤੇ ਜ਼ੋਰ ਦੇ ਰਹੇ ਸਨ ਕਿ ਲੋਕਾਂ ਵਿੱਚ ਨਫ਼ਰਤ ਨਹੀਂ ਹੈ, ਇਹ ਨਫ਼ਰਤ ਜਾਣ-ਬੁੱਝਕੇ ਵਧਾਈ ਜਾ ਰਹੀ ਹੈ ਅਤੇ ਇਸ ਲਈ ਉਹ ਮੀਡੀਆ ਅਤੇ ਭਾਜਪਾ-ਆਰ.ਐੱਸ.ਐੱਸ. ਦੀ ਸਿਆਸਤ ਨੂੰ ਦੋਸ਼ੀ ਠਹਿਰਾ ਰਹੇ ਸਨ। ਇਸ ਯਾਤਰਾ ਨੂੰ ਮੁਕੰਮਲ ਹੋਏ ਹੁਣ ਕਾਫ਼ੀ ਸਮਾਂ ਬੀਤ ਚੁੱਕਾ ਹੈ। ਬੰਗਾਲ ਦੀਆਂ ਚੋਣਾਂ ਵਿੱਚ ਨਫ਼ਰਤ ਅਤੇ ਹਿੰਸਾ ਦਾ ਮਾਹੌਲ ਜਿੰਨਾ ਗਰਮ ਨਜ਼ਰ ਆਇਆ, ਓਨਾ ਸ਼ਾਇਦ ਹੀ ਕਿਤੇ ਹੋਰ ਦੇਖਿਆ ਗਿਆ ਹੋਵੇ।

ਅੱਜ ਭਾਰਤ ਵਿੱਚ ਸਮਾਜਿਕ, ਰਾਜਨੀਤਕ ਅਤੇ ਸੱਭਿਆਚਾਰਕ ਪਾਲਾਬੰਦੀ ਕਈ ਰੂਪਾਂ ਵਿੱਚ ਜ਼ਮੀਨ 'ਤੇ ਉਤਰ ਚੁੱਕੀ ਹੈ। ਇਸ ਦੇ ਪ੍ਰਭਾਵ ਤੋਂ ਨਾ ਪ੍ਰਸ਼ਾਸਨਿਕ ਤੰਤਰ ਬਚਿਆ ਹੈ ਅਤੇ ਨਾ ਹੀ ਨਿਆਂਪਾਲਿਕਾ ਇਸ ਤੋਂ ਅਛੋਹ ਰਹੀ ਹੈ। ਇਸ ਤਰ੍ਹਾਂ ਦੀ ਪਾਲਾਬੰਦੀ ਨਾਲ ਸਮਾਜਿਕ ਸਮੂਹ ਅਤੇ ਭਾਈਚਾਰੇ ਆਪਣੀ ਆਰਥਕ ਲਾਮਬੰਦੀ ਕਰਦੇ ਵੀ ਦਿਸ ਰਹੇ ਹਨ। ਮੁਹੱਲਿਆਂ ਨੂੰ "ਮੁਸਲਿਮ-ਮੁਕਤ" ਬਣਾਉਣ ਲਈ ਸੂਰ ਪਾਲਣ ਅਤੇ ਕੰਧਾਂ ਉੱਪਰ ਵਰਾਹ ਅਵਤਾਰ (ਵਿਸ਼ਨੂ ਭਗਵਾਨ ਦੇ ਦਸ ਪ੍ਰਮੁੱਖ ਅਵਤਾਰਾਂ ਵਿੱਚੋਂ ਤੀਸਰਾ ਅਵਤਾਰ ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਇਸ ਅਵਤਾਰ ਵਿਚ ਵਿਸ਼ਨੂ ਨੇ ਸੂਰ ਦਾ ਰੂਪ ਧਾਰਿਆ ਸੀ) ਦੇ ਚਿੱਤਰਾਂ ਦਾ ਪ੍ਰਯੋਗ ਇਸੇ ਦਿੱਲੀ ਵਿੱਚ ਦੇਖਿਆ ਗਿਆ।

ਇਸ ਮਾਹੌਲ ਵਿੱਚ ਇਹ ਸਵਾਲ ਬਣਦਾ ਹੈ ਕਿ ਇਹ ਸਭ ਕਿਉਂ ਕੀਤਾ ਰਿਹਾ ਹੈ? ਇਹ ਸਿਲਸਿਲਾ ਰੁਕ ਕਿਉਂ ਨਹੀਂ ਰਿਹਾ? ਅਗਾਂਹਵਧੂ ਮੰਨੇ ਜਾਣ ਵਾਲੇ ਮੀਡੀਆ ਕਾਮੇ ਭਵਿੱਖ-ਵਕਤਾ ਦੇ ਅੰਦਾਜ਼ ਵਿੱਚ ਕਿਉਂ ਆ ਗਏ ਹਨ? ਅਤੇ ਉਹ ਆਪਣੀ ਨਿਰਾਸ਼ਾ ਨੂੰ ਲੁਕੋ ਵੀ ਨਹੀਂ ਰਹੇ, ਉਹ ਇਸਦਾ ਪ੍ਰਗਟਾਵਾ ਸਿੱਧੇ ਰੂਪ 'ਚ ਕਰ ਰਹੇ ਹਨ। ਨਿਸ਼ਚਿਤ ਤੌਰ 'ਤੇ ਉਹ ਰਾਹੁਲ ਗਾਂਧੀ ਵਾਂਗ ਰਾਜਨੀਤਕ ਆਗੂ ਨਹੀਂ ਹਨ। ਉਹ ਮੀਡੀਆ-ਕਾਮੇ ਹਨ ਅਤੇ ਮੀਡੀਆ ਦੀ ਭਾਸ਼ਾ ਦੀਆਂ ਹੱਦਾਂ



ਅੰਜਨੀ ਕੁਮਾਰ

ਵਿੱਚ ਆਪਣੀ ਗੱਲ ਕਰ ਰਹੇ ਹਨ। ਰਾਹੁਲ ਗਾਂਧੀ ਰਾਜਨੇਤਾ ਹੈ, ਇਸ ਲਈ ਉਹ ਦਾਅਵਾ ਕਰ ਸਕਦਾ ਹੈ ਕਿ ਕਾਂਗਰਸ ਭਾਜਪਾ ਨੂੰ ਆਪਣੇ ਦਮ 'ਤੇ ਹਰਾਏਗੀ। ਉਨ੍ਹਾਂ ਦੀ ਗੱਲ ਤੋਂ ਉਨ੍ਹਾਂ ਲੋਕਾਂ ਨੂੰ ਆਸ ਜ਼ਰੂਰ ਬੱਝੀ ਹੋਵੇਗੀ ਜੋ ਭਾਜਪਾ-ਮੁਕਤ ਮੁਲਕ ਦੀ ਇੱਛਾ ਰੱਖਦੇ ਹਨ। ਅਤੇ ਜੇਕਰ ਅਜਿਹਾ ਹੁੰਦਾ ਹੈ ਤਾਂ ਨਿਸ਼ਚਿਤ ਤੌਰ 'ਤੇ ਭਾਰਤੀ ਸਿਆਸਤ ਵਿੱਚ ਇਹ ਇੱਕ ਵੱਡੀ ਪ੍ਰਾਪਤੀ ਹੋਵੇਗੀ।

ਪਰ ਸਿਆਸਤ ਸਿਰਫ਼ ਆਸਾਂ ਦੇ ਸਹਾਰੇ ਨਹੀਂ ਚੱਲਦੀ। ਇਹ ਆਰਥਕ ਤੰਤਰਾਂ ਨਾਲ ਆਉਂਦੀ ਹੈ ਅਤੇ ਆਪਣੇ ਅਨੁਸਾਰੀ ਸਮਾਜਿਕ ਸਮੂਹਾਂ ਦਾ ਨਿਰਮਾਣ ਕਰਦੀ ਹੋਈ ਅੱਗੇ ਵਧਦੀ ਹੈ। ਜੇਕਰ ਸਮਾਜਿਕ ਸਮੂਹ ਬਦਲਣ ਲਈ ਤਿਆਰ ਨਾ ਹੋਣ ਤਾਂ ਉਹ ਇਸਨੂੰ ਉਖਾੜ ਸੁੱਟਣ ਲਈ ਪਹਿਲ ਕਰਦੀ ਹੈ। ਸਮਾਜਿਕ ਬਦਲਾਵਾਂ ਵਿੱਚ ਸਿਆਸਤ ਅਤੇ ਸੱਭਿਆਚਾਰਕ ਤੱਤਾਂ ਦੀ ਭੂਮਿਕਾ ਮਹੱਤਵਪੂਰਨ ਹੋ ਜਾਂਦੀ ਹੈ। ਇਸ ਤੋਂ ਬਣਨ ਵਾਲਾ ਸਮਾਜ ਇੱਕ ਵਾਰ ਫਿਰ ਆਰਥਕ ਤੰਤਰਾਂ ਨਾਲ ਟਕਰਾਉਣ ਲਈ ਮਜਬੂਰ ਹੋ ਜਾਂਦਾ ਹੈ।

ਭਾਰਤੀ ਆਰਥਕ-ਤੰਤਰ ਲੰਮੇ ਸਮੇਂ ਤੋਂ ਖੜੋਤ ਦਾ ਸ਼ਿਕਾਰ ਹੈ। 1990 ਦੇ ਦਹਾਕੇ ਵਿੱਚ ਪੈਦਾ ਹੋਏ ਕਰਜ਼ਾਈਪੁਣੇ ਦਾ ਹੱਲ ਸਾਮਰਾਜਵਾਦੀ ਨੀਤੀਆਂ ਨਾਲ ਜੁੜ ਕੇ, ਉਨ੍ਹਾਂ ਦੀਆਂ ਸ਼ਰਤਾਂ ਦੇ ਤਹਿਤ ਆਰਥਕ ਦਾਅ-ਪੇਚਾਂ ਵਿੱਚ ਲੱਭਿਆ ਗਿਆ। ਕੇਵਲ 15 ਸਾਲਾਂ ਦੇ ਅੰਦਰ ਇਹ ਤਿੰਨ ਵਾਰ ਆਰਥਕ ਠਹਿਰਾਅ ਵਿੱਚੋਂ ਲੰਘਿਆ। ਮਨਮੋਹਨ ਸਿੰਘ ਦੀ ਸਰਕਾਰ ਦੇ ਸਮੇਂ ਹੀ ਇਹ ਸਪਸ਼ਟ ਹੋ ਗਿਆ ਸੀ ਕਿ ਭਾਰਤ ਵਿਕਾਸ ਦੀਆਂ ਜਿਨ੍ਹਾਂ ਆਰਥਕ ਸ਼੍ਰੇਣੀਆਂ 'ਤੇ ਜ਼ੋਰ ਦੇ ਰਿਹਾ ਸੀ, ਉਨ੍ਹਾਂ ਵਿੱਚ ਪੂੰਜੀ ਅਤੇ ਤਕਨੀਕੀ ਵਿਕਾਸ ਦੀ ਸੰਭਾਵਨਾ ਦੀ ਕੋਈ ਜਗ੍ਹਾ ਨਹੀਂ ਬਚੀ ਸੀ।

ਉਧਰ ਸਾਮਰਾਜਵਾਦੀ ਮੁਲਕ ਨਵੀਂ ਦੁਨੀਆ ਦੇ ਨਿਰਮਾਣ ਲਈ ਹੋਰ ਮੁਲਕਾਂ 'ਤੇ ਕਬਜ਼ਾ ਕਰਨ ਵਿੱਚ ਲੱਗੇ ਹੋਏ ਸਨ। ਇਹ ਲਗਭਗ 1914-18 ਦੇ ਵਿਚਕਾਰ ਵਾਲੀ ਦੁਨੀਆ ਦੇ ਹਾਲਾਤਾਂ ਵਰਗਾ ਸੀ। ਅਮਰੀਕਾ ਬਰਤਾਨੀਆ ਦੀ ਤਰ੍ਹਾਂ ਆਪਣੀ ਖੁੱਸ ਚੁੱਕੀ ਜ਼ਮੀਨ ਨੂੰ ਜੰਗਾਂ ਅਤੇ ਕਬਜ਼ਿਆਂ ਨਾਲ ਹੱਲ ਕਰਨਾ ਚਾਹੁੰਦਾ ਸੀ। ਯੂਰਪ ਇਸ ਨੀਤੀ ਦੀਆਂ ਸੀਮਾਵਾਂ ਨੂੰ ਸਮਝ ਚੁੱਕਾ ਸੀ। ਪਰ ਅਮਰੀਕਾ ਇਸ ਰਸਤੇ 'ਤੇ ਤੁਰਦੇ ਹੋਏ ਟਰੰਪ ਤੱਕ ਆ ਗਿਆ ਅਤੇ ਈਰਾਨ ਵਿੱਚ ਜਾ ਕੇ ਬੁਰੀ ਤਰ੍ਹਾਂ ਫਸ ਗਿਆ।

ਇਸ ਦੌਰਾਨ ਚੀਨ ਪੂੰਜੀ ਅਤੇ ਤਕਨੀਕ ਦੇ ਸੰਬੰਧਾਂ ਨੂੰ ਅੱਗੇ ਲੈ ਜਾਣ ਵਿੱਚ ਸਫ਼ਲ ਰਿਹਾ। ਉਸ ਕੋਲ ਪਹਿਲਾਂ ਤੋਂ ਹੀ ਇੱਕ ਵਿਕਸਤ ਕਿਰਤ ਸ਼ਕਤੀ ਸੀ। ਭਾਰਤ ਘੱਟੋ-ਘੱਟ ਪਿਛਲੇ 30 ਸਾਲਾਂ ਦਾ ਠਹਿਰਾਅ ਲੈਕੇ ਬੈਠਾ ਹੋਇਆ ਹੈ ਅਤੇ ਅੱਜ ਆਪਣੇ ਮਜ਼ਦੂਰਾਂ ਨੂੰ ਘੱਟੋ-ਘੱਟ ਤਨਖ਼ਾਹ ਦੇਣ ਦੀ ਹਾਲਤ ਵਿੱਚ ਵੀ ਨਹੀਂ ਹੈ।

ਆਰਥਕ ਠਹਿਰਾਅ ਮੁੱਖ ਤੌਰ 'ਤੇ ਠਹਿਰਾਅ ਨਹੀਂ ਹੁੰਦਾ, ਇਹ ਪੂਰੇ ਆਰਥਕ ਤੰਤਰ ਨੂੰ ਖ਼ੋਰੇ ਵੱਲ ਲੈ ਜਾਂਦਾ ਹੈ। ਪੂੰਜੀਵਾਦੀ ਪੈਦਾਵਾਰੀ ਪ੍ਰਣਾਲੀਆਂ ਜਾਂ ਤਾਂ ਅੱਗੇ ਵਧਦੀਆਂ ਹਨ ਜਾਂ ਨਸ਼ਟ ਹੋਣ ਲਈ ਜਾਂ ਕਿਸੇ ਵੱਡੀ ਪੂੰਜੀ ਵਿੱਚ ਸਮਾ ਜਾਣ ਲਈ ਸਰਾਪੀਆਂ ਹੁੰਦੀਆਂ ਹਨ। ਪਰ ਜਦੋਂ ਇੱਕ ਵਾਰ ਮੁਲਕ ਜਾਂ ਰਾਸ਼ਟਰ ਵਰਗੀਆਂ ਸੀਮਾਵਾਂ ਬਣ ਜਾਂਦੀਆਂ ਹਨ ਅਤੇ ਰਾਜਨੀਤਕ ਨਕਸ਼ੇ 'ਤੇ ਪ੍ਰਭੂਸੱਤਾ ਤੈਅ ਹੋ ਜਾਂਦੀ ਹੈ, ਤਾਂ ਇਹ ਪ੍ਰਕਿਰਿਆ ਬੇਹੱਦ ਸਮਝੋਂ ਬਾਹਰੀ ਅਤੇ ਖ਼ਤਰਨਾਕ ਹੋ ਜਾਂਦੀ ਹੈ।

ਅਜਿਹੇ ਹਾਲਾਤ ਵਿੱਚ ਰਾਜਨੀਤਕ ਗਤੀਸ਼ੀਲਤਾ ਨੂੰ ਦਿਖਾਉਣ ਲਈ ਸਮਾਜਿਕ ਸੰਰਚਨਾ ਵਿੱਚ ਦਖ਼ਲ ਦੇਣਾ ਲਾਜ਼ਮੀ ਹੋ ਜਾਂਦਾ ਹੈ, ਤਾਂ ਜੋ ਸਮਾਜਿਕ ਸਮੂਹ ਅਤੇ ਭਾਈਚਾਰੇ ਆਪਣੀਆਂ ਹਲਚਲਾਂ ਨਾਲ ਗਤੀ ਦਾ ਭਰਮ ਪੈਦਾ ਕਰਨ ਅਤੇ ਇੱਕ ਝੂਠੇ ਭਵਿੱਖ ਵੱਲ ਜਾਣ ਦਾ ਦੁਖਾਂਤਕ ਨਾਟਕ ਖੇਡਿਆ ਜਾ ਸਕੇ। ਅੱਜ ਭਾਰਤੀ ਸਮਾਜ ਵਿੱਚ ਇਹੀ ਹੋ ਰਿਹਾ ਹੈ। ਇੱਥੋਂ ਹੀ ਇੱਕ ਹਨੇਰੇ ਦੌਰ ਦੀ ਸ਼ੁਰੂਆਤ ਹੁੰਦੀ ਹੈ, ਜਿਸਨੂੰ ਆਰਥਕ ਛੁਟਕਾਰੇ ਦੀ ਆਸ ਦੇ ਆਧਾਰ 'ਤੇ ਅੱਗੇ ਵਧਾਇਆ ਜਾਂਦਾ ਹੈ। ਸਪਸ਼ਟ ਹੈ ਕਿ ਇਸ ਵਿੱਚ ਸਭ ਤੋਂ ਵੱਧ ਆਸ ਮੱਧਵਰਗ ਹੀ ਲਗਾ ਕੇ ਬੈਠਾ ਹੁੰਦਾ ਹੈ।

ਭਾਰਤੀ ਪ੍ਰਸੰਗ ਵਿੱਚ ਅਜਿਹੀਆਂ ਆਸਾਂ ਹੇਠਲੇ ਵਰਗਾਂ ਵਿੱਚ "ਪੰਜ ਕਿਲੋ ਅਨਾਜ ਦੀ ਗਾਰੰਟੀ" ਨਾਲ ਵੀ ਭੇਜੀਆਂ ਗਈਆਂ ਹਨ।

ਜਦੋਂ ਆਰਥਕ ਬਦਲਾਅ ਅਤੇ ਬਿਹਤਰੀ ਦੀ ਆਸ ਮੁੱਕ ਜਾਂਦੀ ਹੈ। ਪੂੰਜੀਵਾਦ ਇਸ ਠਹਿਰਾਅ ਦੀ ਸੜਨ ਵਿੱਚ ਬੈਠਣ ਲਈ ਸਰਾਪਿਆ ਜਾਂਦਾ ਹੈ ਤਾਂ ਇਸ ਦੇ ਰਾਜਨੇਤਾ ਪੂੰਜੀਪਤੀਆਂ ਨੂੰ ਲੋਕਾਂ ਦੀ ਸਾਰੀ ਬਚਤ, ਉਨ੍ਹਾਂ ਦੇ ਸਰੋਤਾਂ, ਮਿਹਨਤ ਅਤੇ ਜ਼ਮੀਨਾਂ ਤੱਕ ਨੂੰ ਲੁੱਟ ਲੈਣ ਦੀ ਖੁੱਲ੍ਹੀ ਛੁੱਟੀ ਦੇ ਦਿੰਦੇ ਹਨ। ਇਸ ਦੇ ਰਾਜਨੇਤਾ ਅਜਿਹੇ ਰਾਜਨੀਤਕ ਅੰਦੋਲਨ ਬਣਾਉਣ ਵਿੱਚ ਜੁੱਟ ਜਾਂਦੇ ਹਨ ਜੋ ਮਿਹਨਤ 'ਤੇ ਆਧਾਰਤ ਏਕਤਾ ਨੂੰ ਤੋੜ ਕੇ ਲੋਕਾਂ ਨੂੰ ਵਾਪਸ ਉਨ੍ਹਾਂ ਦੇ ਸਮੂਹਾਂ ਦੀਆਂ ਵੱਖ-ਵੱਖ ਪਛਾਣਾਂ ਵੱਲ ਭੇਜ ਸਕਣ।

ਉਹ ਪਛਾਣਾਂ ਦੇ ਆਧਾਰ 'ਤੇ ਸਮਾਜਿਕ ਸਮੂਹਾਂ ਅਤੇ ਸੰਗਠਨਾਂ ਨੂੰ ਤੇਜ਼ੀ ਨਾਲ ਲਾਮਬੰਦ ਕਰਦੇ ਹਨ ਅਤੇ ਅਗਾਂਹਵਧੂ ਸਮੂਹਾਂ ਨੂੰ ਖ਼ਤਮ ਕਰਕੇ ਆਪਣੀ ਸਿਆਸਤ ਦਾ ਹਿੱਸਾ ਬਣਾਉਣ ਲਈ ਜ਼ੋਰ-ਜ਼ਬਰਦਸਤੀ ਕਰਨ ਤੱਕ ਜਾਂਦੇ ਹਨ। ਉਹ ਪੂਰੇ ਮੁਲਕ ਅਤੇ ਸਮਾਜ ਨੂੰ ਵੱਖ-ਵੱਖ ਪੱਧਰਾਂ 'ਤੇ ਇੱਕ-ਦੂਜੇ ਦੇ ਖ਼ਿਲਾਫ਼ ਖੜ੍ਹਾ ਕਰਨ ਅਤੇ ਉਨ੍ਹਾਂ ਨੂੰ ਵੱਖ-ਵੱਖ ਢੰਗ ਨਾਲ ਇੱਕ-ਦੂਜੇ ਨਾਲ ਮੁਕਾਬਲੇਬਾਜ਼ੀ, ਲੜਾਈ ਅਤੇ ਹਿੰਸਾ ਵਿੱਚ ਗ੍ਰਸਤ ਹੋ ਜਾਣ ਵੱਲ ਲੈ ਜਾਂਦੇ ਹਨ।

ਇਹ ਤਰੀਕਾ ਪੂੰਜੀਵਾਦੀ ਸਾਮਰਾਜਵਾਦ ਨੇ ਨਾ ਸਿਰਫ਼ ਆਪਣੇ ਮੁਲਕਾਂ ਵਿੱਚ ਲਾਗੂ ਕੀਤਾ, ਸਗੋਂ ਹੋਰ ਮੁਲਕਾਂ ਵਿੱਚ ਵੀ ਵਰਤਿਆ ਹੈ ਅਤੇ ਸਥਾਨਕ ਮੁਲਕਾਂ ਦੇ ਰਾਜਨੇਤਾਵਾਂ ਨੇ ਇਸਨੂੰ ਇੱਕ ਨੀਤੀ ਵਜੋਂ ਸਵੀਕਾਰ ਕੀਤਾ ਅਤੇ ਲੰਮੇ ਸਮੇਂ ਤੱਕ ਲਾਗੂ ਕੀਤਾ। ਇਸ ਮਾਮਲੇ ਵਿੱਚ ਸਾਡਾ ਦੇਸ਼ ਇੱਕ ਮਿਸਾਲ ਵਾਂਗ ਹੈ।

ਜਦੋਂ ਵੀ ਮੈਂ ਅਗਾਂਹਵਧੂ ਮੀਡੀਆ ਦੀਆਂ ਆਵਾਜ਼ਾਂ ਨੂੰ ਸੁਣਦਾ ਹਾਂ ਅਤੇ ਉਨ੍ਹਾਂ ਦੀਆਂ ਭਵਿੱਖਬਾਣੀਆਂ ਵਿੱਚ ਉਨ੍ਹਾਂ ਦੀ ਨਿਰਾਸ਼ਾ ਨੂੰ ਦੇਖਦਾ ਹਾਂ, ਤਾਂ ਮੈਨੂੰ ਰਾਹੁਲ ਗਾਂਧੀ ਦੀ ਆਵਾਜ਼ ਵੀ ਸੁਣਾਈ ਦਿੰਦੀ ਹੈ। ਇਨ੍ਹਾਂ ਗੱਲਾਂ ਵਿੱਚ ਆਰਥਕ ਬਦਲਾਵਾਂ ਦੀ ਕੋਈ ਆਵਾਜ਼ ਸੁਣਾਈ ਨਹੀਂ ਦਿੰਦੀ। ਅੱਜ ਮੁਲਕ ਵਿੱਚ ਇਹ ਨਿਰਾਸ਼ਾ ਏਨੀ ਡੂੰਘੀ ਹੋ ਚੁੱਕੀ ਹੈ ਕਿ ਇਸ ਦਾ ਅਸਰ ਉਨ੍ਹਾਂ ਥਾਵਾਂ 'ਤੇ ਵੀ ਦਿਖਾਈ ਦੇਣ ਲੱਗਾ ਹੈ ਜਿੱਥੇ ਸਭ ਤੋਂ ਵੱਧ ਆਰਥਕ ਤੰਤਰਾਂ ਦਾ ਅਧਿਐਨ ਕੀਤਾ ਜਾਂਦਾ ਹੈ — ਯਾਨੀ ਮਾਰਕਸਵਾਦੀ ਸਮੂਹ।

ਪੂੰਜੀਵਾਦ ਦੀ ਪ੍ਰਗਤੀਸ਼ੀਲਤਾ ਵੱਖ-ਵੱਖ ਪਛਾਣਾਂ ਨੂੰ ਤੋੜਦਿਆਂ ਇੱਕ ਵਿਸ਼ਾਲ ਕਿਰਤੀ ਸਮੂਹਾਂ ਦੀ ਰਚਨਾ ਕਰਨ ਵਿੱਚ ਹੈ, ਜਿਸਦੀ ਏਕਤਾ ਕਿਰਤ ਦੀਆਂ ਪਛਾਣਾਂ ਦੇ ਨਾਲ ਪੂੰਜੀ ਦੇ ਖ਼ਿਲਾਫ਼ ਟਕਰਾਵਾਂ ਵਿੱਚ ਪ੍ਰਗਟ ਹੁੰਦੀ ਹੈ। ਪੂੰਜੀਵਾਦ ਆਪਣੇ ਠਹਿਰਾਅ ਵਿੱਚ ਕਿਰਤ-ਆਧਾਰਤ ਪਛਾਣਾਂ ਨੂੰ ਤੋੜ ਕੇ ਉਨ੍ਹਾਂ ਨੂੰ ਸਮਾਜਿਕ ਸਮੂਹਾਂ ਅਤੇ ਭਾਈਚਾਰਿਆਂ ਵਾਲੀਆਂ ਪਛਾਣਾਂ ਵੱਲ ਧੱਕਦਾ ਹੈ। ਇਹ ਆਪਣੇ ਹੀ ਬਣਾਏ ਸਮਾਜ ਨੂੰ ਨਸ਼ਟ ਕਰਨ ਵੱਲ ਵਧਦਾ ਹੈ ਜਿਸ ਨਾਲ ਉਹ ਖ਼ੁਦ ਨੂੰ ਬਚਾ ਸਕੇ। ਇਸ ਸੂਤਰੀਕਰਨ ਵਿੱਚ ਭਾਰਤ ਕੋਈ ਅਪਵਾਦ ਨਹੀਂ ਹੈ। ਭਾਰਤੀ ਸਿਆਸਤ ਦੇ ਸਮਕਾਲੀ ਪ੍ਰਸੰਗਾਂ ਨੂੰ ਇਸ ਪਾਸਿਓਂ ਵੀ ਦੇਖਣਾ ਜ਼ਰੂਰੀ ਹੈ।

# ਸੁਲਗਦਾ ਮਣੀਪੁਰ: ਨਸਲੀ ਹਿੰਸਾ, ਸਰਹੱਦੀ ਚੁਣੌਤੀਆਂ ਅਤੇ ਸਥਾਈ ਸ਼ਾਂਤੀ ਦੀ ਤਲਾਸ਼

ਗੁਰਪ੍ਰੀਤ ਸਿੰਘ ਬਿਲਿੰਗ
75086-98066










ਭਾਰਤ ਦਾ ਉੱਤਰ-ਪੂਰਬੀ ਖੇਤਰ ਭੂਗੋਲਿਕ ਅਤੇ ਰਾਜਨੀਤਿਕ ਤੌਰ 'ਤੇ ਦੇਸ਼ ਦਾ ਸਭ ਤੋਂ ਸੰਵੇਦਨਸ਼ੀਲ ਹਿੱਸਾ ਮੰਨਿਆ ਜਾਂਦਾ ਹੈ। ਪੰਜ ਦੇਸ਼ਾਂ-ਚੀਨ, ਮਿਆਂਮਾਰ, ਬੰਗਲਾਦੇਸ਼, ਭੂਟਾਨ ਅਤੇ ਨੇਪਾਲ ਦੀਆਂ ਅੰਤਰਰਾਸ਼ਟਰੀ ਸਰਹੱਦਾਂ ਨਾਲ ਘਿਰਿਆ ਇਹ ਖੇਤਰ ਕੇਵਲ ਰਣਨੀਤਿਕ ਹੀ ਨਹੀਂ, ਸਗੋਂ ਆਪਣੀ ਨਸਲੀ ਵਿਭਿੰਨਤਾ ਅਤੇ ਸੱਭਿਆਚਾਰਕ ਜਟਿਲਤਾ ਕਾਰਨ ਸੁਰੱਖਿਆ ਦੇ ਨਜ਼ਰੀਏ ਤੋਂ ਬਹੁਤ ਨਾਜ਼ੁਕ ਵੀ ਹੈ। ਲੰਬੇ ਸਮੇਂ ਤੋਂ ਇੱਥੇ ਵੱਖਵਾਦ, ਹਥਿਆਰਬੰਦ ਗਠਜੋੜ, ਜਾਤੀਕ ਅਸਮਾਨਤਾਵਾਂ ਅਤੇ ਸਰਹੱਦੀ ਘੁਸਪੈਠ ਵਰਗੀਆਂ ਚੁਣੌਤੀਆਂ ਰਹੀਆਂ ਹਨ, ਪਰ ਪਿਛਲੇ ਤਿੰਨ ਸਾਲਾਂ ਦੌਰਾਨ ਮਣੀਪੁਰ ਨੇ ਜੋ ਭਿਆਨਕ ਦੌਰ ਦੇਖਿਆ ਹੈ, ਉਸ ਨੇ ਪੂਰੇ ਖੇਤਰ ਦੀ ਸੁਰੱਖਿਆ ਸਥਿਤੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

ਅਪ੍ਰੈਲ 2026 ਵਿੱਚ ਦੁਬਾਰਾ ਭੜਕੀ ਤਾਜ਼ਾ ਹਿੰਸਾ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਮਣੀਪੁਰ ਵਿੱਚ ਸ਼ਾਂਤੀ ਦੇ ਸਰਕਾਰੀ ਦਾਅਵੇ ਕੇਵਲ ਕਾਗਜ਼ੀ ਸਨ, ਜ਼ਮੀਨੀ ਹਕੀਕਤ ਇਸ ਤੋਂ ਕੋਹਾਂ ਦੂਰ ਹੈ। ਬਿਸ਼ਨੂਪੁਰ ਜ਼ਿਲ੍ਹੇ ਵਿੱਚ ਦੋ ਮਾਸੂਮ ਬੱਚਿਆਂ ਦੀ ਬੰਬ ਧਮਾਕੇ ਵਿੱਚ ਹੋਈ ਦਰਦਨਾਕ ਮੌਤ ਤੋਂ ਬਾਅਦ ਜਿਸ ਤਰ੍ਹਾਂ ਪ੍ਰਦਰਸ਼ਨ ਭੜਕੇ, ਪੁਲਿਸ ਨੂੰ ਫਾਇਰਿੰਗ ਕਰਨੀ ਪਈ ਅਤੇ ਮੁੜ ਕਰਫ਼ਿਊ ਤੇ ਇੰਟਰਨੈੱਟ ਬੰਦਸ਼ਾਂ ਦਾ ਸਹਾਰਾ ਲੈਣਾ ਪਿਆ। ਉਸ ਨੇ ਸਾਬਤ ਕਰ ਦਿੱਤਾ ਕਿ ਮਣੀਪੁਰ ਅਜੇ ਵੀ ਸੁਲਗਦੇ ਹੋਏ ਬਾਰੂਦੀ ਢੇਰ 'ਤੇ ਬੈਠਾ ਹੈ।

ਇਸ ਸੰਕਟ ਦੀ ਗੰਭੀਰਤਾ ਨੂੰ ਸਮਝਣ ਲਈ ਮਣੀਪੁਰ ਦੇ ਇਤਿਹਾਸਕ ਪ੍ਰਸੰਗ ਨੂੰ ਜਾਣਨਾ ਜ਼ਰੂਰੀ ਹੈ। ਮਣੀਪੁਰ ਦਾ ਭਾਰਤ ਵਿੱਚ ਰਲੇਵਾਂ 1949 ਵਿੱਚ ਹੋਇਆ ਸੀ, ਪਰ ਉਦੋਂ ਤੋਂ ਹੀ ਇੱਥੇ ਵੱਖ-ਵੱਖ ਭਾਈਚਾਰਿਆਂ ਦਰਮਿਆਨ 'ਪਛਾਣ ਦੀ ਰਾਜਨੀਤੀ' ਭਾਰੂ ਰਹੀ ਹੈ। ਪਹਾੜਾਂ ਵਿੱਚ ਰਹਿਣ ਵਾਲੇ ਨਾਗਾ ਅਤੇ ਕੂਕੀ ਜ਼ੋ ਭਾਈਚਾਰਿਆਂ ਅਤੇ ਘਾਟੀ ਵਿੱਚ ਰਹਿਣ ਵਾਲੇ ਮੈਤੇਈ ਭਾਈਚਾਰੇ ਦਰਮਿਆਨ ਸਾਧਨਾਂ ਦੀ ਵੰਡ ਨੂੰ ਲੈ ਕੇ ਹਮੇਸ਼ਾ ਖਿੱਚੋਤਾਣ ਰਹੀ ਹੈ। 1990 ਦੇ ਦਹਾਕੇ ਵਿੱਚ ਵੀ ਕੂਕੀ-ਨਾਗਾ ਸੰਘਰਸ਼ ਦੌਰਾਨ ਸੈਂਕੜੇ ਜਾਨਾਂ ਗਈਆਂ ਸਨ। ਮੌਜੂਦਾ ਸੰਕਟ ਉਸੇ ਪੁਰਾਣੀ ਅੱਗ ਦਾ ਇੱਕ ਨਵਾਂ ਅਤੇ ਵਧੇਰੇ ਘਾਤਕ ਰੂਪ ਹੈ, ਜਿਸ ਵਿੱਚ ਹੁਣ ਆਧੁਨਿਕ ਹਥਿਆਰਾਂ ਅਤੇ ਡਿਜੀਟਲ ਨਫ਼ਰਤ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਇਹ ਸਿਰਫ਼ ਦੋ ਸਮੂਹਾਂ ਦੀ ਲੜਾਈ ਨਹੀਂ, ਸਗੋਂ ਦਹਾਕਿਆਂ ਤੋਂ ਜਮ੍ਹਾਂ ਹੋਏ ਗੁੱਸੇ ਅਤੇ ਅਸੁਰੱਖਿਆ ਦੀ ਭਾਵਨਾ ਦਾ ਵਿਸਫੋਟ ਹੈ।

ਮਣੀਪੁਰ ਦੀ ਮੌਜੂਦਾ ਸਥਿਤੀ ਨੂੰ ਸਮਝਣ ਲਈ ਸਾਨੂੰ ਮਈ 2023 ਦੇ ਘਟਨਾਕ੍ਰਮ ਵੱਲ ਮੁੜਨਾ ਪਵੇਗਾ। ਉਸ ਵੇਲੇ ਮੈਤੇਈ ਭਾਈਚਾਰੇ ਨੂੰ 'ਅਨੁਸੂਚਿਤ ਜਨਜਾਤੀ' (ST) ਦਾ ਦਰਜਾ ਦੇਣ ਦੀ ਮੰਗ ਅਤੇ ਉਸ ਉੱਤੇ ਹਾਈਕੋਰਟ ਦੇ ਨਿਰਦੇਸ਼ ਨੇ ਕੂਕੀ-ਜ਼ੋ ਆਦਿਵਾਸੀ ਸਮੂਹਾਂ ਵਿੱਚ ਡਰ ਅਤੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ ਸੀ। ਇਹ ਮਸਲਾ ਮਹਿਜ਼ ਰਿਜ਼ਰਵੇਸ਼ਨ ਤੱਕ ਸੀਮਿਤ ਨਹੀਂ ਸੀ। ਇਸਦੇ ਪਿੱਛੇ ਜ਼ਮੀਨੀ ਮਾਲਕੀ ਦੇ ਹੱਕ, ਸਰਕਾਰੀ ਨੌਕਰੀਆਂ, ਰਾਜਨੀਤਿਕ ਨੁਮਾਇੰਦਗੀ ਅਤੇ ਖੇਤਰੀ ਆਬਾਦੀ ਦੇ ਸੰਤੁਲਨ ਵਰਗੇ ਡੂੰਘੇ ਮੁੱਦੇ ਜੁੜੇ ਹੋਏ ਸਨ।

ਮੈਤੇਈ ਭਾਈਚਾਰਾ, ਜੋ ਰਾਜ ਦੀ ਕੁੱਲ ਆਬਾਦੀ ਦਾ ਲਗਭਗ 53% ਹੈ, ਮੁੱਖ ਤੌਰ 'ਤੇ ਕੇਂਦਰੀ ਇੰਫਾਲ ਘਾਟੀ ਵਿੱਚ ਵਸਦਾ ਹੈ (ਜੋ ਰਾਜ ਦੇ ਕੁੱਲ ਖੇਤਰਫਲ ਦਾ ਸਿਰਫ਼ 10% ਹੈ), ਜਦਕਿ ਕੂਕੀ-ਜ਼ੋ ਅਤੇ ਨਾਗਾ ਸਮੂਹ (ਲਗਭਗ 40%) ਪਹਾੜੀ ਇਲਾਕਿਆਂ ਵਿੱਚ ਰਹਿੰਦੇ ਹਨ ਜੋ 90% ਖੇਤਰਫਲ ਨੂੰ ਕਵਰ ਕਰਦੇ ਹਨ। ਮੈਤੇਈ ਲੋਕਾਂ ਦਾ ਤਰਕ ਹੈ ਕਿ ਉਹ ਪਹਾੜਾਂ ਵਿੱਚ ਜ਼ਮੀਨ ਨਹੀਂ ਖਰੀਦ ਸਕਦੇ, ਜਦਕਿ ਪਹਾੜੀ ਕਬੀਲੇ ਘਾਟੀ ਵਿੱਚ ਆ ਸਕਦੇ ਹਨ। ਦੂਜੇ ਪਾਸੇ, ਕਬਾਇਲੀ ਸਮੂਹਾਂ ਨੂੰ ਡਰ ਹੈ ਕਿ ST ਦਰਜਾ ਮਿਲਣ ਤੋਂ ਬਾਅਦ ਮੈਤੇਈ ਉਨ੍ਹਾਂ ਦੇ ਜੰਗਲਾਂ ਅਤੇ ਸੱਭਿਆਚਾਰਕ ਹੱਕਾਂ 'ਤੇ ਕਬਜ਼ਾ ਕਰ ਲੈਣਗੇ। ਇਸ ਆਪਸੀ ਅਵਿਸ਼ਵਾਸ ਨੇ ਮਈ 2023 ਵਿੱਚ ਇੱਕ ਖੁੱਲ੍ਹੇ ਅਤੇ ਹਿੰਸਕ ਟਕਰਾਅ ਦਾ ਰੂਪ ਲੈ ਲਿਆ, ਜਿਸ ਵਿੱਚ ਹੁਣ ਤੱਕ 250 ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ। ਕੋਈ 60 ਹਜ਼ਾਰ ਤੋਂ ਵੱਧ ਲੋਕ ਆਪਣੇ ਹੀ ਦੇਸ਼ ਵਿੱਚ ਸ਼ਰਨਾਰਥੀ ਬਣ ਗਏ ਹਨ ਅਤੇ ਹਜ਼ਾਰਾਂ ਘਰ ਤੇ ਧਾਰਮਿਕ ਅਸਥਾਨ ਸੁਆਹ ਦੇ ਢੇਰ ਵਿੱਚ ਤਬਦੀਲ ਹੋ ਚੁੱਕੇ ਹਨ।

ਇਹ ਸੰਘਰਸ਼ ਹੁਣ ਕੇਵਲ ਦੋ ਭਾਈਚਾਰਿਆਂ ਦੀ ਆਪਸੀ ਲੜਾਈ ਨਹੀਂ ਰਿਹਾ, ਸਗੋਂ ਇਸ ਨੇ ਇੱਕ 'ਸਮਾਂਤਰ ਸੁਰੱਖਿਆ ਪ੍ਰਣਾਲੀ' (Parallel Security System) ਨੂੰ ਜਨਮ ਦਿੱਤਾ ਹੈ। ਹਿੰਸਾ ਦੌਰਾਨ ਸਰਕਾਰੀ ਸ਼ਸਤਰਧਾਰੀ ਟੁਕੜੀਆਂ ਤੋਂ ਪੁਲਿਸ ਸਟੇਸ਼ਨਾਂ ਤੋਂ ਲਗਭਗ 4,500 ਤੋਂ 5,000 ਆਧੁਨਿਕ ਹਥਿਆਰ ਲੁੱਟੇ ਗਏ ਸਨ। ਘਾਟੀ ਅਤੇ ਪਹਾੜੀ ਖੇਤਰਾਂ ਦੇ ਵਿਚਕਾਰ 'ਬਫਰ ਜ਼ੋਨ' ਬਣ ਗਏ ਹਨ, ਜਿੱਥੇ ਕੇਂਦਰੀ ਬਲਾਂ ਦੀ ਤੈਨਾਤੀ ਦੇ ਬਾਵਜੂਦ ਸਥਾਨਕ ਮਿਲੀਸ਼ੀਆ ਦਾ ਦਬਦਬਾ ਹੈ। ਜਦੋਂ ਨਾਗਰਿਕ ਰਾਜ ਦੀ ਮਸ਼ੀਨਰੀ ਤੋਂ ਭਰੋਸਾ ਗੁਆ ਕੇ ਆਪਣੀ ਸੁਰੱਖਿਆ ਲਈ ਜਾਤੀਕ ਹਥਿਆਰਬੰਦ ਟੋਲਿਆਂ 'ਤੇ ਨਿਰਭਰ ਹੋ ਜਾਣ, ਤਾਂ ਇਹ ਰਾਜ ਦੀ ਸੰਪ੍ਰਭੂਤਾ ਦੀ ਕਮਜ਼ੋਰੀ ਅਤੇ ਇੱਕ ਵੱਡੀ ਰਾਜਨੀਤਿਕ ਅਸਫਲਤਾ ਦਾ ਸੰਕੇਤ ਹੈ।

ਇਸ ਸੁਰੱਖਿਆ ਸੰਕਟ ਨੇ ਮਣੀਪੁਰ ਦੀ ਆਰਥਿਕ ਰੀੜ੍ਹ ਦੀ ਹੱਡੀ ਤੋੜ ਦਿੱਤੀ ਹੈ। ਨੈਸ਼ਨਲ ਹਾਈਵੇਅ-2 ਅਤੇ NH-37, ਜੋ ਮਣੀਪੁਰ ਦੀ ਜੀਵਨ-ਰੇਖਾ ਹਨ, ਅਕਸਰ ਜਾਤੀਕ ਸਮੂਹਾਂ ਵੱਲੋਂ ਬੰਦ ਕਰ ਦਿੱਤੇ ਜਾਂਦੇ ਹਨ। ਇਸ ਕਾਰਨ ਰਾਜ ਵਿੱਚ ਪੈਟਰੋਲ, ਰਸੋਈ ਗੈਸ ਅਤੇ ਜ਼ਰੂਰੀ ਦਵਾਈਆਂ ਦੀ ਭਾਰੀ ਕਿੱਲਤ ਹੋ ਜਾਂਦੀ ਹੈ ਅਤੇ ਕੀਮਤਾਂ ਅਸਮਾਨ ਨੂੰ ਛੂਹਣ ਲੱਗਦੀਆਂ ਹਨ। ਜਦੋਂ ਸਪਲਾਈ ਚੇਨ ਜਾਤੀਕ ਲੀਹਾਂ 'ਤੇ ਵੰਡੀ ਜਾਵੇ, ਤਾਂ ਆਮ ਆਦਮੀ ਦਾ ਜੀਵਨ ਨਰਕ ਬਣ ਜਾਂਦਾ ਹੈ। ਵਪਾਰੀ ਹੁਣ ਨਵੇਂ ਨਿਵੇਸ਼ ਤੋਂ ਡਰ ਰਹੇ ਹਨ ਅਤੇ ਸਥਾਨਕ ਉਦਯੋਗ ਪੂਰੀ ਤਰ੍ਹਾਂ ਠੱਪ ਹੋ ਚੁੱਕੇ ਹਨ। ਆਰਥਿਕ ਤੰਗੀ ਨੌਜਵਾਨਾਂ ਨੂੰ ਹੋਰ ਜ਼ਿਆਦਾ ਹਿੰਸਾ ਅਤੇ ਅਪਰਾਧ ਵੱਲ ਧੱਕ ਰਹੀ ਹੈ, ਜੋ ਰਾਸ਼ਟਰੀ ਸੁਰੱਖਿਆ ਲਈ ਇੱਕ 'ਦੁਸ਼ਟ ਚੱਕਰ' ਬਣ ਗਿਆ ਹੈ।

ਅਪ੍ਰੈਲ 2026 ਦੀਆਂ ਤਾਜ਼ਾ ਘਟਨਾਵਾਂ ਨੇ ਦੱਸਿਆ ਕਿ ਸ਼ਾਂਤੀ ਦੀਆਂ ਕੋਸ਼ਿਸ਼ਾਂ ਕਿੰਨੀਆਂ ਕਮਜ਼ੋਰ ਹਨ। ਬਿਸ਼ਨੂਪੁਰ ਵਿੱਚ ਬੱਚਿਆਂ ਦੀ ਮੌਤ ਤੋਂ ਬਾਅਦ ਜਿਸ ਤਰ੍ਹਾਂ ਹਿੰਸਾ ਨੇ ਰਾਜਧਾਨੀ ਇੰਫਾਲ ਤੱਕ ਪੈਰ ਪਸਾਰੇ, ਉਸਨੇ ਪ੍ਰਸ਼ਾਸਨਿਕ ਚੌਕਸੀ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਇੱਕ ਰਿਹਾਇਸ਼ੀ ਘਰ 'ਤੇ ਹੋਏ ਡਰੋਨ ਜਾਂ ਬੰਬ ਹਮਲੇ ਵਿੱਚ ਦੋ ਬੱਚਿਆਂ ਦੀ ਮੌਤ ਨੇ ਲੋਕਾਂ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ ਸੀ। ਹਾਲਾਂਕਿ ਦੋਵੇਂ ਧਿਰਾਂ ਇੱਕ-ਦੂਜੇ 'ਤੇ ਦੋਸ਼ ਲਗਾ ਰਹੀਆਂ ਹਨ, ਪਰ ਇਸ ਘਟਨਾ ਨੇ ਇਹ ਸਾਬਤ ਕਰ ਦਿੱਤਾ ਕਿ ਮਣੀਪੁਰ ਵਿੱਚ ਅਜੇ ਵੀ ਅੰਦਰੂਨੀ ਨਫ਼ਰਤ ਦਾ ਲਾਵਾ ਉਬਾਲੇ ਮਾਰ ਰਿਹਾ ਹੈ। ਇੰਟਰਨੈੱਟ ਦੀ ਵਾਰ-ਵਾਰ ਬੰਦੀ ਅਤੇ ਜਾਂਚ ਦਾ ਕੰਮ ਐਨ.ਆਈ.ਏ. (NIA) ਨੂੰ ਸੌਂਪਣਾ ਦੱਸਦਾ ਹੈ ਕਿ ਸਥਿਤੀ ਸਥਾਨਕ ਪ੍ਰਸ਼ਾਸਨ ਦੇ ਕੰਟਰੋਲ ਤੋਂ ਬਾਹਰ ਹੋ ਚੁੱਕੀ ਹੈ। ਇੰਟਰਨੈੱਟ ਦੀ ਵਾਰ-ਵਾਰ ਬੰਦੀ ਨੇ ਵਿਦਿਆਰਥੀਆਂ ਅਤੇ ਫ੍ਰੀਲਾਂਸਰਾਂ ਦਾ ਭਵਿੱਖ ਦਾਅ 'ਤੇ ਲਗਾ ਦਿੱਤਾ ਹੈ, ਜਿਸ ਨਾਲ ਲੋਕਾਂ ਵਿੱਚ ਸਰਕਾਰ ਪ੍ਰਤੀ ਬੇਗਾਨਗੀ ਵਧੀ ਹੈ।

ਮਣੀਪੁਰ ਦੀ ਸਮੱਸਿਆ ਨੂੰ ਸਿਰਫ਼ ਘਰੇਲੂ ਝਗੜਾ ਮੰਨਣਾ ਇੱਕ ਵੱਡੀ ਭੁੱਲ ਹੋਵੇਗੀ। ਮਣੀਪੁਰ ਦੀ ਲਗਭਗ 400 ਕਿਲੋਮੀਟਰ ਸਰਹੱਦ ਮਿਆਂਮਾਰ ਨਾਲ ਲੱਗਦੀ ਹੈ। ਮਿਆਂਮਾਰ ਵਿੱਚ ਫੌਜੀ ਤਖ਼ਤਾਪਲਟ ਤੋਂ ਬਾਅਦ ਪੈਦਾ ਹੋਈ ਅਸਥਿਰਤਾ ਨੇ ਮਣੀਪੁਰ ਦੇ ਸੰਕਟ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਸਰਹੱਦ ਪਾਰੋਂ ਘੁਸਪੈਠ, ਹਥਿਆਰਾਂ ਦੀ ਸਮਗਲਿੰਗ ਅਤੇ ਨਸ਼ਾ ਤਸਕਰੀ ਵਿੱਚ ਵਾਧਾ ਹੋਇਆ ਹੈ। ਕੂਕੀ-ਜ਼ੋ ਭਾਈਚਾਰੇ ਦੇ ਮਿਆਂਮਾਰ ਦੇ 'ਚਿਨ' ਇਲਾਕੇ ਨਾਲ ਨਸਲੀ ਸਬੰਧ ਇਸ ਸਰਹੱਦ ਨੂੰ ਹੋਰ ਵਧੇਰੇ ਸੰਵੇਦਨਸ਼ੀਲ ਬਣਾ ਦਿੰਦੇ ਹਨ। ਭਾਰਤੀ ਸੁਰੱਖਿਆ ਏਜੰਸੀਆਂ ਲਈ ਇਹ 'ਟਵਿਨ ਚੈਲੇਂਜ' ਹੈ। ਇੱਕ ਪਾਸੇ ਅੰਦਰੂਨੀ ਨਸਲੀ ਜੰਗ ਅਤੇ ਦੂਜੇ ਪਾਸੇ ਬਾਹਰੀ ਦੇਸ਼ਾਂ ਤੋਂ ਆ ਰਹੀ ਅਸਥਿਰਤਾ।

ਇਸ ਸਰਹੱਦੀ ਅਸ਼ਾਂਤੀ ਦਾ ਇੱਕ ਖ਼ਤਰਨਾਕ ਪਹਿਲੂ ਨਸ਼ਾ ਤਸਕਰੀ (Narcotics) ਹੈ। ਮਣੀਪੁਰ 'ਗੋਲਡਨ ਟ੍ਰਾਈਐਂਗਲ' ਦੇ ਬਹੁਤ ਨੇੜੇ ਹੈ, ਜਿੱਥੋਂ ਵੱਡੀ ਮਾਤਰਾ ਵਿੱਚ ਹੈਰੋਇਨ ਅਤੇ ਮੈਥਾਮਫੇਟਾਮਾਈਨ ਵਰਗੇ ਨਸ਼ੇ ਭਾਰਤ ਵਿੱਚ ਪ੍ਰਵੇਸ਼ ਕਰਦੇ ਹਨ। ਹਿੰਸਾ ਕਾਰਨ ਸਰਹੱਦੀ ਨਿਗਰਾਨੀ ਕਮਜ਼ੋਰ ਹੋਣ ਦਾ ਫਾਇਦਾ ਉਠਾ ਕੇ 'ਡਰੱਗ ਲੌਰਡਸ' ਆਪਣੇ ਨੈੱਟਵਰਕ ਮਜ਼ਬੂਤ ਕਰ ਰਹੇ ਹਨ। ਅਫੀਮ ਦੀ ਖੇਤੀ ਦੇ ਖਾਤਮੇ ਨੂੰ ਲੈ ਕੇ ਹੋਈ ਸਰਕਾਰੀ ਸਖ਼ਤੀ ਵੀ ਇਸ ਹਿੰਸਾ ਦਾ ਇੱਕ ਪਰੋਖ ਕਾਰਨ ਮੰਨੀ ਜਾਂਦੀ ਹੈ। ਜਦੋਂ ਨਸ਼ਾ ਤਸਕਰੀ ਤੋਂ ਹੋਣ ਵਾਲੀ ਕਮਾਈ ਹਥਿਆਰਬੰਦ ਗਰੁੱਪਾਂ ਦੇ ਹੱਥ ਲੱਗਦੀ ਹੈ, ਤਾਂ ਉਹ ਰਾਜ ਦੀ ਸੱਤਾ ਨੂੰ ਚੁਣੌਤੀ ਦੇਣ ਦੇ ਸਮਰੱਥ ਹੋ ਜਾਂਦੇ ਹਨ। ਇਹ ਭਾਰਤ ਦੀ ਨੌਜਵਾਨ ਪੀੜ੍ਹੀ ਅਤੇ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਗੁਪਤ ਖ਼ਤਰਾ ਹੈ।

ਪਿਛਲੇ ਤਿੰਨ ਸਾਲਾਂ ਤੋਂ ਚੱਲ ਰਹੇ ਇਸ ਸੰਕਟ ਦੌਰਾਨ ਕੇਂਦਰ ਸਰਕਾਰ ਦੀ ਭੂਮਿਕਾ 'ਤੇ ਲਗਾਤਾਰ ਸਵਾਲ ਉੱਠ ਰਹੇ ਹਨ। ਧਾਰਾ 355 ਦੀ ਵਰਤੋਂ ਅਤੇ ਭਾਰੀ ਫੌਜੀ ਤੈਨਾਤੀ ਦੇ ਬਾਵਜੂਦ, ਸਿਆਸੀ ਗੱਲਬਾਤ ਦਾ ਮੇਜ਼ ਅਜੇ ਵੀ ਖਾਲੀ ਹੈ। ਗੁਜ਼ਰੇ ਤਿੰਨ ਸਾਲਾਂ ਵਿੱਚ ਕੇਂਦਰ ਸਰਕਾਰ ਨੇ ਕਈ ਕਦਮ ਚੁੱਕੇ। ਭਾਰੀ ਗਿਣਤੀ ਵਿੱਚ ਅਰਧ-ਸੈਨਿਕ ਬਲ ਭੇਜੇ ਗਏ, ਮੁੱਖ ਮੰਤਰੀ ਦੇ ਅਧਿਕਾਰਾਂ ਵਿੱਚ ਫੇਰਬਦਲ ਹੋਏ, ਪਰ ਕੋਈ ਵੀ 'ਸਥਾਈ ਰਾਜਨੀਤਿਕ ਹੱਲ' ਸਾਹਮਣੇ ਨਹੀਂ ਆਇਆ। ਫੌਜੀ ਤੈਨਾਤੀ ਨਾਲ ਹਿੰਸਾ ਨੂੰ ਕੁਝ ਸਮੇਂ ਲਈ ਰੋਕਿਆ ਤਾਂ ਜਾ ਸਕਦਾ ਹੈ, ਪਰ ਦਿਲਾਂ ਵਿੱਚ ਵਸੀ ਨਫ਼ਰਤ ਨੂੰ ਨਹੀਂ ਮਿਟਾਇਆ ਜਾ ਸਕਦਾ। ਕੂਕੀ ਭਾਈਚਾਰਾ ਰਾਜ ਸਰਕਾਰ ਨੂੰ ਪੱਖਪਾਤੀ ਮੰਨਦਾ ਹੈ, ਜਦਕਿ ਮੈਤੇਈ ਭਾਈਚਾਰਾ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਇਸ ਆਪਸੀ ਸੰਦੇਹ ਵਿੱਚ ਦਿੱਲੀ ਦਾ ਦਖ਼ਲ ਅਕਸਰ ਬਹੁਤ ਦੇਰ ਨਾਲ ਅਤੇ ਬੇਅਸਰ ਪ੍ਰਤੀਤ ਹੁੰਦਾ ਹੈ।

ਹਿੰਸਾ ਦੇ ਇਸ ਦੌਰ ਵਿੱਚ ਸਭ ਤੋਂ ਵੱਧ ਮਾਰ ਔਰਤਾਂ ਅਤੇ ਬੱਚਿਆਂ 'ਤੇ ਪਈ ਹੈ। ਮਣੀਪੁਰ ਤੋਂ ਆਈਆਂ ਔਰਤਾਂ ਨਾਲ ਬਦਸਲੂਕੀ ਦੀਆਂ ਵੀਡੀਓਜ਼ ਨੇ ਪੂਰੀ ਦੁਨੀਆ ਨੂੰ ਸ਼ਰਮਸਾਰ ਕੀਤਾ ਸੀ। ਰਾਹਤ ਕੈਂਪਾਂ ਵਿੱਚ ਰਹਿ ਰਹੇ ਹਜ਼ਾਰਾਂ ਬੱਚੇ ਸਕੂਲੀ ਸਿੱਖਿਆ ਤੋਂ ਵਾਂਝੇ ਹਨ ਅਤੇ ਲਗਾਤਾਰ ਡਰ ਦੇ ਸਾਏ ਹੇਠ ਰਹਿਣ ਕਾਰਨ 'ਪੋਸਟ-ਟਰਾਮੇਟਿਕ ਸਟ੍ਰੈਸ ਡਿਸਆਰਡਰ' (PTSD) ਦਾ ਸ਼ਿਕਾਰ ਹੋ ਰਹੇ ਹਨ। ਇੱਕ ਪੂਰੀ ਪੀੜ੍ਹੀ ਨਫ਼ਰਤ ਅਤੇ ਹਿੰਸਾ ਦੇ ਮਾਹੌਲ ਵਿੱਚ ਪਲ ਰਹੀ ਹੈ। ਜੇਕਰ ਇਨ੍ਹਾਂ ਬੱਚਿਆਂ ਦੇ ਮਨਾਂ ਵਿੱਚੋਂ ਹਿੰਸਾ ਦੇ ਨਿਸ਼ਾਨ ਨਾ ਮਿਟਾਏ ਗਏ, ਤਾਂ ਭਵਿੱਖ ਵਿੱਚ ਉਹ ਮੁੱਖ ਧਾਰਾ ਨਾਲ ਕਿਵੇਂ ਜੁੜਨਗੇ? ਇਹ ਇੱਕ ਮਨੁੱਖੀ ਤਰਾਸਦੀ ਹੈ ਜਿਸਦਾ ਇਲਾਜ ਕਿਸੇ ਹਥਿਆਰ ਕੋਲ ਨਹੀਂ ਹੈ।

ਮੀਡੀਆ ਦੀ ਭੂਮਿਕਾ ਇਸ ਸੰਕਟ ਵਿੱਚ ਬਹੁਤ ਹੀ ਵਿਵਾਦਪੂਰਨ ਰਹੀ ਹੈ। ਜਿੱਥੇ ਰਾਸ਼ਟਰੀ ਮੀਡੀਆ ਨੇ ਇਸ ਨੂੰ ਇੱਕ 'ਦੂਰ-ਦੁਰਾਡੇ' ਦੀ ਘਟਨਾ ਵਜੋਂ ਦੇਖਿਆ, ਉੱਥੇ ਹੀ ਸੋਸ਼ਲ ਮੀਡੀਆ ਨੇ ਅੱਗ ਲਗਾਉਣ ਵਾਲੀ ਸਮੱਗਰੀ ਪਰੋਸੀ। 'ਫੇਕ ਨਿਊਜ਼' ਅਤੇ 'ਡੀਪ ਫੇਕ' ਤਕਨੀਕ ਰਾਹੀਂ ਭਾਈਚਾਰਿਆਂ ਨੂੰ ਭੜਕਾਇਆ ਗਿਆ। ਇਸ ਨੇ ਸਾਬਤ ਕੀਤਾ ਕਿ ਅੱਜ ਦੇ ਦੌਰ ਵਿੱਚ ਜਾਣਕਾਰੀ ਦਾ ਗਲਤ ਇਸਤੇਮਾਲ ਕਿਸੇ ਪ੍ਰਮਾਣੂ ਹਮਲੇ ਤੋਂ ਘੱਟ ਨਹੀਂ ਹੈ। ਇਹ ਸਪਸ਼ਟ ਹੈ ਕਿ ਅਜਿਹੇ ਸੰਵੇਦਨਸ਼ੀਲ ਮੁੱਦਿਆਂ ਵਿੱਚ 'ਜਾਣਕਾਰੀ ਦਾ ਪ੍ਰਬੰਧ' (Information Management) ਵੀ ਸੁਰੱਖਿਆ ਪ੍ਰਬੰਧ ਜਿੰਨਾ ਹੀ ਜ਼ਰੂਰੀ ਹੈ।

ਮਣੀਪੁਰ ਦੀ ਅਸ਼ਾਂਤੀ ਹੁਣ ਭਾਰਤ ਦਾ ਅੰਦਰੂਨੀ ਮਸਲਾ ਹੋਣ ਦੇ ਨਾਲ-ਨਾਲ ਅੰਤਰਰਾਸ਼ਟਰੀ ਮੰਚਾਂ 'ਤੇ ਵੀ ਚਰਚਾ ਦਾ ਵਿਸ਼ਾ ਬਣ ਗਈ ਹੈ। ਯੂਰਪੀਅਨ ਯੂਨੀਅਨ ਅਤੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਮਣੀਪੁਰ ਦੀ ਸਥਿਤੀ 'ਤੇ ਚਿੰਤਾ ਪ੍ਰਗਟਾਈ ਹੈ। ਭਾਰਤ, ਜੋ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਅਤੇ ਇੱਕ ਉੱਭਰ ਰਹੀ ਗਲੋਬਲ ਸ਼ਕਤੀ ਹੋਣ ਦਾ ਦਾਅਵਾ ਕਰਦਾ ਹੈ, ਲਈ ਆਪਣੇ ਹੀ ਇੱਕ ਰਾਜ ਵਿੱਚ ਤਿੰਨ ਸਾਲਾਂ ਤੱਕ ਹਿੰਸਾ ਨਾ ਰੋਕ ਸਕਣਾ ਇੱਕ ਰਾਜਨੀਤਿਕ ਨਮੋਸ਼ੀ ਹੈ। ਇਹ ਸਾਡੀ 'ਸਾਫਟ ਪਾਵਰ' ਨੂੰ ਢਾਹ ਲਾਉਂਦਾ ਹੈ ਅਤੇ ਗੁਆਂਢੀ ਦੇਸ਼ਾਂ ਨੂੰ ਦਖ਼ਲਅੰਦਾਜ਼ੀ ਦਾ ਮੌਕਾ ਦਿੰਦਾ ਹੈ।

ਜੇਕਰ ਮਣੀਪੁਰ ਦੀ ਅੱਗ ਨੂੰ ਨਾ ਬੁਝਾਇਆ ਗਿਆ, ਤਾਂ ਇਸਦੇ ਦੂਰਗਾਮੀ ਨਤੀਜੇ ਹੋਣਗੇ। ਉੱਤਰ-ਪੂਰਬ ਦੇ ਹੋਰ ਰਾਜ ਜਿਵੇਂ ਕਿ ਨਾਗਾਲੈਂਡ ਅਤੇ ਮਿਜ਼ੋਰਮ ਵੀ ਇਸ ਤੋਂ ਪ੍ਰਭਾਵਿਤ ਹੋ ਸਕਦੇ ਹਨ। ਭਾਰਤ ਦੀ 'ਐਕਟ ਈਸਟ ਪਾਲਿਸੀ' (Act East Policy), ਜਿਸਦਾ ਮਕਸਦ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਨਾਲ ਮਜ਼ਬੂਤ ਸਬੰਧ ਬਣਾਉਣਾ ਹੈ, ਮਣੀਪੁਰ ਦੇ ਰਸਤਿਓਂ ਹੀ ਗੁਜ਼ਰਦੀ ਹੈ। ਅਸ਼ਾਂਤ ਮਣੀਪੁਰ ਦਾ ਮਤਲਬ ਹੈ—ਭਾਰਤ ਦੇ ਵਿਕਾਸ ਦੇ ਦਰਵਾਜ਼ੇ 'ਤੇ ਜਿੰਦਰਾ ਲੱਗਣਾ।

ਕੇਵਲ ਸਰਕਾਰੀ ਹੱਲ ਕਾਫ਼ੀ ਨਹੀਂ ਹੋਣਗੇ। ਮਣੀਪੁਰ ਦੇ ਨਾਗਰਿਕ ਸਮਾਜ (Civil Society) ਅਤੇ ਧਾਰਮਿਕ ਆਗੂਆਂ ਨੂੰ ਅੱਗੇ ਆਉਣਾ ਪਵੇਗਾ। ਮੈਤੇਈ ਅਤੇ ਕੂਕੀ ਜ਼ੋ ਦੋਵਾਂ ਪਾਸਿਆਂ ਦੇ ਸੂਝਵਾਨ ਲੋਕਾਂ ਨੂੰ ਇੱਕ ਸਾਂਝਾ ਮੰਚ ਤਿਆਰ ਕਰਨਾ ਚਾਹੀਦਾ ਹੈ। ਜਦੋਂ ਤੱਕ ਸਮਾਜ ਦੇ ਅੰਦਰੋਂ 'ਸੁਲ੍ਹਾ-ਸਫਾਈ' ਦੀ ਆਵਾਜ਼ ਨਹੀਂ ਉੱਠਦੀ, ਉਦੋਂ ਤੱਕ ਬਾਹਰੋਂ ਲਾਗੂ ਕੀਤੀ ਗਈ ਸ਼ਾਂਤੀ ਅਸਥਾਈ ਹੀ ਰਹੇਗੀ। ਸ਼ਾਂਤੀ ਕਮੇਟੀਆਂ ਨੂੰ ਸਿਰਫ਼ ਨਾਮ ਦੇ ਕਾਗਜ਼ਾਂ ਤੱਕ ਸੀਮਿਤ ਨਹੀਂ ਰੱਖਣਾ ਚਾਹੀਦਾ, ਸਗੋਂ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਲੋਕਾਂ ਦੇ ਦੁੱਖ-ਦਰਦ ਸੁਣਨ ਅਤੇ ਵੰਡੀਆਂ ਨੂੰ ਮਿਟਾਉਣ ਲਈ ਕੰਮ ਕਰਨਾ ਪਵੇਗਾ।

ਮਣੀਪੁਰ ਦਾ ਸੰਕਟ ਇੱਕ ਬਹੁ-ਪੱਖੀ ਚੁਣੌਤੀ ਹੈ। ਇਸ ਦਾ ਹੱਲ ਸਿਰਫ਼ ਫੌਜੀ ਤਾਕਤ ਵਿੱਚ ਨਹੀਂ, ਸਗੋਂ ਮਾਨਵੀ ਸੰਵੇਦਨਸ਼ੀਲਤਾ ਵਿੱਚ ਹੈ। ਕੇਂਦਰ ਨੂੰ ਤੁਰੰਤ ਸਾਰੀਆਂ ਧਿਰਾਂ ਨਾਲ ਬਿਨਾਂ ਕਿਸੇ ਪੂਰਵ-ਸ਼ਰਤ ਦੇ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਰਾਜ ਵਿੱਚੋਂ ਗੈਰ-ਕਾਨੂੰਨੀ ਹਥਿਆਰਾਂ ਨੂੰ ਜ਼ਬਤ ਕਰਨਾ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਹਿੰਸਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ ਤਾਂ ਜੋ ਲੋਕਾਂ ਦਾ ਕਾਨੂੰਨ 'ਤੇ ਭਰੋਸਾ ਬਹਾਲ ਹੋ ਸਕੇ। ਮਿਆਂਮਾਰ ਸਰਹੱਦ ਨੂੰ ਪੂਰੀ ਤਰ੍ਹਾਂ ਸੀਲ ਕਰਕੇ ਤਕਨੀਕੀ ਨਿਗਰਾਨੀ ਹੇਠ ਲਿਆਉਣਾ ਚਾਹੀਦਾ ਹੈ।

ਮਣੀਪੁਰ ਅੱਜ ਭਾਰਤ ਲਈ ਇੱਕ ਚੇਤਾਵਨੀ ਹੈ। ਇਹ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੇ ਸਾਹਮਣੇ ਇੱਕ ਵੱਡਾ ਇਮਤਿਹਾਨ ਹੈ। ਜੇਕਰ ਅਸੀਂ ਮਣੀਪੁਰ ਨੂੰ ਨਿਆਂ ਅਤੇ ਸ਼ਾਂਤੀ ਦੇਣ ਵਿੱਚ ਅਸਫਲ ਰਹਿੰਦੇ ਹਾਂ, ਤਾਂ ਇਹ ਸਾਡੇ ਲੋਕਤੰਤਰ 'ਤੇ ਇੱਕ ਸਥਾਈ ਕਲੰਕ ਹੋਵੇਗਾ। ਮਣੀਪੁਰ ਦੀਆਂ ਸਰਹੱਦਾਂ 'ਤੇ ਤਾਇਨਾਤ ਜਵਾਨ ਤਾਂ ਦੇਸ਼ ਦੀ ਰਾਖੀ ਕਰ ਰਹੇ ਹਨ, ਪਰ ਦੇਸ਼ ਦੇ ਅੰਦਰੂਨੀ ਹਿੱਸੇ ਵਿੱਚ ਭਾਈਚਾਰਕ ਸਾਂਝ ਦੀ ਰਾਖੀ ਕਰਨਾ ਸਾਡੀ ਸਭ ਦੀ ਸਮੂਹਿਕ ਜ਼ਿੰਮੇਵਾਰੀ ਹੈ। ਉੱਤਰ-ਪੂਰਬ ਦੀ ਸ਼ਾਂਤੀ ਸਿਰਫ਼ ਫੌਜੀ ਬੂਟਾਂ ਦੀ ਗੂੰਜ ਨਾਲ ਨਹੀਂ, ਸਗੋਂ ਨਿਆਂਸੰਗਤ ਰਾਜਨੀਤਿਕ ਵਿਵਸਥਾ ਅਤੇ ਆਪਸੀ ਵਿਸ਼ਵਾਸ ਦੀ ਬਹਾਲੀ ਨਾਲ ਹੀ ਆਵੇਗੀ। ਜਦੋਂ ਤੱਕ ਮਣੀਪੁਰ ਦੇ ਆਮ ਨਾਗਰਿਕ ਦੇ ਮਨ ਵਿੱਚੋਂ ਡਰ ਨਹੀਂ ਨਿਕਲਦਾ, ਉਦੋਂ ਤੱਕ ਭਾਰਤ ਦੀਆਂ ਸਰਹੱਦਾਂ 'ਤੇ ਅਸਲੀ ਸੁਰੱਖਿਆ ਦਾ ਦਾਅਵਾ ਅਧੂਰਾ ਹੀ ਰਹੇਗੀ।

ਈਮੇਲ: gurpreetnews@gmail.com

# ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 130ਵੇਂ ਜਨਮ ਦਿਨ ਮੌਕੇ ਇਲਾਕੇ ਵਿੱਚ ਮੋਟਰ ਸਾਈਕਲ ਮਾਰਚ ਕਰਦਿਆਂ, ਉਨ੍ਹਾਂ ਵੱਲੋਂ ਚਿਤਵੇ ਸਮਾਜ ਦੀ ਸਿਰਜਣਾ ਕਰਨ ਦਾ ਦਿੱਤਾ ਸੱਦਾ

ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 130ਵੇਂ ਜਨਮ ਦਿਹਾੜੇ ਨੂੰ ਸਮਰਪਿਤ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ ਸੁਨੇਤ ਪਿੰਡ ਵਿੱਚ ਬਣੀ ਗਦਰੀ ਬਾਬਾ ਭਾਨ ਸਿੰਘ ਦੀ ਯਾਦਗਾਰ ਤੋਂ ਮੋਟਰਸਾਈਕਲ ਮਾਰਚ ਭਾਈ ਬਾਲਾ ਚੌਂਕ ਤੱਕ ਕੱਢਿਆ ਗਿਆ ਜੋ ਆਕਾਸ਼ ਗੁੰਜਾਊ ਨਾਅਰੇ ਲਾਉਂਦੇ ਹੋਏ ਸੁਨੇਤ ਪਿੰਡ ਦੀਆਂ ਗਲੀਆਂ ਅਤੇ ਲੁਧਿਆਣੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਹੁੰਦਾ ਹੋਇਆ ਭਾਈ ਬਾਲਾ ਚੌਕ ਸਥਿਤ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਬੁੱਤ ਨੂੰ ਹਾਰ ਪਾ ਕੇ ਸ਼ਰਧਾਂਜਲੀ ਭੇਟ ਕਰਨ ਪੁੱਜਿਆ।






ਮਾਰਚ ਦੀ ਸ਼ੁਰੂਆਤ ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਦੇ ਪ੍ਰਧਾਨ ਪ੍ਰੋ. ਜਗਮੋਹਨ ਤੇ ਜਨਰਲ ਸਕੱਤਰ ਜਸਵੰਤ ਜ਼ੀਰਖ ਨੇ ਨੌਜਵਾਨਾਂ ਦੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਝੰਡਾ ਦਿਖਾ ਕੇ ਇਸ ਮਾਰਚ ਨੂੰ ਰਵਾਨਾ ਕੀਤਾ।

ਇਸ ਦੌਰਾਨ ਮੋਟਰਸਾਈਕਲ ਮਾਰਚ ਲਈ ਇਕੱਤਰ ਹੋਏ ਨੌਜਵਾਨਾਂ ਨੂੰ ਨੌਜਵਾਨ ਸਭਾ ਦੇ ਪ੍ਰਧਾਨ ਐਡਵੋਕੇਟ ਹਰਪ੍ਰੀਤ ਜ਼ੀਰਖ, ਜਨਰਲ ਸਕੱਤਰ ਰਾਕੇਸ਼ ਆਜ਼ਾਦ, ਸਹਾਇਕ ਸਕੱਤਰ ਮੀਨੂੰ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਸ਼ਹੀਦ ਕਰਤਾਰ ਸਿੰਘ ਸਰਾਭਾ ਗਦਰ ਪਾਰਟੀ ਦਾ ਸਭ ਤੋਂ ਛੋਟੀ ਉਮਰ ਦਾ ਮੈਂਬਰ ਸੀ, ਜਿਸ ਨੇ ਦੇਸ਼ ਦੀ ਜੰਗ-ਏ-ਆਜ਼ਾਦੀ ਲਈ ਸਿਰਫ਼ 19 ਸਾਲ ਦੀ ਉਮਰ ਵਿੱਚ ਸ਼ਹਾਦਤ ਦਿੱਤੀ। ਗਦਰ ਪਾਰਟੀ ਵਿੱਚ ਕਰਤਾਰ ਸਿੰਘ ਸਰਾਭਾ ਨੇ ਗਦਰ ਅਖ਼ਬਾਰ ਛਾਪਣ ਅਤੇ ਫੌਜੀ ਛਾਉਣੀਆਂ ਵਿੱਚ ਬਗਾਵਤ ਕਰਵਾਉਣ ਵਰਗੇ ਅਹਿਮ ਕੰਮ ਆਪਣੇ ਹਿੱਸੇ ਲਏ। ਉਨ੍ਹਾਂ ਕਿਹਾ ਮੌਜੂਦਾ ਸਮੇਂ ਵਿੱਚ ਕਾਲਜਾਂ ਯੂਨੀਵਰਸਿਟੀਆਂ ਦੇ ਸਿਲੇਬਸਾਂ ਵਿੱਚੋਂ ਸ਼ਹੀਦਾਂ ਨੂੰ ਬਣਦੀ ਥਾਂ ਨਹੀਂ ਦਿੱਤੀ ਗਈ। ਨੌਜਵਾਨਾਂ ਨੂੰ ਆਪਣੇ ਆਪ ਇਨ੍ਹਾਂ ਬਾਰੇ ਪੜ੍ਹਨਾ ਅਤੇ ਇਨ੍ਹਾਂ ਦੇ ਵਿਚਾਰਾਂ ਤੋਂ ਸਿੱਖਦੇ ਹੋਏ ਚੰਗੇ ਸਮਾਜ ਦੀ ਸਿਰਜਣਾ ਲਈ ਅੱਗੇ ਵਧਣਾ ਚਾਹੀਦਾ ਹੈ। ਗਦਰ ਪਾਰਟੀ ਹਰ ਧਰਮ ਤੇ ਜਾਤ ਨੂੰ ਬਰਾਬਰ ਦਰਜਾ ਦਿੰਦੀ ਸੀ ਪਰ ਮੌਜੂਦਾ ਸਿਆਸਤਦਾਨ ਧਰਮ/ਜਾਤ ਦੇ ਨਾਮ ਤੇ ਲੋਕਾਂ ਵਿੱਚ ਵੰਡੀਆਂ ਪਾ ਕੇ ਲੋਕਾਂ ਨੂੰ ਆਪਸ ਵਿੱਚ ਲੜਾ ਕੇ ਅੰਗਰੇਜ਼ਾਂ ਦੀ ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ਤੇ ਕੰਮ ਕਰਦੇ ਹੋਏ ਰਾਜ ਕਰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਵਰਗੇ ਸ਼ਹੀਦਾਂ ਨੇ ਇਸ ਦੇਸ਼ ਵਿੱਚ ਲੁੱਟ ਰਹਿਤ ਸਮਾਜ ਸਿਰਜਣ ਲਈ ਆਪਣੀ ਕੁਰਬਾਨੀ ਦਿੱਤੀ ਤੇ ਇਸ ਲੜਾਈ ਨੂੰ ਅੱਗੇ ਵਧਾਉਣ ਦੀ ਲੋੜ ਹੈ ਤੇ ਇਸ ਕਾਰਜ ਲਈ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਇਸ ਮਾਰਚ ਨੂੰ ਮੋਟਰਿਸਟਾ ਕਲੱਬ ਦੇ ਮੈਂਬਰਾਂ ਵੱਲੋਂ ਵਿਸ਼ੇਸ਼ ਸਹਿਯੋਗ ਮਿਲਿਆ। ਇਸ ਮਾਰਚ ਵਿੱਚ ਡੀ.ਐਮ. ਐਫ ਦੇ ਆਗੂ ਸੁਖਵਿੰਦਰ ਲੀਲ੍ਹ ਤੋਂ ਇਲਾਵਾ ਪ੍ਰਤਾਪ ਸਿੰਘ, ਤਜਿੰਦਰ ਕੁਮਾਰ, ਰਜੀਵ ਕੁਮਾਰ, ਜਗਜੀਤ ਗੁੜੇ, ਜਗਧੀਰਜ ਸਿੰਘ, ਜੈਪਾਲ, ਵਰੁਣ ਕੁਮਾਰ, ਤ੍ਰਿਲੋਕ, ਮਹੇਸ਼ ਕੁਮਾਰ, ਕਲਪਨਾ ਤੇ ਹੋਰ ਨੌਜਵਾਨਾਂ ਨੇ ਸ਼ਿਰਕਤ ਕੀਤੀ।

## ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਈ ਮਹੀਨੇ ਦੀ ਮੀਟਿੰਗ ਮਾਂ ਦਿਵਸ ਅਤੇ ਮਜ਼ਦੂਰ ਦਿਵਸ ਨੂੰ ਸਮਰਪਿਤ ਰਹੀ

ਕੈਲਗਰੀ, (ਦਵਿੰਦਰ ਮਲਹਾਂਸ) : ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਈ ਮਹੀਨੇ ਦੀ ਮੀਟਿੰਗ ਕੋਸੋ ਹਾਲ ਵਿਖੇ ਪ੍ਰਧਾਨ ਰਣਜੀਤ ਸਿੰਘ ਅਤੇ ਗਿੱਲ ਸੁਖਮਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।

ਜਨਰਲ ਸਕੱਤਰ ਦਵਿੰਦਰ ਮਲਹਾਂਸ ਨੇ ਸ਼ੋਕ ਮਤੇ ਸਾਂਝੇ ਕੀਤੇ। ਉੱਘੇ ਸਾਹਿਤਕਾਰ ਸੁਰਜੀਤ ਸਿੰਘ ਪੰਛੀ




ਅਤੇ ਮਸ਼ਹੂਰ ਗੀਤਕਾਰ ਚੰਨ ਗੁਰਾਂਇਆਂ ਵਾਲੇ ਦੇ ਸਦੀਵੀ ਵਿਛੋੜੇ ਉੱਪਰ ਦੁੱਖ ਪ੍ਰਗਟਾਉਂਦੇ ਹੋਏ ਸ਼ਰਧਾਂ ਦੇ ਫੁੱਲ ਭੇਂਟ ਕੀਤੇ ਗਏ।

ਮੀਟਿੰਗ ਦੀ ਸ਼ੁਰੂਆਤ ਮਨਮੋਹਣ ਸਿੰਘ ਬਾਠ ਨੇ ‘ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ ‘ਗੀਤ ਨਾਲ ਕੀਤੀ। ਹਰੀਪਾਲ ਜੀ ਨੇ ‘ਗਰੀਬੀ ਦੇ ਕਾਲ ਚੱਕਰ’ ਬਾਰੇ ਵਿਚਾਰ ਸਾਂਝੇ ਕੀਤੇ। ਜਗਦੀਸ ਸਿੰਘ ਚੋਹਕਾ ਨੇ ਮਜ਼ਦੂਰ ਦਿਵਸ ਤੇ ਵਿਸ਼ੇਸ਼ ਤੌਰ ‘ਸਿਕਾਗੋ 1886’ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਜਗਤਾਰ ਜਗਰਾਓਂ, ਰਾਜਿੰਦਰ ਕੌਰ ਚੋਹਕਾ ਅਤੇ ਇੰਜ. ਜੀਰ ਸਿੰਘ ਬਰਾੜ ਮਜ਼ਦੂਰ ਦਿਵਸ ਯਾਦ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ।

ਸੁਖਜੀਤ ਸਿਮਰਨ ਨੇ ਸ਼ਿਵਰਾਜ ਲੁਧਿਆਣਵੀ ਦੀ ਕਵਿਤਾ ਪੇਸ਼ ਕੀਤੀ। ਪਰਮਜੀਤ ਕੌਰ ਨੇ ਸੁਰਜੀਤ ਪਾਤਰ ਨੂੰ ਯਾਦ ਕਰਦਿਆਂ, ‘ਸੁੰਨੇ ਸੁੰਨੇ ਰਾਹਾਂ ਵਿਚ ਕੋਈ ਕੋਈ ਪੈੜ ਹੈ’ ਗੀਤ ਸੁਣਾਇਆ। ਤਰਲੋਚਨ ਸੈਹਿੰਬੀ ਨੇ ਮੰਗਾ ਬਾਸੀ ਦੀ ਰਚਨਾ ਸੁਣਾਈ। ਗਿੱਲ ਸੁਖਮਿੰਦਰ ਸਿੰਘ ਨੇ ਹਰਮੋਨੀਅਮ ਨਾਲ ਗੀਤ ਗਾਇਆ। ਸੁਰਿੰਦਰ ਕੌਰ ਚੀਮਾਂ ਨੇ ਵੀ ਹਾਜ਼ਰੀ ਲਗਵਾਈ। ਚਾਹ-ਪਾਣੀ ਅਤੇ ਫੋਟੋਗ੍ਰਾਫੀ ਦੀ ਸੇਵਾ ਜਗਤਾਰ ਜਗਰਾਓਂ ਨੇ ਨਿਭਾਈ।

ਆਖਿਰ ਵਿੱਚ ਪ੍ਰਧਾਨ ਰਣਜੀਤ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ। ਬੱਚਿਆਂ ਦੇ ਪੰਜਾਬੀ ਬੋਲਣ ਦੀ ਮੁਹਾਰਤ ਦਾ ਸਮਾਗਮ ਜੋ ਕਿ 20 ਜੂਨ 2026 ਨੂੰ ਵਾਈਟ ਹੋਰਨ ਕਮਿਊਨਿਟੀ ਹਾਲ ਵਿਖੇ ਠੀਕ 1:30 ਵਜੇ ਸ਼ੁਰੂ ਹੋਵੇਗਾ, ਬਾਰੇ ਜਾਣਕਾਰੀ ਸਾਂਝੀ ਕੀਤੀ।

ਹੋਰ ਜਾਣਕਾਰੀ ਲਈ ਪ੍ਰਧਾਨ ਰਣਜੀਤ ਸਿੰਘ ਨੂੰ 825 735 1466, ਜਨਰਲ ਸਕੱਤਰ ਦਵਿੰਦਰ ਮਲਹਾਂਸ ਨੂੰ 403 993 2201 ਤੇ ਸੰਪਰਕ ਕੀਤਾ ਜਾ ਸਕਦਾ ਹੈ।













# ਇਸ ਸਾਲ ਦੇ ਪਹਿਲੇ ਇੱਕ ਰੋਜ਼ਾ ਪੁਸਤਕ ਮੇਲੇ 'ਤੇ ਕੈਲਗਰੀ ਦੇ ਪਾਠਕਾਂ ਵਲੋਂ ਦਿਖਾਇਆ ਉਤਸ਼ਾਹ !

## 15ਵਾਂ ਨਾਟਕ ਮੇਲਾ ਸ਼ਨੀਵਾਰ 6 ਜੂਨ ਨੂੰ ਹੋਵੇਗਾ !







ਕੈਲਗਰੀ, (ਹਰਚਰਨ ਸਿੰਘ ਪਰਹਾਰ) : 10 ਮਈ ਦਿਨ ਐਤਵਾਰ ਨੂੰ ਮਾਸਟਰ ਭਜਨ ਸਿੰਘ ਅਤੇ ਸਹਿਯੋਗੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਪਹਿਲਾ ਇੱਕ ਰੋਜ਼ਾ ਪੁਸਤਕ ਮੇਲਾ ਡਾ. ਭੁੱਲਰ ਵਾਲ਼ੇ ਗਰੀਨ ਪਲਾਜ਼ਾ ਵਿੱਚ ਲਗਾਇਆ ਗਿਆ। ਪੁਸਤਕ ਮੇਲੇ ਦਾ ਉਦਘਾਟਨ ਯੰਗਸਤਾਨ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਦੇ ਸੰਚਾਲਕ ਸੁਖਵੀਰ ਸਿੰਘ ਗਰੇਵਾਲ਼ ਵਲੋਂ ਕੀਤਾ ਗਿਆ। ਜਿਹੜੇ ਕਈ ਸਾਲਾਂ ਤੋਂ ਬੱਚਿਆਂ ਲਈ ਕੈਂਪ ਲਗਾਉਂਦੇ ਹਨ ਅਤੇ ਪੰਜਾਬੀ ਦੀਆਂ ਕਲਾਸਾਂ ਦਾ ਪ੍ਰਬੰਧ ਵੀ ਕਰਦੇ ਹਨ।

ਇਸ ਮੌਕੇ 'ਤੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਵਲੋਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲ਼ਗਰੀ ਅਤੇ ਪ੍ਰੋਗਰੈਸਿਵ ਕਲਾ ਮੰਚ ਵਲੋਂ ਕਰਵਾਏ ਜਾ ਰਹੇ 15ਵੇਂ ਸਲਾਨਾ ਸੋਹਣ ਮਾਨ ਯਾਦਗਾਰੀ ਨਾਟਕ ਮੇਲੇ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ 6 ਜੂਨ ਸ਼ਨੀਵਾਰ ਨੂੰ ਰੈਡਸਟੋਨ ਥੀਏਟਰ ਨਾਰਥ ਈਸਟ ਕੈਲਗਰੀ ਵਿੱਚ ਹੋ ਰਹੇ ਨਾਟਕ ਮੇਲੇ ਦੀ ਟਿਕਟ ਹਰ ਸਾਲ ਦੀ ਤਰ੍ਹਾਂ ਸਿਰਫ 10 ਡਾਲਰ ਹੈ। ਇਸ ਨਾਟਕ ਸਮਾਗਮ ਵਿੱਚ ਪੰਜਾਬੀ ਨਾਟਕ ਦੇ ਪਿਤਾਮਾ ਭਾਜੀ ਗੁਰਸ਼ਰਨ ਸਿੰਘ ਦੇ ਨਾਟਕ 'ਚਾਂਦਨੀ ਚੌਂਕ ਤੋਂ ਸਰਹਿੰਦ ਤੱਕ' ਅਤੇ ਹਰਕੇਸ਼ ਚੌਧਰੀ ਦੇ ਲਿਖੇ ਗਦਰੀ ਬੀਬੀ ਗੁਲਾਬ ਕੌਰ ਦੀ ਜੀਵਨੀ ਅਧਾਰਿਤ ਨਾਟਕ 'ਧਰਮ ਵੰਗਾਰੇ ਤਖਤ ਨੂੰ..' ਪੇਸ਼ ਕੀਤੇ ਜਾਣਗੇ।ਲੋਕਲ ਬੱਚਿਆਂ ਵਲੋਂ ਕੋਰੀਓਗਰਾਫੀ ਪੇਸ਼ ਕੀਤੀਆਂ ਜਾਣਗੀਆਂ।

ਇਸ ਇੱਕ ਰੋਜ਼ਾ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਬੜੇ ਉਤਸ਼ਾਹ ਨਾਲ ਕਿਤਾਬਾਂ ਖਰੀਦੀਆਂ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ।



ਤੁਸੀਂ ਮਾਸਟਰ ਭਜਨ ਸਿੰਘ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਅਤੇ ਨਾਟਕ ਸਮਾਗਮ ਦੀਆਂ ਟਿਕਟਾਂ ਵੀ ਲੈ ਸਕਦੇ ਹੋ।

SWIFTWRENCH AUTO & DIESEL REPAIR

Your Car, Our Care

SIMRAN GILL
825-760-6111
swiftwrenchservice@gmail.com
swiftwrenchautorepair
Swiftwrench Auto & Diesel Repair
Calgary, Airdrie, Chestermere & Surrounding

Red Seal Certified Reliable On-Time

Mobile Mechanic Services - We Come to You!

- Oil Changes - Gas & Diesel
- Brake Service & Replacement
- Battery Testing & Installation
- Check Engine Light Diagnosis
- Fluid Top-UPS & Inspections
- Fleet & Commercial Maintenance
- Pre-Purchase Inspections
- Suspension Repairs

Advice from someone you trust.

Sun Life

Life's brighter under the sun

Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

BAINS VISION CENTRE



Jaswinder S Bains, Ph.D., OD.

New Patients & Walk-Ins Welcome

McKnight Village 5218 Falsbridge Dr. NE Calgary AB T3J 3G1

Dr. Jaswinder S. Bains

ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ

Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English

403-274-4514
deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

# ਮਾਰਕ ਕਾਰਨੀ ਉਹਨਾਂ ਲੋਕਾਂ ਨੂੰ ਭੁੱਲ ਗਿਆ ਹੈ, ਜਿਨ੍ਹਾਂ ਨੇ ਉਸ ਨੂੰ ਜਿਤਾਉਣ ਵਿੱਚ ਮਦਦ ਕੀਤੀ ਸੀ

*28 ਅਪ੍ਰੈਲ 2026 ਨੂੰ ਕੈਨੇਡਾ ਦੇ ਫਾਈਨੈਂਸ ਮਨਿਸਟਰ ਵਲੋਂ ਸਦਨ ਵਿੱਚ ਪੇਸ਼ ਕੀਤੀ ਪ੍ਰਾਈਮ ਮਨਿਸਟਰ ਮਾਰਕ ਕਾਰਨੀ ਦੀ ਇਕਨਾਮਿਕ ਅਪਡੇਟ ਦੇ ਸੰਬੰਧ ਵਿੱਚ ਟਰਾਂਟੋ ਸਟਾਰ ਦੀ ਕਾਲਮ ਨਵੀਸ ਅਲਥੀਆ ਰਾਜ ਨੇ 2 ਮਈ ਦੇ ਟਰਾਂਟੋ ਸਟਾਰ ਵਿੱਚ ਆਪਣੀ ਰਾਇ ਦਿੱਤੀ ਹੈ। ਉਸ ਨੇ ਕਿਹਾ ਹੈ ਕਿ 'ਮਾਰਕ ਕਾਰਨੀ ਉਹਨਾਂ ਲੋਕਾਂ ਨੂੰ ਭੁੱਲ ਗਿਆ ਹੈ, ਜਿਨ੍ਹਾਂ ਨੇ ਉਸ ਨੂੰ ਜਿਤਾਉਣ ਵਿੱਚ ਮਦਦ ਕੀਤੀ ਸੀ।' ਉਸ ਨੇ ਅੱਗੇ ਕਿਹਾ ਕਿ ਮਾਰਕ ਕਾਰਨੀ ਨੈਸ਼ਨਲ ਫਾਰਮਾਕੇਅਰ, ਹੈਲਥ ਕੇਅਰ, ਚਾਇਲਡ ਕੇਅਰ, ਲੌਂਗ ਟਰਮ ਕੇਅਰ ਆਦਿ ਵਰਗੇ ਸਮਾਜਕ ਪ੍ਰੋਗਰਾਮਾਂ ਵਿੱਚ ਕਟੌਤੀਆਂ ਕਰ ਰਿਹਾ ਹੈ। ਪੰਜਾਬੀ ਪਾਠਕਾਂ ਲਈ ਅਲਥੀਆ ਰਾਜ ਦੇ ਕਾਲਮ ਦਾ ਪੰਜਾਬੀ ਅਨੁਵਾਦ ਪੇਸ਼ ਹੈ। – ਸੰਪਾਦਕ*

**ਅਲਥੀਆ ਰਾਜ**
**ਅਨੁਵਾਦ: ਸੁਖਵੰਤ ਹੁੰਦਲ**

ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਇਸ ਹਫ਼ਤੇ ਦੀ ਆਰਥਿਕ ਅਪਡੇਟ ਤੋਂ ਜੇ ਕੋਈ ਗੱਲ ਸਾਫ਼ ਹੁੰਦੀ ਹੈ ਤਾਂ ਉਹ ਇਹ ਹੈ ਕਿ ਉਹਨੂੰ ਪ੍ਰੋਗਰੈਸਿਵ ਵੋਟਰਾਂ ਦੀ ਕੋਈ ਪਰਵਾਹ ਨਹੀਂ।

"ਸਭ ਲਈ ਕੈਨੇਡਾ" ਵਰਗੀਆਂ ਸੁਰਖੀਆਂ ਚੰਗੀਆਂ ਲੱਗਦੀਆਂ ਹਨ। ਇਸੇ ਤਰ੍ਹਾਂ ਦੇ ਬਿਆਨ ਵੀ: "ਸਰਕਾਰ ਉਨ੍ਹਾਂ ਜ਼ਰੂਰੀ ਸਮਾਜਿਕ ਪ੍ਰੋਗਰਾਮਾਂ ਦੀ ਰੱਖਿਆ ਕਰ ਰਹੀ ਹੈ ਜੋ ਕੈਨੇਡੀਅਨਾਂ ਨੂੰ ਅੱਗੇ ਵਧਣ ਦਾ ਸਹੀ ਮੌਕਾ ਦਿੰਦੇ ਹਨ–ਚਾਈਲਡ ਕੇਅਰ, ਡੈਂਟਲ ਕੇਅਰ ਅਤੇ ਫਾਰਮਾਕੇਅਰ।

ਪਰ ਜਦੋਂ ਤੁਸੀਂ ਪੂਰੀ ਜਾਣਕਾਰੀ ਨੂੰ ਦੇਖਦੇ ਹੋ ਤਾਂ ਪਤਾ ਲੱਗਦਾ ਹੈ ਕਿ ਨੈਸ਼ਨਲ ਫਾਰਮਾਕੇਅਰ ਖਤਮ ਹੋ ਰਿਹਾ ਹੈ। ਚਾਈਲਡ ਕੇਅਰ (ਬੱਚਿਆਂ ਦੀ ਸੰਭਾਲ) ਦੀਆਂ ਹੋਰ ਥਾਂਵਾਂ ਬਣਾਉਣ ਲਈ ਕੋਈ ਨਵਾਂ ਫੰਡ ਨਹੀਂ। ਫੈਡਰਲ ਹੈਲਥ ਕੇਅਰ (ਸਿਹਤ ਸੰਭਾਲ) ਦੇ ਖ਼ਰਚਿਆਂ ਵਿੱਚ ਬਹੁਤ ਵੱਡੀ ਕਟੌਤੀ ਕੀਤੀ ਜਾ ਰਹੀ ਹੈ। ਅਤੇ ਹਾਂ, ਸਰਕਾਰ ਹਵਾਈ ਅੱਡਿਆਂ ਅਤੇ ਬੰਦਰਗਾਹਾਂ ਦਾ ਨਿਜੀਕਰਨ ਕਰਨ ਬਾਰੇ ਸੋਚ ਰਹੀ ਹੈ –ਅਜਿਹੇ ਕਦਮ ਜਿਨ੍ਹਾਂ ਬਾਰੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਵੀ ਜਨਤਕ ਤੌਰ 'ਤੇ ਨਹੀਂ ਸੋਚਿਆ ਸੀ।

ਦੋ ਸਾਲ ਪਹਿਲਾਂ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 'ਨੈਸ਼ਨਲ ਫਾਰਮਾਕੇਅਰ ਪਲੈਨ ਦੇ ਪਹਿਲੇ ਪੜਾਅ' ਦਾ ਬੜੀ ਧੂਮਧਾਮ ਨਾਲ ਐਲਾਨ ਕੀਤਾ ਸੀ–ਜਿਸ ਵਿੱਚ ਅਗਲੇ ਪੰਜ ਸਾਲਾਂ ਵਿੱਚ ਕਈ ਤਰ੍ਹਾਂ ਦੇ ਗਰਭ ਨਿਰੋਧਕਾਂ ਅਤੇ ਜਾਨਾਂ ਬਚਾਉਣ ਵਾਲੀਆਂ ਡਾਈਬੀਟੀਜ਼ ਦੀਆਂ ਦਵਾਈਆਂ ਦੀ ਮੁਫਤ ਕਵਰੇਜ ਲਈ 1.5 ਬਿਲੀਅਨ ਡਾਲਰ ਖਰਚਣ ਦਾ ਐਲਾਨ ਕੀਤਾ ਗਿਆ ਸੀ। ਐਨ.ਡੀ.ਪੀ. ਦੇ ਦਬਾਅ ਹੇਠ ਬਣਾਈ ਗਈ ਇਹ ਪਲੈਨ, ਲਾਗੂ ਕਰਨ ਦੀ ਸ਼ੁਰੂਆਤ ਅਧਿਐਨ ਕਰਨ ਅਤੇ ਭਵਿੱਖ ਵਿੱਚ ਹੋਰ ਦਵਾਈਆਂ ਨੂੰ ਕਵਰੇਜ ਦੇ ਅਧੀਨ ਲਿਆਉਣ ਲਈ ਸੀ। ਟਰੂਡੋ ਨੇ ਕਿਹਾ ਸੀ ਕਿ ਨੈਸ਼ਨਲ ਫਾਰਮਾਕੇਅਰ ਸੋਸ਼ਲ ਸੇਫਟੀ ਨੈੱਟ (ਸਮਾਜਿਕ ਸੁਰੱਖਿਆ ਜਾਲ) ਨੂੰ ਮਜ਼ਬੂਤ ਕਰੇਗਾ ਅਤੇ ਕੈਨੇਡੀਅਨ ਲੋਕਾਂ ਦੀ ਆਪਣੇ ਲਈ ਲੋੜੀਂਦੀ ਸੰਭਾਲ ਪ੍ਰਾਪਤ ਕਰਨ ਵਿੱਚ ਮਦਦ ਕਰੇਗਾ।

ਟਰੂਡੋ ਵਲੋਂ ਅਹੁਦਾ ਛੱਡਣ ਤੋਂ ਪਹਿਲਾਂ ਸਿਰਫ ਬ੍ਰਿਟਿਸ਼ ਕੋਲੰਬੀਆ, ਮੈਨੀਟੋਬਾ, ਪ੍ਰਿੰਸ ਐਡਵਰਡ ਆਈਲੈਂਡ ਅਤੇ ਯੂਕੋਨ ਨੇ ਹੀ ਸਮਝੌਤੇ 'ਤੇ ਦਸਤਖਤ ਕੀਤੇ ਸਨ। ਨੋਵਾ ਸਕੋਸ਼ੀਆ ਅਤੇ ਨਿਊਫਾਊਂਡਲੈਂਡ ਅਤੇ ਲੈਬਰਾਡੋਰ, ਹੁਣ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ। ਪਰ ਉਹਨਾਂ ਨੂੰ ਪਤਾ ਲੱਗ ਰਿਹਾ ਹੈ ਕਿ ਕਾਰਨੀ ਇਸ ਵਿੱਚ ਢਿੱਲ-ਮੱਠ ਕਰ ਰਿਹਾ ਹੈ। ਹਾਲਾਂਕਿ ਉਸ ਨੇ ਸਤੰਬਰ ਵਿੱਚ ਕਿਹਾ ਸੀ ਕਿ ਉਹ "ਜਿੰਨੀ ਜਲਦੀ ਅਤੇ ਜਿੰਨੀ ਬਰਾਬਰੀ ਨਾਲ ਸੰਭਵ ਹੋਵੇ" ਸਮਝੌਤੇ ਅੰਤਿਮ ਕਰਨ ਲਈ ਕੰਮ ਕਰੇਗਾ ਅਤੇ ਇਸ ਲਈ ਰੱਖੇ ਪੈਸਿਆਂ ਵਿੱਚੋਂ ਲਗਭਗ 600 ਮਿਲੀਅਨ ਡਾਲਰ ਬਾਕੀ ਹਨ, ਪਰ ਸ਼ੁੱਕਰਵਾਰ ਨੂੰ ਸਿਹਤ ਮੰਤਰੀ ਮਾਰਜੋਰੀ ਮਿਸ਼ੇਲ ਦੇ ਦਫ਼ਤਰ ਨੇ ਸਿਰਫ "ਮੌਜੂਦਾ ਫਾਰਮਾਕੇਅਰ ਸਮਝੌਤਿਆਂ ਦਾ ਸਨਮਾਨ ਕਰਨ" ਦੀ ਹੀ ਗੱਲ ਕੀਤੀ ਹੈ।

2025 ਦੇ ਬਜਟ ਜਾਂ ਇਸ ਹਫ਼ਤੇ ਦੀ ਆਰਥਿਕ ਅਪਡੇਟ ਵਿੱਚ ਇਸ ਆਈਟਮ ਬਾਰੇ ਇਕ ਵੀ ਲਾਈਨ ਨਾ ਪਾ ਕੇ ਕਾਰਨੀ ਸਰਕਾਰ ਨਾ ਸਿਰਫ ਇਹ ਸੰਕੇਤ ਦੇ ਰਹੀ ਹੈ ਕਿ ਉਹ ਪ੍ਰੋਗਰਾਮ ਦਾ ਵੱਧ ਆਬਾਦੀ ਵਾਲੇ ਸੂਬਿਆਂ ਤੱਕ ਵਿਸਥਾਰ ਕਰਨ ਲਈ ਹੋਰ ਪੈਸਾ ਨਹੀਂ ਪਾ ਰਹੀ, ਸਗੋਂ ਉਹ ਇਸ ਤੋਂ ਲਾਭ ਲੈਣ ਵਾਲੇ ਉਨ੍ਹਾਂ 17 ਪ੍ਰਤੀਸ਼ਤ ਕੈਨੇਡੀਅਨਾਂ ਨੂੰ ਵੀ ਕਹਿ ਰਹੀ ਹੈ ਕਿ ਉਹ 2029 ਤੋਂ ਬਾਅਦ ਮੁਸ਼ਕਲ ਵਿੱਚ ਹੋਣਗੇ। ਪ੍ਰੋਗਰਾਮ ਖਤਮ ਹੋ ਰਿਹਾ ਹੈ।

ਫੈਡਰਲ ਸਰਕਾਰ ਹੈਲਥ ਕੇਅਰ ਵਿੱਚੋਂ ਅਰਬਾਂ (ਬਿਲੀਅਨ) ਡਾਲਰਾਂ ਦੀ ਕਟੌਤੀ ਵੀ ਕਰ ਰਹੀ ਹੈ–ਅਜਿਹੇ ਸਮੇਂ ਜਦੋਂ ਹਸਪਤਾਲਾਂ ਦੇ ਐਮਰਜੈਂਸੀ ਵਾਰਡ ਭਰੇ ਹੋਏ ਹਨ, (ਕੈਨੇਡਾ ਦੀ) ਆਬਾਦੀ ਬੁੱਢੀ ਹੋ ਰਹੀ ਹੈ, ਅਤੇ ਮਾਨਸਿਕ ਸਿਹਤ ਦੀਆਂ ਲੋੜਾਂ ਅਕਸਰ ਪੂਰੀਆਂ ਨਹੀਂ ਹੁੰਦੀਆਂ।

ਫੈਡਰਲ ਸਰਕਾਰ ਸੂਬਿਆਂ ਲਈ ਮਾਨਸਿਕ ਸਿਹਤ ਅਤੇ ਨਸ਼ਿਆਂ ਦੀਆਂ ਸੇਵਾਵਾਂ ਦੇ ਨਾਲ ਨਾਲ ਘਰੇਲੂ ਅਤੇ ਭਾਈਚਾਰਕ ਸੰਭਾਲ ਦਾ ਸਮਰਥਨ ਕਰਨ ਵਾਲੇ 1.2 ਅਰਬ (ਬਿਲੀਅਨ) ਡਾਲਰ ਦੇ



ਸਾਲਾਨਾ ਟਰਾਂਸਫਰ ਨਹੀਂ ਨਵਿਆਏਗੀ ਅਤੇ ਨਾ ਹੀ ਲੌਂਗਟਰਮ ਕੇਅਰ ਲਈ 60 ਕ੍ਰੋੜ (600 ਮਿਲੀਅਨ) ਡਾਲਰ ਦੇ ਸਾਲਾਨਾ ਟਰਾਂਸਫਰ। ਇਹ ਵੀ ਲਗਦਾ ਹੈ ਕਿ ਟਾਂਵੇ ਟਾਂਵੇ ਲੋਕਾਂ ਨੂੰ ਹੋਣ ਵਾਲੀਆਂ ਬੀਮਾਰੀਆਂ (ਰੇਅਰ ਡਿਜ਼ੀਜ਼ਜ਼) ਲਈ ਲੋੜੀਂਦੀਆਂ ਮਹਿੰਗੀਆਂ ਦਵਾਈਆਂ ਤੱਕ ਕੈਨੇਡੀਅਨ ਲੋਕਾਂ ਦੀ ਪਹੁੰਚ ਵਧਾਉਣ ਲਈ ਹਰ ਸਾਲ ਲਈ ਰੱਖੇ ਗਏ 50 ਕ੍ਰੋੜ (500 ਮਿਲੀਅਨ) ਡਾਲਰ ਮਾਰਚ ਤੋਂ ਬਾਅਦ ਜਾਰੀ ਨਹੀਂ ਰਹਿਣਗੇ।

ਅਤੇ ਕੈਨੇਡਾ ਹੈਲਥ ਟਰਾਂਸਫਰ, ਜਿਸ ਨੂੰ ਟਰੂਡੋ ਦੀ ਸਰਕਾਰ ਨੇ ਪੰਜ ਸਾਲਾਂ ਲਈ ਘੱਟੋ-ਘੱਟ ਪੰਜ ਪ੍ਰਤੀਸ਼ਤ ਸਾਲਾਨਾ ਵਧਾਉਣ ਦੀ ਗੱਲ ਕੀਤੀ ਸੀ, ਹੁਣ 2028 ਤੋਂ ਬਾਅਦ ਤਿੰਨ ਪ੍ਰਤੀਸ਼ਤ ਦੇ ਹਿਸਾਬ ਨਾਲ ਵਧੇਗਾ।

ਕੈਨੇਡੀਅਨ ਹੈਲਥ ਕੁਲੀਸ਼ਨ ਨਾਲ ਸੰਬੰਧਿਤ ਸਟੀਵਨ ਸਟੇਪਲਜ਼ ਨੇ ਸਟਾਰ ਨੂੰ ਦੱਸਿਆ, "ਇਹ ਵੇਖ ਕੇ ਬਹੁਤ ਨਿਰਾਸ਼ਾ ਹੋ ਰਹੀ ਹੈ ਕਿ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਨ ਵਾਲੇ ਇਹਨਾਂ ਮਹੱਤਵਪੂਰਨ ਪ੍ਰੋਗਰਾਮਾਂ ਨੂੰ ਖਤਮ ਹੋਣ ਦਿੱਤਾ ਜਾਵੇਗਾ।"

ਲਿਬਰਲਾਂ ਵਲੋਂ ਜੋਰ ਸ਼ੋਰ ਨਾਲ ਪ੍ਰਚਾਰੇ ਇੱਕ ਹੋਰ ਪ੍ਰੋਗਰਾਮ, ਚਾਈਲਡ ਕੇਅਰ, ਵਿੱਚ ਵੀ ਕਟੌਤੀਆਂ ਹੋਣਗੀਆਂ। 62.5 ਕ੍ਰੋੜ (625 ਮਿਲੀਅਨ) ਡਾਲਰ ਦਾ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਇਨਫ੍ਰਾਸਟਰਕਚਰ ਫੰਡ (ਅਰੰਭਕ ਸਿੱਖਿਆ ਅਤੇ ਬੱਚਿਆਂ ਦੀ ਸੰਭਾਲ ਲਈ ਬੁਨਿਆਦੀ ਢਾਂਚੇ ਨਾਲ ਸੰਬੰਧਿਤ ਫੰਡ) ਅਗਲੇ ਸਾਲ ਖਤਮ ਹੋ ਜਾਵੇਗਾ, ਅਤੇ ਜਦੋਂ ਕਿ ਕਾਰਨੀ ਸਰਕਾਰ ਕੈਨੇਡਾ-ਵਿਆਪੀ ਅਰੰਭਿਕ ਸਿਖਿਆ ਤੇ ਬੱਚਿਆਂ ਦੀ ਸੰਭਾਲ (CWELCC) ਲਈ ਟਰਾਂਸਫਰਾਂ ਨੂੰ ਸੂਬਾਈ ਸਰਕਾਰਾਂ ਨੂੰ ਦੇਣ ਲਈ ਨਵਿਆਉਣ ਦੀ ਯੋਜਨਾ ਬਣਾ ਰਹੀ ਹੈ, ਪਰ ਉਹ ਟਰੂਡੋ ਵਲੋਂ ਆਪਣੇ ਅਹੁਦੇ ਦੇ ਆਖਰੀ ਹਫਤੇ ਵਿੱਚ ਮਿੱਥੇ ਪੱਧਰ ਤੋਂ ਨਹੀਂ ਵਧਣਗੇ। ਅਸਲ ਵਿੱਚ ਇਹ ਫੰਡ ਲਿਬਰਲਾਂ ਵੱਲੋਂ 2021 ਵਿੱਚ ਕੀਤੇ ਵਾਅਦੇ, ਜਿਸ ਵਿੱਚ ਉਹਨਾਂ ਨੇ ਪ੍ਰੋਗਰਾਮ ਨੂੰ ਚਲਦਾ ਰੱਖਣ ਲਈ 'ਲਗਾਤਾਰ ਹਰ ਸਾਲ 9.2 ਅਰਬ (ਬਿਲੀਅਨ) ਡਾਲਰ' ਦੇਣ ਦਾ ਵਾਅਦਾ ਕੀਤਾ ਸੀ, ਤੋਂ 1.1 ਅਰਬ (ਬਿਲੀਅਨ) ਡਾਲਰ ਘੱਟ ਹੋਣਗੇ।

ਚਾਈਲਡ ਕੇਅਰ ਨਾਓ ਸੰਸਥਾ ਦੀ ਮੋਰਨਾ ਬੈਲੇਨਟਾਈਨ ਨੇ ਕਿਹਾ ਕਿ ਸਰਕਾਰ ਪ੍ਰੋਗਰਾਮ ਦੇ ਵਿਕਾਸ ਨੂੰ ਰੋਕ ਰਹੀ ਹੋਵੇਗੀ।

'ਇਹ ਕਾਫ਼ੀ ਨਹੀਂ ਹੈ। ਅਸਲ ਵਿੱਚ, ਇਹ ਪ੍ਰੋਗਰਾਮ ਚਲਾਉਣ ਲਈ ਵਧੀ ਹੋਈ ਲਾਗਤ (ਇਨਕ੍ਰੀਜ਼ਡ ਕੌਸਟ ਆਫ ਉਪਰੇਸ਼ਨ) ਨੂੰ ਵੀ ਪੂਰਾ ਕਰਨ ਲਈ ਕਾਫ਼ੀ ਨਹੀਂ ਹੈ। ਇਹ ਨਿਸ਼ਚਿਤ ਤੌਰ 'ਤੇ ਸਿਸਟਮ ਦੇ ਵਿਸਥਾਰ ਨਾਲ ਹੋਣ ਵਾਲੇ ਕੈਪੀਟਲ ਖਰਚਿਆਂ ਨੂੰ ਪੂਰਾ ਕਰਨ ਲਈ ਕਾਫ਼ੀ ਨਹੀਂ ਹਨ।'

ਬੈਲੇਨਟਾਈਨ ਨੂੰ ਚਿੰਤਾ ਹੈ ਕਿ ਸੂਬੇ ਫੀਸਾਂ ਘਟਾਉਣ ਦੀ ਬਜਾਏ ਵਧਾਉਣ ਬਾਰੇ ਸੋਚ ਸਕਦੇ ਹਨ, ਅਤੇ ਫੰਡਾਂ ਦੀ ਘਾਟ ਦਾ ਮਤਲਬ ਹੈ ਕਿ ਸਿਸਟਮ ਤੱਕ ਪਹੁੰਚ ਚਾਹੁਣ ਵਾਲੇ ਹਜ਼ਾਰਾਂ ਪਰਿਵਾਰਾਂ ਨੂੰ ਥਾਂ ਨਹੀਂ ਮਿਲੇਗੀ।

ਉਸ ਨੇ ਅੱਗੇ ਕਿਹਾ, 'ਸਾਰੇ ਸੂਬਿਆਂ ਨੇ ਕਿਹਾ ਹੈ ਕਿ ਪ੍ਰੋਗਰਾਮ ਨੂੰ ਜਾਰੀ ਰੱਖਣ ਦੇ ਯੋਗ ਹੋਣ ਲਈ ਉਨ੍ਹਾਂ ਨੂੰ ਹੋਰ ਫੈਡਰਲ ਫੰਡਿੰਗ ਦੀ ਲੋੜ ਹੈ। ਹੁਣ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਹੋਰ ਫੰਡਿੰਗ ਆ ਰਹੀ ਹੈ, ਮੇਰੇ ਖਿਆਲ ਵਿੱਚ ਪ੍ਰੋਗਰਾਮ ਖਤਰੇ ਵਿੱਚ ਹੈ।'

ਇਹ ਹੈ ਲਿਬਰਲਾਂ ਦੇ ਵੱਡੇ ਵਾਅਦੇ — ਸਭ ਲਈ ਕਿਫਾਇਤੀ, ਉੱਚ-ਕੁਆਲਟੀ ਦਾ ਚਾਈਲਡ ਕੇਅਰ ਪ੍ਰੋਗਰਾਮ ਬਣਾਉਣਾ ਜੋ ਇਕਾਨਮੀ ਨੂੰ ਹੁਲਾਰਾ ਦੇਵੇਗਾ, ਔਰਤਾਂ ਦੀ ਕੰਮ 'ਤੇ ਵਾਪਸ ਆਉਣ ਵਿੱਚ ਮਦਦ ਕਰੇਗਾ ਅਤੇ ਕੈਨੇਡਾ ਭਰ ਦੇ 900,000 ਬੱਚਿਆਂ ਨੂੰ ਇੱਕ ਬਿਹਤਰ ਨੀਂਹ 'ਤੇ ਖੜ੍ਹਾ ਕਰੇਗਾ–ਦੀ ਸਥਿਤੀ।

ਕਾਰਨੀ ਦੀ ਵਿੱਤੀ ਯੋਜਨਾ ਵਿੱਚ ਉਹਨਾਂ ਪ੍ਰੋਗਰਾਮਾਂ ਦੇ ਸਮਰਥਨ ਲਈ ਅਸਰਦਾਰ ਤੌਰ 'ਤੇ ਕੋਈ ਪੈਸਾ ਨਹੀਂ ਹੈ ਜਿਹਨਾਂ ਨੂੰ ਉਹ 'ਜ਼ਰੂਰੀ ਸਮਾਜਿਕ ਪ੍ਰੋਗਰਾਮ' ਕਹਿੰਦਾ ਹੈ

ਸ਼ਾਇਦ, ਲਿਬਰਲ ਸੋਚਦੇ ਹਨ ਕਿ ਲੋਕਾਂ ਦਾ ਧਿਆਨ ਬਦਲ ਗਿਆ ਹੈ ਅਤੇ ਉਨ੍ਹਾਂ ਦੇ ਵੋਟਰ ਇਸ ਦੀ ਪਰਵਾਹ ਨਹੀਂ ਕਰਨਗੇ। ਆਖਰਕਾਰ, ਜਨਤਾ ਦੀ ਰਾਏ ਦੇ ਸਰਵੇਖਣ (ਪਬਲਿਕ ਉਪੀਨੀਅਨ ਪੋਲ) ਦਸ ਰਹੇ ਹਨ ਕਿ ਕਾਰਨੀ ਦਾ ਸਮਰਥਨ ਪਿਛਲੀਆਂ ਚੋਣਾਂ ਨਾਲੋਂ ਵੱਧ ਹੈ। ਬੀ. ਸੀ, ਅਲਬਰਟਾ, ਸਸਕੈਚਵਨ ਅਤੇ ਕਿਊਬਕ ਵਿੱਚ ਨਵੇਂ ਖੇਤਰਾਂ ਵਿੱਚ ਲਿਬਰਲਾਂ ਦੀ ਪ੍ਰਸਿੱਧੀ ਵਧ ਰਹੀ ਹੈ। ਅਤੇ, ਪੋਲਾਰਾ ਦੇ ਤਾਜ਼ਾ ਸਰਵੇਖਣ ਅਨੁਸਾਰ, ਉਸ ਦਾ ਮਰਦਾਂ ਵਿੱਚ ਸਮਰਥਨ ਕਾਫ਼ੀ ਵੱਧ ਰਿਹਾ ਹੈ।

ਪਰ ਲਿਬਰਲਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਸਮਰਥਨ ਔਰਤਾਂ ਤੋਂ ਆਉਂਦਾ ਹੈ। ਅਤੇ ਇਹ ਪ੍ਰੋਗਰੈਸਿਵ ਲੋਕ ਹੀ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਪਿਛਲੀਆਂ ਚੋਣਾਂ ਜਿੱਤਣ ਵਿੱਚ ਮਦਦ ਕੀਤੀ ਸੀ।






# ਟਰੰਪ-ਸ਼ੀ ਮੁਲਾਕਾਤ: ਕੈਨੇਡਾ ਤੇ ਭਾਰਤ ਲਈ ਨਵਾਂ ਦਬਾਅ



ਸੁਰਜੀਤ ਸਿੰਘ ਫਲੋਰਾ
647-829-9397

ਬੀਜਿੰਗ ਵਿੱਚ ਡੋਨਲਡ ਟਰੰਪ ਤੇ ਸ਼ੀ ਜਿਨਪਿੰਗ ਦੀ ਮੁਲਾਕਾਤ ਸਿਰਫ਼ ਦੋ ਤਾਕਤਾਂ ਦੀ ਫ਼ੋਟੋ ਨਹੀਂ ਹੈ। ਇਹ ਲਗਭਗ ਛੇ ਮਹੀਨਿਆਂ ਬਾਅਦ ਪਹਿਲੀ ਆਹਮੋ-ਸਾਹਮਣੀ ਗੱਲਬਾਤ ਹੈ, ਅਤੇ ਇਸਦੇ ਝਟਕੇ ਵਾਸ਼ਿੰਗਟਨ ਤੇ ਬੀਜਿੰਗ ਤੱਕ ਸੀਮਤ ਨਹੀਂ ਰਹਿਣਗੇ।

ਟਰੰਪ ਦੀ ਇਹ ਚੀਨ ਯਾਤਰਾ ਅੱਠ ਸਾਲਾਂ ਬਾਅਦ ਪਹਿਲੀ ਹੈ। 2025 ਦੀ ਟੈਰਿਫ਼ ਜੰਗ ਨੇ ਬਾਜ਼ਾਰਾਂ ਨੂੰ ਹਿਲਾ ਦਿੱਤਾ ਸੀ, ਪਰ ਹੁਣ ਨਜ਼ਰਾਂ ਟੈਕਨੋਲੋਜੀ, ਟਿਕਟੋਕ, ਏਆਈ ਚਿਪਸ ਅਤੇ ਖਣਿਜ ਪਦਾਰਥਾ ਉੱਤੇ ਟਿਕੀਆਂ ਹੋਇਆ ਹਨ। ਕੈਨੇਡਾ ਅਤੇ ਭਾਰਤ ਲਈ ਇਹ ਮੋੜ ਵਪਾਰ, ਸਪਲਾਈ ਚੇਨ, ਟੈਰਿਫ਼ ਅਤੇ ਰਣਨੀਤਕ ਤਾਕਤ ਦਾ ਨਵਾਂ ਇਮਤਿਹਾਨ ਹੋ ਸਕਦਾ ਹੈ।

ਜੇ ਵਾਸ਼ਿੰਗਟਨ ਤੇ ਬੀਜਿੰਗ ਵਿਚਕਾਰ ਵੱਡੀ ਡੀਲ ਬਣਦੀ ਹੈ, ਤਾਂ ਕੈਨੇਡਾ ਉੱਤੇ ਦੋਹਰਾ ਦਬਾਅ ਆ ਸਕਦਾ ਹੈ। ਇੱਕ ਪਾਸੇ ਅਮਰੀਕਾ ਆਪਣੀ ਨਜ਼ਰ ਚੀਨ ਨਾਲ ਵੱਡੇ ਸੌਦੇ ਉੱਤੇ ਰੱਖੇਗਾ, ਦੂਜੇ ਪਾਸੇ ਉਹ ਆਪਣੇ ਨੇੜਲੇ ਭਾਈਵਾਲਾਂ ਤੋਂ ਹੋਰ ਸਖ਼ਤ ਸ਼ਰਤਾਂ ਮੰਗ ਸਕਦਾ ਹੈ। ਇਸੇ ਲਈ USMCA ਦੀ ਸਮੀਖਿਆ ਕੈਨੇਡਾ ਲਈ ਸਧਾਰਨ ਕਾਗਜ਼ੀ ਕਵਾਇਦ ਨਹੀਂ ਰਹੇਗੀ।

ਵਾਸ਼ਿੰਗਟਨ ਵਿੱਚ ਕੈਨੇਡਾ ਨੂੰ ਕਈ ਵਾਰ ਸਖ਼ਤ ਵਪਾਰਕ ਭਾਈਵਾਲ ਵਜੋਂ ਦੇਖਿਆ ਜਾਂਦਾ ਹੈ। 25 ਫ਼ੀਸਦੀ ਅਮਰੀਕੀ ਟੈਰਿਫ਼ ਵਰਗੀ ਸਖ਼ਤੀ ਦਾ ਸਾਇਆ, ਖ਼ਾਸ ਕਰਕੇ ਜਦੋਂ ਘਰੇਲੂ ਉਦਯੋਗ ਦਬਾਅ ਵਿੱਚ ਹੋਣ, ਮੋਲ-ਭਾਵ ਨੂੰ ਹੋਰ ਔਖਾ ਕਰਦਾ ਹੈ। ਡੇਅਰੀ, ਉੱਨਤ ਨਿਰਮਾਣ, ਰੱਖਿਆ ਸਪਲਾਈ ਅਤੇ ਡਿਜ਼ੀਟਲ ਨਿਯਮਾਂ ਉੱਤੇ ਨਵਾਂ ਤਣਾਅ ਆ ਸਕਦਾ ਹੈ।

ਟਰੰਪ-ਸ਼ੀ ਸਮਝੌਤਾ ਹੋਣ ਦੀ ਸੂਰਤ ਵਿੱਚ ਅਮਰੀਕਾ ਦਾ ਧਿਆਨ ਚੀਨ ਵੱਲ ਕੇਂਦਰਿਤ ਹੋ ਸਕਦਾ ਹੈ। ਉਸ ਹਾਲਤ ਵਿੱਚ ਕੈਨੇਡਾ ਨਾਲ USMCA ਦੀ ਸਮੀਖਿਆ ਵਿੱਚ ਹੋਰ ਸਖ਼ਤ ਮੰਗਾਂ ਆ ਸਕਦੀਆਂ ਹਨ, ਖ਼ਾਸ ਕਰਕੇ ਉਥੇ ਜਿੱਥੇ ਅਮਰੀਕੀ ਉਦਯੋਗ ਆਪਣੇ ਹਿੱਤ ਤੁਰੰਤ ਵੇਖਦਾ ਹੈ ਖਾਸ ਕਰਕੇ ਟਰੰਪ ਦੀ ਕੂਟਨੀਤੀ।

ਡੇਅਰੀ ਕੁਟਨੈਣ ਤੋਂ ਲੈ ਕੇ ਉੱਨਤ ਨਿਰਮਾਣ ਤੱਕ, ਹਰ ਮੋੜ ਉੱਤੇ ਦਬਾਅ ਵਧ ਸਕਦਾ ਹੈ। ਰੱਖਿਆ ਖਰੀਦਾਂ ਅਤੇ ਡਿਜ਼ੀਟਲ ਨਿਯਮਾਂ ਉੱਤੇ ਵੀ ਸਵਾਲ ਉੱਠ ਸਕਦੇ ਹਨ। ਇਸ ਨਾਲ ਕੈਨੇਡਾ ਲਈ ਰਾਜਨੀਤਕ ਅਸਥਿਰਤਾ ਅਤੇ ਆਰਥਿਕ ਅਣਸ਼ਚਿਤਤਾ ਦੋਵੇਂ ਵਧ ਸਕਦੀਆਂ ਹਨ।



ਫਿਰ ਵੀ ਸਥਿਰਤਾ ਆਪਣੇ ਨਾਲ ਮੌਕਾ ਲਿਆ ਸਕਦੀ ਹੈ। ਜੇ ਟਰੰਪ ਅਤੇ ਸ਼ੀ ਵਿਚਕਾਰ ਤਣਾਅ ਕੁਝ ਘਟਦਾ ਹੈ, ਤਾਂ ਕੈਨੇਡਾ ਆਪਣੀ ਨਿਰਯਾਤ ਰਣਨੀਤੀ ਨੂੰ ਅਮਰੀਕਾ ਤੋਂ ਬਾਹਰ ਵੀ ਫੈਲਾ ਸਕਦਾ ਹੈ। ਏਸ਼ੀਆ ਅਤੇ ਯੂਰਪ ਨਾਲ ਵਪਾਰਕ ਰਿਸ਼ਤੇ ਮਜ਼ਬੂਤ ਕਰਨ ਦੀ ਲੋੜ ਹੋਰ ਉੱਭਰੇਗੀ।

ਕੈਨੇਡਾ ਕੋਲ (Rare Earths) ਖਣਿਜ ਪਦਰਾਥ, ਊਰਜਾ, ਆਟੋ ਅਤੇ ਖਣਿਜ ਖੇਤਰਾਂ ਵਿੱਚ ਥਾਂ ਬਣਾਉਣ ਦੀ ਗੁੰਜਾਇਸ਼ ਹੈ। ਇਹ ਮੌਕੇ ਤਦੋਂ ਹੀ ਕੰਮ ਆਉਣਗੇ ਜਦੋਂ ਓਟਵਾ ਰਣਨੀਤਕ ਵੱਖਰੀਕਰਨ ਨੂੰ ਗੰਭੀਰਤਾ ਨਾਲ ਅੱਗੇ ਵਧਾਏ। ਇੱਕ ਹੀ ਬਾਜ਼ਾਰ ਉੱਤੇ ਨਿਰਭਰਤਾ ਹੁਣ ਖ਼ਤਰਾ ਬਣ ਚੁੱਕੀ ਹੈ, ਸੁਰੱਖਿਆ ਨਹੀਂ। ਜੋ ਕੈਨੇਡਾ ਦੇ ਪ੍ਰਧਾਨ ਮੰਤਰੀ ਕਾਰਨੀ ਸਾਹਿਬ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਹ ਇਕੱਲੇ ਅਮਰੀਕਾ ਤੇ ਹੁਣ ਨਿਰਭਰ ਨਹੀਂ ਰਹਿਣਗੇ ਉਹ ਕੇਨੇਡਾ ਨੂੰ ਗਲੋਬਲ ਹਬ ਨਾਲ ਜੋੜ ਕੇ ਕੈਨੇਡਾ ਦੀ ਉਨਤੀ ਵਿਚ ਵਿਸਥਾਰ ਕਰਨਗੇ।

ਭਾਰਤ ਲਈ ਇਹ ਮੁਲਾਕਾਤ ਹੋਰ ਵੀ ਸੰਵੇਦਨਸ਼ੀਲ ਹੈ। ਪਿਛਲੇ ਕੁਝ ਸਾਲਾਂ ਵਿੱਚ ਵਾਸ਼ਿੰਗਟਨ ਨੇ ਨਵੀਂ ਦਿੱਲੀ ਨੂੰ ਚੀਨ ਦੇ ਮੁਕਾਬਲੇ ਮੁੱਖ ਵਿਕਲਪ ਵਜੋਂ ਵੇਖਿਆ ਹੈ। ਪਰ ਜੇ ਅਮਰੀਕਾ ਅਤੇ ਚੀਨ ਵਿਚਕਾਰ ਸੁਲਹ ਹੋ ਜਾਂਦੀ ਹੈ, ਤਾਂ ਭਾਰਤ ਦੀ ਇਹ ਭੂਮਿਕਾ ਕਮਜ਼ੋਰ ਪੈ ਸਕਦੀ ਹੈ।

ਅਜਿਹੇ ਦ੍ਰਿਸ਼ ਵਿੱਚ ਭਾਰਤ ਨੂੰ ਆਪਣੀ ਗਿਣਤੀ ਖ਼ੁਦ ਵਧਾਉਣੀ ਪਵੇਗੀ। ਵਪਾਰ, ਸੁਰੱਖਿਆ ਅਤੇ ਸਪਲਾਈ ਚੇਨ ਵਿੱਚ ਨਵੀਂ ਦਿੱਲੀ ਨੂੰ ਹੋਰ ਤੇਜ਼ੀ ਨਾਲ ਵਿਕਲਪ ਖੋਲ੍ਹਣੇ ਪੈਣਗੇ। ਨਹੀਂ ਤਾਂ ਅਮਰੀਕੀ ਨੀਤੀ ਵਿੱਚ ਭਾਰਤ ਦੀ ਕੇਂਦਰੀ ਥਾਂ ਹੌਲੀ-ਹੌਲੀ ਪਿੱਛੇ ਸਰਕ ਸਕਦੀ ਹੈ।

ਜੇ ਵਾਸ਼ਿੰਗਟਨ, ਤਾਈਵਾਨ ਜਾਂ ਹੋਰ ਮਸਲਿਆਂ ਉੱਤੇ ਬੀਜਿੰਗ ਨਾਲ ਸੌਦਾ ਕਰਦਾ ਹੈ, ਤਾਂ ਨਵੀਂ ਦਿੱਲੀ ਦੀ ਕੂਟਨੀਤਕ ਕੀਮਤ ਘਟ ਸਕਦੀ ਹੈ। ਇੰਡੋ-ਪੈਸਿ ?ਫਕ ਵਿੱਚ ਭਾਰਤ ਦਾ ਕੇਂਦਰੀ ਸਥਾਨ ਵੀ ਕੁਝ ਹੱਦ ਤੱਕ ਹਲਕਾ ਪੈ ਸਕਦਾ ਹੈ।

ਇਸਦਾ ਸਿੱਧਾ ਅਸਰ ਤਾਈਵਾਨ, ਹਿਮਾਲਿਆਈ ਸਰਹੱਦ ਅਤੇ ਸਮੁੰਦਰੀ ਸੁਰੱਖਿਆ ਉੱਤੇ ਵੀ ਪੈ ਸਕਦਾ ਹੈ। ਜੇ ਚੀਨ ਉੱਤੇ ਅਮਰੀਕੀ ਦਬਾਅ ਨਰਮ ਹੁੰਦਾ ਹੈ, ਤਾਂ ਭਾਰਤ ਦੀ ਉੱਤਰੀ ਸਰਹੱਦ ਉੱਤੇ ਬੀਜਿੰਗ ਹੋਰ ਹਿੰਮਤ ਨਾਲ ਪੇਸ਼ ਆ ਸਕਦਾ ਹੈ।

ਇਨ੍ਹਾਂ ਹਾਲਾਤਾਂ ਵਿੱਚ ਭਾਰਤ ਲਈ ਆਪਣਾ ਰੱਖਿਆ ਅਤੇ ਕੂਟਨੀਤਕ ਤਾਲਮੇਲ ਹੋਰ ਕਸਣਾ ਪਵੇਗਾ।

ਭਾਰਤੀ ਉਦਯੋਗਾਂ ਲਈ ਵੱਡੀ ਚਿੰਤਾ ਸਪਲਾਈ ਚੇਨ ਦੀ ਹੈ। ਜਦੋਂ ਅਮਰੀਕਾ-ਚੀਨ ਟੈਰਿਫ਼ ਤਣਾਅ ਉੱਚਾ ਸੀ, ਕਈ ਕੰਪਨੀਆਂ ਨੇ ਉਤਪਾਦਨ ਚੀਨ ਤੋਂ ਬਾਹਰ ਲਿਜਾਣਾ ਸ਼ੁਰੂ ਕੀਤਾ। ਭਾਰਤ ਨੂੰ ਉਸ ਰੁਝਾਨ ਤੋਂ ਫ਼ਾਇਦਾ ਮਿਲ ਰਿਹਾ ਸੀ।

ਹੁਣ ਜੇ ਦੋਵੇਂ ਦੇਸ਼ਾਂ ਵਿਚਕਾਰ ਟੈਰਿਫ਼ ਨਰਮ ਹੁੰਦਾ ਹੈ, ਤਾਂ ਇਹ ਗਤੀ ਹੌਲੀ ਪੈ ਸਕਦੀ ਹੈ। ਇਲੈਕਟ੍ਰਾਨਿਕਸ, ਮੋਬਾਈਲ ਫੋਨ ਅਤੇ ਹੋਰ ਮੈਨੂਫੈਕਚਰਿੰਗ ਖੇਤਰਾਂ ਵਿੱਚ ਭਾਰਤ ਲਈ ਨਵੀਆਂ ਲਾਇਨਾਂ ਖਿੱਚਣਿਆਂ ਔਖੀਆਂ ਹੋ ਸਕਦੀਆਂ ਹਨ। ਸਸਤੇ ਚੀਨੀ ਸਾਮਾਨ ਦੀ ਵਾਪਸੀ ਨਾਲ ਘਰੇਲੂ ਉਦਯੋਗਾਂ ਦੀ ਖਰੀਦਦਾਰੀ ਅਤੇ ਕੀਮਤਾਂ ਤੇ ਦਬਾਅ ਵੀ ਵਧ ਸਕਦਾ ਹੈ।

ਭਾਰਤ ਦੀ ਅਰਥਵਿਵਸਥਾ ਲਈ ਊਰਜਾ ਸਭ ਤੋਂ ਨਾਜ਼ੁਕ ਮਾਮਲਿਆਂ ਵਿੱਚੋਂ ਇੱਕ ਹੈ। ਮੱਧ-ਪੂਰਬ ਦੀ ਸਪਲਾਈ, ਖ਼ਾਸ ਕਰਕੇ ਹੋਰਮੂਜ਼ ਜਲਡਮਰੂ, ਭਾਰਤੀ ਤੇਲ ਅਤੇ ਗੈਸ ਆਯਾਤ ਲਈ ਅਹਿਮ ਹੈ। ਜੇ ਇਰਾਨ ਮਾਮਲੇ ਉੱਤੇ ਅਮਰੀਕਾ-ਚੀਨ ਵਿਚਕਾਰ ਕੋਈ ਢੰਗ ਦੀ ਸਹਿਮਤੀ ਨਹੀਂ ਬਣਦੀ, ਤਾਂ ਵਿਸ਼ਵ ਊਰਜਾ ਕੀਮਤਾਂ ਫਿਰ ਚੜ੍ਹ ਸਕਦੀਆਂ ਹਨ।

ਅਜਿਹਾ ਹੋਣ ਨਾਲ ਭਾਰਤ ਦਾ ਵਪਾਰ ਘਾਟਾ ਵਧੇਗਾ। ਰੁਪਇਆ ਵੀ ਹੋਰ ਦਬਾਅ ਵਿਚ ਆ ਸਕਦਾ ਹੈ, ਜੋ ਪਹਿਲਾਂ ਹੀ ਡਾਲਰ ਮੁਕਾਬਲੇ ਕਮਜ਼ੋਰ ਰਹਿਣ ਦੀ ਹੱਦ ਦੇ ਨੇੜੇ ਹੈ। ਮਹਿੰਗਾ ਈਂਧਣ, ਵੱਡਾ ਆਯਾਤ ਬਿੱਲ ਅਤੇ ਵਧਦੀ ਮਹਿੰਗਾਈ, ਇਹ ਤਿੰਨੇ ਮਿਲ ਕੇ ਮੈਕਰੋਅਰਥਕ ਜੋਖ਼ਮ ਪੈਦਾ ਕਰਦੇ ਸਕਦੇ ਹਨ।

ਦੋਵੇਂ ਦੇਸ਼ਾਂ ਲਈ ਇਮਤਿਹਾਨ ਦੀ ਘੜ੍ਹੀ ਸਾਫ਼ ਦਿਖਾਈ ਦੇ ਰਹੀ ਹੈ। ਅਮਰੀਕਾ ਅਤੇ ਚੀਨ ਦੀ ਹਰ ਹਲਚਲ ਨੂੰ ਦੇਖਦੇ ਹੋਏ ਵਿਦੇਸ਼ ਅਤੇ ਵਪਾਰ ਨੀਤੀ ਹੋਰ ਸੰਭਾਲ ਨਾਲ ਬਣਾਉਣੀ ਪਵੇਗੀ। ਇੱਕ ਵੱਡਾ ਸੌਦਾ ਹੋਵੇ ਜਾਂ ਇੱਕ ਨਵੀਂ ਖਿੱਚ, ਮੱਧਮ ਤਾਕਤਾਂ ਨੂੰ ਆਪਣੀ ਜਗ ?ਹਾ ਬਚਾਈ ਰੱਖਣ ਲਈ ਚੁਸਤ ਰਹਿਣਾ ਪਵੇਗਾ।

ਭਾਰਤ ਨੇ ਇਸ ਗੱਲ ਨੂੰ ਸਮਝਦਿਆਂ ਚੀਨ ਨਾਲ ਸੀਮਤ ਮੁੜ-ਸੰਵਾਦ ਸ਼ੁਰੂ ਕੀਤਾ ਹੈ। ਸਿੱਧੀਆਂ ਉਡਾਣਾਂ ਮੁੜ ਚੱਲੀਆਂ ਹਨ, ਵੀਜ਼ਾ ਕੁਝ ਹੱਦ ਤੱਕ ਨਰਮ ਹੋਇਆ ਹੈ, ਅਤੇ ਸਰਹੱਦੀ ਮਸਲਿਆਂ ਉੱਤੇ ਜਲਦੀ ਵਡਾਈ ਵਰਗੇ ਕਦਮ ਸਾਹਮਣੇ ਆਏ ਹਨ। ਐਸ ਸੀ ਓ (SCO) ਅਤੇ ਬ੍ਰਿਕਸ (BRICS) ਵਿੱਚ ਭਾਗੀਦਾਰੀ ਵੀ ਇਸੇ ਸੰਤੁਲਨ ਦੀ ਕੜੀ ਹੈ।


ਕੈਨੇਡਾ ਲਈ ਰਸਤਾ ਵੱਖਰਾ ਹੈ, ਪਰ ਮੰਤਵ ਇਕੋ ਹੈ, ਵਪਾਰਕ ਦਿਸ਼ਾ ਨੂੰ ਫੈਲਾਉਣਾ। ਏਸ਼ੀਆ, ਯੂਰਪ ਅਤੇ ਸਾਥੀ ਬਾਜ਼ਾਰਾਂ ਨਾਲ ਸਬੰਧ ਮਜ਼ਬੂਤ ਕਰਨੇ ਪੈਣਗੇ। ਭਾਰਤ ਅਤੇ ਕੈਨੇਡਾ ਦੋਵੇਂ ਲਈ ਇਹ ਸਮਾਂ ਸਿਰਫ਼ ਪ੍ਰਤੀਕਿਰਿਆ ਦਾ ਨਹੀਂ, ਸਗੋਂ ਆਪਣੀ ਜਗ੍ਹਾ ਪੱਕੀ ਕਰਨ ਦਾ ਹੈ।

ਬੀਜਿੰਗ ਦੀ ਇਹ ਟਰੰਪ-ਸ਼ੀ ਮੁਲਾਕਾਤ ਦੋ ਦੇਸ਼ਾਂ ਦੀ ਸਧਾਰਨ ਡਿਪਲੋਮੇਸੀ ਨਹੀਂ ਹੈ। ਇਹ ਇੱਕ ਐਸੀ ਗਲੋਬਲ ਚਾਲ ਹੈ ਜੋ ਕੈਨੇਡਾ ਅਤੇ ਭਾਰਤ ਵਰਗੀਆਂ ਮੱਧਮ ਤਾਕਤਾਂ ਦੀ ਸਥਿਤੀ ਬਦਲ ਸਕਦੀ ਹੈ।

ਸਥਿਰਤਾ ਨਾਲ ਬਾਜ਼ਾਰਾਂ ਨੂੰ ਰਾਹਤ ਮਿਲ ਸਕਦੀ ਹੈ, ਪਰ ਉਸਦੇ ਨਾਲ ਨਵੇਂ ਦਬਾਅ, ਨਵੀਆਂ ਸ਼ਰਤਾਂ ਅਤੇ ਨਵੀਂ ਗੱਲਬਾਤ ਦੀ ਲੋੜ ਵੀ ਜੁੜੀ ਰਹੇਗੀ। ਇਸ ਪੜਾਅ ਵਿੱਚ ਸਭ ਤੋਂ ਵੱਡਾ ਸਬਕ ਇਹੀ ਹੈ ਕਿ ਤਾਕਤਾਂ ਦੇ ਸੌਦੇ ਕਦੇ ਸਿਰਫ਼ ਦੋ ਪੱਖਾਂ ਤੱਕ ਸੀਮਤ ਨਹੀਂ ਰਹਿੰਦੇ।

SURJIT SINGH FLORA
6 Havelock Drive,
Brampton, ON
L6W 4A5 Canada

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!



Apinder Aujla
BSc.Pharm



Satvachan Lal
B.Sc.Pharm
#1150, 4818 Westwindus Drive NE. Calgary
403-293-9360

Gill
Truck & Trailer Repair
& Mobile Service
Lube and Truck Wash



Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4





SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

# ਮਜਦੂਰਾਂ ਦੀ ਘੱਟੋ ਘੱਟ ਤਨਖਾਹ ਕਿੰਨੀ ਹੋਵੇ-ਸਰਕਾਰੀ ਦਾਅਵੇ ਬਨਾਮ ਹਕੀਕਤ

- ਜੋਬਨ

ਭਾਰਤ ਦੇ ਸਨਅਤੀ ਮਜਦੂਰਾਂ ਦੀ ਲਹਿਰ ਨੇ ਦਹਾਕਿਆਂ ਬਾਅਦ ਐਨੀ ਤਕੜੀ ਅੰਗੜਾਈ ਲਈ ਹੈ। ਕਾਫੀ ਸਨਅਤੀ ਕੇਂਦਰਾਂ ਤੱਕ ਇਸ ਲਹਿਰ ਦਾ ਸੇਕ ਪਹੁੰਚ ਚੁੱਕਿਆ ਹੈ। ਭਾਵੇਂ ਇਹ ਹੜਤਾਲਾਂ ਮੁਖ ਤੌਰ ਉੱਤੇ ਆਪਮੁਹਾਰੀਆਂ ਸਨ ਪਰ ਇਹਨਾਂ ਵਿੱਚ ਮੰਗਾਂ ਦੀ ਸਾਂਝ ਸਪੱਸ਼ਟ ਸੀ ਅਤੇ ਮੰਗਾਂ 'ਚੋਂ ਵੀ ਤਨਖਾਹਾਂ ਵਧਾਉਣ ਦੀ ਮੰਗ ਲਗਭਗ ਹਰ ਪਾਸੇ ਉੱਠੀ। ਸਗੋਂ ਜਿਹੜੇ ਇਲਾਕਿਆਂ ਵਿੱਚ ਤਨਖਾਹਾਂ ਜਿਆਦੇ ਘੱਟ ਸਨ, ਉੱਥੇ ਸੰਘਰਸ਼ ਜਿਆਦੇ ਤਿੱਖਾ ਸੀ। ਜਿਵੇਂ ਹਰਿਆਣਾ, ਯੂਪੀ, ਰਾਜਸਥਾਨ, ਪੰਜਾਬ, ਉੱਤਰਾਖੰਡ ਅਤੇ ਬਿਹਾਰ ਵਿੱਚ ਅਕੁਸ਼ਲ ਮਜ਼ਦੂਰਾਂ ਦੀ ਘੱਟੋ ਘੱਟ ਤਨਖਾਹ ਸਿਲਸਿਲੇਵਾਰ 11274, 11021, 7410, 11726, 12391 ਅਤੇ 11128 ਸੀ। ਨੌਇਡਾ ਅਤੇ ਮਾਨੇਸਰ ਦੇ ਮਜਦੂਰਾਂ ਦਾ ਕਹਿਣਾ ਸੀ ਕਿ ਦਿੱਲੀ ਅਤੇ ਸਾਡੇ ਇਲਾਕੇ ਵਿੱਚ ਜਿਉਣ ਖਰਚ ਲਗਭਗ ਬਰਾਬਰ ਹੈ, ਪਰ ਸਾਡੀਆਂ ਤਨਖਾਹਾਂ ਦਿੱਲੀ ਦੇ ਰੇਟ ਤੋਂ ਕਿਤੇ ਘੱਟ ਹਨ। ਹੜਤਾਲਾਂ ਦੇ ਦਬਾਅ ਹੇਠ ਹਰਿਆਣਾ ਸਰਕਾਰ ਨੇ 35% ਅਤੇ ਯੂਪੀ ਸਰਕਾਰ ਨੂੰ 21% ਘੱਟੋ ਘੱਟ ਉਜਰਤ ਵਿੱਚ ਇਜਾਫਾ ਕਰਨਾ ਪਿਆ। ਬਠਿੰਡੇ ਦੇ ਨੇੜੇ ਸਥਿਤ ਜੀਦੇ ਦੀ ਸਪੋਰਟਕਿੰਗ ਫੈਕਟਰੀ ਵਿਖੇ ਲਗਭਗ 1800 ਰੁਪਏ ਦਾ ਵਾਧਾ ਕੀਤਾ ਗਿਆ। ਪਿਛਲੇ 10 ਸਾਲਾਂ ਦੀ ਮਹਿੰਗਾਈ ਦਰ, ਜੋ ਕਿ 65 ਤੋਂ 70% ਸੀ, ਦੇ ਹੁੰਦਿਆਂ ਇਹ ਇਜਾਫਾ ਇੱਕ ਭੱਦਾ ਮਜਾਕ ਹੈ ਕਿਉਂਕਿ ਇਹ ਇਜਾਫਾ ਵੀ ਪਹਿਲਾਂ ਤੋਂ ਹੀ ਬਹੁਤ ਘੱਟ ਉਜਰਤਾਂ ਉੱਤੇ ਹੈ। ਸੁਭਾਵਿਕ ਤੌਰ ਉੱਤੇ ਮਜਦੂਰ ਇਸ ਨਿਗੂਣੇ ਵਾਧੇ ਤੋਂ ਅਸੰਤੁਸ਼ਟ ਹਨ ਤੇ ਇਸੇ ਲਈ ਹਾਲੇ ਤੱਕ ਹੜਤਾਲਾਂ ਦਾ ਦੌਰ ਸਮਾਪਤ ਨਹੀਂ ਹੋਇਆ। ਆਪਮੁਹਾਰਤਾ ਦੇ ਪੱਖ ਕਰਕੇ ਘੱਟੋ ਘੱਟ ਤਨਖਾਹ ਦੀ ਮੰਗ ਸਪੱਸ਼ਟਤਾ ਤੋਂ ਖੁੰਝੀ ਜਿਵੇਂ ਕਿਤੇ ਮਜਦੂਰਾਂ ਨੇ 20 ਹਜ਼ਾਰ ਤਨਖਾਹ ਮੰਗੀ, ਕਿਤੇ 26 ਹਜ਼ਾਰ ਤਾਂ ਕਿਤੇ 30 ਹਜ਼ਾਰ। ਘੱਟੋ ਘੱਟ ਤਨਖਾਹ ਦੀ ਇਕ ਸਾਂਝੀ ਤੇ ਸਪੱਸ਼ਟ ਮੰਗ ਸਮੇਂ ਦੀ ਅਣਸਰਦੀ ਲੋੜ ਹੈ। ਇਹ ਮਜਦੂਰ ਲਹਿਰ ਨੂੰ ਹੋਰ ਤਾਕਤ ਬਖਸ਼ੇਗੀ। ਹਥਲੇ ਲੇਖ ਅੰਦਰ ਅਸੀਂ ਇਸੇ ਸਵਾਲ ਦਾ ਹੱਲ ਖੋਜਾਂਗੇ ਕਿ, ਘੱਟੋ ਘੱਟ ਤਨਖਾਹ ਕਿੰਨੀ ਹੋਵੇ? ਇਸਦੀ ਵੀ ਗੱਲ ਕਰਾਂਗੇ ਕਿ ਕਿਵੇਂ ਸਰਕਾਰੀ ਪੈਮਾਨੇ ਅਤੇ ਨੀਤੀਆਂ ਪਹਿਲਾਂ ਅਤੇ ਅੱਜ ਵੀ ਇਸ ਵਿੱਚ ਅੜਿੱਕਾ ਖੜ੍ਹਾ ਕਰਦੀਆਂ ਹਨ? ਭਾਰਤ ਵਿੱਚ ਤਨਖਾਹ ਤੈਅ ਕਰਨ ਦੇ ਪੈਮਾਨਿਆਂ ਦਾ ਜ਼ਿਕਰ ਕਰਨ ਤੋਂ ਪਹਿਲਾਂ ਸਾਡੇ ਲਈ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਮੌਜੂਦਾ ਆਰਥਿਕ ਢਾਂਚੇ ਵਿੱਚ ਬੁਨਿਆਦੀ ਤੌਰ ਉੱਤੇ ਤਨਖਾਹ ਹੁੰਦੀ ਕੀ ਹੈ। ਅੱਜ ਜਿੱਥੇ ਹਰ ਸ਼ੈਅ ਜਿਣਸ ਹੁੰਦੀ ਹੈ ਜਾਣੀ ਕਿ ਵੇਚੀ ਜਾ ਸਕਣ ਵਾਲੀ ਵਸਤੂ ਹੁੰਦੀ ਹੈ ਉਥੇ ਮਜਦੂਰ ਦੀ ਕਿਰਤ ਸ਼ਕਤੀ ਦੀ ਵੀ ਵਿਕਰੀ ਹੁੰਦੀ ਹੈ। ਜਿਵੇਂ ਹਰ ਜਿਣਸ ਦੀ ਕੀਮਤ ਉਸਨੂੰ ਬਣਾਉਣ ਵਿੱਚ ਲੱਗੀ ਕਿਰਤ ਦੇ ਔਸਤ ਸਮੇਂ ਤੋਂ ਤੈਅ ਹੁੰਦੀ ਹੈ, ਉਸੇ ਤਰ੍ਹਾਂ ਮਜਦੂਰ ਲਈ ਬਸ ਜਿਉਂਦੇ ਰਹਿਣ ਅਤੇ ਪਰਿਵਾਰ ਨੂੰ ਜਿਉਂਦਾ ਰੱਖਣ ਲਈ ਜਰੂਰੀ ਵਸਤੂਆਂ ਦੀ ਕੀਮਤ ਤੋਂ ਉਸਦੀ ਤਨਖਾਹ ਤੈਅ ਹੁੰਦੀ ਹੈ। ਭਾਰਤ ਵਿੱਚ ਘੱਟੋ ਘੱਟ ਤਨਖਾਹ ਨੂੰ ਮਿਣਨ ਲਈ ਕੋਈ ਬਹੁਤੇ ਪੈਮਾਨੇ ਨਹੀਂ ਘੜੇ ਗਏ। ਸਭ ਤੋਂ ਪਹਿਲਾਂ ਘੱਟੋ ਘੱਟ ਉਜਰਤਾਂ ਐਕਟ 1948 ਆਉਂਦਾ ਹੈ ਜਿਸ ਵਿੱਚ ਘੱਟੋ ਘੱਟ ਤਨਖਾਹ ਦਾ ਕੋਈ ਬਹੁਤਾ ਸਪਸ਼ਟ ਮਾਪਦੰਡ ਨਹੀਂ ਸੀ। ਫਿਰ 15ਵੀਂ ਭਾਰਤੀ ਕਿਰਤ ਕਾਨਫਰੰਸ ਹੁੰਦੀ ਹੈ ਜਿਸ ਵਿੱਚ ਗੁਣਾਤਮਕਤਾ ਦੀ ਥਾਂ ਕੁਝ ਠੋਸ ਮਾਤਰਾਤਮਕ ਮਾਪਦੰਡ ਦਿੱਤੇ ਗਏ :

1. ਇੱਕ ਮਜਦੂਰ ਪਿੱਛੇ ਤਿੰਨ ਖਪਤ ਕਰਨ ਵਾਲੇ ਵਿਅਕਤੀ
2. ਹਰ ਇੱਕ ਲਈ ਘੱਟੋ ਘੱਟ 2700 ਕੈਲਰੀ ਪ੍ਰਤੀ ਦਿਨ ਖਾਣਾ
3. ਹਰ ਇੱਕ ਲਈ 66 ਮੀਟਰ ਕੱਪੜਾ
4. ਹਰ ਇਕ ਲਈ ਸਰਕਾਰੀ ਸਨਅਤੀ ਘਰ ਸਕੀਮ ਦੇ ਤਹਿਤ ਘੱਟੋ ਘੱਟ ਖੇਤਰਫਲ ਲਈ ਲੋੜੀਂਦਾ ਕਿਰਾਇਆ
5. ਫੁਟਕਲ ਖਰਚੇ ਜਿਵੇਂ ਗੈਸ, ਬਿਜਲੀ ਆਦਿ ਲਈ ਬੁਨਿਆਦੀ ਜ਼ਰੂਰਤਾਂ (ਖਾਣਾ+ਕੱਪੜੇ) ਦੀ ਰਕਮ ਦਾ 20% ਇਸ ਪੈਮਾਨੇ ਵਿੱਚ ਸਮੇਂ ਨਾਲ ਕੁਝ ਕਮੀਆਂ ਨੂੰ ਉਜਾਗਰ ਕੀਤਾ ਗਿਆ। ਇਕ ਵੱਡੀ ਘਾਟ ਸੀ ਸਿੱਖਿਆ ਅਤੇ ਸਿਹਤ ਉੱਚੇ ਖਰਚ ਨੂੰ ਅਣਗੌਲਿਆਂ ਕਰਨਾ।

1992 ਦੀ ਸਰਵਉਚ ਅਦਾਲਤ ਵਿੱਚ ਰੈਪਟਾਕੋਸ ਬ੍ਰੈਟ ਨਾਮਕ ਕੇਸ ਦੀ ਸੁਣਵਾਈ ਵਿੱਚ ਸਿੱਖਿਆ ਅਤੇ ਸਿਹਤ ਨੂੰ ਸਮਾਜਿਕ ਸਹੂਲਤਾਂ ਵਿੱਚ ਪਾ ਕੇ 6ਵਾਂ ਮਾਪਦੰਡ ਅਪਣਾਇਆ ਗਿਆ। ਇਸ ਨੂੰ ਬੁਨਿਆਦੀ ਜ਼ਰੂਰਤਾਂ ਲਈ ਖਰਚ ਦਾ 25% ਕੀਤਾ ਗਿਆ। ਇਹ ਵੀ ਊਠ ਦੇ ਮੂੰਹ ਜੀਰੇ ਵਾਲੀ ਗੱਲ ਹੀ ਸੀ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਹਨਾਂ ਪੈਮਾਨਿਆਂ ਦੇ ਆਧਾਰ ਉਤੇ ਕਦੇ ਵੀ ਤਨਖਾਹਾਂ ਨਾ ਦਿੱਤੀਆਂ ਗਈਆਂ। ਇਹ ਪੈਮਾਨੇ 'ਵਿਸ਼ਵਗੁਰੂ' ਦੇ ਸ਼ੀਸ਼ ਮਹਿਲ ਦੀ ਸਜਾਵਟ ਮਾਤਰ ਹੀ ਰਹੇ, ਕਦੇ ਲਾਗੂ ਨਾ ਹੋਏ। ਹਾਥੀ ਦੇ ਦੰਦ ਦਿਖਾਉਣ ਨੂੰ ਹੋਰ ਤੇ ਖਾਣ ਨੂੰ ਹੋਰ! ਭਾਰਤ ਵਿੱਚ ਤਨਖਾਹ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ। ਪਹਿਲਾ ਬੁਨਿਆਦੀ ਤਨਖਾਹ ਦਾ, ਜਿਸ ਨੂੰ ਹਰ ਪੰਜ ਸਾਲ ਬਾਅਦ ਬਦਲਣ ਦੀ ਹਦਾਇਤ ਸੀ ਪਰ ਇਹ ਵੀ ਹਦਾਇਤ ਹੀ ਰਹੀ, ਕਦੇ ਵੀ ਲਾਜਮੀ ਨਿਯਮ ਵਿੱਚ ਤਬਦੀਲ ਨਾ ਕੀਤੀ ਗਈ। ਦੂਜਾ ਹਿੱਸਾ ਵੀਡੀਏ ਜਾਣੀ ਕਿ 'ਬਦਲਦੇ ਮਹਿੰਗਾਈ ਭੱਤੇ' ਦਾ ਹੈ। ਜਿਸ ਨੂੰ ਕਿ 'ਉਦਯੋਗ ਕਾਮਿਆਂ ਲਈ ਉਪਭੋਗਤਾ ਮਹਿੰਗਾਈ ਸੂਚਕ ਅੰਕ' ਦੇ ਹਿਸਾਬ ਨਾਲ ਹਰ ਸਾਲ ਦੋ ਵਾਰ ਬਦਲਣਾ ਹੁੰਦਾ ਹੈ ਜੋ ਕਿ ਮਹਿੰਗਾਈ ਦਰ ਦੇ ਹਿਸਾਬ ਨਾਲ ਵਧਦੇ ਜਿਉਣ ਖਰਚ ਨੂੰ ਤੈਅ ਕਰਦਾ ਹੈ ਪਰ ਇਸ ਵਿੱਚ ਵੀ ਢਿੱਲ ਵਰਤੀ ਜਾਂਦੀ ਰਹੀ ਹੈ ਜਾਂ ਫਿਰ ਜੇ ਬਦਲਿਆ ਜਾਂਦਾ ਹੈ ਤਾਂ ਮਹਿੰਗਾਈ ਦਰ ਦੇ ਅਨੁਪਾਤ ਨਾਲ ਨਹੀਂ ਵਧਾਇਆ ਜਾਂਦਾ। ਮਜਦੂਰ ਹੜਤਾਲਾਂ ਪਿੱਛੋਂ ਯੂਪੀ ਅਤੇ ਹਰਿਆਣਾ ਸਰਕਾਰਾਂ ਦੀ ਦੰਦਲ ਟੁੱਟੀ ਹੈ ਅਤੇ ਘੱਟੋ ਘੱਟ ਤਨਖਾਹ ਹੁਣ ਜਾ ਕੇ ਵਧਾਈ ਹੈ। ਇਸ ਤੋਂ ਪਹਿਲਾਂ ਯੂਪੀ ਸਰਕਾਰ ਨੇ 14 ਸਾਲਾਂ ਤੱਕ ਅਤੇ ਹਰਿਆਣਾ ਸਰਕਾਰ ਨੇ 10 ਸਾਲਾਂ ਤੱਕ ਬੁਨਿਆਦੀ ਤਨਖਾਹ ਵਿੱਚ ਕੋਈ ਵਾਧਾ ਨਹੀਂ ਕੀਤਾ ਸੀ। ਪੰਜਾਬ 'ਚ ਵੀ ਆਖਰੀ ਵਾਰ ਇਹ ਇਜਾਫਾ 2013 ਜਾਣੀ ਕਿ ਲਗਭਗ 13 ਸਾਲ ਪਹਿਲਾਂ ਕੀਤਾ ਗਿਆ ਸੀ। ਜਿਵੇਂ ਪਹਿਲਾਂ ਹੀ ਜਿਕਰ ਕੀਤਾ ਸੀ ਕਿ ਪਿਛਲੇ 10 ਸਾਲਾਂ ਵਿੱਚ ਮਹਿੰਗਾਈ ਦਰ 65 ਤੋਂ 70 ਫੀਸਦੀ ਵਧੀ ਹੈ ਜਾਣੀ ਕਿ ਕਿਸੇ ਚੀਜ ਨੂੰ ਖਰੀਦਣ ਲਈ ਜਿੱਥੇ ਪਹਿਲਾਂ 10 ਹਜ਼ਾਰ ਰੁਪਏ ਲੱਗਦੇ ਸੀ ਹੁਣ 16500 ਜਾਂ 17 ਹਜ਼ਾਰ ਲੱਗਦੇ ਹਨ। ਵੱਧਦੇ ਖਰਚਿਆਂ ਦੇ ਥਪੇੜੇ ਝੱਲਦੇ ਮਜ਼ਦੂਰ ਦਾ ਅੱਜ ਫੁੱਟਿਆ ਗੁੱਸਾ ਕੋਈ ਹੈਰਾਨ ਕਰਨ ਵਾਲਾ ਨਹੀਂ ਹੈ। ਜ਼ਿਕਰਯੋਗ ਹੈ ਕਿ ਇਹ ਉਹੀ ਸਮਾਂ ਹੈ ਜਦੋਂ ਨਿੱਜੀਕਰਨ ਕਰਕੇ ਪਹਿਲਾਂ ਤੋਂ ਹੀ ਮੌਜੂਦ ਨਿਗੂਣੀਆਂ ਸਰਕਾਰੀ ਸਹੂਲਤਾਂ ਉੱਤੇ ਵੀ ਕੱਟ ਮਾਰੇ ਗਏ। ਲਗਾਤਾਰ ਆਰਥਿਕ ਸਮਾਜਿਕ ਖੇਤਰਾਂ ਵਿੱਚੋਂ ਦੁਰਕਾਰੀ ਗਈ ਇਹ ਬਹੁਗਿਣਤੀ ਆਬਾਦੀ ਕੋਲ ਸੰਘਰਸ਼ ਤੋਂ ਬਿਨਾਂ ਕੋਈ ਰਾਹ ਨਹੀਂ ਸੀ। 15ਵੀਂ ਭਾਰਤੀ ਕਿਰਤ ਕਾਨਫਰੰਸ ਅਤੇ ਰੈਪਟਾਕੋਸ ਬ੍ਰੈਟ ਕੇਸ ਦੀਆਂ ਹਦਾਇਤਾਂ ਨੂੰ ਅਮਲੀ ਜਾਮਾ ਤਾਂ ਕੀ ਪਹਿਨਾਉਣਾ ਸੀ ਸਗੋਂ ਇਹਨਾਂ ਪੈਮਾਨਿਆਂ ਵਿੱਚ ਵੀ ਮਜਦੂਰ ਵਿਰੋਧੀ ਬਦਲਾਅ ਦੀਆਂ ਤਜਵੀਜਾਂ ਦਿੱਤੀਆਂ ਗਈਆਂ। 2019 ਵਿੱਚ ਤਨਖਾਹ ਤੈਅ ਕਰਨ ਲਈ ਗਠਿਤ ਕੀਤੀ ਗਈ ਅਨੂਪ ਸਥਪਤੀ ਕਮੇਟੀ ਨੇ 2011-12 ਦੀ ਇੱਕ ਸਰਕਾਰੀ ਰਿਪੋਰਟ ਦੇ ਆਧਾਰ ਉੱਤੇ ਇਹ ਸਿੱਟਾ ਕੱਢਿਆ ਕਿ ਇੱਕ ਨੌਜਵਾਨ ਮਜਦੂਰ ਦੇ ਕੰਮ ਕਰਨ ਲਈ ਲੋੜੀਂਦੀਆਂ ਕੈਲਰੀਆਂ ਸਮੇਂ ਨਾਲ ਘਟੀਆਂ ਹਨ ਕਿਉਂਕਿ ਹੁਣ ਮਜਦੂਰ ਪਹਿਲਾਂ ਨਾਲੋਂ ਘੱਟ ਮਿਹਨਤ ਵਾਲੇ ਕੰਮ ਕਰਦੇ ਹਨ। ਆਈਸੀਐਮਆਰ ਜੋ ਕਿ ਖੁਦ ਸਰਕਾਰੀ ਸਿਹਤ ਸੰਸਥਾ ਹੈ, ਦੀਆਂ ਆਪਣੀਆਂ ਰਿਪੋਰਟਾਂ ਅਨੁਸਾਰ ਉਸਾਰੀ, ਖੇਤੀ, ਢੋਆ ਢੁਆਈ ਵਿੱਚ ਲੱਗੇ ਮਜਦੂਰਾਂ ਨੂੰ 3470 ਕੈਲਰੀ ਪ੍ਰਤੀ ਦਿਨ ਚਾਹੀਦੀ ਹੈ ਅਤੇ ਸਨਅਤੀ ਹੌਲੇ ਕੰਮ ਲਈ ਵੀ 2710 ਕੈਲਰੀ ਪ੍ਰਤੀ ਦਿਨ ਦੀ ਮਿਆਦ ਹੈ। ਪਰ ਸਰਕਾਰ ਦੀਆਂ ਅੱਖਾਂ ਦਾ ਟੀਰ ਇਹ ਕਦ ਦੇਖਦਾ। ਅਪ੍ਰੈਲ ਵਿੱਚ ਹੀ ਫੈਡ ਨਾਮ ਦੀ ਇੱਕ ਫਾਊਂਡੇਸ਼ਨ ਨੇ ਮਿਆਦੀ ਕਿਰਤ ਸ਼ਕਤੀ ਸਰਵੇਖਣ ਦੀ 2023-24 ਦੀ ਰਿਪੋਰਟ ਦੇ ਆਧਾਰ ਉੱਤੇ ਕਿਹਾ ਕਿ ਘੱਟੋ ਘੱਟ ਤਨਖਾਹਾਂ ਉੱਚੀਆਂ ਦਰਾਂ 'ਤੇ ਹਨ, ਇਸ ਲਈ ਬਹੁ ਗਿਣਤੀ ਮਜਦੂਰ ਘੱਟੋ ਘੱਟ ਤਨਖਾਹਾਂ ਤੋਂ ਹੇਠਾਂ ਤਨਖਾਹ ਲੈ ਰਹੇ ਹਨ। ਧਨਾਢਾਂ ਦੇ ਬੌਧਿਕ ਚਾਕਰਾਂ ਦੀ ਸੇਵਾ ਭਾਵਨਾ ਦੇਖੋ, ਤਰਕ ਦਾ ਇਸ ਤਰ੍ਹਾਂ ਚੀਰਹਰਨ ਕਰਨਾ ਕੋਈ ਇਹਨਾਂ ਤੋਂ ਸਿੱਖੇ! ਜਿਹੜੀ ਰਿਪੋਰਟ ਨੂੰ ਆਧਾਰ ਬਣਾ ਕੇ ਇਹੋ ਜਿਹੇ ਬੇਹੂਦਾ ਸਿੱਟੇ ਕੱਢ ਰਹੇ ਹਨ ਉਹ ਰਿਪੋਰਟ ਦੇ ਅੰਕੜੇ ਅਸਲ ਵਿੱਚ ਕੁਝ ਹੋਰ ਕਹਿੰਦੇ ਹਨ।



ਰਿਪੋਰਟ ਮੁਤਾਬਕ ਭਾਰਤ ਦੇ 14 ਸਭ ਤੋਂ ਵੱਧ ਆਬਾਦੀ ਵਾਲੇ ਸੂਬਿਆਂ ਵਿੱਚ 64 ਫੀਸਦੀ ਮਜਦੂਰ ਘੱਟੋ ਘੱਟ ਤਨਖਾਹਾਂ ਤੋਂ ਘੱਟ ਉਜਰਤ ਉੱਤੇ ਜਿਉਂ ਰਹੇ ਹਨ। ਕਈਆਂ ਵਿੱਚ ਤਾਂ ਇਹ ਅੰਕੜਾ 79% ਹੈ। 47% ਮਜ਼ਦੂਰ ਤਾਂ ਐਨਾ ਘੱਟ ਕਮਾ ਰਹੇ ਹਨ ਕਿ ਜੇ ਉਹਨਾਂ ਦੀ ਆਮਦਨ 30% ਵਧਾ ਵੀ ਦਿੱਤੀ ਜਾਵੇ ਤਾਂ ਵੀ ਉਹ ਘੱਟੋ ਘੱਟ ਤਨਖਾਹ ਤੋਂ ਹੇਠਾਂ ਹੀ ਰਹਿਣਗੇ ਜਾਣੀ ਕਿ ਉਹਨਾਂ ਨੂੰ ਘੱਟ ਅਦਾਇਗੀ ਗੈਰ ਕਾਨੂੰਨੀ ਅਪਰਾਧ ਹੋਵੇਗਾ। ਹਲੇ ਤਾਂ ਇਹ ਰਿਪੋਰਟ ਸਾਲ ਪੁਰਾਣੀ ਹੈ, ਮੌਜੂਦਾ ਤੇਲ ਸੰਕਟ ਦੌਰਾਨ ਤਾਂ ਇਹ ਅੰਕੜਾ ਹੋਰ ਵੀ ਵੱਡਾ ਹੋਇਆ ਹੋਵੇਗਾ। 1 ਅਪ੍ਰੈਲ 2026 ਨੂੰ ਪਾਣੀਪਤ ਰਿਫਾਇਨਰੀ ਦੇ ਮਜਦੂਰਾਂ ਦਾ ਸੰਘਰਸ਼ ਬਹੁਤ ਹੀ ਮਹੱਤਵਪੂਰਨ ਘਟਨਾ ਹੈ। ਜਦੋਂ ਫਰਵਰੀ ਤੋਂ ਲਗਾਤਾਰ ਮਜਦੂਰ ਸੰਘਰਸ਼ ਜੋਰ ਫੜ ਰਹੇ ਸਨ ਤਾਂ ਸਰਕਾਰ ਨੇ ਚਾਰ ਨਵੇਂ ਕਿਰਤ ਕਾਨੂੰਨਾਂ ਵਿਚਲੇ ਮਜਦੂਰੀ ਕੋਡ 2019 ਦੀ ਦੁਹਾਈ ਪਾ ਕੇ ਮਜਦੂਰਾਂ ਦੇ ਗੁੱਸੇ ਉੱਤੇ ਛਿੱਟਾ ਮਾਰਨ ਦੀ ਕੋਸ਼ਿਸ਼ ਕੀਤੀ। ਪਰ 1 ਅਪ੍ਰੈਲ ਨੂੰ ਘੱਟੋ ਘੱਟ ਉਜਰਤ ਐਕਟ 1948 ਖਤਮ ਕਰਕੇ, ਜਦੋਂ ਨਵਾਂ ਕਾਨੂੰਨ ਲਾਗੂ ਹੋਇਆ ਤਾਂ ਫਿਰ ਉਹੀ ਨਿਗੂਣਾ ਵਾਧਾ ਦੇਖਣ ਨੂੰ ਮਿਲਿਆ। ਪਾਣੀਪਤ ਦੇ ਮਜਦੂਰਾਂ ਨੇ ਖੁਦ ਨੂੰ ਠੱਗਿਆ ਮਹਿਸੂਸ ਕੀਤਾ ਅਤੇ ਮੁੜ ਤੋਂ ਸੰਘਰਸ਼ ਛੇੜ ਦਿੱਤਾ। ਮੁੜ ਤੋਂ ਉੱਠਿਆ ਇਹ ਭਾਂਬੜ ਫੇਰ ਮਾਨੇਸਰ, ਗੁੜਗਾਉਂ ਤੱਕ ਗਿਆ ਜਿਸ ਪਿੱਛੋਂ ਹਰਿਆਣਾ ਸਰਕਾਰ ਨੂੰ 35% ਤਨਖਾਹ ਵਾਧੇ ਦਾ ਐਲਾਨ ਕਰਨਾ ਪਿਆ। ਇਹੀ ਅੱਗ ਫਿਰ ਨੋਇਡਾ ਪੁੱਜੀ ਜਿਸ ਪਿੱਛੋਂ ਯੂਪੀ ਸਰਕਾਰ ਨੂੰ ਵੀ 21% ਵਾਧੇ ਦਾ ਐਲਾਨ ਕਰਨਾ ਪਿਆ। ਮਜਦੂਰੀ ਬਿੱਲ 2019 ਆਖਿਰ ਕੀ ਕਹਿੰਦਾ ਹੈ? ਮਜ਼ਦੂਰੀ ਬਿੱਲ 2019 ਅਸਲ ਵਿੱਚ ਘੱਟੋ ਘੱਟ ਤਨਖਾਹ ਉੱਤੇ ਕੱਟ ਲਾਉਂਦਾ ਹੈ। ਇਹਦੇ ਵਿੱਚ 15ਵੀਂ ਭਾਰਤੀ ਕਿਰਤ ਕਾਨਫਰੰਸ ਅਤੇ ਸਰਵ ਉੱਚ ਅਦਾਲਤ ਦੀਆਂ ਹਦਾਇਤਾਂ ਹੀ ਹਨ ਪਰ ਦੋ ਵੱਡੇ ਬਦਲਾਅ ਕੀਤੇ ਗਏ ਹਨ। ਇੱਕ ਤਾਂ ਮਕਾਨ ਦਾ ਕਿਰਾਇਆ ਜਿੱਥੇ ਪਹਿਲਾਂ ਬਜਾਰ ਦੇ ਰੇਟ ਤੋਂ ਤੈਅ ਸੀ, ਹੁਣ ਇਸ ਵਿੱਚ ਸੀਲਿੰਗ ਲਾ ਦਿੱਤੀ ਗਈ ਹੈ ਜੋ ਕਿ ਬੁਨਿਆਦੀ ਜਰੂਰਤਾਂ (ਖਾਣਾ+ਕੱਪੜਾ) ਲਈ ਖਰਚ ਦਾ 10% ਹੋਵੇਗਾ ਜਿਸ ਦਾ ਭਾਵ ਹੈ ਕਿ ਜੇ ਖਾਣੇ ਅਤੇ ਕੱਪੜੇ ਲਈ ਚਾਹੀਦੀ ਆਮਦਨ ਰਕਮ ਜੋੜੀ ਜਾਵੇ ਜੋ ਕਿ 10 ਹਜ਼ਾਰ ਹੋਵੇ ਤਾਂ ਫੇਰ ਮਕਾਨ ਦਾ ਕਿਰਾਇਆ ਸਿਰਫ 1000 ਰੁਪਏ ਰੱਖਿਆ ਜਾਵੇਗਾ। ਤੇਲ, ਬਿਜਲੀ ਵਗੈਰਾ ਲਈ ਇਹਦਾ 20% ਮਤਲਬ ਕਿ ਸਿਰਫ 2000 ਰੁਪਏ ਰੱਖਿਆ ਜਾਵੇਗਾ। ਜਿੱਥੇ ਅੱਜ ਇਕੱਲਾ ਇੱਕ ਗੈਸ ਸਿਲੰਡਰ 4 ਹਜ਼ਾਰ ਤੱਕ ਪਹੁੰਚ ਚੁੱਕਿਆ ਹੈ ਉੱਥੇ 2000 ਰੁਪਏ ਵਿੱਚ ਕਿਵੇਂ ਰੋਟੀ ਪੱਕ ਸਕਦੀ ਹੈ? ਇਹੀ ਕਾਰਨ ਹੈ ਕਿ ਸੂਰਤ ਦੇ ਰੇਲਵੇ ਸਟੇਸ਼ਨ ਉੱਤੇ ਪ੍ਰਵਾਸੀ ਮਜਦੂਰਾਂ ਦੀ ਘਰਾਂ ਨੂੰ ਵਾਪਸ ਜਾ ਰਹੀ ਭੀੜ ਦਿਸਦੀ ਹੈ। ਭੁੱਖ ਉਹਨਾਂ ਨੂੰ ਆਪਣੇ ਝੋਲੇ ਚੱਕ ਕੇ ਪਰਤਣ ਲਈ ਮਜਬੂਰ ਕਰਦੀ ਹੈ ਜਿਵੇਂ ਲੌਕਡਾਊਨ ਵੇਲੇ ਵੀ ਕੀਤਾ ਸੀ। ਦੂਜਾ ਵੱਡਾ ਬਦਲਾਅ ਹੈ ਕੌਮੀ ਫਲੋਰ ਲੈਵਲ ਘੱਟੋ ਘੱਟ ਉਜਰਤ ਜਾਂ ਕੌਮੀ ਫਲੋਰ ਉਜਰਤ ਦਾ ਨਵਾਂ ਨਿਯਮ। ਇਸ ਵਿਚਾਰ ਨੂੰ ਕਾਫੀ ਸਾਲਾਂ ਤੱਕ 'ਮਾਹਰ' ਕਮੇਟੀਆਂ ਵਿੱਚ ਰਿੜਕ ਕੇ ਕੱਢਿਆ ਗਿਆ, ਉਪਲਬਧੀ ਬਣਾ ਕੇ ਪੇਸ਼ ਕੀਤਾ ਗਿਆ। ਕੌਮੀ ਘੱਟੋ ਘੱਟ ਫਲੋਰ ਉਜਰਤ ਅਸਲ ਵਿੱਚ ਉਹ ਸੀਮਾ ਹੈ ਜਿਸ ਤੋਂ ਥੱਲ੍ਹੇ ਕੋਈ ਵੀ ਸੂਬਾ ਆਪਣੀ ਉਜਰਤ ਨਹੀਂ ਸਿੱਟ ਸਕਦਾ। ਇਹ ਸਾਰੇ ਭਾਰਤ ਵਿੱਚ ਇੱਕੋ ਤਰ੍ਹਾਂ ਲਾਗੂ ਹੋਵੇਗਾ। ਇਸ ਤੋਂ ਪਹਿਲਾਂ ਕਿ ਇਸ ਨੀਤੀ ਦੀ ਕੋਈ ਤਾਰੀਫ ਕਰੇ, ਇਹ ਜਾਨ ਲਵੋ ਕਿ ਘੱਟੋ ਘੱਟ ਉਜਰਤ ਤੈਅ ਕਿੰਨੀ ਕੀਤੀ ਹੈ-ਇੱਕ ਦਿਨ ਦ 178 ਰੁਪਏ! 26 ਦਿਨ ਕੰਮ ਦੇ ਹਿਸਾਬ ਨਾਲ ਮਹੀਨੇ ਦੇ ਪੂਰੇ ਪੂਰੇ 4628 ਰੁਪਏ ਬਣੇ। ਇਹ ਹੈ ਭਾਜਪਾ ਦੀ ਮਜਦੂਰਾਂ ਪ੍ਰਤੀ ਹਮਦਰਦੀ। ਅਸਲ ਵਿੱਚ ਇਹ ਸੀਮਾ ਤਨਖਾਹ ਵਧਾਉਣ ਦੀ ਥਾਂ ਸੂਬਾ ਸਰਕਾਰਾਂ ਨੂੰ ਤਨਖਾਹਾਂ ਘਟਾਉਣ ਜਾਂ ਓਨੀਆਂ ਹੀ ਰੱਖਣ ਲਈ ਪ੍ਰੇਰਿਤ ਕਰਦੀ ਹੈ। ਤਾਂ ਇਹ ਹੈ ਸਰਕਾਰਾਂ ਦੀ ਘੱਟੋ ਘੱਟ ਤਨਖਾਹ ਤੈਅ ਕਰਨ ਦੀ ਨੀਤੀ। ਲਾਗੂ ਕਰਨ ਦੀ ਗੱਲ ਕਰੀਏ ਤਾਂ 90% ਗੈਰ-ਜੱਥੇਬੰਦ ਖੇਤਰ ਤਾਂ ਜ਼ਿਆਦਾਤਰ ਇਹਨਾਂ ਹਦਾਇਤਾਂ ਤੋਂ ਵੈਸੇ ਵੀ ਵਾਂਝੇ ਹੀ ਰਹਿ ਜਾਂਦੇ ਹਨ। ਤਾਂ ਮਜ਼ਦੂਰਾਂ ਲਈ ਜਿਉਂਦੇ ਰਹਿਣ ਲਈ ਘੱਟੋ ਘੱਟ ਤਨਖਾਹ ਦੇ ਰਾਹ 'ਚ ਪਹਿਲਾਂ ਕਾਨੂੰਨਾਂ ਦੀ ਅੜਿੱਕੜ ਖੜੀ ਕੀਤੀ ਜਾਂਦੀ ਹੈ, ਜੇ ਉਹ ਵੀ ਹਟ ਜਾਵੇ ਤਾਂ ਫਿਰ ਲਾਗੂ ਕਰਵਾਉਣ ਦਾ ਇੱਕ ਅੱਡ ਮਸਲਾ ਹੈ। ਜਿਵੇਂ ਹੁਣ ਵੀ ਹਰਿਆਣਾ ਅਤੇ ਯੂਪੀ ਦੀਆਂ ਕਈ ਫੈਕਟਰੀਆਂ ਵਿੱਚ ਤਨਖਾਹ ਸੱਜਰੇ ਵਾਧਿਆਂ ਦੇ ਹਿਸਾਬ ਨਾਲ ਨਹੀਂ ਦਿੱਤੀ ਜਾ ਰਹੀ। ਕੋਈ ਇਹ ਕਹਿ ਸਕਦਾ ਹੈ ਕਿ ਸਰਕਾਰੀ ਤੌਰ ਉੱਤੇ ਘੱਟੋ ਘੱਟ ਤਨਖਾਹ ਦੇ ਰੇਟ ਉੱਤੇ ਐਨੀ ਮੱਥਾ-ਖਪਾਈ ਦਾ ਕੀ ਮਤਲਬ ਹੈ ਜੇ 90% ਗੈਰ-ਜਥੇਬੰਦ ਖੇਤਰ ਵਿੱਚ ਇਹ ਲਾਗੂ ਹੀ ਨਹੀਂ ਹੋਣਾ। ਅਸਲ ਵਿੱਚ ਇਹ ਵੀ ਤਾਂ ਉਜਰਤਾਂ ਦੇ ਮਾਮਲੇ ਵਿੱਚ ਹੋ ਰਹੇ ਧੱਕੇ ਨੂੰ ਵੀ ਦਰਸਾਉਂਦਾ ਹੈ ਸਰਕਾਰ ਦੀ ਲੋਕਾਂ ਪ੍ਰਤੀ ਜਵਾਬਦੇਹੀ (ਭਾਵੇਂ ਉਹ ਘੱਟ ਹੀ ਨਿਭਾਉਂਦੇ ਹਨ) ਕਰਕੇ ਦਬਾਅ ਹੇਠ ਮਜਦੂਰਾਂ ਲਈ ਕਾਨੂੰਨ ਬਣਾਉਣੇ ਅਤੇ ਲਾਗੂ ਕਰਨੇ ਪੈਂਦੇ ਹਨ। ਨਹੀਂ ਤਾਂ 'ਕਾਨੂੰਨ ਸਾਡੇ ਉੱਤੇ ਲਾਗੂ ਨਹੀਂ ਹੁੰਦੇ' ਕਹਿ ਕੇ ਫੈਕਟਰੀ ਮਾਲਕ ਪੱਲਾ ਝਾੜ ਦੇਣਗੇ। ਜਦੋਂ ਘੱਟੋ ਘੱਟ ਤਨਖਾਹ ਦਾ ਕਾਨੂੰਨ ਨਹੀਂ ਬਣਦਾ ਤਾਂ ਮਜਦੂਰਾਂ ਲਈ ਲੜਾਈ ਔਖੀ ਹੋ ਜਾਂਦੀ ਹੈ। ਉਦਾਹਰਣ ਵਜੋਂ ਲਾਲੜੂ ਵਿਖੇ ਜਪਾਨੀ ਕੰਪਨੀ ਏਐਲਪੀ ਨਿਸ਼ੀਕਾਵਾ ਵਿੱਚ ਹੜਤਾਲ ਹੋਈ। ਮਜਦੂਰਾਂ ਨੇ 783 ਰੁਪਏ ਪ੍ਰਤੀ ਦਿਨ ਦੀ ਮੰਗ ਰੱਖੀ। ਮਾਲਕ ਨੇ ਦਿਹਾੜੀ 550 ਰੁਪਏ ਕਰਦਿਆਂ ਇਹ ਕਹਿ ਕੇ ਪੱਲਾ ਝਾੜ ਦਿੱਤਾ ਕਿ ਬਾਕੀ ਤਨਖਾਹ ਤਾਂ ਫੇਰ ਹੀ ਵਧਾ ਸਕਦਾ ਹਾਂ ਜੇ ਪੰਜਾਬ ਸਰਕਾਰ ਘੱਟੋ ਘੱਟ ਤਨਖਾਹ ਵਧਾਉਂਦੀ ਹੈ। ਭਾਵੇਂ ਅਜਿਹੀ ਹਾਲਤ ਵਿੱਚ ਵੀ ਯੋਗ ਅਗਵਾਈ ਹੇਠ ਤਨਖਾਹ ਵਧਾਈ ਜਾ ਸਕਦੀ ਹੈ ਪਰ ਜਿਵੇਂ ਪਹਿਲਾਂ ਵੀ ਗੱਲ ਕੀਤੀ ਸੀ ਕਿ ਜੇ ਸਰਕਾਰ ਘੱਟੋ ਘੱਟ ਤਨਖਾਹ ਦੀ ਮਿਆਦ ਰੱਖਦੀ ਹੈ ਤਾਂ ਮਜ਼ਦੂਰਾਂ ਲਈ ਉਸਨੂੰ ਲਾਗੂ ਕਰਵਾਉਣਾ ਸੌਖਾ ਹੋਵੇਗਾ। ਅਖੀਰ ਫੇਰ ਘੱਟੋ ਘੱਟ ਉਜਰਤ ਕਿੰਨੀ ਹੋਵੇ? ਅਸੀਂ ਲੇਖ ਦੇ ਸ਼ੁਰੂ ਵਿੱਚ ਦੱਸੀ ਪਰਿਭਾਸ਼ਾ ਦੇ ਆਧਾਰ ਉੱਤੇ ਮੁਲੰਕਣ ਕਰੀਏ ਤਾਂ 15ਵੀਂ ਭਾਰਤੀ ਕਿਰਤ ਕਾਨਫਰੰਸ ਅਤੇ ਰੈਪਟਾਕੋਸ ਬ੍ਰੈਟ ਕੇਸ ਵਿਚਲੇ ਪੈਮਾਨੇ ਵਰਤ ਕੇ ਘੱਟੋ ਘੱਟ ਤਨਖਾਹ ਨੂੰ ਨਿਰਧਾਰਿਤ ਕੀਤਾ ਜਾ ਸਕਦਾ ਹੈ। ਪਰ ਇਸ ਵਿੱਚ ਮਹਿੰਗਾਈ ਦਰ ਵੀ ਲਾਜ਼ਮੀ ਪਾਉਣੀ ਹੋਵੇਗੀ। ਜਨਵਰੀ 2016 ਵਿੱਚ ਮਜਦੂਰ ਅਧਿਕਾਰ ਸੰਘਰਸ਼ ਅਭਿਆਨ ਨਾਮਕ ਜਥੇਬੰਦੀ ਨੇ ਉਪਰੋਕਤ ਪੈਮਾਨੇ ਅਤੇ ਸੱਤਵੇਂ ਉਜਰਤ ਅਯੋਗ ਦੇ ਆਧਾਰ ਉਤੇ ਘੱਟੋ ਘੱਟ ਉਜਰਤ ਤੈਅ ਕੀਤੀ ਸੀ ਜਿਸ ਦਾ ਜੋੜ ਕੁਝ ਇਸ ਤਰ੍ਹਾਂ ਹੈ। (ਇੱਥੇ ਅਸੀਂ ਮਹਿੰਗਾਈ ਦਰ ਨੂੰ ਜੋੜ ਕੇ ਲਿਖ ਰਹੇ ਹਾਂ ਜੋ ਕਿ 2016 ਦੀ ਰਕਮ ਵਿੱਚ ਜੋੜੀ ਗਈ ਹੈ) :

1. ਪ੍ਰਤੀ ਮਹੀਨਾ ਤਿੰਨ ਜਣਿਆਂ ਲਈ ਸਾਢੇ ਪੰਜ ਮੀਟਰ ਕੱਪੜਾ ਪ੍ਰਤੀ ਵਿਅਕਤੀ ਅਤੇ 2700 ਕੈਲੋਰੀ 27 – ਇਨ੍ਹਾਂ ਦੋਹਾਂ ਦਾ 13668 ਰੁਪਏ
2. ਮਕਾਨ ਦੇ ਕਿਰਾਏ ਲਈ 5940 ਰੁਪਏ
3. ਬਿਜਲੀ – ਪਾਣੀ ਲਈ 4907 ਰੁਪਏ
4. ਤੇਲ, ਸਿੱਖਿਆ, ਸਿਹਤ, ਬੁਢਾਪੇ, ਤਿਉਹਾਰ ਆਦਿ ਲਈ 8178 ਰੁਪਏ ਦਾ ਕੁੱਲ ਜੋੜ 32,714 ਰੁਪਏ ਬਣਦਾ ਹੈ ਜਾਣੀ ਕਿ ਘੱਟੋ ਘੱਟ ਤਨਖਾਹ ਹਰ ਹਾਲ 32 ਹਜਾਰ ਰੁਪਏ ਹੋਣੀ ਚਾਹੀਦੀ ਹੈ। ਅੱਜ ਕਿਸੇ ਨੂੰ ਵੀ ਇਹ ਲੱਗ ਸਕਦਾ ਹੈ ਕਿ 32 ਹਜ਼ਾਰ ਤਾਂ ਬਹੁਤ ਦੂਰ ਦੀ ਗੱਲ ਹੈ ਪਰ ਪਿਛਲੇ ਸਾਲ ਤੱਕ ਤਾਂ ਮਜਦੂਰ ਲਹਿਰ ਵੀ ਦੂਰ ਦੀ ਗੱਲ ਲੱਗਦੀ ਸੀ। ਮੌਜੂਦਾ ਸੰਘਰਸ਼ਾਂ ਦੀ ਆਪਮੁਹਾਰਤਾ ਦੀ ਸੀਮਤਾਈ ਜੇ ਦੂਰ ਕਰ ਲਈ ਜਾਵੇ ਤਾਂ ਇਹ ਘੱਟੋ ਘੱਟ ਤਨਖਾਹ ਦਾ ਹੱਕ ਹਾਸਲ ਕਰਨਾ ਕੋਈ ਔਖੀ ਗੱਲ ਨਹੀਂ। ਸਿਰਫ ਇਹੀ ਕਿਉਂ! ਓਵਰ ਟਾਈਮ ਦਾ ਦੁਗਣਾ ਭੁਗਤਾਨ, ਅੱਠ ਘੰਟੇ ਕੰਮ ਦਿਹਾੜੀ, ਬਿਹਤਰ ਕੰਮ ਹਾਲਤਾਂ, ਹਾਦਸਿਆਂ ਲਈ ਬਣਦੇ ਮੁਆਵਜੇ, ਈਪੀਐਫ ਈਐਸਆਈ ਆਦਿ ਵਰਗੀਆਂ ਸਹੂਲਤਾਂ; ਮਜਦੂਰ ਲਹਿਰ ਅੱਗੇ ਇਹ ਸਾਰੀਆਂ ਮੰਗਾਂ ਵੀ ਸਰ ਕਰਨ ਲਈ ਸਿਰ ਚੁੱਕੀ ਖੜ੍ਹੀਆਂ ਹਨ। ਪਰ ਇਹਨਾਂ ਮੰਗਾਂ ਲਈ ਲੜਦਿਆਂ ਸਾਨੂੰ ਇੱਕ ਗੱਲ ਸਪਸ਼ਟ ਹੋਣੀ ਚਾਹੀਦੀ ਹੈ ਕਿ ਮੌਜੂਦਾ ਢਾਂਚਾ ਮਾਲਕਾਂ ਦੇ ਮੁਨਾਫਿਆਂ ਦੇ ਆਸ਼ੇ 'ਤੇ ਟਿਕਿਆ ਹੋਇਆ ਹੈ। ਮਜਬੂਤ ਮਜਦੂਰ ਲਹਿਰ ਲਈ ਭਾਵੇਂ ਤਨਖਾਹਾਂ ਵੱਧ ਵੀ ਜਾਣ, ਭਾਵੇਂ ਓਵਰਟਾਈਮ ਦੁੱਗਣਾ ਮਿਲ ਵੀ ਜਾਵੇ, ਭਾਵੇਂ ਅੱਠ ਘੰਟੇ ਕੰਮ ਦਿਹਾੜੀ ਲਾਗੂ ਹੋ ਵੀ ਜਾਵੇ, ਹਾਦਸਿਆਂ ਲਈ ਮੁਆਵਜਾ ਮਿਲ ਵੀ ਜਾਵੇ; ਤਾਂ ਵੀ ਮਜਦੂਰ ਆਪਣੀ ਕਿਰਤ ਸ਼ਕਤੀ ਵੇਚਣ ਲਈ ਮਜਬੂਰ ਹੋਵੇਗਾ, ਸਰਮਾਏਦਾਰਾ ਲੁੱਟ ਜਾਰੀ ਰਹੇਗੀ। ਉਪਰੋਕਤ ਹਾਲਤਾਂ ਵਿੱਚ ਤਾਂ ਉਸ ਲੁੱਟ ਨੂੰ ਹੋਰ ਤੇਜ ਹੀ ਕੀਤਾ ਜਾਂਦਾ ਹੈ। ਤਾਂ ਸਾਡੀ ਲੜਾਈ ਸਿਰਫ ਸੱਤਾ ਤੋਂ ਆਰਥਿਕ ਸੁਧਾਰ ਹਾਸਿਲ ਕਰਨ ਤੱਕ ਸੀਮਤ ਨਹੀਂ। ਸਗੋਂ ਇਹ ਤਾਂ ਅਜੋਕੀ ਸੱਤਾ ਨੂੰ ਤਬਦੀਲ ਕਰਨ ਦੀ ਲੜਾਈ ਦਾ ਹਿੱਸਾ ਹੀ ਹੈ, ਜੋ ਮੁਨਾਫੇ 'ਤੇ ਟਿਕੀ ਹੈ। ਆਰਥਿਕ ਸੁਧਾਰਾਂ ਦੀ ਇਸੇ ਲੜਾਈ ਦੌਰਾਨ ਹੀ ਅਸੀਂ ਉਹ ਜਥੇਬੰਦ ਤਾਕਤ ਹਾਸਿਲ ਕਰ ਸਕਦੇ ਹਾਂ, ਜੋ ਇਸ ਢਾਂਚੇ ਦੀਆਂ ਜੜ੍ਹਾਂ ਵੱਢਕੇ ਇੱਕ ਐਸੇ ਪ੍ਰਬੰਧ ਦੀ ਨੀਂਹ ਰੱਖੇਗੀ ਜਿਸ ਦੇ ਕੇਂਦਰ ਵਿੱਚ ਮਨੁੱਖ ਹੋਵੇਗਾ, ਮੁਨਾਫਾ ਨਹੀਂ। ਅੱਜ ਭਾਵੇਂ ਸੱਤਾ ਨੇ ਜਬਰ ਰਾਹੀਂ, ਗੋਦੀ ਮੀਡੀਆ ਰਾਹੀਂ ਸੰਘਰਸ਼ਾਂ ਨੂੰ ਮੱਠਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਜੇ ਮਜਦੂਰਾਂ ਦੀ ਆਵਾਜ਼ ਇੱਕ ਥਾਂ ਦਬਾਈ ਜਾ ਰਹੀ ਹੈ ਤਾਂ ਦੂਜੀ ਜਗ ?ਹਾ ਉੱਠ ਵੀ ਰਹੀ ਹੈ ਜਿਵੇਂ ਹੁਣ ਪੰਜਾਬ ਵਿੱਚ ਵੀ ਦਿਨੋ ਦਿਨ ਮਜਦੂਰ ਹੜਤਾਲਾਂ ਵੱਧਦੀਆਂ ਜਾ ਰਹੀਆਂ ਹਨ। ਲਾਲੜੂ, ਮੰਡੀ ਗੋਬਿੰਦਗੜ੍ਹ, ਜੀਦਾ, ਦੋਰਾਹਾ ਲੁਧਿਆਣਾ ਤੱਕ ਇਸ ਦਾ ਸੇਕ ਪਹੁੰਚ ਚੁੱਕਾ ਹੈ। ਮਜਦੂਰਾਂ ਦੀ ਇਸ ਸੱਜਰੀ ਲਹਿਰ ਨੇ ਸਫਲਤਾਵਾਂ ਦੀ ਆਸ ਬਝਾਈ ਹੈ। ਸਹੀ ਇਨਕਲਾਬੀ ਅਗਵਾਈ ਹੇਠ ਇਹੋ ਲਹਿਰ ਇਤਿਹਾਸ ਸਿਰਜ ਸਕਦੀ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਸਾਨੂੰ ਇੰਡਸਟਰੀ ਦੀ ਇਸ ਤਰ੍ਹਾਂ ਦੀ ਚੁੱਪੀ ਤੇ ਸ਼ਰਮ ਆਉਂਦੀ ਹੈ

*(ਫਰਾਂਸ ਵਿੱਚ 12 ਮਈ ਤੋਂ 23 ਮਈ ਤੱਕ ਕਾਨਜ਼ ਫਿਲਮ ਫੈਸਟੀਵਲ ਚੱਲ ਰਿਹਾ ਹੈ। ਇਸ ਫੈਸਟੀਵਲ ਦੇ ਪਹਿਲੇ ਦਿਨ, 12 ਮਈ ਨੂੰ 350 ਤੋਂ ਵੱਧ ਅੰਤਰਰਾਸ਼ਟਰੀ ਫਿਲਮ ਐਕਟਰਾਂ, ਡਾਇਰੈਕਟਰਾਂ ਅਤੇ ਪ੍ਰੋਡਿਊਸਰਾਂ ਨੇ ਫਿਲਮ ਇੰਡਸਟਰੀ ਦੇ ਨਾਂ ਇਕ ਖੁੱਲ੍ਹਾ ਖੱਤ ਲਿਖਿਆ ਹੈ ਜਿਸ ਵਿੱਚ ਇਜ਼ਰਾਈਲੀ ਫੌਜ ਵਲੋਂ ਫਲਸਤੀਨੀ ਫੋਟੋ ਜਰਨਲਿਸਟ ਫਾਤਮਾ ਹਸੂਨਾ ਦੇ ਕਤਲ ਦੀ ਨਿਖੇਧੀ ਕੀਤੀ ਗਈ ਹੈ। ਇਹ ਖੱਤ ਵੈਰਾਇਟੀ ਮੈਗਜ਼ੀਨ ਦੇ ਸਾਈਟ 'ਤੇ 12 ਮਈ ਨੂੰ ਛਪਿਆ ਸੀ। ਇਸ ਖੱਤ ਵਿੱਚ ਲਿਖਿਆ ਹੈ, 'ਸਾਨੂੰ ਇੰਡਸਟਰੀ ਦੀ ਇਸ ਤਰ੍ਹਾਂ ਦੀ ਚੁੱਪੀ 'ਤੇ ਸ਼ਰਮ ਆਉਂਦੀ ਹੈ।' ਪੰਜਾਬੀ ਪਾਠਕਾਂ ਲਈ ਇਸ ਖੱਤ ਦਾ ਸੁਖਵੰਤ ਹੁੰਦਲ ਵਲੋਂ ਪੰਜਾਬੀ ਵਿੱਚ ਕੀਤਾ ਅਨੁਵਾਦ ਪੇਸ਼ ਹੈ।)*

## 350 ਤੋਂ ਵੱਧ ਅੰਤਰਾਸ਼ਟਰੀ ਫਿਲਮ ਐਕਟਰਾਂ, ਡਾਇਰੈਕਟਰਾਂ ਅਤੇ ਪ੍ਰੋਡਿਊਸਰਾਂ ਵਲੋਂ ਇੰਡਸਟਰੀ ਦੇ ਨਾਂ ਖੁੱਲ੍ਹਾ ਖੱਤ



ਸੁਖਵੰਤ ਹੁੰਦਲ
604644-2470

ਫ਼ਾਤਿਮ ਲਈ

ਫ਼ਾਤਮਾ ਹਸੂਨਾ (ਫ਼ਾਤਿਮ) 25 ਸਾਲਾਂ ਦੀ ਸੀ।

ਉਹ ਇੱਕ ਫਲਸਤੀਨੀ ਫ੍ਰੀਲਾਂਸ ਫੋਟੋ ਪੱਤਰਕਾਰ ਸੀ। ਉਸ ਨੂੰ 16 ਅਪ੍ਰੈਲ 2025 ਨੂੰ ਇਜ਼ਰਾਈਲ ਦੀ ਫੌਜ ਨੇ ਨਿਸ਼ਾਨਾ ਬਣਾਇਆ, ਉਸ ਦਿਨ ਤੋਂ ਇਕ ਦਿਨ ਬਾਅਦ ਜਦੋਂ ਸੈਪੀਦੀ ਫ਼ਾਰਸੀ ਦੀ ਫ਼ਿਲਮ "ਪੁੱਟ ਯੌਰ ਸੋਲ ਔਨ ਯੌਰ ਹੈਂਡ ਐਂਡ ਵਾਕ – Put Your Soul on Your Hand and Walk" ਨੂੰ ਕਾਨਜ਼ ਫ਼ਿਲਮ ਫੈਸਟੀਵਲ ਦੇ 1394 (ਐਸੋਸੀਏਸ਼ਨ ਫਾਰ ਦੀ ਡਿਫਿਊਜ਼ਨ ਆਫ ਇੰਡੀਪੈਂਡਿਟ ਸਿਨੇਮਾ ਭਾਵ ਅਜ਼ਾਦ ਸਿਨੇਮਾ ਦੇ ਪ੍ਰਸਾਰ ਲਈ ਬਣੀ ਐਸੋਸੀਏਸ਼ਨ) ਦੇ ਸੈਕਸ਼ਨ ਲਈ ਚੁਣਿਆ ਗਿਆ ਸੀ। ਫਾਤਿਮ ਇਸ ਫਿਲਮ ਦੀ ਸਟਾਰ ਸੀ।

ਉਸ ਦਾ ਵਿਆਹ ਹੋਣ ਵਾਲਾ ਸੀ।

ਉਸ ਦੇ ਦਸ ਰਿਸ਼ਤੇਦਾਰ, ਜਿਨ੍ਹਾਂ ਵਿੱਚ ਉਸ ਦੀ ਗਰਭਵਤੀ ਭੈਣ ਵੀ ਸ਼ਾਮਲ ਸੀ, ਉਸੇ ਇਜ਼ਰਾਈਲੀ ਹਮਲੇ ਵਿੱਚ ਮਾਰੇ ਗਏ ਸਨ।

7 ਅਕਤੂਬਰ 2023 ਦੇ ਭਿਆਨਕ ਕਤਲੇਆਮਾਂ ਤੋਂ ਬਾਅਦ, ਕਿਸੇ ਵੀ ਵਿਦੇਸ਼ੀ ਪੱਤਰਕਾਰ ਨੂੰ ਗਾਜ਼ਾ ਪੱਟੀ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਇਜ਼ਰਾਈਲੀ ਫੌਜ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ। 200 ਤੋਂ ਵੱਧ ਪੱਤਰਕਾਰਾਂ ਨੂੰ ਜਾਣ-ਬੁੱਝ ਕੇ ਮਾਰਿਆ ਜਾ ਚੁੱਕਾ ਹੈ। ਲੇਖਕ, ਫ਼ਿਲਮਸਾਜ਼ ਅਤੇ ਕਲਾਕਾਰ ਬੇਰਹਿਮੀ ਨਾਲ ਮਾਰੇ ਜਾ ਰਹੇ ਹਨ।

ਮਾਰਚ ਦੇ ਅਖੀਰ ਵਿੱਚ, ਆਸਕਰ ਜੇਤੂ ਫਿਲਮ 'ਨੋ ਅਦਰ ਲੈਂਡ -No Other Land' ਦੇ ਫਲਸਤੀਨੀ ਫ਼ਿਲਮਸਾਜ਼ ਹਮਦਨ ਬਲਾਲ ਉੱਤੇ ਇਜ਼ਰਾਇਲੀ ਅਬਾਦਕਾਰਾਂ (ਇਜ਼ਰਾਇਲੀ ਸੈਟਲਰਜ਼) ਵਲੋਂ ਬੇਰਹਿਮੀ ਨਾਲ ਹਮਲਾ ਕੀਤੇ ਜਾਣ ਬਾਅਦ ਉਸ ਨੂੰ ਫੌਜ ਨੇ ਅਗਵਾ ਕਰ ਲਿਆ ਸੀ ਅਤੇ ਬਾਅਦ ਵਿੱਚ ਉਸ ਨੂੰ ਅੰਤਰਰਾਸ਼ਟਰੀ ਦਬਾਅ ਹੇਠ ਹੀ ਰਿਹਾ ਕੀਤਾ। ਇਸ ਫਿਲਮ ਦਾ ਨਿਰਦੇਸ਼ਨ ਯੁਵਲ ਅਬ੍ਰਾਹਮ, ਬਾਸਲ ਅਦਰਾ ਅਤੇ ਰੇਚਲ ਜ਼ੋਰ ਨੇ ਰਲ ਕੇ ਕੀਤਾ ਸੀ। ਹਮਦਾਨ ਬਲਾਲ ਪ੍ਰਤੀ ਆਸਕਰ ਅਕੈਡਮੀ ਦੇ ਸਮਰਥਨ ਦੀ ਕਮੀ ਨੇ ਇਸ ਦੇ ਆਪਣੇ ਮੈਂਬਰਾਂ ਵਿੱਚ ਰੋਸ ਪੈਦਾ ਕੀਤਾ ਸੀ ਅਤੇ ਉਸ (ਅਕੈਡਮੀ) ਨੂੰ ਆਪਣੇ ਵਲੋਂ ਐਕਸ਼ਨ ਨਾ ਕੀਤੇ ਜਾਣ ਲਈ ਜਨਤਕ ਤੌਰ 'ਤੇ ਮੁਆਫੀ ਮੰਗਣੀ ਪਈ ਸੀ।

ਸਾਨੂੰ ਇਸ ਤਰ੍ਹਾਂ ਦੀ ਚੁੱਪੀ 'ਤੇ ਸ਼ਰਮ ਆਉਂਦੀ ਹੈ।

ਅਜਿਹਾ ਕਿਉਂ ਹੈ ਕਿ ਸਮਾਜਕ ਤੌਰ 'ਤੇ ਵਚਨਬੱਧ ਕਿਰਤਾਂ ਨੂੰ ਪੈਦਾ ਕਰਨ ਵਾਲੀ ਜ਼ਮੀਨ, ਸਿਨੇਮਾ, ਹਕੀਕਤ ਦੀ ਭਿਆਨਕਤਾ ਅਤੇ ਸਾਡੇ ਭੈਣਾਂ-ਭਰਾਵਾਂ ਵੱਲੋਂ ਝੱਲੇ ਜਾ ਰਹੇ ਜ਼ੁਲਮ ਪ੍ਰਤੀ ਇੰਨੀ ਉਦਾਸੀਨ ਹੈ?

ਜਦੋਂ ਗਾਜ਼ਾ ਵਿੱਚ ਨਸਲਕੁਸ਼ੀ ਹੋ ਰਹੀ ਹੈ ਅਤੇ ਇਹ ਹੌਲਨਾਕ ਖਬਰਾਂ ਸਾਡੇ ਭਾਈਚਾਰਿਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀਆਂ ਹਨ, ਉਸ ਸਮੇਂ ਕਲਾਕਾਰਾਂ ਅਤੇ ਸੱਭਿਆਚਾਰਕ ਕਾਰਕੁਨਾਂ ਦੇ ਰੂਪ ਵਿੱਚ ਅਸੀਂ ਚੁੱਪ ਨਹੀਂ ਰਹਿ ਸਕਦੇ।

ਜੇ ਇਤਿਹਾਸ ਤੋਂ ਸਬਕ ਨਹੀਂ ਲੈਣੇ, ਜੇ ਵਚਨਬੱਧਤਾ ਵਾਲੀਆਂ ਫਿਲਮਾਂ ਨਹੀਂ ਬਣਾਉਣੀਆਂ, ਜੇ ਅਸੀਂ ਦੱਬੀਆਂ ਹੋਈਆਂ ਅਵਾਜ਼ਾਂ ਲਈ ਹਾਜ਼ਰ ਨਹੀਂ ਹੋਣਾ ਤਾਂ ਸਾਡੇ ਪੇਸ਼ਿਆਂ ਦਾ ਕੀ ਮਤਲਬ ਹੈ?

ਇਹ ਚੁੱਪ ਕਿਉਂ?

ਸੱਜੇ ਪੱਖੀ, ਫਾਸੀਵਾਦੀ, ਬਸਤੀਵਾਦੀ, ਟਰਾਂਸ-ਵਿਰੋਧੀ ਅਤੇ ਐੱਲ ਜੀ ਬੀ ਟੀ ਕਿਊ ਆਈ ਏ+ (LGBTQIA+) ਵਿਰੋਧੀ, ਲਿੰਗ ਆਧਾਰਤ ਵਿਤਕਰਾ ਕਰਨ ਵਾਲੀਆਂ, ਨਸਲਵਾਦੀ, ਇਸਲਾਮ ਵਿਰੋਧੀ ਅਤੇ ਯੂਹਦੀ ਲੋਕਾਂ ਦਾ ਵਿਰੋਧ ਕਰਨ ਵਾਲੀਆਂ ਲਹਿਰਾਂ ਵਿਚਾਰਾਂ ਦੇ ਖੇਤਰ ਵਿੱਚ ਆਪਣੀ ਲੜਾਈ ਲੜ ਰਹੀਆਂ ਹਨ ਅਤੇ ਪ੍ਰਕਾਸ਼ਨ, ਸਿਨੇਮਾ ਅਤੇ ਯੂਨੀਵਰਸਿਟੀਆਂ 'ਤੇ ਹਮਲੇ ਕਰ ਰਹੀਆਂ ਹਨ। ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਲੜੀਏ।

ਆਉ ਅਤੇ ਆਪਣੀ ਕਲਾ ਨੂੰ ਸਭ ਤੋਂ ਬੁਰੇ ਦਾ ਸਾਥੀ ਬਣਨ ਤੋਂ ਰੋਕੀਏ।

ਆਉ ਉੱਠ ਕੇ ਖੜ੍ਹੇ ਹੋਈਏ।

ਆਉ ਹਕੀਕਤ ਦਾ ਨਾਂ ਲਈਏ।

ਆਉ ਆਪਣੇ ਸੰਵੇਦਨਸ਼ੀਲ ਦਿਲਾਂ ਦੀ ਸ਼ੁੱਧਤਾ ਨਾਲ ਇਸ ਨੂੰ ਇਕੱਠੇ ਹੋ ਕੇ ਦੇਖਣ ਦੀ ਹਿੰਮਤ ਕਰੀਏ, ਤਾਂ ਜੋ ਇਸ ਨੂੰ ਹੋਰ ਚੁੱਪ ਨਾ ਕਰਾਇਆ ਜਾ ਸਕੇ ਅਤੇ ਲੁਕਾਇਆ ਨਾ ਜਾ ਸਕੇ।

ਆਉ ਉਸ ਪ੍ਰਾਪੇਗੰਡੇ ਨੂੰ ਰੱਦ ਕਰੀਏ ਜੋ ਲਗਾਤਾਰ ਸਾਡੀ ਕਲਪਨਾ 'ਤੇ ਕਾਬਜ਼ ਹੋ ਰਿਹਾ ਹੈ ਅਤੇ ਸਾਨੂੰ ਸਾਡੀ ਇਨਸਾਨੀਅਤ ਦੀ ਸਮਝ ਤੋਂ ਸੱਖਣੇ ਕਰ ਰਿਹਾ ਹੈ।

ਫ਼ਾਤਿਮ ਲਈ ਅਤੇ ਉਨ੍ਹਾਂ ਸਾਰਿਆਂ ਲਈ ਜੋ ਉਦਾਸੀਨਤਾ ਵਿੱਚ ਮਰ ਰਹੇ ਹਨ।



ਸਿਨੇਮਾ ਦਾ ਫਰਜ਼ ਬਣਦਾ ਹੈ ਕਿ ਉਹ ਉਨ੍ਹਾਂ ਦੇ ਸੁਨੇਹਿਆਂ ਨੂੰ ਅੱਗੇ ਲਿਜਾਵੇ, ਆਪਣੇ ਸਮਾਜਾਂ ਦਾ ਅਕਸ ਦਿਖਾਵੇ।

ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਆਉ ਕੁੱਝ ਕਰੀਏ।

(ਅੰਗਰੇਜ਼ੀ ਤੋਂ ਅਨੁਵਾਦ: ਸੁਖਵੰਤ ਹੁੰਦਲ)

***

(ਸੰਪਾਦਕ ਲਈ ਨੋਟ: ਤੁਸੀਂ ਹੇਠ ਲਿਖੇ ਲੋਕਾਂ ਦੇ ਨਾਂ ਦੇ ਸਕਦੇ ਹੋ। ਪਰ ਜੇ ਥਾਂ ਦੀ ਘਾਟ ਹੋਵੇ ਤਾਂ ਤੁਸੀਂ ਇਹ ਲਿਖ ਸਕਦੇ ਹੋ: ਇਸ ਚਿੱਠੀ 'ਤੇ 350 ਤੋਂ ਵੱਧ ਫਿਲਮਸਾਜ਼ਾਂ ਅਤੇ ਕਲਾਕਾਰ ਨੇ ਦਸਖ਼ਤ ਕੀਤੇ ਹਨ। ਉਹਨਾਂ ਦੇ ਨਾਂ ਦੇਖਣ ਲਈ ਤੁਸੀਂ ਅਮਰੀਕਾ ਦੇ ਮੈਗਜ਼ੀਨ ਵੈਰਾਇਟੀ ਦੇ ਵੈੱਬਸਾਈਟ 'ਤੇ ਜਾ ਸਕਦੇ ਹੋ, ਜਿੱਥੇ ਇਹ ਅੰਗਰੇਜ਼ੀ ਵਿੱਚ ਛਪਿਆ ਸੀ।)

**ਦਸਖ਼ਤ:** (ਇਸ ਖੁੱਲ੍ਹੀ ਚਿੱਠੀ 'ਤੇ 350 ਤੋਂ ਵੱਧ ਹੇਠ ਲਿਖੇ ਫਿਲਮਸਾਜ਼ਾਂ ਅਤੇ ਕਲਾਕਾਰ ਨੇ ਦਸਖ਼ਤ ਕੀਤੇ ਹਨ।)

ਖਾਲਿਦ ਅਬਦੱਲਾ, ਨੋਈ ਆਬੀਤਾ, ਹਾਨੀ ਅਬੂ-ਅਸਦ, ਰਫ਼ਾਇਲ ਅਗੋਗੁਈ, ਇਯਾਦ ਅਲਾਸਤਤਲ, ਕਾਤੀਆ ਅਲਬਰਤਾਜ਼ੀ, ਵਲਾਦ ਅਲੈਕਸਿਸ, ਤਰਨੇਹ ਅਲੀਦੋਸਤੀ, ਵਾਦ ਅਲ-ਕਤੀਬ, ਯਾਸਮੀਨ ਅਲ ਮਸਰੀ, ਪੇਦਰੋ ਅਲਮੋਦੋਵਾਰ, ਪੇਦਰੋ ਅਲੋਂਸੋ, ਕ੍ਰਿਸਟੇਲ ਅਲੇਵੇਸ ਮੇਰਾ, ਸੇਰਦਾਰ ਅਕਾਰ, ਇੰਡੀਆ ਅਮਰਤੇਫਿਓ, ਗਿਆਨੀ ਅਮੇਲੀਓ, ਮੋ ਅਮਰ, ਕਾਰਮੀਨ ਅਮੋਰੋਸੋ, ਐਲੀਜ਼ਾ ਅਮੋਰੂਸੋ, ਰੋਮੇਨ ਆਂਦਰੇ, ਰੋਬਰਤੋ ਆਂਦੋ, ਜਿਓਫ ਆਰਬੋਰਨ, ਫਰਾਂਚੇਸਕਾ ਆਰਕੀਬੂਗੀ, ਤਿਜ਼ੀਆਨਾ ਅਰਿਸਤਾਰਕੋ, ਸਵਾਨ ਅਰਲੌਂ, ਓਲੀਵੀਏ ਅਜ਼ਾਮ, ਗੋਕਸੇ ਬਾਹਾਦਿਰ, ਜੀਨ ਬਾਲੀਬਾਰ, ਬਾਲੋਜੀ, ਅਵੀਟਾਲ ਬਾਰਕ, ਕਾਰਲੋਸ ਬਾਰਡੇਮ, ਹਾਵੀਏਰ ਬਾਰਡੇਮ, ਮੇਲਿਸਾ ਬਾਰੇਰਾ, ਬੇਲਮਾ ਬਾਸ਼, ਡੋਮੀਨਿਕ ਬੌਮਾਰ, ਜ਼ਾਵੀਏ ਬੋਵੋ, ਸਈਦ ਬੇਨ ਸਈਦ, ਲੇਇਲਾ ਬੇਖਤੀ, ਲੂਕਾ ਬੇਲੀਨੋ, ਸੂਜ਼ੀ ਬੈਂਬਾ, ਅਦੀਲਾ ਬੇਂਡੀਮੇਰਾਦ, ਕਾਊਥਰ ਬੇਨ ਹਾਨੀਆ, ਦਾਲੀ ਬੇਨਸਲਾਹ, ਫਾਬਰੀਜ਼ੀਓ ਬੈਂਟੀਵੋਗਲੀਓ, ਜੂਲੀ ਬਰਤੂਚੇਲੀ, ਸੀਮੋਨ ਬਿਟੋਨ, ਕੋਨਸਤਾਂਤੀਨ ਬੋਯਾਨੋਵ, ਬਰਤਰਾਂ ਬੋਨੇਲੋ, ਅਗਾਥ ਬੋਨੀਤਜ਼ਰ, ਅਮੇਲੀ ਬੋਨਿਨ, ਬਰੂਨੋ ਬੋਨਜ਼ੋਲਾਕਿਸ, ਲੂਸੀ ਬੋਰਲਤੋ, ਸਾਮੀ ਬੂਆਜੀਲਾ, ਐਲੋਦੀ ਬੂਸ਼ੇ, ਬਾਸਤੀਆਂ ਬੂਯੋਂ, ਗੁਇਯੋਮ ਬ੍ਰਾਕ, ਰਚੀਦਾ ਬ੍ਰਕਨੀ, ਐਵਲੀਨ ਬ੍ਰੋਸ਼ੂ, ਸਿਲਵੀਆ ਬਰੂਨੇਲੀ, ਜੀਂ-ਸਤੇਫਾਨ ਬ੍ਰੋਂ, ਸੇਲੇਸਟ ਬਰੁਨਕੇਲ, ਜੀਆਨਫਰਾਂਕੋ ਕਾਬੀਦੂ, ਏਸਮੇਰਾਲਦਾ ਕਾਲਾਬਰੀਆ, ਲੌਰ ਕਲਾਮੀ, ਮੀਮੋ ਕਾਲੋਪ੍ਰੇਸਤੀ, ਮੇਹਮੇਤ ਜਾਨ ਮੇਰਤੋਗਲੂ, ਏਰਿਕ ਕਾਂਤੋਨਾ, ਸਤੇਫਾਨੀਆ ਕਾਜ਼ੀਨੀ, ਐਂਟੋਨੀਓ ਮਾਰੀਆ ਕਾਸਤਾਲਦੋ, ਮਾਰਕੋ ਕਾਸਤਾਲਦੀ, ਸੇਰਜੀਓ ਕਾਸਤੇਲੀਟੋ, ਬੇਨਿਆਮੀਨੋ ਕਾਤੇਨਾ, ਏਬਰੂ ਨੂਰੀ ਜੇਲਾਨ, ਨੂਰੀ ਬਿਲਗੇ ਜੇਲਾਨ, ਲੋਲੀਟਾ ਸ਼ਾਮਾ, ਮੋਇਰਾ ਸ਼ੈਪਦਲੇਨ-ਵੋਤੀਏ, ਅਮੀਰਾ ਸ਼ੈਬਲੀ, ਨਾਦੀਮ ਸ਼ੈਖਰੌਹਾ, ਐਂਟੋਆਨ ਸ਼ੇਵਰੋਲੀਏ, ਸੀਮੋਨਾ ਕੀਓਕਾ, ਜੂਲੀ ਕ੍ਰਿਸਟੀ, ਏਲੀਏਰ ਸਿਸਟਰਨ, ਇਜ਼ਾਬੇਲ ਕੋਇਕਸੇਤ, ਦਾਨੀਏਲੇ ਕੋਲੁਚੀਨੀ, ਮਾਦਦਾਲੀਨਾ ਕ੍ਰਿਪਾ, ਡੇਵਿਡ ਕ੍ਰੋਨਨਬਰਗ, ਕੋਸਤਾ-ਗਾਵਰਾਸ, ਸਾਵੇਰੀਓ ਕੋਸਤਾਨਜ਼ੋ, ਪਾਓਲੋ ਕੋਸਤੇਲਾ, ਪਾਪੀ ਕੋਰਸੀਕਾਤੋ, ਬ੍ਰਾਇਅਨ ਕੌਕਸ, ਮਾਰਸ਼ੀਆ ਕਰਾਸ, ਅਲਫੋਂਸੋ ਕੁਆਰੋਨ, ਲਿਆਮ ਕਨਿੰਘਮ, ਸਿਨੀਦ ਕੂਸੈਕ, ਫਾਤੀਮਾ ਦਾਸ, ਚੇਰੀਏਨ ਦਾਬਿਸ, ਬੇਆਤਰੀਸ ਦਾਲ, ਚਾਰਲਜ਼ ਡਾਂਸ, ਚੀਰੋ ਦੇਮੀਲੀਓ, ਅਰਕਿਨ ਮਰਜਾਨ ਦੇਦੇ, ਮੇਰੀ ਐਲਨ ਡੇਵਿਸ, ਸਲੀਮਾਨ ਦਾਜ਼ੀ, ਯਾਨ ਦੇਦੇ, ਮੈਥੀਉ ਦੇ ਲਾਬੋਰਦ, ਪੀਏਰ ਦੇਲਾਡੋਂਸ਼ਾਂ, ਏਮੀਲੀ ਦੇਲੇਜ਼, ਆਨੀਆ ਦੇ ਸਾਸੀ, ਵੋਲਫਾਂਗੋ ਦੇ ਬਿਆਸੀ, ਚੀਰੋ ਦੇ ਕਾਰੋ, ਮੌਰਾ ਦੇਲਪੇਰੋ, ਮਾਰੀਆ ਦੇ ਮੇਦੇਰੋਸ, ਜੂਲੀਆਨਾ ਦੇ ਸੀਓ, ਮਾਰੀਆ ਤੇਰੇਸਾ ਦੇ ਵੀਟੋ, ਸਿਲਵਾਂ ਦੇਕਲੂ, ਲੂਕਾ ਡੋਂ, ਹੁਆਨ ਦੀਏਗੋ ਬੋਤੋ, ਐਲੀਸ ਡੀਓਪ, ਜਾਵਾਦ ਦਜਾਵਾਹਰੀ, ਜੂਲੀ ਦੇਲਪੀ, ਜ਼ਾਵੀਏ ਦੋਲਾਂ, ਦਿਮਿਤਰੀ ਦੋਰੇ, ਲੇਤੀਸ਼ੀਆ ਦੋਸ਼, ਜੋਆਨਾ ਦੋਸ ਰੇਇਸ, ਮਾਈਕ ਡਾਉਨੀ (ਓ.ਬੀ.ਈ.), ਸਾਰਾ ਡ੍ਰਾਈਵਰ, ਲੁਆਨਾ ਡੂਸ਼ਮਾਂ, ਸੋਫੀ ਡੂਪੁਈ, ਪੀਏਰ-ਨਿਕੋਲਾ ਡੂਰਾਂ, ਵਰਜੀਨੀ ਏਫੀਰਾ, ਹੈਨਾ ਆਇਨਬਾਇੰਡਰ, ਸਈਦ ਅਲ ਅਲਾਮੀ, ਵੀਦਾਦ ਏਲਮਾ, ਅਮੀਰ ਏਲ-ਮਸਰੀ, ਮਾਰੇਕੇ ਏਂਗਲਹਾਰਡ, ਵਿਕਤੋਰ ਏਰੀਸੇ, ਬੇਨੇਦਿਕਤ ਏਰਲਿੰਗਸਨ, ਅਦੇਲ ਏਗਜ਼ਾਰਕੋਪੂਲਸ, ਰੋਬਰਤੋ ਫਾਏਂਜ਼ਾ, ਫਰੇਦੇਰਿਕ ਫਾਰੂਚੀ, ਸੇਪੀਦੇਹ ਫਾਰਸੀ, ਨੀਨਾ ਫੋਰ, ਏਲਦਾ ਫੇਰੀ, ਮਾਰਗਰੀਤਾ ਫੇਰੀ, ਇਜ਼ਾਬੇਲਾ ਫੇਰਾਰੀ, ਲੀਜ਼ਾ ਫੇਸਤਾ, ਰਾਲਫ਼ ਫਾਈਨਜ਼, ਸੋਫੀ ਫਾਈਨਜ਼, ਮਿਲੇਨਾ ਫਿ5ਰੇ, ਮਹਿਦੀ ਫਲੇਫਲ, ਮੀਕੇਲੇ ਫੋਰਨਾਜ਼ੇਰੋ, ਮਰੀਨ ਫਰਾਂਸਾਂ, ਬਲਾਂਸ਼ ਗਾਰਦਾਂ, ਲੈਨਾ ਗਾਰੇਲ, ਕਾਰਮਨ ਗਾਰਸੀਆ, ਜੀਂ-ਰੇਮੋਂ ਗਾਰਸੀਆ, ਨਿਕੋਲ ਗਾਰਸੀਆ, ਪਾਬਲੋ ਗਾਰਸੀਆ ਕਾਂਗਾ, ਮਾਤੇਓ ਗਾਰੋਨੇ, ਅਲੇਸਾਂਦਰੋ ਗਾਸਮਾਨ, ਨਾਦੀਆ ਜੀਨੇ, ਜ਼ਾਵੀਏ ਜਾਂਸ, ਪਾਓਲੋ ਜੇਨੋਵੇਜ਼ੇ, ਔਰੇਲੀਆ ਜਾਰਜ, ਰਿਚਰਡ ਗੇਅਰ, ਦੇਨੀ ਘੇਰਬ੍ਰਾਂ, ਅਦਰੀਆਨੋ ਜੀਆਨੀਨੀ, ਐਲੇਕਸ ਗਿਬਨੀ, ਰਫ਼ਾਇਲ ਗਿਰਾਰਦੋ, ਜੋਨਾਥਨ ਗਲੇਜ਼ਰ, ਜੂਡਿਥ ਗੋਦਰੇਸ਼, ਬ੍ਰੀਸ ਗ੍ਰਾਵੇਲ, ਇਮੈਨੁਏਲ ਗ੍ਰਾ, ਜ਼ੇਨੋ ਗ੍ਰਾਤੋਂ, ਮਾਰਕੋ ਗ੍ਰੇਕੋ, ਜੋਸੇ ਲੁਈਸ ਗੇਰੀਨ, ਡੀਆਨ ਗੁਏਰੇਰੋ, ਸਾਮੀਰ ਗੇਸਮੀ, ਵੈਂਸਨ ਗਿਲਬੇਰ, ਅਲਾਂ ਗੀਰੌਦੀ, ਗਰਮਨ ਗੁਤੀਰੇਜ਼, ਨਾਓਮੀ ਫੋਨਰ ਗਾਈਲਨਹਾਲ, ਗ੍ਰੀਮੂਰ ਹਾਕੋਨਾਰਸਨ, ਰਿਬੇਕਾ ਹਾਲ, ਆਰਤੁਰ ਹਰਾਰੀ, ਮੀਸਾਨ ਹੈਰੀਮੈਨ, ਲੀਨਾ ਹੇਡੀ, ਕਲੋਤੀਲਡ ਏਮ, ਹਾਫਸੀਆ ਹਰਜ਼ੀ, ਟੇਡ ਹੋਪ, ਵੈਨੇਸਾ ਹੋਪ, ਸਾਂਦਰਾ ਹੁਲਰ, ਫਿਓਰੇਲਾ ਇਨਫਾਸ਼ੇਲੀ, ਮੁਹੰਮਦ ਜਾਬਾਲੀ, ਐਨੀਮਰੀ ਜਾਸੀਰ, ਅਲਮਾ ਜੋਦੋਰੋਵਸਕੀ, ਔਸਕਰ ਜੋਨਾਸਨ, ਐਲੀਜ਼ਾਬੈਤ ਜੋਨੀਔਂ, ਵਾਲਦੀਮਾਰ ਜੋਹਾਨਸਨ, ਰੇਚਲ ਲੀਆ ਜੋਨਸ, ਥੋਰਸਟੀਨ ਜੋਨਸਨ, ਗਲਾਡੀਸ ਜੂਜੂ, ਰਾਦੂ ਜੂਦੇ, ਇਲਕੇਰ ਕਾਲੇਲੀ, ਆਸਿਫ ਕਪਾਡੀਆ, ਸੇਮੀਹ ਕਾਪਲਾਨੋਗਲੂ, ਮੈਥੀਉ ਕਾਸੋਵਿਤਜ਼, ਅਕੀ ਕੌਰੀਸਮਾਕੀ, ਜ਼ਾਕ ਕੇਬਾਦੀਆਂ, ਏਰਵਾਨ ਕੇਪੋਆ ਫਾਲੇ, ਯੈਨਿਕ ਕੇਰਗੋ, ਸੋਫੀਆਨ ਖੰਮੇਸ, ਮੀਸ਼ੇਲ ਖਲੇਈਫੀ, ਸ਼ਾਕਾ ਕਿੰਗ, ਐਲੇਨਾ ਕਲੋਤਜ਼, ਨਿਕੋਲਾ ਕਲੋਤਜ਼, ਵਿਲਮਾ ਲਾਬਾਤੇ, ਅਰੀਆਨ ਲਾਬੇਦ, ਮੂਰਾਦ ਲਾਫੀਤ, ਫਿਲਿਪ ਲਾਈਕ, ਯੋਰਗੋਸ ਲਾਂਥੀਮੋਸ, ਐਲੇਕਸਿਸ ਲਾਂਗਲੋਆ, ਨਾਦਵ ਲਾਪੀਦ, ਲੂਕ ਲੇਕਲੇਰ ਦੂ ਸਾਬਲੋਂ, ਏਰਵਾਨ ਲੇ ਦੂਕ, ਰਾਦੌਆਨ ਲੇਫਲਾਹੀ, ਮਾਈਕ ਲੀ, ਬਲਾਂਦੀਨ ਲੈਨਵਾਰ, ਫਿਲਿਪ ਲੇਸਪੀਨਾਸ, ਮੀਕਾ ਲੇਵੀ, ਲੁਈਗੀ ਲੋ ਕਾਸ਼ੀਓ, ਐਲੀਜ਼ਾਬੈਤਾ ਲੋਦੋਲੀ, ਫਲੋਰੈਂਸ ਲੋਵਰੇ-ਕਾਏ, ਸਤੇਫਾਨੋ ਲੋਰੇਂਜ਼ੀ, ਬੋਰਿਸ ਲੋਜਕੀਨ, ਫਾਬੀਓ ਮਾਸੀਮੋ ਲੋਜ਼ੀ, ਦਾਨੀਏਲੇ ਲੁਕੇਤੀ, ਸਿਲਵੀਆ ਲੁਜ਼ੀ, ਫਿਲਿਪੋ ਮਾਚੇਲੋਨੀ, ਗੁਸਲਾਗੀ ਮਾਲਾਂਦਾ, ਡੇਵਿਡ ਮਾਂਬੂਸ਼, ਸੀਮੋਨ ਮਾਨੇਤੀ, ਐਂਡਰੀਆ ਮਾਨੀ, ਮੀਰੀਅਮ ਮਾਰਗੋਲੀਜ਼, ਨਾਰੀਮਾਨ ਮਾਰੀ, ਵੈਂਸਨ ਮਾਰੀਏਤ, ਫੇਲਿਕਸ ਮਾਰੀਤੋ, ਲਾਇਲਾ ਮਾਰਾਕਚੀ, ਲੂਕਰੇਸੀਆ ਮਾਰਤੇਲ, ਮਾਰੀਓ ਮਾਰਤੋਨੇ, ਅਲੇਸਾਂਦਰਾ ਮਾਸੀ, ਵਾਲੇਰੀਓ ਮਾਸਤਾਂਦਰੇਆ, ਪੈਤ੍ਰੀਸ਼ੀਆ ਮਾਜ਼ੂਈ, ਸਾਈਮਨ ਮੈਕਬਰਨੀ, ਮੂਨੀਆ ਮੇਦੂਰ, ਸਿਲਵੇਸਤਰ ਮੇਜ਼ਰ, ਫਰਨਾਂਦੋ ਮੇਰੇਲੇਸ, ਕਲੇਬਰ ਮੇਂਦੋਂਸਾ ਫਿਲੀਓ, ਨੀਨਾ ਮੇਨਕੇਸ, ਸਤੇਫਾਨ ਮੇਰਕੁਰੀਓ, ਕ੍ਰਿਸਚੀਅਨ ਕਾਰਮੋਸੀਨੋ ਮੇਰੇਉ, ਫਰੇਦੇਰਿਕ ਮੇਰਮੂ, ਨੀਨਾ ਮੇਰੀਸ, ਵਾਲੇਰੀ ਓ ਮੀਏਲੀ, ਇਮੈਨੁਏਲ ਮੀਲੇ, ਡਾਵੀਦੇ ਮਿਨੇਲਾ, ਅਵੀ ਮੋਗਰਾਬੀ, ਇੰਦਿਆ ਮੂਰ, ਮੇਰਸੇਦੇਸ ਮੋਰਾਨ, ਲੌਰਾ ਮੋਰਾਂਤੇ, ਜੇਰਾਰ ਮੋਰਦੀਯਾ, ਵਿਗੋ ਮੋਰਟੈਨਸਨ, ਐਨਾ ਮੂਗਲਾਲਿਸ, ਗੈਬਰੀਏਲ ਮੁਚੀਨੋ, ਪੀਟਰ ਮੁਲਨ, ਮਾਰਗਰੀਤਾ ਮੂਰੋਲੋ, ਲੀਨੋ ਮੂਜ਼ੇਲਾ, ਅਰਬ ਨਾਸਰ, ਤਰਜ਼ਾਨ ਨਾਸਰ, ਦਾਲੀਆ ਨਾਉਸ, ਨਾਦੀਨ ਨਾਉਸ, ਰਫ਼ਾਇਲ ਨੀਲ, ਐਂਜ਼ਾ ਨੇਗ੍ਰੋਨੀ, ਸੂਜ਼ਾਨਾ ਨਿਕੀਆਰੇਲੀ, ਸਿਨਥੀਆ ਨਿਕਸਨ, ਬਰੂਨੋ ਨੂਈਤਾਂ, ਐਂਡਰੀਆ ਓਕੀਪਿੰਟੀ, ਮੀਕੇਲਾ ਓਕੀਪਿੰਟੀ, ਜੋਸ਼ੁਆ ਓਪਨਹਾਈਮਰ, ਲੁਈਸ ਓਰਤੇਗਾ, ਰੂਬੇਨ ਓਸਟਲੰਡ, ਦਾਮੀਏਨ ਊਨੂਰੀ, ਫੇਰਜ਼ਾਨ ਓਜ਼ਪੇਤੇਕ, ਰੋਜ਼ਾ ਪਾਲਾਸ਼ੀਆਨੋ, ਹਲੀਨੂਰ ਪਾਲਮਾਸੋਨ, ਡਫਨੀ ਪਾਤਾਕੀਆ, ਪੌਲ ਪਾਸਕੋ, ਰਫ਼ਾਇਲ ਪਾਸੇਰੀਨੀ, ਗਾਏ ਪੀਅਰਸ, ਐਲੀਜ਼ਾਬੈਤ ਪੇਰਸੇਵਲ, ਐਂਟੋਨਾ ਪੇਰੇਟਜਾਤਕੋ, ਨਾਹੁਏਲ ਪੇਰੇਜ਼ ਬਿਸਕਾਯਾਰ, ਔਰੇਲੀਆ ਪੇਤੀ, ਰਾਲਿਤਸਾ ਪੇਤਰੋਵਾ, ਜਿਊਸਤ ਫਿਲੀਪੋ, ਜੂਜ਼ੇਪੇ ਪਿਕਚੋਨੀ, ਕੈਰੋਲੀਨ ਪੋਗੀ, ਲੌਰਾ ਪੋਇਤਰਾਸ, ਕਲੇਅਰ ਪੋਮੇ (ਪੋਮ), ਫਰਾਂਸੂ ਪ੍ਰੇਨਾਂ, ਫਰੇਦੇਰੀਕ ਪ੍ਰੇਸਮਾਨ, ਵਿਮਾਲਾ ਪੋਂਸ, ਮਾਰਕੋ ਸੀਮੋਨ ਪੁਚੋਨੀ, ਕਾਤੇਲ ਕੀਲੇਵੇਰੇ, ਓਲੀਵੀਏ ਰਾਬੂਰਦਾਂ, ਓਡੇਸਾ ਰੇ, ਮੀਸ਼ੇਲ ਰੇ-ਗਾਵਰਾਸ, ਐਨਿਕ ਰੇਡੋਲਫੀ, ਕ੍ਰਿਸਟੋਫ ਰੇਜੀਂ, ਜੇਰੇਮੀ ਰੇਨੀਏ, ਯੈਨਿਕ ਰੇਨੀਏ, ਰੇਮੀ ਰੀਕੋਰਦੋ, ਮੀਕੇਲ ਰੀਓ ਨਦੀਨੋ, ਟੇਸਾ ਰੋਸ, ਯੈਨਿਕ ਰੋਸੇ, ਚੇਚੀਲੀਆ ਰੋਥ, ਮਾਰਕ ਰਫਾਲੋ, ਰੂਨਾਰ ਰੂਨਾਰਸਨ, ਈਰਾ ਸਾਕਸ, ਜ਼ਾਹੋ ਦੇ ਸਾਗਾਜ਼ਾਨ, ਲੂਦੀਵੀਨ ਸਾਨੀਏ, ਸੇਲੀਨ ਸਾਲੇਤ, ਕਲੌਡੀਓ ਸਾਂਤਾਮਾਰੀਆ, ਸੂਜ਼ਾਨ ਸਾਰਾਨਡਨ, ਸਤੇਫਾਨੋ ਸਾਰਦੋ, ਸਤੇਫਾਨੀਆ ਸਾਂਦਰੇਲੀ, ਅਲੋਈਜ਼ ਸੋਵਾਜ, ਗ੍ਰੇਤਾ ਸਕਾਰਾਨੋ, ਐਂਜੇਲਾ ਸ਼ਾਨੇਲੇਕ, ਪੀਏਰ ਸ਼ੋਲੇਲ, ਨੀਲਸ ਸ਼ਨਾਈਡਰ, ਵਾਸਿਲੀ ਸ਼ਨਾਈਡਰ, ਅਲੇਸਾਂਦਰੋ ਸ਼ਿਪਾ, ਅਮਾਂਡਾ ਸੀਲਜ਼, ਟ ?ਰੇਸੀ ਸੀਵਰਡ, ਸਾਰਾ ਸੀਨੇ, ਗੁਇਯੋਮ ਸੇਨੇਜ਼, ਲਿਓ ਨੋਰ ਸੇਰਾਏ, ਅਲੀਆ ਸ਼ੌਕਤ, ਮੇਲਾਨੀ ਸੀਮੋਨ-ਫਰਾਂਜ਼ਾ, ਏਯਾਲ ਸੀਵਾਨ, ਜੀਆਨਕਾਰਲੋ ਸੋਲਦੀ, ਪਾਓਲੋ ਸੋਰੇਂਤੀਨੋ, ਮਾਸੀਮੋ ਸਪਾਨੋ, ਮੋਰਗਨ ਸਪੈਕਟਰ, ਲੇਤੀਸ਼ੀਆ ਸਪੀਗਾਰੇਲੀ, ਇਟਾਲੋ ਸਪੀਨੇਲੀ, ਜੂਲੀਏਤ ਸਮਾਦਜਾ, ਰੋਬਿਨ ਸਲੋਵੋ, ਰੋਜਰ ਸਟਾਲ, ਤੇਓਨਾ ਸਤਰੂਗਾਰ ਮਿਤੇਵਸਕਾ, ਲੌਰੇਂ ਸਿਲਵੇਸਤਰ, ਜੀਆਨਲੂਕਾ ਮਾਰੀਆ ਤਾਵਾਰੇਲੀ, ਨਤਾਚਾ ਤੀਏਰੀ, ਜੀਂ-ਪੀਏਰ ਤੋਰਨ, ਆਸਦੀਸ ਤੋਰੋਡਸਨ, ਲੇਆ ਤੋਦੋਰੋਵ, ਮਾਰੀਆ ਸੋਲੇ ਤੋਨਿਆਜ਼ੀ, ਮੇਲੀਤਾ ਤੋਸਕਾਨ ਦੂ ਪਲਾਂਤੀਏ, ਕਲੇਅਰ ਤੂਜ਼ਾਰ, ਜਿਊਸਤੀਨ ਤ੍ਰੀਏ, ਅਲੇਸਾਂਦਰੋ ਤ੍ਰੀਗੋਨਾ, ਜੈਸਮੀਨ ਤ੍ਰੀਨਕਾ, ਕੈਰੀਸ ਵੈਨ ਹਾਊਟਨ, ਪਾਮੇਲਾ ਵਾਰੇਲਾ, ਜੂਜ਼ੇਪੇ ਵਾਰਲੋਟਾ, ਇੰਦੀਰਾ ਵਰਮਾ, ਅੰਜਨਾ ਵਾਸਨ, ਸੋਫੀ ਵਰਬੀਕ, ਜਿਓਵਾਨੀ ਵੇਰੋਨੇਜ਼ੀ, ਪਾਓਲੋ ਵਿਰਜ਼ੀ, ਕੈਟ ਵਿਲੀਅਰਜ਼, ਜੋਨਾਥਨ ਵੀਨੇਲ, ਨਿਕੋਲਾ ਵਾਦੀਮੌਫ, ਹੈਰੀਏਤ ਵਾਲਟਰ, ਜੇਮਸ ਵਿਲਸਨ, ਲਾਂਬਰ ਵਿਲਸਨ, ਐਲੇਕਸ ਵਿੰਟਰ, ਬੇਨੇਡਿਕਟ ਵੋਂਗ, ਜੈਸੀਕਾ ਵੁੱਡਵਰਥ, ਅਰੀਹ ਵੋਰਥਾਲਟਰ, ਮੌਦ ਵਾਇਲਰ, ਮੋਹਨਾਦ ਯਾਕੂਬੀ, ਐਲ. ਰੇਜ਼ਾਨ ਯੇਸ਼ਿਲਬਾਸ਼, ਸੋਫੀਆਨ ਜ਼ਰਮਾਨੀ ਅਤੇ ਐਂਡਰੀਆ ਜ਼ੂਲੀਆਨੀ।

ਪੁਸਤਕ ਚਰਚਾ

# ਸੁਧਾਰਵਾਦੀ ਤੇ ਮਨੁੱਖਵਾਦੀ ਰਚਨਾਵਾਂ ਦੀ ਕਿਤਾਬ 'ਹਵਾ ਵਿਚ ਲਟਕਦੇ ਲੋਕ'


## ਪੁਸਤਕ 6 ਜੂਨ ਨੂੰ ਹੋ ਰਹੇ 15ਵੇਂ ਸੋਹਣ ਮਾਨ ਨਾਟਕ ਸਮਾਗਮ 'ਚ ਰਿਲੀਜ਼ ਕੀਤੀ ਜਾਵੇਗੀ



ਬਲਜਿੰਦਰ ਸੰਘਾ
403-680-3212

ਹਵਾ ਵਿਚ ਲਟਕਦੇ ਲੋਕ ਕੈਲਗਰੀ, ਕਨੇਡਾ ਰਹਿੰਦੇ ਜਸਵੰਤ ਸਿੰਘ ਜਗੈਤ ਜੀ ਦੀ ਦੂਸਰੀ ਕਿਤਾਬ ਹੈ, ਉਹਨਾਂ ਦੇ ਆਵਦੇ ਕਹਿਣ ਅਨੁਸਾਰ ਉਹਨਾਂ ਦੀਆਂ ਕਵਿਤਾਵਾਂ ਅਤੇ ਗਜ਼ਲਾਂ ਨੂੰ ਸਥਾਨਕ ਅਖਬਾਰਾਂ ਵਿਚ ਛਪਣ ਤੇ ਲੋਕਾਂ ਵੱਲੋਂ ਪਸੰਦ ਕੀਤਾ ਗਿਆ ਕਿਉਂਕਿ ਇਹ ਲੋਕਾਂ ਦੀ ਗੱਲ ਕਰਦੀਆਂ ਹਨ। ਇਸ ਗੱਲ ਦੀ ਖੁਸ਼ੀ ਹੈ ਕਿ ਉਮਰ ਦੇ 88 ਸਾਲ ਪੂਰੇ ਕਰ ਚੁੱਕੇ ਜਸਵੰਤ ਸਿੰਘ ਜਗੈਤ ਜੀ ਅਜੇ ਵੀ ਪੂਰੇ ਉਤਸ਼ਾਹ ਨਾਲ ਕਾਰਜ਼ਸ਼ੀਲ ਹਨ ਅਤੇ ਆਪਣੇ ਲੰਬੇ ਜੀਵਨ ਅਨੁਭਵ ਵਿਚੋਂ ਅੱਜ ਦੇ ਹਲਾਤਾਂ ਨੂੰ ਸਮਝਦੇ ਹੋਏ ਸਮਾਜ ਨੂੰ ਸੁਧਾਰਨ ਲਈ ਕਲਮ ਰਾਹੀਂ ਆਪਣੇ ਵਲਵਲੇ ਸਾਹਿਤ ਦੇ ਹਵਾਲੇ ਕਰ ਰਹੇ ਹਨ।

ਗੱਲ ਉਹਨਾਂ ਦੀ ਇਸ ਕਿਤਾਬ ਦੀ ਟਾਈਟਲ ਕਵਿਤਾ 'ਹਵਾ ਵਿਚ ਲਟਕਦੇ ਲੋਕ' ਦੇ ਹਵਾਲੇ ਨਾਲ ਸ਼ੁਰੂ ਕਰੀਏ ਤਾਂ ਉਹ ਸਾਰੇ ਮਨੁੱਖ ਹਵਾ ਵਿਚ ਲਟਕਦੇ ਹਨ ਜਿਹਨਾਂ ਦੇ ਦੇਸ਼ ਤਾਂ ਅਜ਼ਾਦ ਹੋ ਚੁੱਕੇ ਹਨ ਪਰ ਪਰਜਾ ਬਾਹਰਲਿਆਂ ਦੀ ਗੁਲਾਮੀ ਵਿਚੋਂ ਨਿਕਲਕੇ ਸੁੱਖ ਦਾ ਸਾਹ ਲੈਣ ਦੀ ਥਾਂ ਸਥਾਨਕ ਸਰਕਾਰਾਂ ਦੇ ਉਸੇ ਵਰਤਾਰੇ ਕਾਰਨ ਗੁਲਾਮਾ ਵਰਗਾ ਜੀਵਨ ਜਿਉਣ ਲਈ ਮਜਬੂਰ ਹੈ। ਕਾਨੂੰਨ ਅਮੀਰਾਂ ਤੇ ਤਕੜਿਆਂ ਦੇ ਹੱਥ ਹੋਣ ਕਰਕੇ ਚੋਰੀ ਇਹ ਕਰਦੇ ਹਨ ਅਤੇ ਸਜ਼ਾ ਗਰੀਬ ਤੇ ਨਿਤਾਣਿਆਂ ਨੂੰ ਮਿਲਦੀ ਹੈ। ਇਹਨਾਂ ਤੋਂ ਬਿਨਾਂ ਝੂਠਿਆਂ ਤੋਂ ਹਾਰੇ ਸੱਚੇ ਮਨੁੱਖ, ਨਕਾਬ ਚਾੜੇ ਲੁਟੇਰਿਆਂ ਤੋਂ ਠੱਗੇ ਮਨੁੱਖ, ਬੇਰੁਜ਼ਗਾਰ ਤੇ ਬਾਂਦਰ ਵੰਡ ਦੇ ਸਤਾਏ ਹੋਏ ਵੀ ਹਵਾ ਵਿਚ ਲਟਦਕੇ ਮਨੁੱਖ ਹਨ। ਕਵੀ ਕਹਿੰਦਾ ਹੈ ਕਿ ਸੁਜੱਗ ਤੇ ਜਾਣੂ ਮਨੁੱਖਾਂ ਨੂੰ ਜੋ ਸਭ ਵਰਤਾਰੇ ਨੂੰ ਸਮਝਦੇ ਹਨ ਇਹਨਾਂ ਲੋਕਾਂ ਲਈ ਢਾਲ ਬਣ ਜਾਣਾ ਚਾਹੀਦਾ ਹੈ ਤਾਂ ਜੋ ਇਹਨਾਂ ਦਾ ਇਸ ਧਰਤੀ ਤੇ ਜੀਵਨ ਸੁਖੀ ਹੋ ਸਕੇ।




'ਅੱਜ ਦੇ ਬਾਬੇ ਬਨਾਮ ਕੱਲ੍ਹ ਦੇ ਬਾਬੇ' ਕਵਿਤਾ ਰਾਹੀਂ ਕਵੀ ਜਿੱਥੇ ਗਦਰੀ ਬਾਬਿਆਂ ਦੀਆਂ ਮਹਾਨ ਕੁਰਬਾਨੀਆਂ ਨੂੰ ਵਡਿਆਉਂਦਾ ਹੈ ਉੱਥੇ ਹੀ ਅੱਜ ਦੇ ਸਮੇਂ ਵਿਚ ਉਹਨਾਂ ਦੀਆਂ ਕੀਤੀ ਕੁਰਬਾਨੀਆਂ ਦਾ ਮੁੱਲ ਵੱਟਕੇ ਕਾਬਜ਼ ਹੋਏ ਹਾਕਮਾਂ ਨੂੰ ਅਸਿੱਧੇ ਢੰਗ ਨਾਲ ਸ਼ੇਰਾਂ ਦੀਆਂ ਮਾਰਾਂ ਤੇ ਕਾਬਜ਼ ਹੋਏ ਗਿੱਦੜ ਕਹਿੰਦਾ ਹੈ, ਨਾਲ ਹੀ ਕਹਿੰਦਾ ਹੈ ਕਿ ਹੁਣ ਬਾਬੇ ਲਾਲੋਆਂ ਦੇ ਘਰ ਜਾਣਾ ਪਸੰਦ ਨਹੀਂ ਕਰਦੇ ਹਨ ਅਤੇ ਵਿਹਲੇ ਬੈਠਕੇ ਪਰਵਚਨ ਕਰਕੇ ਮਾਇਆ ਇਕੱਠੀ ਕਰਨ ਵਿਚ ਲੱਗੇ ਹਨ ਪਰ ਲੋਕ ਭੇਡ ਚਾਲ ਵਿਚ ਇਹਨਾਂ ਕਿਰਤ ਤੋਂ ਭੱਜਿਆਂ ਦੀਆਂ ਲੱਤਾਂ ਤੱਕ ਘੁੱਟਦੇ ਹਨ ਪਰ ਕਵੀ ਕਹਿੰਦਾ ਹੈ ਮੈਂ ਅਜਿਹਾ ਨਹੀਂ ਕਰ ਸਕਦਾ ਅਤੇ ਨਾ ਹੀ ਇਹਨਾਂ ਅਤੇ ਇਹਨਾਂ ਦੇ ਡੇਰਿਆਂ ਨੂੰ ਸੱਚੇ ਮੰਨ ਸਕਦਾ ਹਾਂ ਇਸ ਤਰਾਂ ਕਵੀ ਇਹਨਾਂ ਪ੍ਰਤੀ ਆਪਣਾ ਦ੍ਰਿੜ ਇਰਾਦਾ ਅਤੇ ਭਾਵਨਾ ਦੱਸਕੇ ਲੋਕਾਂ ਨੂੰ ਜਾਗਰੂਕ ਹੋਣ ਲਈ ਕਹਿੰਦਾ ਹੈ।

'ਖੋਟਾ ਹਾਕਮ' ਚਾਹੇ ਗਜ਼ਲ ਦੇ ਰੂਪ ਵਿਚ ਹੈ ਪਰ ਮੈਂ ਇਸ ਨੂੰ ਲੈਅ ਬੱਧ ਕਵਿਤਾ ਦੇ ਰੂਪ ਵਿਚ ਦੇਖਦਾ ਹਾਂ। ਇਸ ਕਵਿਤਾ ਵਿਚ ਕਵੀ ਨੇ ਅਯੋਗ, ਬੇਈਮਾਨ, ਲਾਲਚੀ ਅਤੇ ਜਨਤਾ ਦੇ ਹੱਕ ਪੂੰਜੀਪਤੀਆਂ ਕੋਲ ਵੇਚਣ ਵਾਲੇ ਨੇਤਾ ਅਤੇ ਸਰਕਾਰ ਦਾ ਪੂਰਾ ਚਿੱਠਾ ਖੋਲਿਆ ਹੈ ਕਿ ਕਿਵੇਂ ਅਜਿਹੇ ਹਾਕਮ ਗੱਦੀ ਤੇ ਬੈਠ ਕੇ ਸਾਰੇ ਕਾਨੂੰਨ ਵੱਡੀਆਂ ਕੰਪਨੀਆਂ ਦੇ ਹੱਕ ਵਿਚ ਬਣਾਕੇ ਜਨਤਾ ਨੂੰ ਹਰ ਪਾਸੇ ਤੋਂ ਨਪੀੜਦੇ ਹਨ ਅਤੇ ਕਵੀ ਇਹੋ ਜਿਹੇ ਖੋਟੇ ਹਾਕਮਾਂ ਵਿਰੁੱਧ ਸਭ ਨੂੰ ਇੱਕ ਮਤ ਹੋਣ ਦੀ ਅਪੀਲ ਕਰਦਾ ਕਹਿੰਦਾ ਹੈ ਕਿ ਜੇਕਰ ਅਜਿਹਾ ਹੋ ਜਾਵੇ ਤਾਂ ਇਹਨਾਂ ਖੋਟੇ ਹਾਕਮਾਂ ਨੂੰ ਗੱਦੀ ਤੋਂ ਪਾਸੇ ਕਰਨਾ ਔਖਾ ਨਹੀਂ।

ਇਸ ਤੋਂ ਬਿਨਾਂ ਕਲਮਕਾਰ ਆਪਣੀਆਂ ਇਸ ਕਿਤਾਬ ਦੀਆਂ ਰਚਨਾਵਾਂ ਵਿਚ ਹੋਰ ਲੋਟੂ ਪ੍ਰਬੰਧਕਾਂ, ਮਤਲਬ ਪ੍ਰਸਤ ਨੇਤਾਵਾਂ, ਆਮ ਲੋਕਾਂ ਦੇ ਹੱਕ ਮਾਰਨ ਵਾਲੇ ਜਰਵਾਣਿਆਂ, ਪ੍ਰੇਮ ਮਹੁੱਬਤ ਦੀ ਥਾਂ ਨਫ਼ਰਤ ਫੈਲਾਉਣ ਵਾਲੇ ਅਤੇ ਧਰਮ ਦੀ ਛਾਂ ਹੇਠ ਬੈਠੇ ਅਧਰਮੀ ਲੋਕਾਂ ਜੋ ਕਿਰਤੀ ਦੀ ਕਿਰਤ ਡਕਾਰ ਜਾਂਦੇ ਹਨ ਬਾਰੇ ਆਪਣੀਆਂ ਰਚਨਾਵਾਂ ਵਿਚ ਉਹਨਾਂ ਦੇ ਪਾਜ ਉਘੇੜਦਾ ਅਤੇ ਹੱਲ ਦੱਸਦਾ ਹੈ ਕਿ ਕਲਮਕਾਰ ਕਲਮ ਦੇ ਵਾਰ ਨਾਲ ਸਭ ਨੂੰ ਜਾਗਰੂਕ ਕਰਨ ਤਾਂ ਇਹਨਾਂ ਸਭ ਦਾ ਅੰਤ ਹੋ ਸਕਦਾ ਹੈ ਅਤੇ 'ਹਵਾ ਵਿਚ ਲਟਕਦੇ ਲੋਕ' ਸੁਖੀ ਹੋ ਸਕਦੇ ਹਨ।

ਇਸ ਤੋਂ ਬਿਨਾਂ ਇਸ ਸੰਗ੍ਰਹਿ ਵਿਚ ਕਿਸਾਨੀ ਦੇ ਹਲਾਤ, ਖਾਲਸਾ ਸਾਜਨਾ, ਖੇਤ ਮਜਦੂਰ ਦੇ ਹਲਾਤ, ਪ੍ਰਦੂਸ਼ਿਤ ਹੋ ਰਹੇ ਵਾਤਵਾਰਣ, ਜ਼ਿੰਦਗੀ ਵਿਚ ਸਖ਼ਤ ਮਿਹਨਤ ਕਰਨ, ਸਮੇਂ ਨੂੰ ਸੰਭਾਲਣ, ਸਫ਼ਲ ਹੋਣ ਲਈ ਸਮੇਂ ਦੀ ਕਦਰ, ਹਮੇਸ਼ਾ ਨਿਮਰ ਅਤੇ ਧਰਤੀ ਨਾਲ ਜੁੜਕੇ ਰਹਿਣ ਆਦਿ ਬਾਰੇ ਗੀਤ ਅਤੇ ਦੋਹੇ ਸ਼ਾਮਿਲ ਹਨ। ਨਿੱਜੀ ਵਲਵਲੇ ਅਤੇ ਦਰਦ ਦੀਆਂ ਗਜ਼ਲਾ ਅਤੇ ਕਵਿਤਾਵਾਂ ਵੀ ਹਨ। ਕੁੱਲ ਮਿਲਾਕੇ ਇਸ ਕਿਤਾਬ ਵਿਚ ਰਚਨਾਕਾਰ ਆਪਣੀ ਕਲਮ ਰਾਹੀਂ ਸਮਾਜ ਸੁਧਾਰ ਦਾ ਅਤੇ ਮਨੁੱਖਤਾ ਦੇ ਭਲੇ ਦਾ ਹੋਕਾ ਦਿੰਦਾ ਹੈ। ਜਸਵੰਤ ਸਿੰਘ ਜਗੈਤ ਜੀ ਨੂੰ ਗੋਰਕੀ ਪ੍ਰਕਾਸ਼ਨ ਲੁਧਿਆਣਾ ਵੱਲੋਂ ਛਾਪੀ ਇਸ ਕਿਤਾਬ ਦੀ ਬਹੁਤ ਬਹੁਤ ਵਧਾਈ।

# ਨਿੱਕੀ-ਨਿੱਕੀ ਪੈਂਦੀ ਭੂਰ ਦੇ ਬਾਵਜੂਦ 2100 ਤੋਂ ਵਧੇਰੇ ਦੌੜਾਕਾਂ ਨੇ ਬੜੇ ਉਤਸ਼ਾਹ ਨਾਲ ਚੌਥੇ ਬਰੈਂਪਟਨ ਹਾਫ਼-ਮੈਰਾਥਨ ਈਵੈਂਟ 'ਚ ਲਿਆ ਹਿੱਸਾ

## ਟੀਪੀਏਆਰ ਕਲੱਬ ਦੇ 80 ਮੈਂਬਰਾਂ ਦੇ ਵੱਡੇ ਗਰੁੱਪ ਨੇ ਕੀਤੀ ਭਰਵੀਂ ਸ਼ਮੂਲੀਅਤ






ਬਰੈਂਪਟਨ, (ਡਾ. ਝੰਡ) : ਲੰਘੇ ਐਤਵਾਰ 24 ਮਈ ਨੂੰ ਸਥਾਨਕ ਚਿੰਗੂਆਕੂਜ਼ੀ ਪਾਰਕ 'ਚ 'ਬਰੈਂਪਟਨ ਹਾਫ਼-ਮੈਰਾਥਨ ਈਵੈਂਟ' ਸਫ਼ਲਤਾ ਪੂਰਵਕ ਆਯੋਜਿਤ ਕੀਤਾ ਗਿਆ। ਪਿਛਲੇ ਇੱਕ ਦਿਨ ਤੋਂ ਲਗਾਤਾਰ ਚੱਲੇ ਆ ਰਹੇ ਮੀਂਹ-ਕਣੀ ਵਾਲੇ ਖ਼ਰਾਬ ਮੌਸਮ ਦੇ ਬਾਵਜੂਦ ਇਸ ਵਿੱਚ 2,100 ਤੋਂ ਵਧੇਰੇ ਦੌੜਾਕਾਂ ਤੇ ਵਾੱਕਰਾਂ ਨੇ ਹਾਫ਼-ਮੈਰਾਥਨ, 10 ਕਿਲੋਮੀਟਰ ਅਤੇ 5 ਕਿਲੋਮੀਟਰ ਦੌੜਾਂ ਵਿੱਚ ਬੜੇ ਜੋਸ਼ ਤੇ ਉਤਸ਼ਾਹ ਨਾਲ ਭਾਗ ਲਿਆ। ਇਨ੍ਹਾਂ ਤਿੰਨਾਂ ਮੁੱਖ ਤੌੜਾਂ ਤੋਂ ਇਲਾਵਾ 6 ਸਾਲ ਤੋਂ ਛੋਟੇ ਬੱਚਿਆਂ ਅਤੇ 65 ਸਾਲ ਤੋਂ ਉੱਪਰਲੇ ਸੀਨੀਅਰਾਂ ਦੇ ਲਈ ਇੱਕ ਕਿਲੋਮੀਟਰ ਦੌੜ ਆਯੋਜਿਤ ਕੀਤੀ ਗਈ, ਜਿਸ ਵਿੱਚ ਬੱਚਿਆਂ ਅਤੇ ਸੀਨੀਅਰਾਂ ਵੱਲੋਂ ਦਿਖਾਇਆ ਗਿਆ ਉਤਸ਼ਾਹ ਵੇਖਿਆਂ ਹੀ ਬਣਦਾ ਸੀ।

ਸਵੇਰੇ ਸੱਤ ਵਜੇ ਤੋਂ ਹੀ ਚਿੰਗੂਆਕੂਜ਼ੀ ਪਾਰਕ ਵਿੱਚ ਮੇਲੇ ਵਾਲਾ ਮਾਹੌਲ ਬਣਨਾ ਸ਼ੁਰੂ ਹੋ ਗਿਆ। ਟੀਪੀਏਆਰ ਕਲੱਬ ਬਰੈਂਪਟਨ, 'ਸਹਾਇਤਾ' ਤੇ 'ਪਿੰਗਲਵਾੜਾ' ਸਮਾਜ-ਸੇਵੀ ਸੰਸਥਾਵਾਂ, 'ਸਿੰਘ ਪੀਜ਼ਾ', ਫਲ ?-ਫਰੂਟ ਤੇ ਹੋਰ ਪੌਸ਼ਟਿਕ ਖਾਧ-ਪਦਾਰਥਾਂ ਦੀ ਸੇਵਾ ਕਰਨ ਵਾਲੀਆਂ ਸੰਸਥਾਵਾਂ ਨੇ ਆਪੋ-ਆਪਣੇ ਟੈਂਟ ਲਗਾਉਣੇ ਆਰੰਭ ਕਰ ਦਿੱਤੇ ਅਤੇ ਇਸਦੇ ਨਾਲ ਹੀ ਵੱਖ-ਵੱਖ ਦੌੜਾਂ ਵਿੱਚ ਭਾਗ ਲੈਣ ਵਾਲੇ ਦੌੜਾਕ ਅਤੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕਰਨ ਵਾਲੇ ਸਹਾਇਕ ਆਉਣੇ ਸ਼ੁਰੂ ਹੋ ਗਏ। ਅੱਠ ਵਜੇ ਤੱਕ ਦੌੜਾਂ ਦੇ ਇਸ 'ਮੇਲੇ' ਵਿੱਚ ਚੰਗੀ ਰੌਣਕ ਹੋ ਗਈ।

ਸੱਭ ਤੋਂ ਪਹਿਲਾਂ ਸਵੇਰੇ ਅੱਠ ਵਜੇ 21 ਕਿਲੋਮੀਟਰ 'ਹਾਫ਼-ਮੈਰਾਥਨ' ਦੌੜਨ ਵਾਲੇ ਦੌੜਾਕਾਂ ਨੂੰ 'ਵਾਰਮ-ਅੱਪ' ਕਰਵਾਉਣ ਤੋਂ ਬਾਅਦ ਇਹ ਦੌੜ ਆਰੰਭ ਕਰਨ ਦੀ 'ਹਰੀ ਝੰਡੀ' ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਤੇ ਉਨ੍ਹਾਂ ਦੇ ਸਾਥੀ ਕੌਂਸਲਰਾਂ ਵੱਲੋਂ ਵਿਖਾਈ ਗਈ। ਤਿੰਨਾਂ ਮੁੱਖ ਦੌੜਾਂ ਦਾ ਰੂਟ ਬਰੈਮਲੀ ਰੋਡ ਉੱਪਰ ਉੱਤਰ ਵਾਲੇ ਪਾਸੇ ਵਿਲੀਅਮ ਪਾਰਕਵੇਅ ਤੋਂ ਅੱਗੇ ਨੌਰਥ ਪਾਰਕ ਤੱਕ ਅਤੇ ਉਸ ਤੋਂ ਸੱਜੇ ਤੇ ਖੱਬੇ ਪਾਸੇ ਜਾਣ ਦਾ ਸੀ। ਪ੍ਰਬੰਧਕਾਂ ਵੱਲੋਂ ਪਹਿਲਾਂ ਤੋਂ ਨਿਰਧਾਰਿਤ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਪੰਜ ਕਿਲੋਮੀਟਰ ਵਾਲਿਆਂ ਨੇ ਇਸ ਤੋਂ ਖੱਬੇ ਪਾਸੇ ਮੁੜਨਾ ਸੀ, ਜਦਕਿ 10 ਅਤੇ 21 ਕਿਲੋਮੀਟਰ ਵਾਲੇ ਦੌੜਾਕਾਂ ਨੇ ਸੱਜੇ ਪਾਸੇ ਮੁੜ ਕੇ ਵੱਖ-ਵੱਖ 'ਲੂਪਸ' ਬਣਾਉਂਦਿਆਂ ਹੋਇਆਂ ਵਾਪਸ ਆ ਕੇ ਇੱਥੋਂ ਅੱਗੇ ਸਿੱਧੇ ਜਾ ਕੇ ਪੰਜ ਕਿਲੋਮੀਟਰ ਵਾਲੇ ਨਿਰਧਾਰਤ ਰੂਟ 'ਤੇ ਪੈ ਕੇ ਈਟੋਬੋਕੋ ਕਰੀਕ ਦੇ ਨਾਲ-ਨਾਲ ਜਾਂਦੇ ਛੋਟੇ ਰਸਤੇ 'ਤੇ ਜਾ ਕੇ ਚਿੰਗੂਆਕੂਜ਼ੀ ਪਾਰਕ ਵਾਪਸ 'ਬਰੈਮਲੀ ਰੋਡ ਸਥਿਤ ਸਟਾਰਟ/ਫ਼ਿਨਿਸ਼ ਪੋਆਇੰਟ' 'ਤੇ ਪਹੁੰਚਣਾ ਸੀ।

10 ਕਿਲੋਮੀਟਰ ਵਾਲੇ ਦੌੜਾਕਾਂ ਨੂੰ 'ਵਾਰਮਿੰਗ-ਅੱਪ' ਤੋਂ ਬਾਅਦ ਕ੍ਰਮਵਾਰ 8.30 ਵਜੇ ਅਤੇ 5 ਕਿਲੋਮੀਟਰ ਵਾਲਿਆਂ ਨੂੰ 9.00 ਵਜੇ ਦੌੜਨ ਦੇ ਹਰੇ 'ਸਿਗਨਲ' ਦਿੱਤੇ ਗਏ ਜੋ ਆਪੋ-ਆਪਣੇ ਰੂਟਾਂ ਤੋਂ ਗੁਜ਼ਰਦੇ ਹੋਏ ਵਾਪਸ 'ਫਿਨਿਸ਼ ਪੋਆਇੰਟ' 'ਤੇ ਪਹੁੰਚੇ, ਜਿੱਥੇ ਉਨ੍ਹਾਂ ਅਤੇ 21 ਕਿਲੋਮੀਟਰ ਦੌੜਾਕਾਂ ਦੇ ਗਲ਼ਾਂ 'ਚ ਮੈਡਲ ਪਾ ਕੇ ਉਨ੍ਹਾਂ ਦਾ ਭਰਵਾਂ ਸੁਆਗਤ ਕੀਤਾ ਗਿਆ। ਛੋਟੇ ਬੱਚਿਆਂ ਦੀ ਇੱਕ ਕਿਲੋਮੀਟਰ ਦੌੜ ਬਰੈਮਲੀ ਰੋਡ ਤੇ ਵਿਲੀਅਮ ਪਾਰਕਵੇਅ ਦੇ ਇੰਟਰਸੈੱਕਸ਼ਨ ਤੋਂ 9.45 ਵਜੇ ਅਤੇ ਸੀਨੀਅਰਾਂ ਦੀ 10.15 ਵਜੇ ਆਰੰਭ ਹੋਈ ਅਤੇ 'ਫਿਨਿਸ਼ ਪੋਆਇੰਟ' ਉੱਪਰ ਪਹੁੰਚਣ 'ਤੇ ਉਨ੍ਹਾਂ ਦਾ ਵੀ ਓਸੇ ਤਰ੍ਹਾਂ ਮੈਡਲ ਪਾ ਕੇ ਸੁਆਗਤ ਕੀਤਾ ਗਿਆ।

ਤਿੰਨਾਂ ਮੁੱਖ-ਦੌੜਾਂ, ਭਾਵ 21 ਕਿਲੋਮੀਟਰ, 10 ਕਿਲੋਮੀਟਰ ਅਤੇ 5 ਕਿਲੋਮੀਟਰ ਦੌੜਾਂ ਵਿੱਚ ਪਹਿਲੇ, ਦੂਸਰੇ ਅਤੇ ਤੀਸਰੇ ਨੰਬਰ 'ਤੇ ਆਉਣ ਵਾਲੇ ਮਰਦ ਤੇ ਇਸਤਰੀ ਦੌੜਾਕਾਂ ਨੂੰ ਵਿਸ਼ੇਸ਼ ਮੈਡਲਾਂ ਤੇ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। 21 ਕਿਲੋਮੀਟਰ ਦੌੜ ਵਿੱਚ ਪਰਦੁਮਨ ਸਿੰਘ ਸੇਤੀਆ (1 ਘੰਟਾ 16 ਮਿੰਟ 50 ਸਕਿੰਟ), ਜਸਟਿਨ ਲੇਈ (1 ਘੰਟਾ 17 ਮਿੰਟ 25 ਸਕਿੰਟ) ਰੌਬੀ ਰਾਏ (1 ਘੰਟਾ 21 ਮਿੰਟ 23 ਸਕਿੰਟ) ਪਹਿਲੇ ਤਿੰਨ ਸਥਾਨਾਂ 'ਤੇ ਰਹੇ। ਏਸੇ ਤਰ੍ਹਾਂ 10 ਕਿਲੋਮੀਟਰ ਦੌੜ ਵਿੱਚ ਰੈਲਫ਼ ਆਰੋਨ ਲਗਾਸਾ (38 ਮਿੰਟ 51 ਸਕਿੰਟ), ਵਿਗਨੇਸ਼ ਰਾਮਾਸਵਾਮੀ (42 ਮਿੰਟ 1 ਸਕਿੰਟ), ਪਾਲ ਔਜਲਾ (43 ਮਿੰਟ 8 ਸਕਿੰਟ) ਅਤੇ 5 ਕਿਲੋਮੀਟਰ ਦੌੜ ਵਿੱਚ ਕਨੀਕ ਥੌਮਸ (12 ਮਿੰਟ 29 ਸਕਿੰਟ), ਈਥਨ ਸਿਟ (12 ਮਿੰਟ 39 ਸਕਿੰਟ) ਅਤੇ ਪਵਨਬੀਰ ਸਿੰਘ 12 ਮਿੰਟ 54 ਸਕਿੰਟ) ਸਮੇਂ ਨਾਲ ਪਹਿਲੇ ਤਿੰਨ ਸਥਾਨਾਂ 'ਤੇ ਆਏ।


ਟੀਪੀਏਆਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਦੀ ਅਗਵਾਈ ਵਿੱਚ ਕਲੱਬ ਦੇ 80 ਮੈਂਬਰਾਂ ਨੇ ਦੌੜਾਂ ਦੇ ਇਸ ਵੱਡੇ ਈਵੇਂਟ ਵਿੱਚ 'ਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਦੇ ਤੇਜ਼ ਦੌੜਾਕਾਂ ਵਿੱਚੋਂ ਸੂਰਤ ਚਾਹਲ ਤੇ ਸਵਰਨ ਸਿੰਘ ਦੋਵੇਂ ਹਾਫ਼-ਮੈਰਾਥਨ ਇੱਕ ਘੰਟਾ 56 ਮਿੰਟ 25 ਸਕਿੰਟ, ਅਰੁਨ ਗੁਪਤਾ 2 ਘੰਟੇ 6 ਮਿੰਟ 47 ਸਕਿੰਟ, ਹਰਜੀਤ ਸਿੰਘ 2 ਘੰਟੇ 23 ਮਿੰਟ 51 ਸਕਿੰਟ ਅਤੇ ਧਿਆਨ ਸਿੰਘ ਸੋਹਲ 2 ਘੰਟੇ 30 ਮਿੰਟ 29 ਸਕਿੰਟ 'ਚ ਲਗਾ ਕੇ ਪਹਿਲੇ ਚਾਰ ਸਥਾਨਾਂ 'ਤੇ ਰਹੇ, ਜਦਕਿ 10 ਕਿਲੋਮੀਟਰ ਦੌੜ ਨਿਰਮਲ ਗਿੱਲ 52 ਮਿੰਟ 48 ਸਕਿੰਟ, ਅਮਰਜੀਤ ਸਿੰਘ 53 ਮਿੰਟ 41 ਸਕਿੰਟ, ਸੋਢੀ ਕੰਗ 56 ਮਿੰਟ 30 ਸਕਿੰਟ ਅਤੇ ਜਸਵਿੰਦਰ ਜੱਸੀ ਧਾਲੀਵਾਲ ਨੇ ਇਹ ਦੌੜ 56 ਮਿੰਟ 39 ਸਕਿੰਟਾਂ ਵਿੱਚ ਲਗਾ ਕੇ ਕ੍ਰਮਵਾਰ ਪਹਿਲੇ ਚਾਰ ਸਥਾਨ ਪ੍ਰਾਪਤ ਕੀਤੇ। ਕਲੱਬ ਦੇ ਦੋ ਹੋਰ ਦੌੜਾਕਾਂ ਕਰਮਜੀਤ ਗਿੱਲ ਅਤੇ ਮਨਜੀਤ ਨੌਟਾ ਨੇ ਇਹ ਦੌੜ ਕ੍ਰਮਵਾਰ 1 ਘੰਟਾ 1 ਮਿੰਟ 42 ਸਕਿੰਟਾਂ ਅਤੇ 1 ਘੰਟਾ 13 ਮਿੰਟ 38 ਸਕਿੰਟਾਂ ਵਿੱਚ ਸੰਪੰਨ ਕੀਤੀ।

ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ ਤੇ ਸਰਪ੍ਰਸਤ 82 ਸਾਲਾ ਇੰਜ. ਈਸ਼ਰ ਸਿੰਘ ਚਾਹਲ ਅਤੇ ਮੀਡੀਆ ਕੋਆਰਡੀਨੇਟਰ 76 ਸਾਲਾ ਡਾ. ਸੁਖਦੇਵ ਸਿੰਘ ਝੰਡ ਨੇ ਮਜ਼ੇ-ਮਜ਼ੇ ਚੱਲਦਿਆਂ ਇਸ ਦੌੜ ਦਾ 5 ਕਿਲੋਮੀਟਰ ਰੂਟ 59 ਮਿੰਟ 38 ਸਕਿੰਟਾਂ 'ਚ ਤੈਅ ਕੀਤਾ। ਕਲੱਬ ਦੇ ਤੇਜ਼-ਤਰਾਰ ਤੇ ਹੋਣਹਾਰ 13 ਸਾਲਾ ਬੱਚੇ ਗੈਵਿਨ ਅੱਟਾ ਨੇ ਇਹ 5 ਕਿਲੋਮੀਟਰ ਦੌੜ 25 ਮਿੰਟ 58 ਮਿੰਟ 'ਚ ਪੂਰੀ ਕਰਕੇ ਇਸ ਵਿੱਚ 311ਵੇਂ ਸਥਾਨ ਪ੍ਰਾਪਤ ਕੀਤਾ, ਜਦਕਿ 12 ਸਾਲ ਦੇ ਇੱਕ ਹੋਰ ਮੈਂਬਰ ਸਮਰਿੱਧ ਝੰਡ ਨੇ ਇਹ 5 ਕਿਲੋਮੀਟਰ ਦੌੜ 50 ਮਿੰਟ 15 ਸਕਿੰਟਾਂ 'ਚ ਸੰਪੰਨ ਕੀਤੀ। ਛੋਟੇ ਬੱਚਿਆਂ ਰੌਨਿਧ ਝੰਡ, ਫ਼ਰਹਾ ਗਿੱਲ, ਜ਼ਾਰੀਆ ਗਿੱਲ, ਸਾਰਾ ਗਿੱਲ, ਅਲਿਜ਼ਬੈੱਥ ਤੇ ਅਲਿਵੀਆ ਨੇ ਇਸ ਈਵੈਂਟ ਦੀ ਇੱਕ ਕਿਲੋਮੀਟਰ ਦੌੜ ਵਿੱਚ ਬੜੇ ਚਾਅ ਨਾਲ ਭਾਗ ਲਿਆ।

ਕਲੱਬ ਦੇ ਸਰਪ੍ਰਸਤ ਇੰਜ. ਈਸ਼ਰ ਸਿੰਘ ਚਾਹਲ ਅਤੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਕਲੱਬ ਦੇ ਸਮੂਹ ਮੈਂਬਰਾਂ, ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਇਸ ਮਹਾਨ ਈਵੈਂਟ ਵਿੱਚ ਸ਼ਾਮਲ ਹੋਣ ਤੇ ਇਸ ਨੂੰ ਸਫ਼ਲ ਬਨਾਉਣ ਲਈ ਹਾਰਦਿਕ ਧੰਨਵਾਦ ਕੀਤਾ ਗਿਆ ਅਤੇ ਨਾਲ ਹੀ ਅਗਲੇ ਮਹੀਨੇ 13 ਜੂਨ ਨੂੰ ਪੀਲ ਪੋਲੀਸ ਵੱਲੋਂ ਕਰਵਾਏ ਜਾ ਰਹੇ 'ਰੇਸ ਅਗੇਸਨਸਟ ਰੇਸਿਜ਼ਮ' ਈਵੈਂਟ ਵਿੱਚ ਏਸੇ ਹੀ ਤਰ੍ਹਾਂ ਜੋਸ਼ ਤੇ ਉਤਸ਼ਾਹ ਨਾਲ ਭਾਗ ਲੈਣ ਲਈ ਬੇਨਤੀ ਕੀਤੀ ਗਈ।

## ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ :

# ਗ਼ਦਰ ਸਾਹਿਤ ਦਾ ਬੋਹੜ: ਜਿਸਦੀ ਛਾਵੇਂ ਉੱਗਿਆ ਕਾਫ਼ਲਾ ਕਲਮਾਂ ਦਾ



-ਅਮੋਲਕ ਸਿੰਘ
98778-68710

ਜ਼ਿੰਦਗੀ ਦੇ ਸਫ਼ਰ ਤੇ ਚੱਲਦਿਆਂ ਅਜਿਹੇ ਮੋੜ ਵੀ ਆਉਂਦੇ ਨੇ ਜਦੋਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਵਰਗੇ ਇਨਸਾਨ ਆਪਣੇ ਇਰਦ ਗਿਰਦ ਵਾਪਰਦੀਆਂ ਘਟਨਾਵਾਂ ਤੋਂ ਐਨੇ ਹਲੂਣੇ ਜਾਂਦੇ ਹਨ ਕਿ ਉਹ ਅਰੁੱਕ ਅਤੇ ਅਮੁੱਕ ਸਫ਼ਰ ਦੇ ਪਾਂਧੀ ਹੋ ਜਾਂਦੇ ਹਨ। ਉਹ ਆਪਣੀ ਅਕਾਦਮਿਕ ਵਿੱਦਿਆ ਤੋਂ ਅਗਲੇ ਵਿਸ਼ਾਲ ਖੋਜ ਖੇਤਰਾਂ ਵੱਲ ਨਿਕਲ ਤੁਰਦੇ ਹਨ। ਉਹ ਭਾਵੇਂ ਪਹਿਲਾਂ ਹੀ ਇਤਿਹਾਸ ਦੀਆਂ ਪੈੜਾਂ ਨੱਪਣ ਲਈ ਸਫ਼ਰ ਤੇ ਸਨ ਪਰ ਕਈ ਹਲੂਣਵੀਆਂ ਘਟਨਾਵਾਂ ਨੇ ਉਹਨਾਂ ਦੀ ਜ਼ਿੰਦਗੀ ਨੂੰ ਨਵੇਂ ਅਰਥ ਅਤੇ ਖੋਜ ਭਰਪੂਰ ਮਾਰਗ ਦਿੱਤੇ।

ਹੋਇਆ ਇਹ ਕਿ ਉਹ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਪ੍ਰੋਫ਼ੈਸਰ ਸਨ। ਇਸ ਕਾਲਜ ਦਾ ਹੋਣਹਾਰ ਵਿਦਿਆਰਥੀ ਸੀ ਬਖ਼ਸ਼ੀਸ਼ ਸਿੰਘ ਮੋਰ ਕਰੀਮਾਂ। ਜਿਸਦੀ ਮਾਂ ਖੇਤਾਂ ਦੇ ਵੱਟਾਂ ਬੰਨਿਆਂ, ਰਾਹਾਂ ਤੋਂ ਘਾਹ ਖੋਤ ਕੇ ਲਵੇਰਾ ਪਾਲਕੇ ਗੁਜ਼ਾਰਾ ਕਰਦੀ ਅਤੇ ਮਜ਼ਦੂਰ ਪੁੱਤ ਨੂੰ ਇੰਜਨੀਅਰ ਬਣਾਉਣ ਲਈ ਸਖ਼ਤ ਮੁਸ਼ੱਕਤ ਕਰਦੀ ਸੀ। ਇਸ ਮਾਂ ਜਾਇਆ ਬਖ਼ਸ਼ੀਸ਼, ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੀਆਂ ਕਲਾਸਾਂ ਛੱਡ ਕੇ ਲੋਕ ਮੁਕਤੀ ਲਹਿਰ ਦੀ ਯੂਨੀਵਰਸਿਟੀ ਵਿੱਚ ਜਾ ਦਾਖ਼ਲ ਹੋਇਆ। ਅਜੇਹੀ ਅੱਖ, ਵਹਿਸ਼ੀ ਨਿਜ਼ਾਮ ਦੇ ਰਖੇਲਾਂ ਦੀਆਂ ਅੱਖਾਂ 'ਚ ਰੜਕਣ ਲੱਗੀ।

ਉਹਨਾਂ ਦਿਨਾਂ 'ਚ ਹਰ ਚੜ੍ਹਦੇ ਸੂਰਜ, ਕੰਮੀਆਂ ਦੇ ਵਿਹੜੇ ਦੇ ਸੂਰਜ ਕਤਲ ਕੀਤੇ ਜਾ ਰਹੇ ਸਨ। ਹਰ ਰਾਤ, ਲੋਕਾਂ ਦੇ ਮਨਾਂ ਅੰਦਰ ਚੇਤਨਾ ਦੀ ਰੌਸ਼ਨੀ ਕਰਨ ਵਾਲੇ ਚੰਨ ਕਤਲ ਕਰਨ ਦੇ ਹੁਕਮ ਲੈ ਕੇ ਆਉਂਦੀ। ਇਸ ਲੜੀ ਵਿੱਚ ਹੀ ਵਿਦਿਆਰਥੀ ਬਖ਼ਸ਼ੀਸ਼ ਮੋਰਕਰੀਮਾਂ ਚੰਦਰੀ ਹਨੇਰੀ ਨੇ ਖੋਹ ਲਿਆ। ਬਖ਼ਸ਼ੀਸ਼ ਨੂੰ ਨਵਾਂ ਸ਼ਹਿਰ ਰੇਲਵੇ ਸਟੇਸ਼ਨ 'ਤੇ ਜੱਫਾ ਮਾਰਕੇ ਜਦੋਂ ਪੁਲਸ ਫੜਨ ਲੱਗੀ ਤਾਂ ਉਸਨੇ ਅੱਖ ਝਪਕਣ ਜਿੰਨੇ ਪਲਾਂ 'ਚ ਹੀ ਆਪਣੇ ਲੱਕ ਨਾਲ ਬੰਨ੍ਹੇਂ ਬੰਬ ਦੀ ਪਿੰਨ ਖਿੱਚ ਦਿੱਤੀ। ਅੱਧੀ ਦਰਜਨ ਦੇ ਕਰੀਬ ਪੁਲਸ ਮੁਲਾਜ਼ਮ ਥਾਏਂ ਮਾਰੇ ਗਏ। ਬਖ਼ਸ਼ੀਸ਼ ਦੇ ਜਿਸਮ ਦੇ ਚੀਥੜੇ ਉੱਡ ਗਏ। ਇਉਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਵਿਦਿਆਰਥੀ ਬਖ਼ਸ਼ੀਸ਼ ਨੇ ਬਬਰ ਅਕਾਲੀ ਲਹਿਰ ਦੇ ਸ਼ਹੀਦ ਧੰਨਾ ਸਿੰਘ ਬਹਿਬਲਪੁਰ (ਹੁਸ਼ਿਆਰਪੁਰ) ਵੱਲੋਂ ਵੀਹਵੀਂ ਸਦੀ ਦੇ ਮੁਢਲੇ ਦੌਰ ਵਿੱਚ ਅਜੇਹੀ ਹੀ ਲਾਸਾਨੀ ਸ਼ਹਾਦਤ ਦੇ ਵਰਕੇ ਤਾਜ਼ਾ ਕਰ ਦਿੱਤੇ।

ਬਖ਼ਸ਼ੀਸ਼ ਨੇ ਬਬਰ ਅਕਾਲੀ ਲਹਿਰ ਦੇ ਇਤਿਹਾਸ ਨੂੰ ਤਾਜ਼ਾ ਕਰਦਿਆਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਵਰਗੇ ਬੁੱਧੀਮਾਨ ਚਿੰਤਕਾਂ ਅਤੇ ਲੋਕ ਦਰਦੀਆਂ ਨੂੰ ਗਹਿਰ ਗੰਭੀਰ ਵਿਚਾਰਾਂ ਵਿੱਚ ਪਾ ਦਿੱਤਾ ਕਿ ਇਹ ਮਹਿਜ਼ ਸੂਰਮਗਤੀ ਭਰੀ ਘਟਨਾ ਨਹੀਂ ਸੀ ਸਗੋਂ ਇਹ ਦਰਸਾਉਣਾ ਸੀ ਕਿ ਪੰਜਾਬ ਅੰਦਰ ਬਬਰਾਂ, ਗ਼ਦਰੀਆਂ, ਭਗਤ, ਸਰਾਭੇ ਵਰਗੇ ਇਨਕਲਾਬੀਆਂ ਦੇ ਸੁਪਨੇ ਪੂਰੇ ਕਰਨ ਤੁਰੇ ਚਾਨਣ ਦੇ ਵਣਜਾਰਿਆਂ ਨੂੰ ਸੁੰਨੇ ਪੁਲਾਂ 'ਤੇ ਲਿਜਾ ਕੇ, ਝੂਠੇ ਪੁਲਸ ਮੁਕਾਬਲੇ ਦੀ ਕਹਾਣੀ ਘੜ ਕੇ ਮਾਰ ਮੁਕਾਇਆ ਜਾ ਰਿਹਾ ਤਾਂ ਇਹ ਸਾਰੇ ਇਤਿਹਾਸਕ ਘਟਨਾ ਕ੍ਰਮ ਦੇ ਡੂੰਘੇ ਪਤਾਲ? ਵਿੱਚ ਕਿਹੜੇ ਕਾਰਨ ਕੰਮ ਕਰਦੇ ਹਨ।

ਮੈਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦਾ ਵਿਦਿਆਰਥੀ ਹੋਣ ਕਰਕੇ ਪ੍ਰੋ. ਮਲਵਿੰਦਰਜੀਤ ਸਿੰਘ ਦੇ ਵਿਦਿਆਰਥੀਆਂ ਨਾਲ ਰਿਸ਼ਤੇ ਤੋਂ ਬੇਹੱਦ ਪ੍ਰਭਾਵਿਤ ਸੀ ਉਹ ਵਿਦਿਆਰਥੀਆਂ ਦੇ ਇਨਕਲਾਬੀ ਲਹਿਰਾਂ ਵੱਲ ਖਿੱਚੇ ਜਾਣ ਨੂੰ ਇਤਿਹਾਸਕ ਵਰਤਾਰਿਆਂ ਅਤੇ ਆਜ਼ਾਦੀ, ਜਮਹੂਰੀਅਤ, ਸਮਾਜਿਕ ਆਰਥਿਕ ਬਰਾਬਰੀ ਦੇ ਜੁਸੇ ਵਿਚ ਰੱਖ ਕੇ ਅਧਿਐਨ ਕਰਿਆ ਕਰਦੇ ਸਨ। ਇਹਨਾਂ ਦਿਨਾਂ ਵਿੱਚ ਇੰਜਨੀਅਰਿੰਗ ਕਾਲਜ ਦੀਆਂ ਦੀਵਾਰਾਂ ਅਤੇ ਹੋਸਟਲ 'ਚੋਂ ਹਕੂਮਤੀ ਜਬਰ ਖ਼ਿਲਾਫ਼ ਨਾਅਰਿਆਂ ਦੀ ਗੂੰਜ ਪਿਆ ਕਰਦੀ ਸੀ। ਇਸ਼ਤਿਹਾਰਾਂ, ਹੱਥ ਪਰਚਿਆਂ ਨੇ ਬਖ਼ਸ਼ੀਸ਼ ਦੀ ਸ਼ਹਾਦਤ ਦੇ ਮਾਅਨੇ ਵਿਦਿਆਰਥੀਆਂ ਦੇ ਮਨ ਦੀ ਡਾਇਰੀ ਉਪਰ ਉੱਕਰ ਦਿੱਤੇ। ਅਜੇਹੇ ਮਾਹੌਲ 'ਚ ਵਿਦਿਆਰਥੀ ਮਰਨ ਮਾਰਨ ਲਈ ਲਟ ਲਟ ਬਲ ?ਦੀ ਭਾਵਨਾ ਨਾਲ ਬਲ ਉੱਠੇ। ਬਖ਼ਸ਼ੀਸ਼ ਦੀ ਸ਼ਹਾਦਤ ਦਾ ਕਾਲਜ ਦੀਆਂ ਹਵਾਵਾਂ ਵਿੱਚ ਗੂਹੜਾ ਅਸਰ ਅਗਲੇ ਵਰ੍ਹਿਆਂ ਤੱਕ ਦਿਖਾਈ ਦਿੰਦਾ ਰਿਹਾ।

ਇਹ ਦੌਰ ਸੀ ਜੋਸ਼ ਅਤੇ ਹੋਸ਼ ਨੂੰ ਸੰਤੁਲਤ ਰੱਖਣਾ ਬਹੁਤ ਹੀ ਜ਼ਰੂਰੀ ਸੀ। ਬੀਤੇ ਇਤਿਹਾਸ ਦੀਆਂ ਕੁਰਬਾਨੀਆਂ ਅਤੇ ਲਹੂ ਸੰਗ ਲਿਖੇ ਇਤਿਹਾਸ ਤੋਂ ਅਮੁੱਲੜੇ ਸਬਕ ਹਾਸਲ ਕਰਕੇ, ਪੱਲੇ ਬੰਨ੍ਹਣਾ ਉਸ ਵੇਲੇ ਦੀ ਲੋੜ ਸੀ। ਇਨਕਲਾਬੀ ਰਾਹ ਦੀਆਂ ਲੀਹਾਂ ਅਤੇ ਸੇਧ ਨੂੰ ਪਰਪੱਕ ਕਰਨਾ ਇਤਿਹਾਸਕ ਕਾਰਜ ਸੀ। ਇਸ ਉੱਸਲਵੱਟੇ ਲੈਂਦੇ ਅਤੇ ਰੋਹ ਭਰੇ ਵਾਤਾਵਰਣ ਵਿੱਚ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਬੁੱਧੀਮਾਨ ਚਿੰਤਕ, ਦੂਰ ਅੰਦੇਸ਼ ਕਰਾਂਤੀਕਾਰੀ ਵਿਦਵਾਨ ਬਣਨ ਦੇ ਸਫ਼ਰ ਦਾ ਸੁਘੜ ਸਿਆਣਾ ਇਤਿਹਾਸਕਾਰ, ਬੌਧਿਕ ਅਤੇ ਇਨਕਲਾਬੀ ਇਤਿਹਾਸ ਦੀ ਟੁੱਟੀ ਤੰਦ ਗੰਢਣ ਵਾਲਾ ਕਾਰੀਗਰ ਕਾਮਾ ਬਣਕੇ ਸਾਹਮਣੇ ਆਇਆ। ਉਸਨੇ ਬਲਦੇ ਮਾਹੌਲ ਅੰਦਰ ਠੰਢੇ ਮਤੇ, ਸੂਝ ਬੂਝ ਅਤੇ ਲੋਕਾਂ ਨੂੰ ਨਾਲ ਲੈਕੇ ਤੁਰਨ ਲਈ ਇਤਿਹਾਸ ਦਾ ਪੱਲਾ ਫੜਨ ਦਾ ਇਮਤਿਹਾਨ ਪਾਸ ਕੀਤਾ। ਪ੍ਰੋ. ਮਲਵਿੰਦਰਜੀਤ ਹੋਰਾਂ ਦੇ ਮਨ ਦੀ ਕਿਸੇ ਨਾ ਕਿਸੇ ਨੁੱਕਰ ਵਿੱਚ ਚਿੰਤਨ ਦੀ ਇਹ ਅੰਕੁਰ, ਲਗਰ ਫੁੱਟ ਰਹੀ ਸੀ ਕਿ ਇਨਕਲਾਬੀ ਸਮਾਜਕ ਤਬਦੀਲੀ ਲਈ ਕੀ ਕਰਨਾ ਲੋੜੀਏ? ਇਤਿਹਾਸ ਤੋਂ ਸਬਕ ਗ੍ਰਹਿਣ ਕਰੀਏ। ਮੰਜ਼ਲ ਪਾਉਣ ਲਈ ਕਿਹੜਾ ਰਾਹ ਸੁਵੱਲੜਾ ਹੈ।

ਮਨ ਮਸਤਕ 'ਚ ਇਹ ਸੁਆਲ ਸੁਲਘਦੇ, ਬੁਝਦੇ, ਬਲਦੇ ਰਹਿੰਦੇ ਸਨ ਕਿ ਗ਼ਦਰ ਲਹਿਰ, ਬਬਰ ਅਕਾਲੀ ਲਹਿਰ, ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਨੌਜਵਾਨ ਭਾਰਤ ਸਭਾ ਲਹਿਰ ਨੇ ਵੀ ਲੋਕ-ਦੋਖੀ ਪ੍ਰਬੰਧ ਨਾਲ ਟੱਕਰਾਂ ਲਈਆਂ। ਅਥਾਹ ਕੁਰਬਾਨੀਆਂ ਕੀਤੀਆਂ ਪਰ ਸਫ਼ਲਤਾ ਨੇ ਇਨਕਲਾਬੀ ਲਹਿਰਾਂ ਦਾ ਮੱਥਾ ਕਿਉਂ ਨਹੀਂ ਚੁੰਮਿਆਂ? ਉਹ ਔਝੜੇ ਰਾਹਾਂ ਵਿਚੀਂ ਤੁਰਦਿਆਂ ਪਗਡੰਡੀਆਂ ਅਤੇ ਰਾਹਾਂ ਦੀ ਭਾਲ ਕਰਨ ਲਈ ਇਤਿਹਾਸ ਦੀਆਂ ਪੈੜਾਂ ਦਾ ਗਹਿਰਾ ਚਿੰਤਨ ਕਰਨ ਨਿਕਲ ਤੁਰੇ।

1972 'ਚ ਵਿਦਿਆਰਥੀਆਂ ਦੇ ਘੋਲ ਸਮੇਂ ਵਾਪਰੇ ਮੋਗਾ ਗੋਲੀ ਕਾਂਡ ਮੌਕੇ ਇਸਦਾ ਮੈਨੂੰ ਵੀ ਗਹਿਰਾ ਅਹਿਸਾਸ ਹੋਇਆ ਜਦੋਂ ਪੜ੍ਹਨ ਵਿਚਾਰਨ, ਗੁਰਸ਼ਰਨ ਭਾਅ ਜੀ ਦੇ ਨਾਟਕ ਕਾਲਜ ਵਿੱਚ ਕਰਾਉਣ ਲਈ ਉਹ ਵਿਦਿਆਰਥੀਆਂ ਨੂੰ ਸਹਿਯੋਗ ਦਿਆ ਕਰਦੇ ਸਨ। ਮੋਗਾ ਗੋਲੀ ਕਾਂਡ ਮੌਕੇ ਸਾਹਮਣੇ ਆਏ ਜਨਤਕ ਪ੍ਰਤੀਰੋਧ ਨੇ ਉਹਨਾਂ ਦੇ ਮੁੱਖੜੇ ਤੇ ਨੂਰ ਲਿਆਂਦਾ। ਵਰ੍ਹਿਆਂ ਦੇ ਕਹਿਰ ਪਿੱਛੋਂ ਉੱਠੀ ਜਨਤਕ ਲਹਿਰ ਨੇ ਉਮੀਦ ਦੀ ਨਵੀਂ ਕਿਰਨ ਸਾਹਮਣੇ ਲਿਆਂਦੀ। ਉਹਨਾਂ ਨੂੰ ਮਹਿਸੂਸ ਹੋਇਆ ਕਿ ਕੁਝ ਇੱਕ ਸਮ੍ਹਾਂ ਦੇ ਪਰਵਾਨੇ ਅਥਾਹ ਕੁਰਬਾਨੀਆਂ ਦੇ ਬਾਵਜੂਦ ਵੀ ਸਮਾਜ ਨਹੀਂ ਬਦਲ ਸਕਦੇ। ਸਮਾਜ ਬਦਲਣ ਅਤੇ ਨਵਾਂ ਸਮਾਜ ਸਿਰਜਣ ਲਈ ਲੋਕ ਲਹਿਰ ਲਾਜ਼ਮੀ ਹੈ। ਮੋਗਾ ਗੋਲੀ ਕਾਂਡ ਖ਼ਿਲਾਫ ਜਨਤਕ ਉਭਾਰ ਅਤੇ ਪ੍ਰਤੀਰੋਧ ਲਾ ਮਿਸਾਲ



ਤਾਂ ਹੈ ਹੀ ਸੀ ਇਸਦੀ ਵਿਸ਼ੇਸ਼ਤਾ ਇਹ ਵੀ ਸੀ ਕਿ ਇਹ ਵਿਅਕਤੀਗਤ ਕਾਰਵਾਈਆਂ ਦੀ ਬਜਾਏ ਜਨਤਕ ਸਮਰਥਨ ਵਾਲਾ ਲੋਕ ਅੰਦੋਲਨ ਬਣ ਕੇ ਸਾਹਮਣੇ ਆਇਆ। ਝੂਠੇ ਪੁਲਿਸ ਮੁਕਾਬਲਿਆਂ ਨਾਲ ਫੈਲੀ ਦਹਿਸ਼ਤ, ਸਹਿਮ ਅਤੇ ਸਟੇਟ ਦਾ ਦਾਬਾ, ਮੋਗਾ ਗੋਲੀ ਕਾਂਡ ਖ਼ਿਲਾਫ਼ ਉੱਠੇ ਰੋਹ ਨੇ ਪੈਰਾਂ ਹੇਠ ਮਲ ਦਿੱਤਾ। ਬੁੱਧੀਜੀਵੀਆਂ, ਲੇਖਕਾਂ, ਸਾਹਿਤਕਾਰਾਂ ਕਵੀਆਂ ਨੂੰ ਇਸ ਘਟਨਾ ਕ੍ਰਮ ਨੇ ਆਪਣਾ ਇਤਿਹਾਸਕ ਅਤੀਤ, ਵਰਤਮਾਨ ਅਤੇ ਭਵਿੱਖ ਸਮਝਣ ਵੱਲ ਤੋਰਿਆ।

ਜ਼ਿਕਰਯੋਗ ਹੈ ਕਿ ਇੱਕ ਦਿਨ ਅਜੇਹਾ ਆਇਆ ਜਦੋਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਹੀ ਵਿਦਿਆਰਥੀ ਪ੍ਰੋ. ਜਗਮੋਹਣ ਸਿੰਘ (ਸ਼ਹੀਦ ਭਗਤ ਸਿੰਘ ਦੇ ਭਾਣਜੇ) ਲੁਧਿਆਣਾ ਤੋਂ ਸਾਇਕਲਾਂ ਤੇ ਹੀ ਅੰਮ੍ਰਿਤਸਰ ਜਿਲ੍ਹੇ 'ਚ ਪੈਂਦੇ ਪਿੰਡ ਭਕਨੇ ਨੂੰ ਸਫ਼ਰ ਤੇ ਨਿੱਕਲ ਪਏ। ਉਹਨਾਂ ਦੇ ਮਨ ਅੰਦਰ ਤੜਫ਼ ਅਤੇ ਗਹਿਰੀ ਨੀਝ ਸੀ ਕਿ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਜਾ ਕੇ ਮਿਲਿਆ ਜਾਵੇ। ਉਹਨਾਂ ਨਾਲ ਵਾਰਤਾਲਾਪ ਕਰਕੇ ਇਹਨਾ ਉਲਝੇ ਸੁਆਲਾਂ ਦੇ ਜਵਾਬ ਤਲਾਸ਼ੇ ਜਾਣ ਕਿ ਜਿਨ੍ਹਾਂ ਕੋਲ ਸਰਵੋਤਮ ਵਿਚਾਰਧਾਰਾ, ਸਮਰਪਣ ਦੀ ਭਾਵਨਾ ਹੈ ਜਿਹੜੇ ਕੁਰਬਾਨੀਆਂ ਦਾ ਇਤਿਹਾਸ, ਆਪਣੇ ਲਹੂ ਸੰਗ ਸਮੇਂ ਸਮੇਂ ਸਿਰਜਦੇ ਰਹਿੰਦੇ ਨੇ ਪਰ ਉਹ ਮੰਜ਼ਲਾਂ ਤੇ ਕਿਉਂ ਨਹੀਂ ਪਹੁੰਚ ਪਾਉਂਦੇ?

ਸਾਈਕਲਾਂ ਤੇ ਜਾਂਦਿਆਂ ਉਹ ਰਾਹ ਵਿੱਚ ਸੋਚਦੇ ਗਏ ਕਿ ਐਡਾ ਵੱਡਾ ਆਗੂ ਸਾਨੂੰ ਮਿਲਣ ਲਈ ਸਮਾਂ ਵੀ ਦੇ ਦੇਵੇਗਾ ਉਹਨਾਂ ਕੋਲ ਤਾਂ ਮਿਲਣ ਵਾਲਿਆਂ ਦਾ ਮੇਲਾ ਲੱਗਾ ਹੋਵੇਗਾ। ਪਰ ਜੋ ਉਹਨਾਂ ਜਾ ਕੇ ਅੱਖੀਂ ਡਿੱਠਾ ਉਹਨਾਂ ਦੀਆਂ ਕਿਆਸ ਅਰਾਈਆਂ ਨਾਲੋਂ ਹਕੀਕਤ ਕੁੱਝ ਹੋਰ ਹੀ ਸੀ। ਬਾਬਾ ਸੋਹਣ ਸਿੰਘ ਭਕਨਾ ਕੁੱਲੀ ਨੁਮਾ ਰਿਹਾਇਸ਼ ਵਿੱਚ ਕੱਲ-ਮ-ਕੱਲਾ ਸੀ। ਬਾਬੇ ਨੇ ਆਪ ਹੀ ਦੁੱਧ ਗਰਮ ਕਰਕੇ ਇਹਨਾਂ ਨੌਜਵਾਨਾ ਨੂੰ ਦਿੱਤਾ। ਇਹ ਸਾਰਾ ਦ੍ਰਿਸ਼ ਇਹਨਾਂ ਬੁੱਧੀਮਾਨਾਂ ਲਈ ਇਤਿਹਾਸ ਅਤੇ ਲਹਿਰਾਂ ਦੀ ਝੰਜੋੜਵੀਂ ਝਲਕ ਸੀ ਕਿ ਇਸ ਮੁਲਕ ਅੰਦਰ ਮੁੜ ਮੱਤ ਅਤੇ ਪੁੱਠੀਆਂ ਪੱਟੀਆਂ ਪੜ੍ਹਾਉਣ ਵਾਲੇ ਬਾਬਿਆਂ ਦੇ ਜਿਉਂਦੇ ਜੀਅ ਅਤੇ ਮੋਇਆਂ ਤੇ ਮੇਲੇ ਲੱਗਦੇ ਨੇ ਉੱਥੇ ਦੇਸ਼ ਭਗਤਾਂ ਖਾਸ ਕਰਕੇ ਬਾਬਾ ਸੋਹਣ ਸਿੰਘ ਭਕਨਾ ਵਰਗੀਆਂ ਸਖਸ਼ੀਅਤਾ ਦੀ ਜ਼ਿੰਦਗੀ 'ਚ ਇਹ ਇਕੱਲਤਾ ਕਿਸੇ ਵਿਅਕਤੀ ਦੀ ਇਕੱਲਤਾ ਦੀ ਕਹਾਣੀ ਨਹੀਂ ਇਹ ਲਹਿਰ ਦੀ ਇਕੱਲਤਾ ਨੂੰ ਸਮਝਣ ਦਾ ਗਹਿਰਾ ਸੁਆਲ ਹੈ। ਇਹਨਾਂ ਸੁਆਲਾਂ ਦੇ ਝੁਰਮਟ ਨੇ ਪ੍ਰੋਫ਼ੈਸਰ ਹੋਰਾਂ ਦੇ ਮਨ ਅੰਦਰ ਹਲ ਚਲ ਪੈਦਾ ਕਰ ਦਿੱਤੀ।

ਉਸ ਉਪਰੰਤ ਹੀ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ ਮਨ ਹੀ ਮਨ ਜ਼ਿੰਦਗੀ ਦੇ ਵੱਡੇ ਫੈਸਲੇ ਲਏ। ਬਾਬਾ ਜੀ ਨਾਲ ਵਾਰਤਾਲਾਪ ਉਪਰੰਤ ਤਾਂ ਜ਼ਿੰਦਗੀ ਬੱਸ ਚੱਲ ਸੋ ਚੱਲ। ਬਾਬਾ ਸੋਹਣ ਸਿੰਘ ਭਕਨਾ, ਉਰਦੂ ਵਿੱਚ ਲਿਖੇ ਵਰਕੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੂੰ ਦੇਣ ਲੱਗੇ। ਉਹ ਪੰਜਾਬੀ ਵਿਚ ਅਨੁਵਾਦ ਕਰਨ ਲੱਗੇ। ਕਿਤਾਬ ਦੇ ਰੂਪ ਵਿੱਚ ਛਪੀ ਪਲੇਠੀ ਕਿਤਾਬ ਕਾਰਨ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਖ਼ੁਸ਼ੀ 'ਚ ਖੀਵੇ ਹੋ ਗਏ। ਉਹ ਆਪਣੀ ਧੀ ਦੇ ਜਨਮ 'ਤੇ ਜਿੰਨਾ ਖ਼ੁਸ਼ ਹੋਏ ਇਉਂ ਹੀ ਪਹਿਲੀ ਕਿਤਾਬ ਦੇ ਜਨਮ 'ਤੇ ਖਿੜ ਉੱਠੇ।

ਬਾਬਾ ਸੋਹਣ ਸਿੰਘ ਭਕਨਾ ਨਾਲ ਪਿੰਡ ਭਕਨਾ ਮੁਲਾਕਾਤ ਉਪਰੰਤ ਤਾਂ ਉਹ ਪਿੰਡ ਬੱਦੋਵਾਲ, ਨਾਰੰਗਵਾਲ, ਸਰਾਭਾ, ਚਮਿੰਡਾ, ਗ਼ਦਰੀ ਬਾਬਿਆਂ, ਕੂਕਾ ਲਹਿਰ, ਬਬਰ ਅਕਾਲੀਆਂ ਦੇ ਪਿੰਡਾਂ, ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਸੰਗਰਾਮੀ ਪੈੜਾਂ ਦੀ ਖੋਜ ਕਰਨ ਨਿਕਲ ਤੁਰੇ। ਉਹਨਾਂ ਨੇ ਕਾਲਜ ਪ੍ਰੋ. ਦੀਆਂ ਸੇਵਾਵਾਂ ਤੋਂ ਵਿਦਾਇਗੀ ਉਪਰੰਤ ਵਕਾਲਤ ਕੀਤੀ। ਉਹਨਾਂ ਨੇ ਵਕਾਲਤ ਧੰਨ ਦੌਲਤ ਇਕੱਠੀ ਕਰਨ ਲਈ ਨਹੀਂ ਸਗੋਂ ਆਪਣੀ ਇਤਿਹਾਸਕ ਖੋਜ ਦੇ ਕਾਰਜ ਲਈ ਇਸਨੂੰ ਜ਼ਰੂਰੀ ਸਮਝਿਆ। ਇਤਿਹਾਸ ਦੇ ਅਣਛੋਹੇ ਵਰਕੇ ਖੋਜਣ ਲਈ ਉਹਨਾਂ ਨੇ ਵਕਾਲਤ ਦੇ ਇਸ ਪ੍ਰੋਜੈਕਟ ਨੂੰ ਹੱਥ ਲਿਆ। ਕਾਨੂੰਨੀ ਨੁਕਤਾ ਨਜ਼ਰ ਤੋਂ ਮੁਕੱਦਮਿਆਂ, ਕੇਸਾਂ, ਫਾਂਸੀਆਂ, ਜੇਲ੍ਹਾਂ, ਉਮਰ ਕੈਦ, ਜੂਹ ਬੰਦੀਆਂ, ਕੁਰਕੀਆਂ ਅਤੇ ਇਤਿਹਾਸ ਅੰਦਰ ਇਨਕਲਾਬੀ ਲਹਿਰਾਂ ਨੂੰ ਮਾਨਤਾ ਸਥਾਨ ਦਿਵਾਉਣ ਲਈ, ਹਾਈਕੋਰਟ ਦੇ ਚੱਕਰ ਕੱਟਣ, ਕੇਸ ਲੜਨ, ਕੂਕਾ ਲਹਿਰ, ਗ਼ਦਰ ਲਹਿਰ, ਕਾਮਾਗਾਟਾ ਮਾਰੂ ਲਹਿਰ, ਬਜਬਜ ਘਾਟ, ਜਲ੍ਹਿਆਂਵਾਲਾ ਬਾਗ, ਆਜ਼ਾਦ ਹਿੰਦ ਫੌਜ ਆਦਿ ਦੇ ਸ਼ਹੀਦਾਂ ਨੂੰ ਸ਼ਹੀਦੀ ਰੁਤਬਾ ਦਿਵਾਉਣਾ, ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਨੂੰ ਕੌਮੀ ਸ਼ਹੀਦਾ ਦਾ ਮਾਣ ਮੱਤਾ ਸਥਾਨ ਦਿਵਾਉਣ ਲਈ ਦ੍ਰਿੜਤਾ ਨਾਲ ਲੜੇ। ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਵਰਗੇ ਅਨੇਕਾਂ ਦੀ ਜਮੀਨ ਜਾਇਦਾਦ ਦੀ ਕੁਰਕੀ ਰੱਦ ਕਰਾਉਣ ਨਿਕਲ ਪਏ।

ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆ ਦੀ ਜਮੀਨ ਜਾਇਦਾਦ ਦੀ ਕੁਰਕੀ ਰੱਦ ਕਰਵਾ ਲੈਣ ਦੇ ਹਵਾਲੇ ਨਾਲ ਅਦਾਲਤ ਨੂੰ ਇਹ ਪ੍ਰਵਾਨ ਕਰਨਾ ਪਿਆ ਕਿ ਮੁਲਕ ਵਿੱਚ ਹੋਰ ਜਿੱਥੇ ਵੀ ਅਜਿਹੇ ਕੇਸ ਹਨ ਸਭ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ ਅਤੇ ਜਾਇਦਾਦ ਵਾਰਸਾਂ ਹਵਾਲੇ ਕੀਤੀ ਜਾਏ।

ਆਮ ਤੌਰ 'ਤੇ ਸਾਡੇ ਸਮਾਜ ਵਿੱਚ ਕਿਹਾ ਜਾਂਦਾ ਹੈ ਕਿ ਬਰੋਟੇ ਹੇਠਾਂ ਹੋਰ ਬੂਟੇ ਨਹੀਂ ਹੋ ਸਕਦੇ। ਗ਼ਦਰੀ ਬਾਬਿਆਂ ਦੇ ਇਤਿਹਾਸ ਦੇ ਖੋਜੀ ਵਿਦਵਾਨ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਜੇਹੇ ਸਥਾਪਤ ਬਰੋਟੇ ਸਨ ਜਿਨ੍ਹਾ ਦੀ ਛਾਵੇਂ ਅਨੇਕਾ ਹੀ ਬੂਟੇ ਉੱਗੇ, ਮੌਲਰੇ ਅਤੇ ਉਹਨਾਂ ਨੂੰ ਲੋੜੀਂਦੀ ਖਾਧ ਖੁਰਾਕ ਮੁਹੱਈਆ ਕਰਨ ਲਈ ਪ੍ਰੋ. ਮਲਵਿੰਦਰਜੀਤ ਜੀ ਨੇ ਅਥਾਹ ਲਗਨ ਨਾਲ ਇਤਿਹਾਸਕ ਮਾਲੀ ਦਾ ਕੰਮ ਕੀਤਾ। ਜਿਸ ਕਿਸੇ ਨੂੰ ਸਮੱਗਰੀ ਲੋੜੀਂਦੀ ਹੋਵੇ ਉਹਨਾਂ ਨੇ ਤੇਰਾ ਤੇਰਾ ਕਰਕੇ ਲੁਟਾਈ।

ਮੈਂ ਵੀ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜੀ ਦੇ ਥਾਪੜੇ ਸਦਕਾ ਬਾਬਾ ਸੋਹਣ ਸਿੰਘ ਭਕਨਾ ਨੂੰ ਕਿਤਾਬ ਦੇ ਰੂਪ ਵਿੱਚ ਸੰਗਰਾਮੀ ਸਫ਼ਰ ਪਾਠਕਾਂ ਦੇ ਰੂਬਰੂ ਕੀਤਾ।

ਹਥਲੀ ਨਿੱਕੜੀ ਜਿਹੀ ਲਿਖਤ ਵਿੱਚ ਕਿਤਾਬਾਂ ਦੇ ਲੰਮੇ ਵਿਸਥਾਰ ਵਿੱਚ ਨਾ ਜਾਂਦੇ ਹੋਏ ਸਿਰਫ਼ ਐਨਾ ਹੀ ਕਹਾਂਗਾ ਕਿ ਉਹਨਾਂ ਨੇ 62 ਤੋਂ ਵੱਧ ਕਿਤਾਬਾਂ, ਦਸ ਹਜ਼ਾਰ ਸਫ਼ਾ ਦਸਤਾਵੇਜ਼ੀ ਰੂਪ ਛਾਪਕੇ ਪਾਠਕਾਂ ਦੀ ਝੋਲੀ ਪਾਇਆ।

ਸੀਤਾ ਰਾਮ ਬਾਂਸਲ ਅਤੇ ਬਲਵਿੰਦਰ ਕੌਰ ਬਾਂਸਲ ਉਹਨਾਂ ਦੇ ਅਮੁੱਲੇ ਕੰਮ ਨੂੰ ਸਾਂਭਣ ਵਿੱਚ ਯਾਦਗਾਰੀ ਭੂਮਿਕਾ ਨਿਭਾ ਰਹੇ ਹਨ। ਇਉਂ ਹੀ ਹਰੀਸ਼ ਜੈਨ, ਪ੍ਰੋ. ਜਗਮੋਹਣ ਸਿੰਘ, ਸ਼ਹੀਦ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ, ਗੁਰਸ਼ਰਨ ਸਿੰਘ, ਐਡਵੋਕੇਟ ਰਾਜਿੰਦਰ ਸਿੰਘ ਚੀਮਾ, ਗੁਰਭਜਨ ਗਿੱਲ ਵਰਗਿਆਂ ਦੇ ਯਤਨਾਂ ਨਾਲ ਬਹੁਤ ਸਾਰੀਆਂ ਪੈੜਾਂ ਅਲੱਗ ਅਲੱਗ ਵਿਧਾਵਾਂ ਵਿਚ ਸਾਂਭਣ ਦਾ ਕੰਮ ਕੀਤਾ।

ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਵਿੱਚ ਪੜ੍ਹਦੇ ਸਮੇਂ ਮੈਂ ਦੇਖਿਆ ਖਾਸ ਕਰਕੇ ਮੋਗਾ ਗੋਲੀ ਕਾਂਡ ਅਤੇ ਹੋਰ ਕਈ ਮੌਕਿਆਂ ਅਤੇ ਗੁਰਸ਼ਰਨ ਭਾਅ ਜੀ ਦੇ ਨਾਟਕ ਕਰਵਾਉਣ, ਸੈਮੀਨਾਰ ਆਦਿ ਮੌਕੇ ਉਹਨਾਂ ਨੇ ਵਿਦਿਆਰਥੀਆਂ ਨੂੰ ਸਦਾ ਥਾਪੀ ਦਿੱਤੀ। ਉਹਨਾਂ ਦੀ ਜੀਵਨ ਸਾਥਣ ਰਾਜਿੰਦਰ ਕੌਰ ਵੜੈਚ ਜੋ ਕਿ 19 ਅਗਸਤ 2014 ਸਦੀਵੀ ਵਿਛੋੜਾ ਦੇ ਗਏ ਉਹਨਾਂ ਦੇ ਯਾਦਗਾਰੀ ਸਮਾਗਮ ਮੌਕੇ 31 ਅਗਸਤ 2014 ਨੂੰ



ਉਹਨਾਂ ਮੈਨੂੰ ਬੁੱਕਲ ਵਿਚ ਲੈ ਕੇ ਕਿਹਾ ਕਿ, 'ਮੇਰੇ ਲਈ ਮਾਣ ਹੈ ਕਿ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦਾ ਵਿਦਿਆਰਥੀ ਲੋਕਾਂ ਦਾ ਵਫ਼ਾਦਾਰ ਪੁੱਤ ਬਣਕੇ ਸਰਗਰਮੀ ਨਾਲ ਸਫ਼ਰ ਤੇ ਹੈ। ਮੇਰੇ ਕੋਲ ਪੜ੍ਹੇ ਕੁਝ ਨਲਾਇਕ ਵੀ ਸਾਬਤ ਹੋਏ ਹਨ ਉਹਨਾਂ ਦੇ ਇਹਨਾਂ ਬੋਲਾਂ ਵਿਚ ਵਿਸ਼ੇਸ਼ ਸੈਨਤ ਸੀ ਅਜਿਹੇ ਵਿਅਕਤੀਆਂ ਬਾਰੇ ਜਿਹੜੇ ਗ਼ਦਰੀ ਅਤੇ ਇਨਕਲਾਬੀ ਤਵਾਰੀਖ਼ ਵਿਚ ਖੋਟ ਰਲਾਉਣ ਦਾ ਕੰਮ ਕਰਨ ਦਾ ਕੁਕਰਮ ਕਰ ਰਹੇ ਹਨ।

ਆਪਣੇ ਆਪ ਨੂੰ ਗ਼ਦਰੀ ਬਾਬਿਆਂ ਦੇ ਮੁਨਸ਼ੀ ਕਹਾਉਣ ਵਾਲੇ ਪ੍ਰੋ. ਵੜੈਚ ਦੇ 23 ਮਈ ਨੂੰ ਚੰਡੀਗੜ੍ਹ ਵਿਚ ਹੋਏ ਸ਼ਰਧਾਂਜਲੀ ਸਮਾਗਮ ਦਾ ਇਹ ਵੀ ਮੌਕਾ ਮੇਲ ਹੀ ਹੈ ਕਿ ਸੰਨ 1914 ਦੇ ਇਸੇ ਦਿਨ ਕਾਮਾਗਾਟਾ ਮਾਰੂ ਜਹਾਜ਼ ਦੀ ਇਤਿਹਾਸਕ ਘਟਨਾ ਵਾਪਰੀ ਸੀ। ਜਿਸਦੇ ਸ਼ਹੀਦਾਂ ਨੂੰ ਸ਼ਹੀਦੀ ਰੁਤਬਾ ਦਿਵਾਉਣ ਲਈ ਉਹਨਾਂ ਅਥਾਹ ਮਿਹਨਤ ਕੀਤੀ।


ਉਹਨਾਂ ਦੀ ਸਖ਼ਤ ਘਾਲਣਾ ਤੋਂ ਸਬਕ ਹਾਸਲ ਕਰਨ ਦਾ ਅਹਿਦ ਲੈਣ ਲਈ ਬੁੱਧੀਜੀਵੀਆਂ ਅਤੇ ਮਿਹਨਤਕਸ਼ ਲੋਕਾਂ ਵੱਲੋਂ 23 ਮਈ 2026 ਨੂੰ ਪੀਪਲਜ਼ ਕਨਵੈਨਸ਼ਨ ਸੈਂਟਰ ਚੰਡੀਗੜ੍ਹ ਵਿਖੇ ਯਾਦਗਾਰੀ ਇਕੱਤਰਤਾ ਕੀਤੀ ਗਈ ਜਿੱਥੇ ਇਸ ਜੋਟੀ ਨੂੰ ਮਜ਼ਬੂਤ ਕਰਨ ਦਾ ਅਹਿਦ ਲੈਂਦੇ ਹੋਏ ਆਪਣੇ ਮਹਿਬੂਬ ਵਿਦਵਾਨ ਖੋਜੀ ਇਤਿਹਾਸਕਾਰ ਨੂੰ ਸਿਜਦਾ ਕੀਤਾ ਗਿਆ। ਉਨ੍ਹਾਂ ਦਾ ਅਥਾਹ ਖੋਜ ਭਰਪੂਰ ਇਤਿਹਾਸਕ ਸਾਹਿਤਕ ਕਾਰਜ, ਲਹਿਰਾਂ ਨੂੰ ਤੱਤੇ, ਠੰਢੇ ਹਰ ਮੌਸਮ ਵਿਚ ਔਝੜੇ ਰਾਹਾਂ ਅੰਦਰ ਗਹਿਰ ਗੰਭੀਰ ਵਿਚਾਰਵਾਨ ਅਤੇ ਸਿਰੜੀ ਕਾਮੇ ਬਣਕੇ ਤੁਰਨ ਲਈ ਚਾਨਣ-ਮੁਨਾਰਾ ਬਣਕੇ ਕੰਮ ਕਰਦਾ ਰਹੇਗਾ।



# ਸਰਵੇਲੈਂਸ ਪ੍ਰਾਈਸਿੰਗ ਹੁਣੇ ਬੰਦ ਕਰੋ

*ਔਟਾਵਾ ਤੋਂ ਨਿਕਲਦੇ ਅਖਬਾਰ 'ਦੀ ਹਿੱਲ ਟਾਈਮਜ਼' ਦੇ 4 ਮਈ 2026 ਦੇ ਅੰਕ ਵਿੱਚ ਐਨ ਡੀ ਪੀ ਦੀ ਐਮ ਪੀ ਜੈਨੀ ਕਵਾਨ ਨੇ ਇਕ ਛੋਟਾ ਜਿਹਾ ਆਰਟੀਕਲ ਲਿਖਿਆ ਹੈ, ਜਿਸ ਵਿੱਚ ਉਸ ਨੇ ਕਿਹਾ ਹੈ ਕਿ ਵੱਡੇ ਗਰੌਸਰੀ ਸਟੋਰ ਗਾਹਕਾਂ ਦੀ ਨਿੱਜੀ ਜਾਣਕਾਰੀ ਅਤੇ ਖਰੀਦਦਾਰੀ ਦੇ ਇਤਿਹਾਸ ਨੂੰ ਅਧਾਰ ਬਣਾ ਕੇ ਵੱਖ ਵੱਖ ਗਾਹਕਾਂ ਤੋਂ ਇਕ ਹੀ ਵਸਤ ਦੀਆਂ ਵੱਖ ਵੱਖ ਕੀਮਤਾਂ ਵਸੂਲ ਕਰਦੇ ਹਨ। ਮੇਰੇ ਖਿਆਲ ਵਿੱਚ ਇਹ ਵਰਤਾਰਾ ਸਰਵੇਲੈਂਸ ਕੈਪਟਲਿਜ਼ਮ (ਨਿਗਰਾਨੀ ਅਧਾਰਤ ਪੂੰਜੀਵਾਦ) ਦਾ ਹੀ ਇਕ ਹਿੱਸਾ ਹੈ। ਪੰਜਾਬੀ ਪਾਠਕਾਂ ਲਈ ਜੈਨੀ ਕਵਾਨ ਦੇ ਆਰਟੀਕਲ ਦਾ ਪੰਜਾਬੀ ਅਨੁਵਾਦ ਪੇਸ਼ ਹੈ।*





ਮੂਲ ਲੇਖਕ : ਜੈਨੀ ਕਵਾਨ, ਪਾਰਲੀਮੈਂਟ ਮੈਂਬਰ (ਐਨ ਡੀ ਪੀ)

ਅਨੁਵਾਦ: ਸੁਖਵੰਤ ਹੁੰਦਲ 604644-2470

ਕੈਨੇਡੀਅਨ ਲੋਕਾਂ ਨਾਲ ਚੈੱਕਆਊਟ (ਕੈਸ਼ੀਅਰ ਕਾਊਂਟਰ) 'ਤੇ ਲਗਾਤਾਰ ਠੱਗੀ ਮਾਰੀ ਜਾ ਰਹੀ ਹੈ ਅਤੇ ਬਹੁਤਿਆਂ ਨੂੰ ਪਤਾ ਵੀ ਨਹੀਂ ਕਿ ਕਿਵੇਂ। ਕੰਮਕਾਜੀ ਕੈਨੇਡੀਅਨ ਲੋਕਾਂ ਅਤੇ ਸਥਿਰ ਆਮਦਨ 'ਤੇ ਗੁਜ਼ਾਰਾ ਕਰ ਰਹੇ ਬਜ਼ੁਰਗਾਂ ਨੂੰ ਧੋਖਾ ਦੇਣ ਲਈ ਤਕਨੀਕੀ ਅਰਬਪਤੀ (ਟੈਕ ਬਿਲੀਅਨਿਅਰ) ਗਰੌਸਰੀ ਸਟੋਰਾਂ ਦੇ ਮਾਲਕਾਂ ਨਾਲ ਰਲ ਕੇ ਸਾਜ਼ਿਸ਼ ਕਰ ਰਹੇ ਹਨ। ਜਦੋਂ ਪਰਿਵਾਰ ਗਰੌਸਰੀ ਦੇ ਬਿੱਲਾਂ ਅਤੇ ਘਰਾਂ ਦੇ ਕਿਰਾਏ ਅਦਾ ਕਰਨ ਲਈ ਜੱਦੋਜਹਿਦ ਕਰ ਰਹੇ ਹਨ, ਉਸ ਸਮੇਂ ਰੀਟੇਲਰ (ਪਰਚੂਨ ਵਿਕਰੇਤਾ) ਚੁੱਪ ਚਾਪ 'ਸਰਵੇਲੈਂਸ ਪ੍ਰਾਈਸਿੰਗ' ਭਾਵ ਨਿਗਰਾਨੀ ਦੇ ਅਧਾਰ 'ਤੇ ਕੀਮਤਾਂ ਨਿਰਧਾਰਤ ਕਰਨ ਵਾਲਾ ਇਕ ਨਵਾਂ ਹਥਿਆਰ ਵਰਤ ਰਹੇ ਹਨ। ਤੁਹਾਡਾ ਫ਼ੋਨ, ਤੁਹਾਡੀ ਬ੍ਰਾਊਜ਼ਿੰਗ ਹਿਸਟਰੀ, ਤੁਹਾਡੀ ਪੋਸਟਲ ਕੋਡ, ਤੁਹਾਡੀਆਂ ਪਿਛਲੀਆਂ ਖਰੀਦਾਂ—ਇਹ ਸਭ ਕੁਝ ਐਲਗੋਰਿਦਮਾਂ ਵਿੱਚ ਪਾਇਆ ਜਾਂਦਾ ਹੈ, ਜੋ ਸਿਰਫ ਕਿਸੇ ਵਸਤ (ਪ੍ਰੋਡਕਟ) ਦੀ ਕੀਮਤ ਹੀ ਨਹੀਂ ਮਿੱਥਦੇ ਸਗੋਂ ਇਹ ਵੀ ਦੇਖਦੇ ਹਨ ਕਿ ਤੁਸੀਂ ਖ਼ੁਦ ਕਿੰਨੀ ਕੀਮਤ ਅਦਾ ਕਰਨ ਨੂੰ ਤਿਆਰ ਹੋ ਸਕਦੇ ਹੋ। ਈਮਾਨਦਾਰੀ ਨਾਲ ਇਹ ਕੈਨੇਡੀਅਨ ਲੋਕਾਂ ਲਈ ਇਕ ਬੀਮਾਰ, ਭ੍ਰਿਸ਼ਟ ਅਤੇ ਅਣਉਚਿਤ ਗੱਲ ਹੈ।

ਹੋ ਸਕਦਾ ਹੈ ਕਿ ਕ੍ਰੈਕਰਾਂ ਦਾ ਇੱਕੋ ਬਕਸਾ ਖਰੀਦਣ ਵਾਲੇ ਦੋ ਵਿਅਕਤੀ ਉਸ ਲਈ ਵੱਖ ਵੱਖ ਕੀਮਤਾਂ ਅਦਾ ਕਰਨ। ਇਹ ਸਿਰਫ ਇਸ ਗੱਲ 'ਤੇ ਨਿਰਭਰ ਹੈ ਕਿ ਕੰਪਿਊਟਰ ਕੀ ਸੋਚਦਾ ਹੈ ਕਿ ਉਹ ਉਨ੍ਹਾਂ ਵਿੱਚੋਂ ਹਰ ਇਕ ਤੋਂ ਕਿੰਨੀ ਵਸੂਲੀ ਕਰ ਸਕਦਾ ਹੈ। ਇਹ ਕੋਈ ਦੂਰ ਭਵਿੱਖ ਵਿੱਚ ਹੋਣ ਵਾਲਾ ਬਦਸੂਰਤ ਭਵਿੱਖ (ਡਿਸਟੋਪੀਅਨ ਸਿਨੈਰੀਓ) ਨਹੀਂ ਹੈ। ਇਹ ਹੁਣ, ਇਸ ਸਮੇਂ ਵਾਪਰ ਰਿਹਾ ਹੈ। ਅਤੇ ਇਸ 'ਤੇ ਸਾਨੂੰ ਸਾਰਿਆਂ ਨੂੰ ਗੁੱਸਾ ਆਉਣਾ ਚਾਹੀਦਾ ਹੈ।

ਦੇਸ਼ ਭਰ ਵਿੱਚ ਗਰੌਸਰੀ ਅਤੇ ਰੀਟੇਲ ਸੈਕਟਰ ਵਿੱਚ ਕੰਮ ਕਰਨ ਵਾਲੇ ਹਜ਼ਾਰਾਂ ਵਰਕਾਰਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨਾਈਟਿਡ ਫੂਡ ਐਂਡ ਕਮਰਸ਼ੀਅਲ ਵਰਕਰਜ਼ ਯੂਨੀਅਨ (UFCW) ਨੇ ਪਹਿਲਾਂ ਹੀ ਖਤਰੇ ਦੀ ਘੰਟੀ ਵਜਾ ਦਿੱਤੀ ਹੈ। ਇਸ ਦੇ ਮੈਂਬਰ ਬਿਨਾਂ ਕਿਸੇ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਗਾਹਕਾਂ ਤੋਂ ਵੱਧ ਤੋਂ ਵੱਧ ਵਸੂਲੀ ਕਰਨ ਲਈ ਤਿਆਰ ਕੀਤੇ ਇਨ ਰੀਅਲ ਟਾਈਮ-ਪ੍ਰਾਈਸਿੰਗ ਇਨਫ੍ਰਾਸਟ੍ਰਕਚਰ ਦੇ ਪ੍ਰਬੰਧ ਨੂੰ ਲਾਗੂ ਹੁੰਦਾ ਦੇਖ ਰਹੇ ਹਨ। (ਇਨ ਰੀਅਲ ਟਾਈਮ-ਪ੍ਰਾਈਸਿੰਗ ਇਨਫ੍ਰਾਸਟ੍ਰਕਚਰ ਇਕ ਅਜਿਹਾ ਬੁਨਿਆਦੀ ਢਾਂਚਾ ਹੈ ਜੋ ਕੰਪਨੀਆਂ ਨੂੰ ਮਾਰਕੀਟ ਦੀਆਂ ਹਾਲਤਾਂ ਅਨੁਸਾਰ ਕੀਮਤਾਂ ਵਿੱਚ ਤਬਦੀਲੀ ਕਰਨ ਦੇ ਯੋਗ ਬਣਾਉਂਦਾ ਹੈ-ਅਨੁਵਾਦਕ) ਇਹ ਕੰਪਨੀਆਂ ਸੋਚਦੀਆਂ ਹਨ ਕਿ ਜੇ ਸਰਕਾਰ ਨਜ਼ਰ-ਅੰਦਾਜ਼ ਕਰਨ ਨੂੰ ਤਿਆਰ ਹੈ ਤਾਂ ਉਹ ਜੋ ਮਰਜ਼ੀ ਕਰ ਸਕਦੀਆਂ ਹਨ।

ਜ਼ਰਾ ਸੋਚੋ ਕਿ ਇਹ ਖਰੀਦਦਾਰੀ ਦੀ ਬੁਨਿਆਦੀ ਧਾਰਨਾ ਨਾਲ ਕੀ ਕਰਦਾ ਹੈ। ਜੇ ਕੀਮਤ ਇਸ ਗੱਲ 'ਤੇ ਬਦਲਦੀ ਹੈ ਕਿ ਕੌਣ ਖਰੀਦ ਰਿਹਾ ਹੈ ਤਾਂ ਤੁਸੀਂ ਵੱਖ ਵੱਖ ਥਾਂਵਾਂ 'ਤੇ ਕੀਮਤਾਂ ਦਾ ਮੁਕਾਬਲਾ ਕਰਕੇ ਖਰੀਦਦਾਰੀ ਨਹੀਂ ਕਰ ਸਕਦੇ। ਜੇ ਸ਼ੈਲਫ 'ਤੇ ਲਿਖੇ ਨੰਬਰ ਕਲਾਊਡ ਵਿੱਚ ਮੌਜੂਦ ਤੁਹਾਡੇ ਡੈਟਾ ਪ੍ਰੋਫਾਈਲ ਦੇ ਆਧਾਰ 'ਤੇ ਬਦਲਦੇ ਰਹਿਣ ਤਾਂ ਤੁਸੀਂ ਜਾਣਕਾਰੀ ਅਧਾਰਤ ਫੈਸਲੇ (ਇਨਫੌਰਮਡ ਡਿਸੀਜ਼ਨ) ਨਹੀਂ ਲੈ ਸਕਦੇ। ਮਾਰਕੀਟ ਨੂੰ ਕਾਇਮ ਰੱਖਣ ਵਾਲਾ ਬੁਨਿਆਦੀ ਭਰੋਸਾ ਖਤਮ ਹੋਣਾ ਸ਼ੁਰੂ ਹੋ ਜਾਂਦਾ ਹੈ।




ਕੰਮਕਾਜੀ ਪਰਿਵਾਰਾਂ, ਸਥਿਰ ਆਮਦਨ ਵਾਲੇ ਬਜ਼ੁਰਗਾਂ, ਪੇਂਡੂ ਜਾਂ ਘੱਟ-ਸੇਵਾਵਾਂ ਵਾਲੇ ਭਾਈਚਾਰਿਆਂ ਦੇ ਲੋਕਾਂ—ਐਲਗੋਰਿਦਮ ਜਿਹਨਾਂ ਲੋਕਾਂ ਦੀ ਵੀ ਘੱਟ ਚੋਣਾਂ ਵਾਲੇ ਲੋਕਾਂ ਵਜੋਂ ਪਛਾਣ ਕਰੇ- ਦਾ ਸ਼ੋਸ਼ਣ ਕੀਤਾ ਜਾਵੇਗਾ। ਇਹ ਕੋਈ ਮਾਰਕੀਟ ਨਹੀਂ ਹੈ— ਸਗੋਂ ਕੀਮਤਾਂ ਦੇ ਸੰਬੰਧ ਵਿੱਚ ਸਿੱਧੀ-ਸਾਦੀ ਠੱਗੀ (pirce gouigng) ਹੈ। ਜੇ ਕੈਨੇਡੀਅਨ ਲੋਕਾਂ ਨੂੰ ਪਤਾ ਹੋਵੇ ਕਿ ਇਹ ਹੋ ਰਿਹਾ ਹੈ, ਤਾਂ ਉਹ ਇਸ ਨੂੰ ਰੱਦ ਕਰਨਗੇ।

ਪ੍ਰੀਮੀਅਰ ਵੈਬ ਕਿਨਿਊ ਦੀ ਅਗਵਾਈ ਵਾਲੀ ਮੈਨੀਟੋਬਾ ਦੀ ਐਨ ਡੀ ਪੀ ਸਰਕਾਰ ਪਹਿਲਾਂ ਹੀ ਇਹਨਾਂ ਅਮਲਾਂ ਨੂੰ ਬੈਨ ਕਰਨ ਲਈ ਅੱਗੇ ਵੱਧ ਚੁੱਕੀ ਹੈ। ਮੈਨੀਟੋਬਾ ਕੈਨੇਡਾ ਵਿੱਚ ਅਜਿਹਾ ਕਰਨ ਵਾਲਾ ਪਹਿਲਾ ਸੂਬਾ ਹੈ। ਅਮਰੀਕਾ ਅਤੇ ਯੂਰਪ ਵਿਚਲੇ ਕਾਨੂੰਨ ਬਣਾਉਣ ਵਾਲੇ ਵੀ ਇਸ ਤਰ੍ਹਾਂ ਦੇ ਉਪਾਵਾਂ 'ਤੇ ਗੌਰ ਕਰ ਰਹੇ ਹਨ। ਇੱਥੋਂ ਦੇ ਕੰਪੀਟੀਸ਼ਨ ਬਿਊਰੋ ਨੂੰ ਵੀ ਇਸ ਵੱਲ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ।

ਐਨ ਡੀ ਪੀ ਦਾ ਮੰਨਣਾ ਹੈ ਕਿ ਇਸ ਤੋਂ ਪਹਿਲਾਂ ਕਿ ਇਹ ਨਵਾਂ ਮਿਆਰ ਆਮ (new normal) ਬਣ ਜਾਵੇ, ਔਟਾਵਾ ਨੂੰ ਇਸ ਬਾਰੇ ਕਾਰਵਾਈ ਕਰਨੀ ਚਾਹੀਦੀ ਹੈ। ਇਸ ਲਈ ਸਾਡੇ ਨਵੇਂ ਲੀਡਰ, ਅਵੀ ਲੂਈਸ ਨੇ ਫੈਡਰਲ ਸਰਕਾਰ ਨੂੰ ਸਰਵੇਲੈਂਸ ਪ੍ਰਾਈਸਿੰਗ (ਨਿਗਰਾਨੀ ਅਧਾਰਤ ਕੀਮਤਾਂ ਨਿਰਧਾਰਤ ਕਰਨ ਦੇ ਅਮਲ) 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ, ਭਾਵੇਂ ਇਹ ਔਨਲਾਈਨ ਹੋਵੇ ਜਾਂ ਇੱਟਾਂ-ਸੀਮੈਂਟ ਨਾਲ ਬਣੇ ਸਟੋਰਾਂ ਵਿੱਚ। ਜੇ ਸਰਕਾਰ ਨੇ ਤੁਰੰਤ ਕਾਰਵਾਈ ਨਾ ਕੀਤੀ, ਤਾਂ ਇਸ ਬਾਰੇ ਕੁਝ ਵੀ ਕਰਨ ਵਿੱਚ ਬਹੁਤ ਦੇਰ ਹੋ ਜਾਵੇਗੀ।

ਇਹ ਤਕਨਾਲੋਜੀ ਦਾ ਵਿਰੋਧ ਕਰਨ ਦੀ ਗੱਲ ਨਹੀਂ ਹੈ। ਇਹ ਇੱਕ ਸਪੱਸ਼ਟ ਹੱਦ ਨਿਰਧਾਰਤ ਕਰਨ ਦੀ ਗੱਲ ਹੈ: ਨਿੱਜੀ ਡੈਟੇ ਦੀ ਵਰਤੋਂ ਉਹਨਾਂ ਲੋਕਾਂ ਤੋਂ ਵੱਧ ਤੋਂ ਵੱਧ ਪੈਸੇ ਕੱਢਵਾਉਣ ਲਈ ਨਹੀਂ ਕੀਤੀ ਜਾਣੀ ਚਾਹੀਦੀ, ਜੋ ਪਹਿਲਾਂ ਹੀ ਬਹੁਤ ਤੰਗ ਹਨ।

ਕੈਨੇਡੀਅਨ ਇਸ ਗੱਲ ਦੇ ਹੱਕਦਾਰ ਹਨ ਕਿ ਜਿਹੜੀ ਕੀਮਤ ਟੈਗ 'ਤੇ ਲਿਖੀ ਹੋਈ ਹੈ, ਸਾਰੇ ਉਹ ਹੀ ਅਦਾ ਕਰਨ। ਨਾ ਕਿ ਕਲਾਊਡ ਵਿੱਚ ਪਏ ਆਪਣੇ ਡੈਟੇ ਅਤੇ ਕ੍ਰੈਡਿਟ ਹਿਸਟਰੀ ਦੇ ਅਧਾਰ 'ਤੇ ਮਿੱਥੀ ਕੀਮਤ। ਸਰਕਾਰ ਨੂੰ ਖਪਤਕਾਰਾਂ ਦੀ ਸੁਰੱਖਿਆ ਲਈ ਤਕਨੀਕੀ ਨਵੀਨਤਾ (ਟੈਕਨੌਲੌਜੀਕਲ ਇਨੋਵੇਸ਼ਨ) ਲਈ ਕੁਝ ਨਿਯਮ ਬਣਾਉਣੇ ਚਾਹੀਦੇ ਹਨ। ਜੇ ਵੱਡੀਆਂ ਕਾਰਪੋਰੇਸ਼ਨਾਂ ਨੂੰ ਉਨ੍ਹਾਂ ਦੇ ਆਪਣੇ ਢੰਗਾਂ ਅਤੇ ਤਰਕਾਂ 'ਤੇ ਛੱਡ ਦਿੱਤਾ ਜਾਵੇ, ਤਾਂ ਉਹ ਮੁਨਾਫਾ ਕਮਾਉਣ ਲਈ ਹਮੇਸ਼ਾਂ ਹੀ ਨੈਤਿਕਤਾ ਦੇ ਮਿਆਰਾਂ ਤੋਂ ਨੀਵੀਆਂ ਰਹਿਣਗੀਆਂ।

ਮਹਿੰਗਾਈ ਦਾ ਸੰਕਟ ਹਰ ਥਾਂ 'ਤੇ ਕਾਰਵਾਈ ਦੀ ਮੰਗ ਕਰਦਾ ਹੈ। ਸਰਵੇਲੈਂਸ ਪ੍ਰਾਈਸਿੰਗ ਨੂੰ ਜੜ੍ਹਾਂ ਜਮਾਉਣ ਤੋਂ ਪਹਿਲਾਂ ਹੀ ਰੋਕਣਾ ਸਰਕਾਰ ਦੀ ਤਰਜੀਹ ਹੋਣੀ ਚਾਹੀਦੀ ਹੈ।

## ਆਰਮੀ ਪਬਲਿਕ ਸਕੂਲਾਂ ਵਿੱਚ ਸੰਸਕ੍ਰਿਤ ਲਾਜ਼ਮੀ ਪੜ੍ਹਾਉਣ ਦਾ ਫੈਸਲਾ ਸਰਾਸਰ ਧੱਕੇਸ਼ਾਹੀ : ਜਮਹੂਰੀ ਅਧਿਕਾਰ ਸਭਾ

ਬਠਿੰਡਾ, (ਡਾ ਅਜੀਤਪਾਲ ਸਿੰਘ) : ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਵੱਲੋਂ ਆਰਮੀ ਪਬਲਿਕ ਸਕੂਲਾਂ ਵਿੱਚ ਸੰਸਕ੍ਰਿਤੀ ਦੀ ਪੜ੍ਹਾਈ ਲਾਜ਼ਮੀ ਕਰਨ ਦੇ ਫੈਸਲੇ ਦਾ ਜਮਹੂਰੀ ਅਧਿਕਾਰ ਸਭਾ ਨੇ ਸਖਤ ਨੋਟਿਸ ਲੈਂਦਿਆਂ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਇਸ ਬਾਰੇ ਇੱਕ ਬਿਆਨ ਜਾਰੀ ਕਰਦਿਆਂ ਸਭਾ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ, ਸਕੱਤਰ ਪ੍ਰਿਤਪਾਲ ਸਿੰਘ, ਸਕੱਤਰੇਤ ਮੈਂਬਰ ਡਾ. ਅਜੀਤਪਾਲ ਸਿੰਘ ਤੇ ਪ੍ਰੈਸ ਸਕੱਤਰ ਅਮਰਜੀਤ ਸਾਸ਼ਤਰੀ ਨੇ ਕਿਹਾ ਕਿ ਇਸ ਫੈਸਲੇ ਨੇ ਸਕੂਲਾਂ ਵਿੱਚ ਖੇਤਰੀ ਭਾਸ਼ਾ ਲਾਜ਼ਮੀ ਪੜ੍ਹਾਉਣ ਸਬੰਧੀ ਜਾਰੀ ਸਿਫਾਰਸ਼ਾਂ ਨੂੰ ਦਰਨਿਕਾਰ ਕਰਕੇ ਪੰਜਾਬੀ ਭਾਸ਼ਾ ਨੂੰ ਚੌਥੀ ਐਡੀਸ਼ਨਲ ਭਾਸ਼ਾ ਬਣਾ ਦਿੱਤਾ ਗਿਆ ਹੈ। ਫੈਸਲੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ 9ਵੀਂ ਤੋਂ 12ਵੀਂ ਕਲਾਸ ਦੇ ਵਿਦਿਆਰਥੀ ਪੰਜਾਬੀ ਸਮੇਤ ਖੇਤਰੀ ਭਾਸ਼ਾਵਾਂ ਵਿਚ ਰਜਿਸਟ੍ਰੇਸ਼ਨ ਤਾਂ ਕਰਵਾ ਸਕਦੇ ਹਨ ਪਰ ਸਕੂਲ ਉਨ੍ਹਾਂ ਲਈ ਕੋਈ ਅਧਿਆਪਕ ਮੁਹੱਈਆ ਨਹੀਂ ਕਰਵਾਏਗਾ। ਇਸ ਤੋਂ ਇਲਾਵਾ ਤਿੰਨ-ਤਿੰਨ ਕਨੂੰਨ ਹੋਣ ਦੇ ਬਾਵਜੂਦ, ਕਾਨਵੈਂਟ ਸਕੂਲਾਂ,ਆਰਮੀ ਸਕੂਲਾਂ ਅਤੇ ਪੰਜਾਬ ਯੂਨੀਵਰਸਿਟੀ ਵਿਚ ਮਾਂ ਬੋਲੀ ਪੰਜਾਬੀ ਦਾ ਘਾਣ ਕੀਤਾ ਜਾ ਰਿਹਾ ਹੈ। ਗੱਲ ਸਹੇ ਦੀ ਨਾ ਹੋ ਕੇ ਪਹੇ ਦੀ ਵੀ ਹੈ। ਦੁਨੀਆ ਦਾ ਹਰ ਭਾਸ਼ਾ ਵਿਗਿਆਨੀ ਕਹਿੰਦਾ ਹੈ ਕਿ ਜਿਸ ਧਰਤੀ ਦੀ ਜਿਹੜੀ ਭਾਸ਼ਾ ਹੁੰਦੀ ਹੈ, ਉਸ ਧਰਤੀ ਦੇ ਲੋਕ ਉਸੇ ਭਾਸ਼ਾ ਨੂੰ ਮਾਧਿਅਮ ਦੇ ਤੌਰ ਤੇ ਚੁਣਨ ਅਤੇ ਉਸੇ ਭਾਸ਼ਾ ਵਿਚ ਆਪਣੀ ਸਾਰੀ ਪੜ੍ਹਾਈ ਪੜ੍ਹਨ। ਪਰ ਹੁਕਮਰਾਨਾਂ ਨੂੰ ਇਹ ਰਾਸ ਨਹੀਂ ਆਉਂਦੀ। ਮਾਤਭਾਸ਼ਾ ਨੂੰ ਲੋਕਾਂ ਦੇ ਸਿੱਖਣ ਦੀ ਜ਼ਬਾਨ ਬਣਾ ਲਿਆ ਜਾਵੇ ਤਾਂ ਲੋਕ ਦੀਆਂ ਜੜ੍ਹਾਂ ਧਰਤੀ ਵਿਚ ਬਹੁਤ ਡੂੰਘੀਆਂ ਚਲੀਆਂ ਜਾਣਗੀਆਂ ਅਤੇ ਉਹਨਾਂ ਨੂੰ ਕੋਈ ਹਨੇਰੀ ਹਿਲਾ ਨਹੀਂ ਸਕਦੀ। ਪਰ ਸੱਤਾ ਨੇ ਓਪਰੀਆਂ ਜ਼ਬਾਨਾਂ ਥੋਪ ਕੇ ਇਕ ਅਜਿਹੀ ਹਾਈਬ੍ਰਿਡ ਨਸਲ ਪੈਦਾ ਕਰਨੀ ਹੁੰਦੀ ਹੈ ਜਿਸ ਦੀ ਕਦੇ ਵੀ ਉਸ ਮਿੱਟੀ ਨਾਲ ਸਾਂਝ ਨਹੀਂ ਜੁੜਦੀ। ਇਹ ਹਾਈਬ੍ਰਿਡ ਨਸਲ ਉਸ ਧਰਤੀ ਲਈ ਨਾ ਕਦੇ ਲੜਦੀ ਹੈ ਅਤੇ ਨਾ ਹੀ ਉਸ ਧਰਤੀ ਪ੍ਰਤੀ ਉਹਨਾਂ ਦੇ ਮਨ ਵਿਚ ਕਦੇ ਹੇਜ ਪੈਦਾ ਹੁੰਦਾ ਹੈ।

ਇਥੇ ਪਹਿਲਾਂ ਕਾਨਵੈਂਟ ਸਕੂਲਾਂ ਵਿਚ ਗ਼ੈਰ ਪੰਜਾਬੀ ਮਾਹੌਲ ਵਿਚ ਪੰਜਾਬੀ ਤੋਂ ਸੱਖਣੀ ਹਾਈਬ੍ਰਿਡ ਨਸਲ ਪੈਦਾ ਕੀਤੀ ਜਾਂਦੀ ਅਤੇ ਉਹਨਾਂ ਤੋਂ ਉਸ ਧਰਤੀ ਦੀ ਸ਼ਬਦਵਾਲੀ, ਵਿਰਾਸਤੀ ਅਤੇ ਸੱਭਿਆਚਾਰਕ ਸ਼ਬਦ, ਰਿਸ਼ਤੇ ਨਾਤਿਆਂ ਦੀ ਜ਼ਬਾਨ ਅਤੇ ਸਥਾਨਕ ਆਰਥਿਕਤਾ ਨਾਲ ਸਬੰਧਤ ਚੀਜ਼ਾਂ ਨੂੰ ਪੇਸ਼ ਕਰਨ ਵਾਲੀ ਭਾਸ਼ਾ ਖੋਹ ਲਈ ਜਾਂਦੀ ਹੈ।

ਪੰਜਾਬ ਵਿਚ ਪਹਿਲਾਂ ਰਾਜ ਭਾਸ਼ਾ ਐਕਟ ਬਣਿਆ, ਫਿਰ ਪੰਜਾਬ ਵਿਧਾਨ ਸਭਾ ਵਿਚ 'ਪੰਜਾਬੀ ਐਂਡ ਅਦਰ ਲੈਂਗਵੇਜਿਜ਼ ਐਜੂਕੇਸ਼ਨ ਐਕਟ' ਬਣਾਇਆ ਜਿਸ ਦੇ ਤਹਿਤ ਰਾਜ ਦੇ ਸਾਰੇ ਸਕੂਲਾਂ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਨੂੰ ਸਾਰੇ ਵਿਦਿਆਰਥੀਆਂ ਲਈ ਲਾਜ਼ਮੀ ਵਿਸ਼ਾ ਬਣਾਇਆ ਗਿਆ ਹੈ।

ਸਭਾ ਨੇ ਇਸ ਫੈਸਲਾ ਨੂੰ ਨਾ ਸਿਰਫ ਪੰਜਾਬੀ ਭਾਸ਼ਾ ਅਤੇ ਪੰਜਾਬ ਦੇ ਭਾਸ਼ਾ ਕਾਨੂੰਨ-2008 ਦੀ ਉਲੰਘਣਾ ਕਰਾਰ ਦਿੱਤਾ ਹੈ,ਬਲਕਿ ਨੈਸ਼ਨਲ ਕਰਿਕੁਲਮ ਫ੍ਰੇਮਵਰਕ ਦੀਆਂ ਭਾਵਨਾਵਾਂ ਦੇ ਵੀ ਖ਼ਿਲਾਫ਼ ਦੱਸਿਆ ਹੈ। ਪੰਜਾਬ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਤੋਂ ਵਾਂਝਾ ਕਰਨਾ ਬਹੁਤ ਮੰਦਭਾਗਾ ਅਤੇ ਚਿੰਤਾਜਨਕ ਹੈ। ਪੰਜਾਬ ਦੇ ਭਾਸ਼ਾ ਕਾਨੂੰਨ-2008 ਅਨੁਸਾਰ ਪੰਜਾਬ ਦੇ ਹਰ ਸਕੂਲ ਵਿੱਚ ਦਸਵੀਂ ਜਮਾਤ ਤੱਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਹੈ, ਪਰ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਵੱਲੋਂ ਜਾਰੀ ਸਰਕੂਲਰ ਵਿੱਚ ਪੰਜਾਬੀ ਨੂੰ ਇੱਕ ਅਤਿਰਿਕਤ ਭਾਸ਼ਾ ਵਜੋਂ ਰੱਖ ਕੇ ਸੰਸਕ੍ਰਿਤ ਨੂੰ ਲਾਜ਼ਮੀ ਤੌਰ 'ਤੇ ਪੜ੍ਹਾਉਣਾ ਬੱਚਿਆਂ ਦੇ ਸਿੱਖਣ ਦੇ ਅਧਿਕਾਰਾਂ, ਮਨੋਵਿਗਿਆਨਕ ਆਜ਼ਾਦੀ ਅਤੇ ਉਨ੍ਹਾਂ ਦੀ ਭਾਸ਼ਾਈ ਪਸੰਦ ਨਾਲ ਸਿੱਧਾ ਟਕਰਾਅ ਹੈ। ਬੱਚਿਆਂ ਲਈ ਲੱਚਕਦਾਰ ਕੁਰੀਕੁਲਮ ਅਤੇ ਮਾਤ ਭਾਸ਼ਾ ਅਧਾਰਿਤ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਬਣਦਾ ਹੈ, ਜਿਸ ਅਨੁਸਾਰ ਵਿਦਿਆਰਥੀਆਂ ਨੂੰ ਆਪਣੀ ਰੁਚੀ ਅਤੇ ਸਥਾਨਕ ਭਾਸ਼ਾਈ ਪਿਛੋਕੜ ਦੇ ਅਨੁਸਾਰ ਵਿਸ਼ਿਆਂ ਦੀ ਚੋਣ ਦੀ ਕਰਨ ਆਜ਼ਾਦੀ ਦੇਣੀ ਚਾਹੀਦੀ ਹੈ। ਪਰ ਇਥੇ ਅਜਿਹੀ ਭਾਵਨਾ ਨੂੰ ਵੀ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਹੁਣ ਨਾ ਸਿਰਫ ਛੇਵੀਂ ਜਮਾਤ ਤੋਂ ਸਗੋਂ ਇਸ ਵਾਰ ਨੌਵੀਂ ਦਸਵੀਂ ਜਮਾਤ ਵਿੱਚ ਵੀ ਪੰਜਾਬੀ ਦੀ ਪੜ੍ਹਾਈ ਬੰਦ ਕਰ ਦਿੱਤੀ ਗਈ ਹੈ। ਜਮਹੂਰੀ ਅਧਿਕਾਰ ਸਭਾ ਨੇ ਪੁਰਜ਼ੋਰ ਮੰਗ ਕੀਤੀ ਕਿ ਸਕੂਲੀ ਬੱਚਿਆਂ ਦੇ ਭਵਿੱਖ ਦਾ ਖਿਆਲ ਰੱਖਦੇ ਹੋਏ ਐਜੂਕੇਸ਼ਨ ਸੁਸਾਇਟੀ ਨੂੰ ਚਾਹੀਦਾ ਹੈ ਕਿ ਉਹ ਇਹ ਫੈਸਲਾ ਤੁਰੰਤ ਵਾਪਸ ਲਵੇ ਕਿਉਂਕਿ ਉਹ ਵਿਦਿਆਰਥੀ ਪੰਜਾਬ ਵਿੱਚ ਨੌਕਰੀ ਕਰਨ ਦੇ ਤਾਂ ਹੀ ਯੋਗ ਹੋ ਸਕਣਗੇ ਜੇਕਰ ਉਹਨਾਂ ਨੇ ਦਸਵੀਂ ਜਮਾਤ ਤੱਕ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਪੜ੍ਹੀ ਹੋਵੇਗੀ।

## ਮਾਉਂਟ ਐਵਰੈਸਟ ਫਤਿਹ ਕਰਨ ਵਾਲਾ ਪਹਿਲਾ ਕੈਨੇਡੀਅਨ ਪੰਜਾਬੀ ਬਣਿਆ ਅਜੈਪਾਲ ਸਿੰਘ ਧਾਲੀਵਾਲ

ਸਰੀ ਬ੍ਰਿਟਿਸ਼ ਕੋਲੰਬੀਆ ਦੇ ਰਹਿਣ ਵਾਲੇ ਪੰਜਾਬੀ ਮੂਲ ਦੇ ਕੈਨੇਡੀਅਨ ਪਰਬਤਾਰੋਹੀ ਅਜੈਪਾਲ ਸਿੰਘ ਧਾਲੀਵਾਲ ਨੇ ਇਤਿਹਾਸ ਰਚਦਿਆਂ ਮਾਊਂਟ ਐਵਰੈਸਟ ਨੂੰ ਸਰ ਕਰਨ ਵਾਲੇ ਪਹਿਲੇ ਕੈਨੇਡੀਅਨ ਪੰਜਾਬੀ ਹੋਣ ਦਾ ਮਾਣ ਪ੍ਰਾਪਤ ਕੀਤਾ ਹੈ। ਹਾਲਾਂਕਿ, ਇਹ ਪ੍ਰਾਪਤੀ ਜਿੰਨੀ ਮਾਣਮੱਤੀ ਹੈ, ਉਸ ਤੋਂ ਕਿਤੇ




ਵੱਧ ਰੋਮਾਂਚਕ ਅਤੇ ਸੰਘਰਸ਼ਪੂਰਨ ਰਹੀ ਹੈ। ਉਨ੍ਹਾਂ ਦੇ ਦੋਸਤ ਮੋਹਨ ਪਾਲ ਰੰਧਾਵਾ ਨੇ ਸੋਸ਼ਲ ਮੀਡੀਆ 'ਤੇ ਇਸ ਸਾਹਸੀ ਸਫ਼ਰ ਅਤੇ ਮੌਤ ਦੇ ਮੂੰਹੋਂ ਬਾਹਰ ਨਿਕਲਣ ਦੀ ਦਿਲ-ਕੰਬਾਊ ਕਹਾਣੀ ਸਾਂਝੀ ਕੀਤੀ ਹੈ।

ਅਜੈਪਾਲ ਸਿੰਘ ਧਾਲੀਵਾਲ 20 ਮਈ, 2026 ਨੂੰ ਦੁਨੀਆ ਦੀ ਸਭ ਤੋਂ ਉੱਚੀ ਚੋਟੀ (8,848.86 ਮੀਟਰ) 'ਤੇ ਪਹੁੰਚੇ। ਇਹ ਇੱਕ ਇਤਿਹਾਸਕ ਦਿਨ ਸੀ ਜਦੋਂ ਇੱਕੋ ਦਿਨ ਵਿੱਚ 274 ਪਰਬਤਾਰੋਹੀਆਂ ਨੇ ਸਿਖਰ ਨੂੰ ਛੂਹਿਆ ਸੀ। ਇਸ ਮੁਹਿੰਮ ਵਿੱਚ ਅਜੈਪਾਲ ਧਾਲੀਵਾਲ ਦੇ ਨਾਲ ਸੰਦੀਪ ਅਰੇ ਅਤੇ ਤੁਲਸੀ ਰੈਡੀ ਪਲਪੁਨੂਰੀ ਵਰਗੇ ਭਾਰਤੀ ਮੂਲ ਦੇ ਪਰਬਤਾਰੋਹੀ ਵੀ ਸ਼ਾਮਲ ਸਨ। ਸਿਖਰ 'ਤੇ ਪਹੁੰਚਣ ਤੋਂ ਬਾਅਦ ਉਤਰਾਈ ਦਾ ਸਫ਼ਰ ਅਜੈਪਾਲ ਲਈ ਕਿਸੇ ਡਰਾਉਣੇ ਸੁਪਨੇ ਤੋਂ ਘੱਟ ਨਹੀਂ ਸੀ। 8,000 ਮੀਟਰ ਤੋਂ ਉੱਪਰ ਦਾ 'ਡੇਥ ਜ਼ੋਨ' ਅਚਾਨਕ ਜਾਨਲੇਵਾ ਸਾਬਤ ਹੋਇਆ। ਮੋਹਨ ਪਾਲ ਰੰਧਾਵਾ ਨੇ ਦੱਸਿਆ ਕਿ ਉਤਰਾਈ ਸਮੇਂ ਸ਼ੇਰਪਾ ਵੱਲੋਂ ਸਾਥ ਛੱਡ ਦੇਣ ਅਤੇ ਆਕਸੀਜਨ ਦੀ ਘਾਟ ਕਾਰਨ ਸਥਿਤੀ ਨਾਜ਼ੁਕ ਹੋ ਗਈ ਸੀ। ਇਸੇ ਮੁਹਿੰਮ ਦੌਰਾਨ ਦੋ ਹੋਰ ਪਰਬਤਾਰੋਹੀਆਂ, ਸੰਦੀਪ ਅਰੇ ਅਤੇ ਅਰੁਣ ਕੁਮਾਰ ਤਿਵਾਰੀ ਦੀ ਦੁਖਦਾਈ ਮੌਤ ਹੋ ਗਈ।

ਕੜਾਕੇ ਦੀ ਠੰਡ ਅਤੇ ਖ਼ਤਮ ਹੁੰਦੀ ਆਕਸੀਜਨ ਦੇ ਵਿਚਕਾਰ, ਅਜੈਪਾਲ ਧਾਲੀਵਾਲ ਨੇ ਹਾਰ ਨਹੀਂ ਮੰਨੀ। ਉਨ੍ਹਾਂ ਨੇ ਆਪਣੀ ਸੁਰੱਖਿਆ ਬੈਲਟ ਦੀ ਮਦਦ ਨਾਲ ਬਰਫ਼ੀਲੀਆਂ ਢਲਾਣਾਂ ਤੋਂ ਖਿਸਕ ਕੇ ਹੇਠਾਂ ਉਤਰਨ ਦਾ ਜੋਖਮ ਭਰਿਆ ਫੈਸਲਾ ਲਿਆ। ਇਸੇ ਦੌਰਾਨ ਇੱਕ ਵਾਰ ਉਹ ਡਿੱਗ ਕੇ ਬੇਹੋਸ਼ ਵੀ ਹੋ ਗਿਆ, ਪਰ ਹੋਸ਼ ਆਉਣ 'ਤੇ ਆਪਣੀ ਹੈੱਡਲੈਂਪ ਜਗਾ ਕੇ ਮਦਦ ਲਈ ਸੰਕੇਤ ਦਿੱਤਾ। ਮਿੰਗਮਾ ਤੇਨਜ਼ੀ ਸ਼ੇਰਪਾ ਦੀ ਅਗਵਾਈ ਵਾਲੀ ਚਾਰ ਮੈਂਬਰੀ ਟੀਮ ਨੇ ਉਨ੍ਹਾਂ ਨੂੰ ਦੇਖ ਲਿਆ ਅਤੇ ਆਕਸੀਜਨ ਸਪਲਾਈ ਦੇ ਕੇ ਸੁਰੱਖਿਅਤ ਉਤਰਨ ਵਿੱਚ ਮਦਦ ਕੀਤੀ। ਅਜੈਪਾਲ ਦਾ ਇਹ ਸਫ਼ਰ ਦ੍ਰਿੜਤਾ, ਵਿਸ਼ਵਾਸ ਅਤੇ ਮਨੁੱਖੀ ਹੌਸਲੇ ਦੀ ਇੱਕ ਅਜਿਹੀ ਮਿਸਾਲ ਹੈ ਜੋ ਅੱਜ ਪੂਰੇ ਪੰਜਾਬੀ ਅਤੇ ਕੈਨੇਡੀਅਨ ਭਾਈਚਾਰੇ ਲਈ ਪ੍ਰੇਰਨਾ ਦਾ ਸਰੋਤ ਬਣ ਗਈ ਹੈ।

# ਅਸਹਿਮਤੀ ਨੂੰ ਕੁਚਲਣ ਦੇ ਸੰਦ ਯੂ.ਏ.ਪੀ.ਏ. ਨੂੰ ਪੂਰੀ ਤਰ੍ਹਾਂ ਰੱਦ ਕਰਨਾ ਜ਼ਰੂਰੀ

-ਬੂਟਾ ਸਿੰਘ ਮਹਿਮੂਦਪੁਰ

ਅੱਜਕੱਲ੍ਹ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਐਕਟ (ਯੂ.ਏ.ਪੀ.ਏ.) ਜ਼ਮਾਨਤ ਦੇ ਸਵਾਲ ਨੂੰ ਲੈ ਕੇ ਚਰਚਾ 'ਚ ਹੈ। ਸੰਕਟ ਦੀ ਵਜ੍ਹਾ ਸੁਪਰੀਮ ਕੋਰਟ ਦੇ ਬੈਂਚਾਂ ਦਰਮਿਆਨ ਉੱਭਰਿਆ ਮੱਤਭੇਦ ਹੈ। ਯੂ.ਏ.ਪੀ.ਏ. ਦੇ ਕੇਸਾਂ 'ਚ ਕਈ-ਕਈ ਸਾਲ ਦੀ ਨਿਆਂਇਕ ਹਿਰਾਸਤ ਤੋਂ ਬਾਅਦ ਜਦੋਂ ਜ਼ਮਾਨਤ ਲਈ ਹਾਈ ਕੋਰਟ ਜਾਂ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਜਾਂਦਾ ਹੈ ਤਾਂ ਜੱਜ ਸਾਹਿਬਾਨ ਦੇ ਸਾਹਮਣੇ ਨਿਆਂਸ਼ਾਸਤਰ ਅਨੁਸਾਰ ਮੁਲਜ਼ਮ ਦੇ ਜ਼ਮਾਨਤ ਦੇ ਹੱਕ ਨੂੰ ਸਵੀਕਾਰ ਕਰਨ ਜਾਂ ਸਟੇਟ ਦੀਆਂ ਏਜੰਸੀਆਂ ਵੱਲੋਂ ਰਾਜਸੀ ਮਨੋਰਥ ਨਾਲ ਜ਼ਮਾਨਤ ਨਾ ਦੇਣ ਲਈ ਪਾਏ ਜਾ ਰਹੇ ਦਬਾਅ ਅੱਗੇ ਝੁਕ ਜਾਣ ਵਿੱਚੋਂ ਇਕ ਦੀ ਚੋਣ ਕਰਨ ਦਾ ਸਵਾਲ ਖੜ੍ਹਾ ਹੋ ਜਾਂਦਾ ਹੈ। ਸਮੇਂ ਦੀ ਸਰਕਾਰ ਵੱਲੋਂ ਰਾਜਕੀ ਜਬਰ ਦੇ ਸੰਦ ਦੇ ਤੌਰ 'ਤੇ ਬਣਾਏ ਮਨਘੜਤ ਕੇਸਾਂ ਵਿਚ ਜੱਜ ਅਕਸਰ ਪੁਲਿਸ ਜਾਂ ਐੱਨ.ਆਈ.ਏ. ਦੇ ਦਬਾਅ ਹੇਠ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੰਦੇ ਹਨ ਅਤੇ ਸੰਵਿਧਾਨ ਦੇ ਆਰਟੀਕਲ 21 ਵਿਚ ਗਾਰੰਟੀ ਕੀਤੀ ਮਨੁੱਖੀ ਆਜ਼ਾਦੀ ਮਜ਼ਾਕ ਬਣਕੇ ਰਹਿ ਗਈ ਹੈ। ਅਦਾਲਤਾਂ ਹੁਣ ਸੰਵਿਧਾਨਕ ਅਦਾਲਤਾਂ ਦੀ ਬਜਾਏ 'ਕਾਰਜਕਾਰੀ ਅਦਾਲਤਾਂ' ਵਜੋਂ ਕੰਮ ਕਰਦੀਆਂ ਹਨ, ਉਹ ਸਟੇਟ ਵੱਲੋਂ ਪੇਸ਼ ਕੀਤੇ ਦੋਸ਼ਾਂ ਦੀ ਪਰਖ-ਪੜਤਾਲ ਕਰਨ ਦੀ ਬਜਾਏ ਉਨ੍ਹਾਂ ਨੂੰ ਪਵਿੱਤਰ ਸੱਚ ਰਹੀਆਂ ਹਨ। ਅਦਾਲਤਾਂ ਵੱਲੋਂ ਪਰਖ-ਪੜਤਾਲ ਕੀਤੇ ਜਾਣ ਦਾ ਡਰ ਨਾ ਹੋਣ ਨੇ ਪੁਲਿਸ ਨੂੰ ਹੁਕਮਰਾਨ ਧਿਰ ਦੇ ਇਸ਼ਾਰੇ 'ਤੇ ਕਿਸੇ ਵੀ ਹੱਦ ਤੱਕ ਜਾ ਕੇ ਝੂਠੀਆਂ ਕਹਾਣੀਆਂ ਘੜਨ ਅਤੇ ਬੇਸ਼ਰਮੀਂ ਨਾਲ ਝੂਠ ਬੋਲਣ ਦੀ ਬੇਪਨਾਹ ਤਾਕਤ ਦੇ ਦਿੱਤੀ ਹੈ ਭੀਮਾ-ਕੋਰੇਗਾਓਂ ਕੇਸ (2018), ਕਥਿਤ ਦਿੱਲੀ ਹਿੰਸਾ (2020) ਆਦਿ ਕੇਸਾਂ ਵਿਚ ਇਹੀ ਵਾਪਰ ਰਿਹਾ ਹੈ। ਯੂ.ਏ.ਪੀ.ਏ. ਦੇ ਤਹਿਤ ਮਨੁੱਖੀ ਹੱਕਾਂ ਦਾ ਘਾਣ ਐਨਾ ਮੂੰਹ ਜ਼ੋਰ ਹੈ ਕਿ ਦਿੱਲੀ ਹਿੰਸਾ ਕੇਸ ਵਿਚ ਹੁਣ ਖ਼ੁਦ ਸੁਪਰੀਮ ਕੋਰਟ ਦੇ ਬੈਂਚ ਨੇ ਯੂ.ਏ.ਪੀ.ਏ. ਦੇ ਜ਼ਮਾਨਤ ਦੇ ਮਾਪਦੰਡਾਂ 'ਤੇ ਮੁੜ ਵਿਚਾਰ ਕਰਨ ਦਾ ਸਵਾਲ ਉਠਾਇਆ ਹੈ।

ਜਾਂਚ ਏਜੰਸੀਆਂ ਕਿਸ ਤਰ੍ਹਾਂ ਦੇ ਝੂਠੇ ਕੇਸ ਬਣਾਉਂਦੀਆਂ ਹਨ, ਇਸ ਦੀ ਤਾਜ਼ਾ ਮਿਸਾਲ ਜੰਮੂ-ਕਸ਼ਮੀਰ ਦੇ ਸਈਅਦ ਇਫ਼ਤਿਖਾਰ ਅੰਦਰਾਬੀ ਦਾ ਕੇਸ ਹੈ ਜਿਸਨੂੰ ਜੂਨ 2020 ਤੋਂ ਲੈ ਕੇ ਯੂ.ਏ.ਪੀ.ਏ. ਅਤੇ ਐੱਨ.ਡੀ.ਪੀ.ਐੱਸ. (ਨਸ਼ੀਲੀਆਂ ਦਵਾਈਆਂ ਅਤੇ ਮਾਨਸਿਕ ਉਤੇਜਨਾ ਵਾਲੇ ਪਦਾਰਥ ਐਕਟ) ਦੇ ਤਹਿਤ ਦੋਸ਼ਾਂ ਵਿੱਚ ਤਕਰੀਬਨ ਛੇ ਸਾਲ ਜੇਲ੍ਹ ਵਿੱਚ ਰੱਖਿਆ ਗਿਆ। ਸੁਪਰੀਮ ਕੋਰਟ ਨੇ ਮੰਨਿਆ ਕਿ ਉਸ ਤੋਂ ਗ਼ੈਰਕਾਨੂੰਨੀ ਸਰਗਰਮੀ ਦੇ ਕੋਈ ਸਬੂਤ ਬਰਾਮਦ ਨਹੀਂ ਹੋਏ। ਪਰ ਜਾਂਚ ਏਜੰਸੀਆਂ ਹੁਕਮਰਾਨ ਧਿਰ ਦੀ ਇੱਛਾ ਅਨੁਸਾਰ ਅੰਦਰਾਬੀ ਨੂੰ ਬਿਨਾਂ ਜ਼ਮਾਨਤ ਛੇ ਸਾਲ ਜੇਲ੍ਹ ਵਿਚ ਸਾੜਨ ਵਿਚ ਸਫ਼ਲ ਰਹੀਆਂ। ਉਸਨੂੰ ਕੁਝ ਦਿਨ ਪਹਿਲਾਂ ਜ਼ਮਾਨਤ ਦਿੱਤੀ ਗਈ ਹੈ। ਇਸੇ ਤਰ੍ਹਾਂ ਭੀਮਾ-ਕੋਰੇਗਾਓਂ, ਦਿੱਲੀ ਹਿੰਸਾ ਅਤੇ ਹੋਰ ਬਹੁਤ ਸਾਰੇ ਝੂਠੇ ਕੇਸਾਂ ਵਿਚ ਫਸਾਏ ਹੱਕਾਂ ਦੇ ਕਾਰਕੁਨ ਹਨ ਜੋ ਬਿਨਾਂ ਜ਼ਮਾਨਤ ਕਈ-ਕਈ ਸਾਲ ਤੋਂ ਜੇਲ੍ਹੀਂ ਡੱਕੇ ਹੋਏ ਹਨ।

22 ਮਈ ਨੂੰ ਸੁਪਰੀਮ ਕੋਰਟ ਦੇ ਬੈਂਚ ਨੇ ਦਿੱਲੀ ਹਿੰਸਾ ਸਾਜ਼ਿਸ਼ ਕੇਸ ਦੇ ਮੁਲਜ਼ਮਾਂ ਅਬਦੁਲ ਖਾਲਿਦ ਸੈਫੀ, ਜੋ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਲੋਕ ਅੰਦੋਲਨ ਦਾ ਇਕ ਮੁੱਖ ਚਿਹਰਾ ਸੀ, ਅਤੇ ਤਸਲੀਮ ਅਹਿਮਦ ਨੂੰ ਛੇ ਮਹੀਨੇ ਦੀ ਅੰਤਰਿਮ ਜ਼ਮਾਨਤ ਦਿੱਤੀ। (ਇਸ ਤੋਂ ਕੁਝ ਦਿਨ ਪਹਿਲਾਂ ਹੀ ਸੁਪਰੀਮ ਕੋਰਟ ਦੇ ਇਕ ਹੋਰ ਬੈਂਚ ਵੱਲੋਂ 18 ਮਈ ਨੂੰ ਸਈਅਦ ਇਫ਼ਤਿਖ਼ਾਰ ਅੰਦਰਾਬੀ ਨੂੰ ਜ਼ਮਾਨਤ ਦਿੱਤੀ ਗਈ ਸੀ।) ਨਾਲ ਹੀ ਬੈਂਚ ਨੇ ਇੱਕ ਮਹੱਤਵਪੂਰਨ ਸੰਵਿਧਾਨਕ ਸਵਾਲ ਵੱਡੀ ਬੈਂਚ ਦੇ ਵਿਚਾਰਨ ਲਈ ਭੇਜ ਦਿੱਤਾ — ਕੀ ਲੰਮੀ ਕੈਦ ਅਤੇ ਮੁਕੱਦਮੇ ਵਿੱਚ ਦੇਰੀ ਯੂ.ਏ.ਪੀ.ਏ. ਦੀਆਂ ਕਠੋਰ ਜ਼ਮਾਨਤੀ ਵਿਵਸਥਾਵਾਂ ਦੇ ਵਿਰੁੱਧ ਨਿਰਣਾ ਦੇ ਸਕਦੀ ਹੈ?

ਮੀਡੀਆ ਰਿਪੋਰਟਾਂ ਦੱਸਦੀਆਂ ਹਨ ਕਿ ਅਜਿਹਾ ਕਰਦੇ ਹੋਏ ਅਦਾਲਤ ਨੇ ਸੁਪਰੀਮ ਕੋਰਟ ਦੇ ਉਸ ਫ਼ੈਸਲੇ ਦੇ ਕਈ ਪਹਿਲੂਆਂ 'ਤੇ "ਗੰਭੀਰ ਇਤਰਾਜ਼" ਜ਼ਾਹਿਰ ਕੀਤੇ, ਜਿਸ ਦੇ ਤਹਿਤ ਉਮਰ ਖ਼ਾਲਿਦ ਅਤੇ ਸ਼ਰਜੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਇਹ ਦੋਵੇਂ ਕਾਰਕੁੰਨ 2020 ਤੋਂ ਜੇਲ੍ਹ ਵਿੱਚ ਬੰਦ ਹਨ।

ਯੂ.ਏ.ਪੀ.ਏ. ਕਾਂਗਰਸ ਸਰਕਾਰ ਨੇ ਕਥਿਤ ਗ਼ੈਰਕਾਨੂੰਨੀ ਸੰਸਥਾਵਾਂ ਨਾਲ ਨਜਿੱਠਣ ਲਈ ਬਣਾਇਆ ਸੀ ਅਤੇ ਫਿਰ ਪਿਛਲੇ ਦੋ ਦਹਾਕਿਆਂ 'ਚ ਵਾਰੋ-ਵਾਰੀ ਕਾਂਗਰਸ ਤੇ ਭਾਜਪਾ ਦੋਹਾਂ ਸਰਕਾਰਾਂ ਵੱਲੋਂ ਸੋਧਾਂ ਕਰਕੇ (2004 'ਚ "ਦਹਿਸ਼ਤਗਰਦ ਕਾਰਵਾਈ" ਦੀ ਪਰਿਭਾਸ਼ਾ ਸ਼ਾਮਲ ਕਰਨਾ, 2008 'ਚ ਸੈਕਸ਼ਨ 43ਡੀ(5) ਦੇ ਤਹਿਤ ਜ਼ਮਾਨਤ ਰੋਕਣਾ ਅਤੇ 2019 ਦੀ ਸੋਧ ਦੁਆਰਾ ਸਟੇਟ ਵੱਲੋਂ ਵਿਅਕਤੀਆਂ ਨੂੰ "ਦਹਿਸ਼ਤਗਰਦ" ਵਜੋਂ ਨਾਮਜ਼ਦ ਕਰਨ ਦੀ ਤਾਕਤ ਹਥਿਆਉਣਾ) ਇਸਨੂੰ ਬਦਨਾਮ ਟਾਡਾ ਅਤੇ ਪੋਟਾ ਤੋਂ ਵੀ ਜ਼ਿਆਦਾ ਕਰੂਰ ਕਾਨੂੰਨ ਦੇ ਰੂਪ 'ਚ ਵਿਕਸਤ ਕੀਤਾ ਗਿਆ। ਇਹ ਵਿਸ਼ੇਸ਼ ਜਾਬਰ ਕਾਨੂੰਨ ਸੰਵਿਧਾਨ ਵਿੱਚ ਦਰਜ ਨਾਗਰਿਕ ਹੱਕਾਂ ਦੀ ਮੂਲ ਧਾਰਨਾ ਦਾ ਹੀ ਨਿਖੇਧ ਹੋਣ ਕਾਰਨ ਜਮਹੂਰੀ ਹੱਕਾਂ ਤੇ ਸ਼ਹਿਰੀ ਆਜ਼ਾਦੀਆਂ ਦੀਆਂ ਜਥੇਬੰਦੀਆਂ ਅਤੇ ਜਮਹੂਰੀ ਚਿੰਤਕ ਸ਼ੁਰੂ ਤੋਂ ਹੀ ਇਸਨੂੰ ਰੱਦ ਕਰਨ ਦੀ ਮੰਗ ਕਰਦੇ ਆ ਰਹੇ ਹਨ। ਸਰਕਾਰ ਨੇ ਦਹਿਸ਼ਤਗਰਦੀ ਦੀ ਪਰਿਭਾਸ਼ਾ ਦਾ ਦਾਇਰਾ ਐਨਾ ਵਿਆਪਕ ਬਣਾ ਲਿਆ ਹੈ, ਜਿਸ ਨੂੰ ਸੁਪਰੀਮ ਕੋਰਟ ਦੇ ਬੈਂਚਾਂ ਨੇ ਵੀ ਮਨਜ਼ੂਰ ਕਰ ਲਿਆ, ਕਿ ਪੁਰਅਮਨ ਸੜਕ ਜਾਮ ਕਰਨ ਨੂੰ ਵੀ ਦਹਿਸ਼ਤਗਰਦੀ ਮੰਨ ਲਿਆ ਗਿਆ ਹੈ। ਇਸ ਨਾਲ ਸਰਕਾਰਾਂ ਲਈ ਉਨ੍ਹਾਂ ਪ੍ਰਦਰਸ਼ਨਾਂ ਉੱਪਰ ਦਹਿਸ਼ਤਗਰਦੀ ਦਾ ਠੱਪਾ ਲਾ ਕੇ ਕੁਚਲਣ ਦਾ ਰਾਹ ਖੁੱਲ੍ਹ ਗਿਆ ਜਿਨ੍ਹਾਂ ਨੂੰ ਕਈ ਵਾਰ ਆਪਣੀਆਂ ਵਾਜਬ ਮੰਗਾਂ ਨੂੰ ਨਜ਼ਰਅੰਦਾਜ਼ ਕੀਤੇ ਜਾਣ ਦੀ ਸੂਰਤ 'ਚ ਦਬਾਅ ਬਣਾਉਣ ਲਈ ਸੜਕ ਜਾਮ ਕਰਨੀ ਪੈਂਦੀ ਹੈ। ਯੂ.ਏ.ਪੀ.ਏ. ਲਗਾ ਕੇ ਬਿਨਾਂ ਜ਼ਮਾਨਤ ਜੇਲ੍ਹ ਵਿਚ ਸਾੜਨ ਦਾ ਸਿਲਸਿਲਾ ਐਨਾ ਕਰੂਰ ਹੈ ਕਿ ਸਰਵਉੱਚ ਅਦਾਲਤ ਦੇ ਜੱਜਾਂ ਵਿਚ ਵੀ ਯੂ.ਏ.ਪੀ.ਏ. ਦੇ ਤਹਿਤ ਜ਼ਮਾਨਤ ਦੇਣ ਬਾਰੇ ਪ੍ਰਤੱਖ ਮੱਤਭੇਦ ਉੱਭਰ ਆਇਆ ਹੈ।



ਭਾਰਤੀ ਹੁਕਮਰਾਨ ਜਮਾਤ ਨੇ ਇਸ ਭੂਗੋਲਿਕ ਖਿੱਤੇ ਵਿਚ ਵਸਦੇ ਵੰਨ-ਸੁਵੰਨਤਾ ਵਾਲੇ ਲੋਕਾਂ ਨੂੰ ਕੰਟਰੋਲ ਕਰਕੇ ਰੱਖਣ ਅਤੇ ਆਪਣੇ ਸੌੜੇ ਹਿਤਾਂ ਅਨੁਸਾਰ ਚਲਾਉਣ ਲਈ ਕੌਮੀ ਸੁਰੱਖਿਆ ਦੀ ਮਿੱਥ ਘੜੀ ਹੋਈ ਹੈ। ਇਸ ਕਥਿਤ ਕੌਮੀ ਸੁਰੱਖਿਆ ਵਿੱਚ ਇਸ ਸਰਜ਼ਮੀਨ 'ਤੇ ਵਸਦੇ ਲੋਕ ਮਨਫ਼ੀ ਹਨ। ਸਿਰਫ਼ ਤੇ ਸਿਰਫ਼ ਸਮਾਜ ਦੇ ਖਾਸ ਹਿੱਸਿਆਂ, ਭਾਰੂ ਜਮਾਤਾਂ, ਦੇ ਲੋਟੂ ਹਿਤਾਂ ਨੂੰ ਹੀ ਰਾਸ਼ਟਰ ਮੰਨਿਆ ਜਾਂਦਾ ਹੈ। ਮਿਸਾਲ ਲਈ, ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦੀਆਂ ਕਾਰਪੋਰੇਟ ਹਿਤੈਸ਼ੀ ਨੀਤੀਆਂ ਦੇ ਤਹਿਤ ਲੋਕਾਂ ਨੂੰ ਉਜਾੜਕੇ ਅਤੇ ਕੁਦਰਤੀ ਵਸੀਲਿਆਂ ਉੱਪਰ ਕਾਰਪੋਰੇਟਾਂ ਦਾ ਕਬਜ਼ਾ ਕਰਾਕੇ ਕੀਤੇ ਜਾ ਰਹੇ ਕਥਿਤ ਵਿਕਾਸ ਨੂੰ ਕੌਮੀ ਹਿਤ 'ਚ ਦੱਸਿਆ ਜਾ ਰਿਹਾ ਹੈ ਅਤੇ ਇਸ ਉੱਪਰ ਲੋਕ ਹਿਤੈਸ਼ੀ ਨਜ਼ਰੀਏ ਤੋਂ ਸਵਾਲ ਉਠਾਉਣ ਅਤੇ ਇਸਦਾ ਵਿਰੋਧ ਕਰਨ ਵਾਲਿਆਂ ਉੱਪਰ ਗ਼ੈਰਕਾਨੂੰਨੀ ਅਤੇ ਰਾਸ਼ਟਰ-ਵਿਰੋਧੀ ਹੋਣ ਦਾ ਠੱਪਾ ਲਾ ਕੇ ਕੁਚਲਿਆ ਜਾਂਦਾ ਹੈ। ਇਸੇ ਤਰ੍ਹਾਂ ਫਿਰਕੂ ਪਾਲਾਬੰਦੀ ਦੀ ਭਗਵਾ ਰਾਜਨੀਤੀ ਭਾਰਤੀ ਰਾਜ ਅਨੁਸਾਰ ਕੌਮੀ ਹਿਤ 'ਚ ਹੈ ਜਦਕਿ ਇਸਦਾ ਜਮਹੂਰੀ ਨਜ਼ਰੀਏ ਤੋਂ ਵਿਰੋਧ ਕਰਨ ਵਾਲਿਆਂ ਨੂੰ ਦੇਸ਼ਧ੍ਰੋਹੀ ਕਹਿਕੇ ਜੇਲ੍ਹਾਂ ਵਿਚ ਸਾੜਿਆ ਜਾਂਦਾ ਹੈ। 'ਕੌਮੀ ਸੁਰੱਖਿਆ' ਦਰਅਸਲ ਦੁਨੀਆ ਨੂੰ ਗੁੰਮਰਾਹ ਕਰਨ ਲਈ ਘੜਿਆ ਝੂਠਾ ਬਿਰਤਾਂਤ ਹੈ ਜਿਸਦੀ ਮੱਦਦ ਨਾਲ ਇਹ ਪ੍ਰਭਾਵ ਸਿਰਜਿਆ ਜਾਂਦਾ ਹੈ ਕਿ ਹਕੂਮਤ ਦੀਆਂ ਨੀਤੀਆਂ ਤੇ ਕਾਰਗੁਜ਼ਾਰੀ ਉੱਪਰ ਸਵਾਲ ਉਠਾਉਣ ਵਾਲੇ ਅਤੇ ਇਨ੍ਹਾਂ ਦਾ ਜਮਹੂਰੀ ਵਿਰੋਧ ਕਰਨ ਵਾਲੇ 'ਕਾਨੂੰਨ ਦੇ ਰਾਜ' ਅਤੇ ਸੰਵਿਧਾਨਕ ਤੌਰ 'ਤੇ ਚੁਣੀ ਹੋਈ ਸਰਕਾਰ ਨੂੰ ਅਸਥਿਰ ਕਰਕੇ ਰਾਸ਼ਟਰ ਦੀ ਸੁਰੱਖਿਆ ਨੂੰ ਖ਼ਤਰੇ 'ਚ ਪਾ ਰਹੇ ਹਨ। ਇਸੇ ਤਰ੍ਹਾਂ ਭਾਜਪਾ ਵੱਲੋਂ ਜੰਮੂ-ਕਸ਼ਮੀਰ ਨੂੰ ਤੋੜਨਾ ਰਾਸ਼ਟਰ ਹਿਤ 'ਚ ਦੱਸਿਆ ਜਾ ਰਿਹਾ ਹੈ ਅਤੇ ਇਸਦੇ ਪੁਰਾਣੇ ਦਰਜੇ ਦੀ ਮੁੜ-ਬਹਾਲੀ ਦੀ ਗੱਲ ਕਰਨ ਵਾਲੇ ਦੇਸ਼ਧ੍ਰੋਹੀ ਹਨ। ਯੂ.ਏ.ਪੀ.ਏ. ਜਾਂ ਐੱਨ.ਐੱਸ.ਏ./ਪੀ.ਐੱਸ.ਏ. ਵਰਗੇ ਕਾਲੇ ਕਾਨੂੰਨ ਇਸੇ ਕਥਿਤ ਕੌਮੀ ਸੁਰੱਖਿਆ ਲਈ ਬਣਾਏ ਗਏ ਅਤੇ ਲਾਗੂ ਕੀਤੇ ਜਾਂਦੇ ਹਨ। ਇਨ੍ਹਾਂ ਕਾਨੂੰਨਾਂ ਦਾ ਮਕਸਦ ਕਥਿਤ ਦੋਸ਼ੀਆਂ ਨੂੰ ਸਬੂਤਾਂ ਸਹਿਤ ਦੋਸ਼ੀ ਸਿੱਧ ਕਰਨਾ ਨਹੀਂ ਸਗੋਂ ਲੰਮਾ ਸਮਾਂ ਬਿਨਾਂ ਜ਼ਮਾਨਤ ਜੇਲ੍ਹ ਵਿਚ ਰੱਖਕੇ ਲੰਮੀ ਕਾਨੂੰਨੀ ਪ੍ਰਕਿਰਿਆ ਨੂੰ ਸਜ਼ਾ ਦੇ ਤੌਰ 'ਤੇ ਹਕੂਮਤੀ ਦਹਿਸ਼ਤ ਪਾਉਣ ਲਈ ਵਰਤਣਾ ਹੈ।

ਜਸਟਿਸ ਬੀ.ਵੀ. ਨਾਗਰਤਨਾ ਅਤੇ ਜਸਟਿਸ ਉੱਜਵਲ ਭੂਈਆਂ ਦੇ ਬੈਂਚ ਨੇ ਯੂ.ਏ.ਪੀ.ਏ. ਕੇਸ ਵਾਲੇ ਇਸੇ ਫ਼ੈਸਲੇ ਵਿਚ ਇਹ ਨੋਟ ਕੀਤਾ ਹੈ ਕਿ ਪੂਰੇ ਭਾਰਤ ਵਿੱਚ ਯੂ.ਏ.ਪੀ.ਏ. ਕੇਸਾਂ ਵਿੱਚ ਦੋਸ਼-ਸਿੱਧੀ (ਸਜ਼ਾ) ਦੀ ਦਰ ਬਹੁਤ ਘੱਟ ਚਲੀ ਆ ਰਹੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੁਆਰਾ ਸੰਸਦ ਦੇ ਸਾਹਮਣੇ ਪੇਸ਼ ਕੀਤੇ ਗਏ ਅਧਿਕਾਰਕ ਅੰਕੜਿਆਂ (ਐੱਨ.ਸੀ.ਆਰ.ਬੀ. ਦੇ ਅੰਕੜਿਆਂ) ਦਾ ਹਵਾਲਾ ਦਿੰਦੇ ਹੋਏ ਬੈਂਚ ਨੇ ਕਿਹਾ ਕਿ ਯੂ.ਏ.ਪੀ.ਏ. ਕੇਸਾਂ ਵਿੱਚ ਦੋਸ਼-ਸਿੱਧੀ ਦੀ ਆਲ ਇੰਡੀਆ ਦਰ ਸੰਨ 2019-2023 ਦੇ ਅਰਸੇ ਦੌਰਾਨ 1.5% ਤੋਂ 4% ਦਰਮਿਆਨ ਰਹੀ ਹੈ (ਗ੍ਰਿਫ਼ਤਾਰ ਕੀਤੇ 10440 ਵਿਅਕਤੀਆਂ ਵਿੱਚੋਂ ਸਿਰਫ਼ 335 ਵਿਰੁੱਧ ਦੋਸ਼ ਸਿੱਧ ਕੀਤੇ ਗਏ)। ਜੰਮੂ-ਕਸ਼ਮੀਰ ਵਿੱਚ ਤਾਂ ਦੋਸ਼-ਸਿੱਧੀ ਦੀ ਦਰ 1% ਤੋਂ ਵੀ ਘੱਟ ਹੈ। ਬੈਂਚ ਨੇ ਸਪਸ਼ਟ ਕਿਹਾ ਕਿ ਇਹ ਅੰਕੜੇ ਅਜਿਹੇ ਕੇਸਾਂ ਵਿੱਚ ਬਰੀ ਹੋਣ ਦੀ ਉੱਚ ਸੰਭਾਵਨਾ ਨੂੰ ਦਰਸਾਉਂਦੇ ਹਨ। ਅਦਾਲਤ ਦੇ ਸ਼ਬਦਾਂ 'ਚ "ਇਸਦਾ ਮਤਲਬ ਇਹ ਹੈ ਕਿ ਮੁਲਕ ਵਿੱਚ ਅਜਿਹੇ ਕੇਸਾਂ ਵਿੱਚ ਬਰੀ ਹੋਣ ਦੀ ਸੰਭਾਵਨਾ 94% ਤੋਂ 98% ਹੈ। ਜਿੱਥੋਂ ਤੱਕ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਦਾ ਸਵਾਲ ਹੈ, ਦੋਸ਼-ਸਿੱਧੀ ਦੀ ਸਾਲਾਨਾ ਦਰ ਹਮੇਸ਼ਾ 1% ਤੋਂ ਘੱਟ ਰਹੀ ਹੈ। ਇਸਦਾ ਮਤਲਬ ਹੈ ਕਿ ਮੁਕੱਦਮੇ ਦੇ ਅੰਤ ਵਿੱਚ ਅਜਿਹੇ ਕੇਸਾਂ ਵਿੱਚ ਬਰੀ ਹੋਣ ਦੀ 99% ਸੰਭਾਵਨਾ ਹੈ।" ਦੋਸ਼-ਸਿੱਧੀ ਦੀ ਐਨੀ ਘੱਟ ਦਰ ਇਹ ਕਾਨੂੰਨ ਬਣਾਏ ਜਾਣ ਦੇ ਹੁਕਮਰਾਨ ਜਮਾਤ ਦੇ ਅਸਲ ਮਕਸਦ ਨੂੰ ਉਜਾਗਰ ਕਰਦੀ ਹੈ।

ਯੂ.ਏ.ਪੀ.ਏ. ਕੇਸਾਂ ਵਿੱਚ ਮੁਲਜ਼ਮਾਂ ਦੇ ਬਰੀ ਹੋਣ ਦੀ ਉੱਚੀ ਦਰ ਦਾ ਹਵਾਲਾ ਦਿੰਦੇ ਹੋਏ ਅਦਾਲਤ ਨੇ ਜ਼ੋਰ ਦਿੱਤਾ ਕਿ 'ਜ਼ਮਾਨਤ ਨਿਯਮ ਹੈ ਅਤੇ ਜੇਲ੍ਹ ਅੱਪਵਾਦ ਹੈ।' ਇੱਕ ਪਿਛਲੇ ਫ਼ੈਸਲੇ, ਯੂਨੀਅਨ ਆਫ਼ ਇੰਡੀਆ ਬਨਾਮ ਕੇ.ਏ. ਨਜੀਬ, ਦਾ ਹਵਾਲਾ ਦਿੰਦੇ ਹੋਏ ਬੈਂਚ ਨੇ ਦੁਹਰਾਇਆ ਕਿ ਯੂ.ਏ.ਪੀ.ਏ. ਦੇ ਸੈਕਸ਼ਨ 43ਡੀ(5) ਨੂੰ ਅਲੱਗ-ਥਲੱਗ ਆਧਾਰ ਵਜੋਂ ਜ਼ਮਾਨਤ ਤੋਂ ਇਨਕਾਰ ਕਰਨ ਲਈ ਨਹੀਂ ਵਰਤਿਆ ਜਾ ਸਕਦਾ ਅਤੇ ਨਾ ਹੀ ਇਸਨੂੰ ਮੁਕੱਦਮੇ ਤੋਂ ਪਹਿਲਾਂ ਲੰਮੇ ਸਮੇਂ ਤੱਕ ਹਿਰਾਸਤ ਵਿੱਚ ਰੱਖਣ ਲਈ ਵਿਆਪਕ ਹੁਕਮ ਮੰਨਿਆ ਜਾ ਸਕਦਾ ਹੈ।

ਸੈਕਸ਼ਨ 43ਡੀ(5) ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਇਸਦੇ ਤਹਿਤ ਜ਼ਮਾਨਤ ਲਗਭਗ ਅਸੰਭਵ ਬਣਾ ਦਿੱਤੀ ਗਈ ਹੈ। ਇਸ ਵਿਵਸਥਾ ਅਨੁਸਾਰ ਜੇਕਰ ਅਦਾਲਤ ਨੂੰ ਯੂ.ਏ.ਪੀ.ਏ. ਕੇਸ ਵਿਚ ਕੇਸ ਡਾਇਰੀ ਜਾਂ ਚਾਰਜਸ਼ੀਟ ਨੂੰ ਦੇਖਣ 'ਤੇ, ਇਹ ਵਿਸ਼ਵਾਸ ਕਰਨ ਲਈ 'ਉਚਿਤ ਆਧਾਰ' ਮਿਲ ਜਾਂਦਾ ਹੈ ਕਿ ਦੋਸ਼ ਪਹਿਲੀ ਨਜ਼ਰੇ ਸਹੀ ਹਨ ਤਾਂ ਮੁਲਜ਼ਮ ਨੂੰ ਜ਼ਮਾਨਤ ਨਹੀਂ ਮਿਲੇਗੀ। ਐੱਨ. ਆਈ.ਏ. ਬਨਾਮ ਜ਼ਹੂਰ ਅਹਿਮਦ ਸ਼ਾਹ ਵਤਾਲੀ ਕੇਸ ਵਿੱਚ ਜਸਟਿਸ ਏ. ਐੱਮ. ਖਾਨਵਿਲਕਰ (ਜੋ ਹੁਣ ਰਿਟਾਇਰ ਹੋਣ ਉਪਰੰਤ ਇਸ ਵਕਤ ਲੋਕਪਾਲ ਦੇ ਚੇਅਰਪਰਸਨ ਹਨ) ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਨੇ ਇਸ ਸੈਕਸ਼ਨ ਨੂੰ ਵਾਜਬੀਅਤ ਦਿੰਦਿਆਂ ਕਿਹਾ ਸੀ ਕਿ ਪਹਿਲੀ ਨਜ਼ਰੇ ਜੁਰਮ ਸਥਾਪਤ ਕਰਨ ਲਈ ਅਦਾਲਤ ਲਈ ਸਬੂਤਾਂ ਦੀ "ਵਿਸਥਾਰੀ ਜਾਂਚ" ਕਰਨਾ ਜ਼ਰੂਰੀ ਨਹੀਂ ਹੈ। ਇਹ ਫ਼ੈਸਲਾ ਕਰਨ ਲਈ ਅਦਾਲਤ ਨੇ ਸਿਰਫ਼ "ਵਿਆਪਕ ਸੰਭਾਵਨਾਵਾਂ" 'ਤੇ ਨਜ਼ਰ ਮਾਰਕੇ ਇਹ ਤੈਅ ਕਰਨਾ ਹੈ ਕਿ ਕੀ ਦੋਸ਼ ਸਹੀ ਹਨ, ਅਤੇ ਜ਼ਮਾਨਤ ਤੋਂ ਇਨਕਾਰ ਕਰ ਦੇਣਾ ਹੈ। ਫਿਰ ਯੂਨੀਅਨ ਆਫ ਇੰਡੀਆ ਬਨਾਮ ਕੇ.ਏ. ਨਜੀਬ ਕੇਸ ਵਿੱਚ ਆਪਣੇ ਫ਼ੈਸਲੇ (2021) ਵਿਚ ਤਿੰਨ-ਜੱਜਾਂ ਦੇ ਇੱਕ ਹੋਰ ਬੈਂਚ ਨੇ ਇਹ ਸਿਧਾਂਤ ਸਥਾਪਤ ਕੀਤਾ ਕਿ ਮੁਲਜ਼ਮ ਨੂੰ ਮੁਕੱਦਮੇ ਦੇ ਪੂਰਾ ਹੋਣ ਦੀ ਅਨਿਸ਼ਚਿਤ ਸਮੇਂ ਲਈ ਉਡੀਕ ਕਰਦਿਆਂ ਜੇਲ੍ਹ ਵਿੱਚ ਨਹੀਂ ਰੱਖਿਆ ਜਾ ਸਕਦਾ, ਭਾਵੇਂ ਜੁਰਮ ਕਿੰਨਾ ਵੀ ਗੰਭੀਰ ਕਿਉਂ ਨਾ ਹੋਵੇ। ਵਤਾਲੀ ਫ਼ੈਸਲਾ (2019) ਹਕੂਮਤ ਦੇ ਹੱਥ ਮਜ਼ਬੂਤ ਕਰਦਾ ਹੋਣ ਕਾਰਨ ਯੂ.ਏ.ਪੀ.ਏ. ਕੇਸਾਂ ਵਿਚ ਜ਼ਮਾਨਤ ਨਾ ਦੇਣ ਲਈ ਇਸੇ ਵਿਆਖਿਆ ਨੂੰ ਵਰਤਿਆ ਜਾਂਦਾ ਹੈ।

ਜਿੱਥੇ ਆਮ ਜ਼ਮਾਨਤ ਦਾ ਨਿਆਂਸ਼ਾਸਤਰ ਇਸ ਬੁਨਿਆਦੀ ਸਿਧਾਂਤ 'ਤੇ ਅਧਾਰਤ ਸੀ ਕਿ ਵਿਅਕਤੀ ਉਦੋਂ ਤੱਕ ਨਿਰਦੋਸ਼ ਹੈ ਜਦੋਂ ਤੱਕ ਉਸਨੂੰ ਦੋਸ਼ੀ ਸਾਬਤ ਨਹੀਂ ਕੀਤਾ ਜਾਂਦਾ, ਉੱਥੇ ਸੈਕਸ਼ਨ 43ਡੀ(5) ਨੇ ਬੋਝ ਉਲਟਾ ਮੁਲਜ਼ਮ 'ਤੇ ਪਾ ਦਿੱਤਾ, ਇਹ ਮੰਨਦੇ ਹੋਏ ਕਿ ਵਿਅਕਤੀ ਉਦੋਂ ਤੱਕ ਦੋਸ਼ੀ ਹੈ ਜਦੋਂ ਤੱਕ ਉਹ ਨਿਰਦੋਸ਼ ਸਾਬਤ ਨਹੀਂ ਹੋ ਜਾਂਦਾ। ਇੰਝ ਸੈਕਸ਼ਨ 43ਡੀ(5) ਨੇ ਜ਼ਮਾਨਤ ਦੇ ਨਿਆਂਸ਼ਾਸਤਰ ਦਾ ਇਹ ਬੁਨਿਆਦੀ ਸਿਧਾਂਤ ਹੀ ਉਲਟਾ ਦਿੱਤਾ ਜੋ ਕਹਿੰਦਾ ਹੈ: 'ਜ਼ਮਾਨਤ, ਨਾ ਕਿ ਜੇਲ੍ਹ'।

18 ਮਈ 2026 ਨੂੰ, ਜਸਟਿਸ ਬੀ.ਵੀ. ਨਾਗਰਤਨਾ ਅਤੇ ਉੱਜਵਲ ਭੂਈਆਂ ਦੇ ਬੈਂਚ ਨੇ ਸਈਅਦ ਇਫ਼ਤਿਖ਼ਾਰ ਅੰਦਰਾਬੀ ਬਨਾਮ ਐੱਨ.ਆਈ.ਏ. ਕੇਸ ਵਿੱਚ, ਛੋਟੇ ਬੈਂਚਾਂ ਦੁਆਰਾ "ਨਜੀਬ ਫ਼ੈਸਲੇ ਵਿੱਚ ਸਥਾਪਤ ਸਿਧਾਂਤ ਨੂੰ ਖੋਖਲਾ ਕਰਨ" 'ਤੇ ਗੰਭੀਰ ਇਤਰਾਜ਼ ਪ੍ਰਗਟਾਏ ਕਿ ਜਦੋਂ ਮੁਲਜ਼ਮ ਵਿਅਕਤੀਆਂ ਨੇ ਕਈ ਸਾਲ ਮੁਕੱਦਮੇ ਤੋਂ ਪਹਿਲੀ ਕੈਦ ਵਿੱਚ ਗੁਜ਼ਾਰੇ ਹੋਣ ਤਾਂ ਸੰਵਿਧਾਨਕ ਅਦਾਲਤਾਂ ਨੂੰ ਦਖ਼ਲ ਦੇਣਾ ਚਾਹੀਦਾ ਹੈ ਅਤੇ ਯੂ.ਏ.ਪੀ.ਏ. ਮਾਮਲਿਆਂ ਵਿੱਚ ਜ਼ਮਾਨਤ ਦੇਣੀ ਚਾਹੀਦੀ ਹੈ।

ਫ਼ੈਸਲਾ ਲਿਖਣ ਵਾਲੇ ਜਸਟਿਸ ਭੂਈਆਂ ਨੇ 5 ਜਨਵਰੀ 2026 ਦੇ ਸੁਪਰੀਮ ਕੋਰਟ ਦੇ ਫ਼ੈਸਲੇ (ਗੁਲਫ਼ ?ਸ਼ਾਂ ਫ਼ਾਤਿਮਾ ਬਨਾਮ ਰਾਜ, ਐੱਨ.ਸੀ.ਟੀ. ਦੀ ਸਰਕਾਰ ਦਿੱਲੀ) 'ਤੇ ਸਵਾਲ ਉਠਾਏ, ਜਿਸ ਨੇ ਜੇ.ਐੱਨ.ਯੂ. ਦੇ ਸਾਬਕਾ ਵਿਦਿਆਰਥੀ ਆਗੂ ਉਮਰ ਖਾਲਿਦ ਅਤੇ ਉਸ ਦੇ ਸਹਿ-ਮੁਲਜ਼ਮ ਸ਼ਰਜੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਜਿਨ੍ਹਾਂ ਉੱਤੇ ਦਿੱਲੀ ਹਿੰਸਾ (2020) ਦੇ 'ਵੱਡੀ ਸਾਜ਼ਿਸ਼' ਕੇਸ ਵਿੱਚ ਯੂ.ਏ.ਪੀ.ਏ. ਦੇ ਤਹਿਤ ਦੋਸ਼ ਲਗਾਏ ਗਏ ਸਨ। ਪੰਜ ਹੋਰਾਂ ਨੂੰ ਜ਼ਮਾਨਤ ਦਿੰਦੇ ਹੋਏ, ਜਸਟਿਸ ਅਰਵਿੰਦ ਕੁਮਾਰ ਅਤੇ ਐੱਨ.ਵੀ. ਅੰਜਾਰੀਆ ਦੇ ਡਿਵੀਜ਼ਨ ਬੈਂਚ ਨੇ ਯੂ.ਏ.ਪੀ.ਏ. ਦੇ ਤਹਿਤ "ਪਹਿਲੀ ਨਜ਼ਰੇ" ਦੇ ਆਧਾਰ 'ਤੇ ਅਪਰਾਧੀਆਂ ਦੀ ਨਵੀਂ ਕੈਟੇਗਰੀ, "ਕਥਿਤ ਸਾਜ਼ਿਸ਼ ਦੇ ਮਾਸਟਰਮਾਈਂਡ" ਬਣਾਉਂਦੇ ਹੋਏ ਉਮਰ ਅਤੇ ਸ਼ਰਜੀਲ ਨੂੰ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਮਰ ਖਾਲਿਦ ਪਹਿਲਾਂ ਹੀ ਪੰਜ ਸਾਲ ਤੋਂ ਵੱਧ ਜੇਲ੍ਹ ਵਿੱਚ ਗੁਜ਼ਾਰ ਚੁੱਕੇ ਸਨ ਅਤੇ ਉਹ ਜ਼ਮਾਨਤ ਦੇ ਹੱਕਦਾਰ ਸਨ। ਪਰ ਉਸ ਨੂੰ "ਸਾਜ਼ਿਸ਼ ਦਾ ਮਾਸਟਰਮਾਈਂਡ" ਕਰਾਰ ਦੇ ਕੇ ਜ਼ਮਾਨਤ ਨਹੀਂ ਦਿੱਤੀ ਗਈ।

ਜਸਟਿਸ ਭੂਈਆਂ ਦੀਆਂ ਟਿੱਪਣੀਆਂ ਨੇ ਦਿੱਲੀ ਪੁਲਿਸ ਨੂੰ ਖਾਲਿਦ ਸੈਫੀ ਅਤੇ ਤਸਲੀਮ ਅਹਿਮਦ ਦੀ ਜ਼ਮਾਨਤ ਦੀ ਸੁਣਵਾਈ ਦੌਰਾਨ, ਗੁਲਫ਼ਿਸ਼ਾ ਫ਼ਾਤਿਮਾ ਫ਼ੈਸਲੇ ਦੇ ਲੇਖਕ ਜਸਟਿਸ ਕੁਮਾਰ ਸਾਹਮਣੇ ਇਤਰਾਜ਼ ਪੇਸ਼ ਕਰਨ ਲਈ ਉਕਸਾਇਆ। ਸਰਕਾਰੀ ਪੱਖ ਦੀ ਸਿਰਤੋੜ ਕੋਸ਼ਿਸ਼ ਹੈ ਕਿ ਵਤਾਲੀ ਫ਼ੈਸਲੇ ਦੀ ਵਿਆਖਿਆ ਜ਼ਮਾਨਤ ਦਾ ਆਧਾਰ ਬਣੀ ਰਹੇ ਅਤੇ ਲੰਮਾ ਸਮਾਂ ਜੇਲ੍ਹ ਵਿਚ ਗੁਜ਼ਾਰਨ ਦਾ ਜ਼ਮਾਨਤ ਦਾ ਪੈਮਾਨਾ ਹਮੇਸ਼ਾ ਲਈ ਰੱਦ ਹੋ ਜਾਵੇ।

ਜਮਹੂਰੀ ਕਾਰਕੁਨਾਂ ਦੀ ਜ਼ਮਾਨਤ ਨਾ ਹੋਣ ਦੇਣ ਲਈ ਸਟੇਟ ਦੇ ਕਾਨੂੰਨੀ ਮਾਹਰ ਕਿਸ ਤਰ੍ਹਾਂ ਦੀਆਂ ਬੇਹੂਦਾ ਦਲੀਲਾਂ ਦਿੰਦੇ ਹਨ ਇਸਦੀ ਤਾਜ਼ਾ ਮਿਸਾਲ ਐਡੀਸ਼ਨਲ ਸਾਲਿਸਟਰ ਜਨਰਲ ਐੱਸ.ਵੀ. ਰਾਜੂ ਵੱਲੋਂ ਦਿੱਤੀ ਦਲੀਲ ਹੈ। ਅੰਦਰਾਬੀ ਕੇਸ ਵਿਚ ਫ਼ੈਸਲੇ ਨੂੰ ਯੂ.ਏ.ਪੀ.ਏ. ਕੇਸਾਂ ਵਿਚ ਜ਼ਮਾਨਤ ਨੂੰ ਉਲਝਾਉਣ ਵਾਲਾ ਕਰਾਰ ਦਿੰਦਿਆਂ ਉਸਨੇ ਪੁੱਛਿਆ ਕਿ 'ਜੇ ਪਾਕਿਸਤਾਨ ਅਜਮਲ ਕਸਾਬ ਜਾਂ ਹਾਫ਼ ?ਜ਼ ਸਈਦ ਨੂੰ ਭਾਰਤ ਨੂੰ ਸੌਂਪ ਦੇਵੇ ਤਾਂ ਕੀ ਉਨ੍ਹਾਂ ਨੂੰ ਸਿਰਫ਼ ਇਸ ਲਈ ਜ਼ਮਾਨਤ ਦੇ ਦਿੱਤੀ ਜਾਵੇਗੀ ਕਿਉਂਕਿ ਉਨ੍ਹਾਂ ਨੇ ਮੁਕੱਦਮੇ ਦੀ ਉਡੀਕ ਵਿੱਚ ਪੰਜ ਸਾਲ ਜੇਲ੍ਹ ਵਿੱਚ ਗੁਜ਼ਾਰੇ ਹਨ?' ਇਸ ਤੋਂ ਸਰਕਾਰੀ ਕਾਨੂੰਨੀ ਮਾਹਰਾਂ ਦੀ ਜਮਹੂਰੀ ਕਾਰਕੁਨਾਂ ਵਿਰੋਧੀ ਜ਼ਿਹਨੀਅਤ ਪਤਾ ਲੱਗਦੀ ਹੈ।

ਜਸਟਿਸ ਅਰਵਿੰਦ ਕੁਮਾਰ ਅਤੇ ਪੀ.ਬੀ. ਵਾਰਲੇ ਦੇ ਸੁਪਰੀਮ ਕੋਰਟ ਬੈਂਚ ਨੇ ਇਹ ਕਹਿਕੇ ਕਾਨੂੰਨ ਦੇ ਸਵਾਲ ਨੂੰ ਵੱਡੇ ਬੈਂਚ ਲਈ ਭੇਜ ਦਿੱਤਾ ਕਿ ਅਦਾਲਤ ਦੇ ਦੋ ਬਰਾਬਰ ਤਾਕਤਾਂ ਵਾਲੇ ਕੋਆਰਡੀਨੇਟ ਬੈਂਚਾਂ ਦਰਮਿਆਨ "ਮੰਨਿਆ ਗਿਆ ਟਕਰਾਅ" "ਗੰਭੀਰ ਇਤਰਾਜ਼ਾਂ" ਦਾ ਕਾਰਨ ਨਹੀਂ ਬਣਨਾ ਚਾਹੀਦਾ, ਸਗੋਂ ਉਸਦਾ "ਹੱਲ" ਕਰਨ ਦੀ ਲੋੜ ਹੈ। ਜਦੋਂ ਕਿ ਉਸਨੇ ਦਿੱਲੀ ਹਿੰਸਾ ਦੇ ਮਾਮਲੇ 'ਚ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਵਾਲੇ ਆਪਣੇ ਹੁਕਮ ਦੇ ਖ਼ਿਲਾਫ਼ ਦੂਜੇ ਬੈਂਚ ਦੀ ਆਲੋਚਨਾ ਉੱਪਰ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਜਿਸਨੇ ਟਿੱਪਣੀ ਕੀਤੀ ਸੀ ਕਿ ਇਹ ਫ਼ੈਸਲਾ ਸੁਪਰੀਮ ਕੋਰਟ ਦੇ ਪਹਿਲੇ ਦੋ ਫ਼ੈਸਲਿਆਂ ਤੋਂ ਵੱਖਰਾ ਸੀ, ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਕਠੋਰ ਯੂ.ਏ.ਪੀ.ਏ. ਅਤੇ ਪੀ.ਐੱਲ.ਐੱਮ.ਏ. ਵਾਲੇ ਕਾਨੂੰਨਾਂ ਦੇ ਤਹਿਤ ਦੋਸ਼ੀ ਵਿਅਕਤੀਆਂ ਨੂੰ ਉਨ੍ਹਾਂ ਮਾਮਲਿਆਂ ਵਿੱਚ ਜ਼ਮਾਨਤ ਦਾ ਹੱਕ ਹੈ ਜਿੱਥੇ ਮੁਕੱਦਮੇ ਦੀ ਸੁਣਵਾਈ ਵਿੱਚ ਬਿਨਾਂ ਵਜ ?ਹਾ ਬਹੁਤ ਜ਼ਿਆਦਾ ਦੇਰੀ ਹੋਈ ਹੋਵੇ।

### ਕੇ.ਏ. ਨਜੀਬ ਫ਼ੈਸਲਾ ਬਨਾਮ ਨਿੱਜੀ ਆਜ਼ਾਦੀ ਦਾ ਬੁਨਿਆਦੀ ਹੱਕ

ਨਜੀਬ ਫ਼ੈਸਲਾ ਅਦਾਲਤ ਵੱਲੋਂ ਰਾਜ ਦੇ ਹੱਥਾਂ ਵਿੱਚ ਇੱਕ ਹਥਿਆਰ ਵਜੋਂ ਸੈਕਸ਼ਨ 43ਡੀ(5) ਦੀ ਵਧ ਰਹੀ ਵਰਤੋਂ ਦੇ ਵਿਰੁੱਧ ਸੀ। ਸੀਮਤ ਵਿੱਤੀ ਅਤੇ ਕਾਨੂੰਨੀ

ਵਸੀਲਿਆਂ ਵਾਲੇ ਜੇਲ੍ਹੀਂ ਡੱਕੇ ਮੁਲਜ਼ਮਾਂ ਲਈ, ਦਹਿਸ਼ਤਵਾਦ ਦੇ ਦੋਸ਼ਾਂ ਨੂੰ ਝੂਠੇ ਸਾਬਤ ਕਰਨਾ ਬੇਹੱਦ ਮੁਸ਼ਕਲ ਕਾਨੂੰਨੀ ਲੜਾਈ ਬਣ ਜਾਂਦੀ ਹੈ, ਹਾਲਾਂ ਕਿ ਸਾਲ ਬੀਤਣ ਨਾਲ ਮੁਕੱਦਮੇ ਦੀ ਸੰਭਾਵਨਾ ਦੂਰ ਹੁੰਦੀ ਜਾਂਦੀ ਹੈ। ਇਸ ਪ੍ਰਸੰਗ 'ਚ ਜਸਟਿਸ ਸੂਰਿਆ ਕਾਂਤ (ਓਦੋਂ ਉਹ ਅਜੇ ਚੀਫ਼ ਜਸਟਿਸ ਨਹੀਂ ਬਣੇ ਸਨ) ਦੁਆਰਾ ਲਿਖੇ ਨਜੀਬ ਫ਼ੈਸਲੇ ਨੇ ਸਪੱਸ਼ਟ ਕੀਤਾ ਕਿ ਸੰਵਿਧਾਨਕ ਅਦਾਲਤਾਂ ਸੈਕਸ਼ਨ 43ਡੀ(5) ਦੀ ਕਠੋਰਤਾ ਨੂੰ ਘਟਾ ਕੇ ਉਸ ਯੂ.ਏ.ਪੀ.ਏ. ਮੁਲਜ਼ਮ ਨੂੰ ਜ਼ਮਾਨਤ ਦੀ ਰਾਹਤ ਦੇ ਸਕਦੀਆਂ ਹਨ ਜਿਸਨੇ ਮੁਕੱਦਮੇ ਵਿੱਚ ਬਹੁਤ ਦੇਰੀ ਹੋਣ ਕਾਰਨ ਪਹਿਲਾਂ ਹੀ "ਕਾਫ਼ੀ ਸਮਾਂ" ਜੇਲ੍ਹ ਵਿੱਚ ਗੁਜ਼ਾਰ ਲਿਆ ਹੋਵੇ। ਨਜੀਬ ਫ਼ੈਸਲੇ ਨੇ ਪਿਛਲੇ ਫ਼ੈਸਲਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੰਵਿਧਾਨਕ ਅਦਾਲਤਾਂ ਸੈਕਸ਼ਨ 43ਡੀ(5) ਦੀ ਤਾਕਤ ਅੱਗੇ ਗੂੰਗਾ ਦਰਸ਼ਕ ਨਹੀਂ ਬਣ ਸਕਦੀਆਂ। ਉਨ੍ਹਾਂ ਨੂੰ ਸੰਵਿਧਾਨ ਦੇ ਆਰਟੀਕਲ 21 ਅਧੀਨ ਜ਼ਿੰਦਗੀ ਅਤੇ ਨਿੱਜੀ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਦੀ ਰੱਖਿਆ ਲਈ ਦਖ਼ਲ ਦੇਣਾ ਚਾਹੀਦਾ ਹੈ।

**ਅੰਦਰਾਬੀ ਫ਼ੈਸਲੇ ਵਿੱਚ ਸੈਕਸ਼ਨ 43ਡੀ(5) ਅਤੇ ਆਰਟੀਕਲ 21 ਬਾਰੇ ਅਦਾਲਤ ਦੀ ਰਾਇ**

ਅੰਦਰਾਬੀ ਫ਼ੈਸਲੇ ਵਿੱਚ, ਜਸਟਿਸ ਭੂਈਆਂ ਨੇ ਕਿਹਾ ਕਿ ਅਦਾਲਤ ਨੂੰ ਕੇਂਦਰ ਦੀ ਇਸ ਦਲੀਲ ਨਾਲ ਸਹਿਮਤ ਨਹੀਂ ਹੋਣਾ ਚਾਹੀਦਾ ਕਿ ਯੂ.ਏ.ਪੀ.ਏ. ਅਧੀਨ ਅਪਰਾਧਾਂ ਦੀ ਗੰਭੀਰਤਾ ਜ਼ਮਾਨਤ ਦੇ ਮਨੁੱਖੀ ਅਧਿਕਾਰ ਤੋਂ ਵੱਧ ਮਹੱਤਵਪੂਰਨ ਹੈ। ਜਸਟਿਸ ਨੇ ਕਿਹਾ ਕਿ ਪੂਰੇ ਮੁਲਕ ਵਿੱਚ ਯੂ.ਏ.ਪੀ.ਏ. ਦੇ ਤਹਿਤ ਦੋਸ਼-ਸਿੱਧੀ ਦੀ ਦਰ ਨਾਮਾਤਰ ਹੈ। ਜਸਟਿਸ ਨਾਗਰਤਨਾ ਅਤੇ ਭੂਈਆਂ ਨੇ ਕਿਹਾ ਕਿ ਮੁਲਜ਼ਮ ਨੂੰ ਸਮੇਂ ਸਿਰ ਮੁਕੱਦਮਾ ਚਲਾਉਣ ਵਿੱਚ ਰਾਜ ਦੀ ਅਕੁਸ਼ਲਤਾ ਕਾਰਨ ਜ਼ਮਾਨਤ ਤੋਂ ਵਾਂਝਾ ਕਰਕੇ ਸਜ਼ਾ ਨਹੀਂ ਦਿੱਤੀ ਜਾ ਸਕਦੀ। ਜੇਕਰ ਕਥਿਤ ਅਪਰਾਧ ਗੰਭੀਰ ਸੀ, ਤਾਂ ਪਬਲਿਕ ਪ੍ਰਾਸੀਕਿਊਸ਼ਨ ਲਈ ਮੁਕੱਦਮੇ ਨੂੰ ਤੇਜ਼ੀ ਨਾਲ ਮੁਕੰਮਲ ਕਰਨਾ ਹੋਰ ਵੀ ਜ਼ਰੂਰੀ ਸੀ। ਜ਼ਮਾਨਤ ਤੋਂ ਸਿਰਫ਼ ਇਸ ਆਧਾਰ 'ਤੇ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਦੋਸ਼ ਬਹੁਤ ਗੰਭੀਰ ਹਨ।

ਅੰਦਰਾਬੀ ਫ਼ੈਸਲੇ ਨੇ ਕਿਹਾ ਕਿ ਸੁਪਰੀਮ ਕੋਰਟ ਬੈਂਚ ਨੇ ਗੁਲਫ਼ ?ਸ਼ਾ ਫ਼ਾਤਿਮਾ ਕੇਸ ਵਿੱਚ ਨਜੀਬ ਫ਼ੈਸਲੇ ਨੂੰ ਗ਼ਲਤ ਪੜ੍ਹਿਆ ਜਦੋਂ ਇਸਨੇ ਕਿਹਾ ਕਿ ਤਿੰਨ ਮੈਂਬਰੀ ਬੈਂਚ ਨੇ ਦੇਰੀ ਦੇ ਆਧਾਰ 'ਤੇ ਜ਼ਮਾਨਤ ਦਾ ਆਟੋਮੈਟਿਕ ਹੱਕ ਸਿਰਜ ਦਿੱਤਾ ਹੈ। ਜਸਟਿਸ ਭੂਈਆਂ ਨੇ ਸਪੱਸ਼ਟ ਕੀਤਾ ਕਿ ਨਜੀਬ ਫ਼ੈਸਲੇ ਨੇ ਕਦੇ ਵੀ ਇਹ ਤਜਵੀਜ਼ ਨਹੀਂ ਕੀਤਾ ਸੀ ਕਿ ਲੰਮੀ ਕੈਦ ਦੇ ਹਰ ਯੂ.ਏ.ਪੀ.ਏ. ਕੇਸ ਵਿੱਚ ਜ਼ਮਾਨਤ ਦਿੱਤੀ ਜਾਣੀ ਚਾਹੀਦੀ ਹੈ। ਬਲਕਿ, ਨਜੀਬ ਕੇਸ ਨੇ ਸਿਰਫ਼ ਸੰਵਿਧਾਨਕ ਅਦਾਲਤਾਂ ਨੂੰ ਸੈਕਸ਼ਨ 43ਡੀ(5) ਅਧੀਨ ਕਾਨੂੰਨੀ ਰੋਕ ਨੂੰ ਲਗਾਤਾਰ ਹਿਰਾਸਤ ਦੇ ਇੱਕੋ-ਇੱਕ ਕਾਰਨ ਵਜੋਂ ਮੰਨਣ ਦੇ ਖ਼ਿਲਾਫ਼ ਚੇਤਾਵਨੀ ਦਿੱਤੀ ਸੀ, ਜਦੋਂ ਕਿ ਨਿੱਜੀ ਆਜ਼ਾਦੀ ਅਤੇ ਤੁਰੰਤ ਮੁਕੱਦਮੇ ਦੇ ਵਿਆਪਕ ਸੰਵਿਧਾਨਕ ਸਿਧਾਂਤਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਇਸਨੇ ਮੰਨਿਆ ਕਿ ਸੈਕਸ਼ਨ 43ਡੀ(5) ਆਰਟੀਕਲ 21 ਦੇ ਅਧੀਨ ਹੈ।

22 ਮਈ ਦੇ ਹੁਕਮ ਨੇ, ਜਿਸਨੇ ਯੂ.ਏ.ਪੀ.ਏ. ਵਿੱਚ ਜ਼ਮਾਨਤ ਦੇ ਸਵਾਲ ਨੂੰ ਵੱਡੇ ਬੈਂਚ ਦੇ ਵਿਚਾਰਨ ਲਈ ਭੇਜਿਆ, ਦਲੀਲ ਦਿੱਤੀ ਕਿ ਅੰਦਰਾਬੀ ਫ਼ੈਸਲੇ ਨੇ ਗੁਲਫ਼ਿਸ਼ਾ ਫ਼ਾਤਿਮਾ ਫ਼ੈਸਲੇ ਦੀ ਦਲੀਲ ਨੂੰ ਗ਼ਲਤ ਸਮਝਿਆ। ਇਸਨੇ ਕਿਹਾ ਕਿ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਵਾਲੇ ਫ਼ੈਸਲੇ ਨੇ ਨਜੀਬ ਸਿਧਾਂਤ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਸੀ। ਇਸਨੇ ਕਿਹਾ ਕਿ ਨਜੀਬ ਫ਼ੈਸਲੇ ਨੇ ਸੈਕਸ਼ਨ 43ਡੀ(5) ਦੀ ਕਠੋਰ ਜ਼ਮਾਨਤ ਵਿਵਸਥਾ ਦੀ ਸ਼ਲਾਘਾ ਕੀਤੀ ਸੀ, ਨਾਲ ਹੀ ਸਿਰਫ਼ ਉਨ੍ਹਾਂ ਕੇਸਾਂ ਵਿੱਚ ਛੋਟ ਦੀ ਸਲਾਹ ਦਿੱਤੀ ਸੀ ਜਿੱਥੇ ਉਚਿਤ ਸਮੇਂ ਵਿੱਚ ਮੁਕੱਦਮਾ ਪੂਰਾ ਹੋਣ ਦੀ ਕੋਈ ਸੰਭਾਵਨਾ ਨਹੀਂ ਅਤੇ ਮੁਲਜ਼ਮ ਪਹਿਲਾਂ ਹੀ ਜੇਲ੍ਹ ਵਿੱਚ ਲੰਮਾ ਸਮਾਂ ਗੁਜ਼ਾਰ ਚੁੱਕਾ ਹੈ।

22 ਮਈ ਦੇ ਹੁਕਮ ਨੇ ਇਹ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਕਿ ਗੁਲਫ਼ਿਸ਼ਾ ਫ਼ਾਤਿਮਾ ਫ਼ੈਸਲੇ ਨੇ ਨਜੀਬ ਫ਼ੈਸਲੇ ਨੂੰ ਬਾਂਈਡਿੰਗ ਪਰੈਸੀਡੈਂਸ ਵਜੋਂ ਸਵੀਕਾਰ ਕੀਤਾ ਸੀ। ਉਸਨੇ ਸੰਵਿਧਾਨਕ ਸਕੀਮ ਵਿੱਚ ਆਰਟੀਕਲ 21 ਦੇ ਕੇਂਦਰੀ ਸਥਾਨ ਨੂੰ ਮਾਨਤਾ ਦਿੱਤੀ ਸੀ ਅਤੇ ਇਹ ਕਿ ਯੂ.ਏ.ਪੀ.ਏ. ਕੇਸਾਂ ਵਿੱਚ ਮੁਕੱਦਮੇ ਤੋਂ ਪਹਿਲਾਂ ਕੈਦ ਸਜ਼ਾ ਦਾ ਖ਼ਾਸਾ ਗ੍ਰਹਿਣ ਨਹੀਂ ਕਰ ਸਕਦੀ। ਇਸਨੇ ਕਿਹਾ ਕਿ ਉਨ੍ਹਾਂ ਦੋਹਾਂ (ਉਮਰ ਅਤੇ ਸ਼ਰਜ਼ੀਲ) ਨੂੰ ਸਬੂਤਾਂ, ਕਥਿਤ ਸਾਜ਼ਿਸ਼ ਵਿੱਚ ਉਨ੍ਹਾਂ ਦੀ ਭੂਮਿਕਾ, ਅਤੇ ਮੁਕੱਦਮੇ ਦੀ ਅਖੰਡਤਾ ਦੀ ਰੱਖਿਆ ਦੀ ਲੋੜ ਵਰਗੇ ਕਾਰਕਾਂ ਦੇ ਆਧਾਰ 'ਤੇ "ਮੁਲਜ਼ਮ-ਵਿਸ਼ੇਸ਼ ਮੁਲਾਂਕਣ" ਦੇ ਆਧਾਰ 'ਤੇ ਜ਼ਮਾਨਤ ਦੇਣ ਤੋਂ ਇਨਕਾਰ ਕੀਤਾ ਗਿਆ ਸੀ।

ਉਪਰੋਕਤ ਤੋਂ ਸਮਝਿਆ ਜਾ ਸਕਦਾ ਹੈ ਕਿ ਸੁਪਰੀਮ ਕੋਰਟ ਦੇ ਜਸਟਿਸ ਸਾਹਿਬਾਨ ਦੀਆਂ ਦਲੀਲਾਂ ਹਾਲੇ ਵੀ ਇਸ ਦਾਇਰੇ ਤੱਕ ਸੀਮਤ ਹਨ ਕਿ ਜ਼ਮਾਨਤ ਦੇਣ ਜਾਂ ਨਾ ਦੇਣ ਦਾ ਪੈਮਾਨਾ ਕੀ ਹੋਵੇ। ਉਹ ਹੁਕਮਰਾਨ ਜਮਾਤ ਦੇ ਇਸ ਕਾਨੂੰਨ ਪਿੱਛੇ ਕੰਮ ਕਰਦੇ ਜਾਬਰ ਮਕਸਦ ਦੀ ਗੱਲ ਨਹੀਂ ਕਰਦੇ। ਦਰਅਸਲ, ਯੂ.ਏ.ਪੀ.ਏ. ਹੁਕਮਰਾਨਾਂ ਵੱਲੋਂ ਦਹਿਸ਼ਤਵਾਦ ਨਾਲ ਲੜਨ ਦੀ ਆੜ ਹੇਠ ਜਾਇਜ਼ ਜਮਹੂਰੀ ਅੰਦੋਲਨਾਂ ਅਤੇ ਅਸਹਿਮਤ ਆਵਾਜ਼ਾਂ ਨੂੰ ਕੁਚਲਣ ਅਤੇ ਇਸ ਖਾਤਰ ਮਨਮਾਨੀਆਂ ਤਾਕਤਾਂ ਹਥਿਆਉਣ ਲਈ ਈਜਾਦ ਕੀਤਾ ਬੇਹੱਦ ਜਾਬਰ ਸੰਦ ਹੈ। ਇਹ ਕੇਂਦਰ ਸਰਕਾਰ ਨੂੰ ਨਾ ਸਿਰਫ਼ ਸੰਸਥਾਵਾਂ ਉੱਪਰ ਪਾਬੰਦੀ ਲਾਉਣ ਸਗੋਂ ਵਿਅਕਤੀਆਂ ਨੂੰ ਵੀ 'ਦਹਿਸ਼ਤਗਰਦ' ਐਲਾਨਣ ਦਾ ਅਧਿਕਾਰ ਦਿੰਦਾ ਹੈ। ਸਰਕਾਰ ਬਿਨਾਂ ਕਿਸੇ ਠੋਸ ਆਧਾਰ ਦੇ ਅਤੇ ਬਿਨਾਂ ਕੋਈ ਤੱਥ ਪੇਸ਼ ਕੀਤੇ ਆਪਣੀ ਮਰਜ਼ੀ ਨਾਲ ਹੀ ਕਿਸੇ ਵੀ ਸੰਸਥਾ ਜਾਂ ਜਥੇਬੰਦੀ, ਇੱਥੋਂ ਤੱਕ ਕਿ ਵਿਅਕਤੀ ਨੂੰ ਵੀ ਗ਼ੈਰਕਾਨੂੰਨੀ ਕਰਾਰ ਦੇ ਸਕਦੀ ਹੈ। ਅਜਿਹੀ ਸੰਸਥਾ ਨਾਲ ਸੰਬੰਧਾਂ ਜਾਂ ਮੱਦਦ ਦਾ ਦੋਸ਼ ਲਾ ਕੇ ਕਿਸੇ ਨੂੰ ਵੀ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਡੱਕ ਸਕਦੀ ਹੈ। ਜ਼ਮਾਨਤ ਬਹੁਤ ਮੁਸ਼ਕਲ ਹੋਣ ਕਾਰਨ ਯੂ.ਏ.ਪੀ.ਏ. ਲਗਾਏ ਕੇਸ ਵਿਚ ਮੁਕੱਦਮੇ ਦੀ ਪ੍ਰਕਿਰਿਆ ਹੀ ਸਜ਼ਾ ਹੈ। ਹਾਕਮ ਜਮਾਤੀ ਪਾਰਟੀਆਂ ਅਤੇ ਸਟੇਟ ਮਸ਼ੀਨਰੀ ਦੇ ਦੋਹਰੇ ਮਿਆਰ ਅਤੇ ਚੁਣਵੇਂ ਨਿਸ਼ਾਨੇ ਜੱਗ ਜ਼ਾਹਿਰ ਹਨ। ਸਰਕਾਰ ਚਾਹੇ ਕਾਂਗਰਸ ਦੀ ਹੋਵੇ ਜਾਂ ਭਾਜਪਾ ਦੀ, ਸਿਰਫ਼ ਚੁਣਵੀਆਂ ਜਥੇਬੰਦੀਆਂ ਨੂੰ ਹੀ ਗ਼ੈਰਕਾਨੂੰਨੀ ਐਲਾਨਿਆਂ ਜਾਂਦਾ ਹੈ। ਕਾਂਗਰਸ ਸਰਕਾਰ ਨੇ ਕਿਸੇ ਭਗਵਾ ਦਹਿਸ਼ਤਗਰਦ ਜਥੇਬੰਦੀ ਜਾਂ ਵਿਅਕਤੀ ਨੂੰ ਗ਼ੈਰਕਾਨੂੰਨੀ ਨਹੀਂ ਐਲਾਨਿਆ ਜਦਕਿ ਪੁਰਅਮਨ ਸਮਾਜਿਕ ਸਰਗਰਮੀਆਂ ਕਰਨ ਵਾਲੀਆਂ ਮੁਸਲਮਾਨ ਸੰਸਥਾਵਾਂ ਨੂੰ ਵੀ ਦਹਿਸ਼ਤਗਰਦ ਸੂਚੀ ਵਿਚ ਪਾਉਣ ਦਾ ਇਸਦਾ ਘਿਣਾਉਣਾ ਇਤਿਹਾਸ ਹੈ। ਭਾਜਪਾ ਹੋਵੇ ਜਾਂ ਕਾਂਗਰਸ, ਸਰਕਾਰਾਂ ਯੂ.ਏ.ਪੀ.ਏ. ਨੂੰ ਹਮੇਸ਼ਾ ਇਹ ਦਲੀਲ ਦੇ ਕੇ ਵਾਜਬ ਠਹਿਰਾਉਂਦੀਆਂ ਹਨ ਕਿ ਦਹਿਸ਼ਤਵਾਦ ਨਾਲ ਲੜਨ ਲਈ ਵਿਸ਼ੇਸ਼ ਕਾਨੂੰਨ ਜ਼ਰੂਰੀ ਹੈ ਪਰ ਹੁਕਮਰਾਨ ਧਿਰ ਦੇ ਨਫ਼ਰਤੀ ਭਾਸ਼ਣ ਦੇਣ ਵਾਲਿਆਂ ਉੱਪਰ ਯੂ.ਏ.ਪੀ.ਏ. ਨਹੀਂ ਲਗਾਇਆ ਜਾਂਦਾ, ਨਾ ਉਨ੍ਹਾਂ ਦੀਆਂ ਨਫ਼ਰਤੀ ਕਾਰਵਾਈਆਂ ਨੂੰ ਗ਼ੈਰਕਾਨੂੰਨੀ ਮੰਨਿਆ ਜਾਂਦਾ ਹੈ ਜਦਕਿ ਯੂ.ਏ.ਪੀ.ਏ. ਦੇ ਤਹਿਤ ਅਣਗਿਣਤ ਬੇਕਸੂਰ ਮੁਸਲਮਾਨਾਂ, ਸਿੱਖਾਂ, ਆਦਿਵਾਸੀਆਂ, ਦਲਿਤਾਂ ਅਤੇ ਸੱਤਾ ਨੂੰ ਨਾਪਸੰਦ ਬਹੁਤ ਸਾਰੇ ਕਾਰਕੁਨਾਂ, ਵਿਦਵਾਨਾਂ, ਵਕੀਲਾਂ ਅਤੇ ਪੱਤਰਕਾਰਾਂ ਉੱਤੇ ਕੇਸ ਦਰਜ ਕੀਤੇ ਗਏ ਹਨ । ਇਸਦੀ ਸਭ ਤੋਂ ਵਿਆਪਕ ਕਰੂਰਤਾ ਦਾ ਨਮੂਨਾ ਕਸ਼ਮੀਰੀ ਲੋਕਾਂ ਦੇ ਸੰਘਰਸ਼ ਅਤੇ ਮੁਸਲਮਾਨ ਘੱਟਗਿਣਤੀ ਨੂੰ ਕੁਚਲਣ ਲਈ ਇਸਦੀ ਵਰਤੋਂ ਹੈ।

ਇਹ ਆਉਣ ਵਾਲੇ ਦਿਨਾਂ 'ਚ ਪਤਾ ਲੱਗੇਗਾ ਕਿ ਸੁਪਰੀਮ ਕੋਰਟ ਦਾ ਵੱਡਾ ਬੈਂਚ ਇਸ ਵਿਵਾਦ ਦਾ ਕੀ ਹੱਲ ਪੇਸ਼ ਕਰਦਾ ਹੈ। ਸਵਾਲ ਯੂ.ਏ.ਪੀ.ਏ. ਦੀ ਕਠੋਰ ਜ਼ਮਾਨਤੀ ਪ੍ਰਕਿਰਿਆ ਨੂੰ ਨਰਮ ਕਰਨ ਦਾ ਨਹੀਂ ਹੈ। ਇਹ ਕਾਲਾ ਕਾਨੂੰਨ ਪੂਰੀ ਤਰ੍ਹਾਂ ਰੱਦ ਹੋਣਾ ਚਾਹੀਦਾ ਹੈ ਅਤੇ ਜਮਹੂਰੀ ਤਾਕਤਾਂ ਨੂੰ ਇਸਨੂੰ ਰੱਦ ਕਰਾਉਣ ਲਈ ਵਿਆਪਕ ਜਨਤਕ ਲਹਿਰ ਖੜ੍ਹੀ ਕਰਨੀ ਚਾਹੀਦੀ ਹੈ।

## It is with gratitude that you have maintained your steadfast correspondence reminding our team about the crucial detail you pointed out to us during the repair and refurbishment of the Guru Nanak Jahaz – Komagata Maru Memorial at Harbour Green Park.




We received your message on September 25, 2023, via the Office of Mr. Sukh Dhaliwal, MP, regarding the backward image on the glass monument where you notedI visited the subject site recently and was pained to see the group picture of our revered pioneers. The picture has been taken from the reverse negative of the original snap. This is a common technical mistake committed inadvertently by photographers (especially non-Sikhs) with the negatives of old Box-type Cameras. This mistake results in displaying the turbans of the Sikhs in left-handed style, which is the case in the memorial and looks unnatural and odd. Only a Sikh observer can detect this mistake. Please get the picture replaced so that the personalities of our heroes look natural. This is not a big task. With kind regards, Er. Isher Singh, Chief Engineer (Retd.) PSEB (Now) Brampton, Canada. Mobile No. 647 604 2014.

Below you will see photos of the completed refurbishment, now the panels have two sides of information as it is no longer made with glass as was the original, but with durable metal. The transparency of the glass had made the image appear reversed when seen from the back. This has now been corrected.

The main panel of the memorial was refurbished following focused community consultation to inform the update. These groups included Komagata Maru Descendants Society, Khalsa Diwan Society, Punjabi Market Collective and City of Vancouver's Historical Discrimination against People of South Asian Canadian Descent Community Advisory Committee.

The new metal interpretive panel—replacing the original glass panel that was damaged—features enhanced images and a more detailed historic account in English, Punjabi and Hindi. The updated text recognizes the lives lost and uses both ship names, Guru Nanak Jahaz and Komagata Maru, to reflect the historical and cultural significance of the voyage.

Although Guru Nanak Jahaz wasn't the officially registered name for the ship, it is cited in published historical accounts and remains an important community-based reference expressing the strong cultural identity and emotional connection to the incident. Both Guru Nanak Jahaz and Komagata Maru are used to refer to this incident.

Following the City of Vancouver Komagata Maru Street Naming Design (see Guru Nanak Jahaz (Komagata Maru) Place | City of Vancouver) the selected artist, Jag Nagra, then designed this refurbished memorial as now shown in these photographs.

You may appreciate some interesting facts about the fabrication of the memorial panels:

It is made up of three solid metal panels of 3/4inch thickness, sized approx. 33" x 72" and weighing up to 200lbs each panel;

Each plate was cleaned, sanded, etched and sprayed with two coats of epoxy primer, and again sanded to add three coats of white base coat;

This white base coat is cured for 3 days and then sanded to a matte finish for printing;

Each side goes through this procedure;


Panels were printed on a wide-format flatbed printer at the Park Board's Evans Service Yard; Panels are hung in a special booth and sprayed with 7 layers of protective anti-graffiti satin clear coat, allowing to cure for one week.

The panels were installed at Harbour Green Park using a crane on May 8, and the site was finalised and made open to the public in the week of May 12.

Please visit the city webpage Guru Nanak Jahaz (Komagata Maru) Remembrance Day | City of Vancouver where updates and links will be added. Park Board and the City of Vancouver do not have a ceremony or launch for a repair, but community groups and organizers are welcome to gather at the site in memoriam.

Please let me know if you have further concerns or questions. Thanking you again deeply. Your participation and initiative in our process have been invaluable, and we are honoured by your interest and patience with our process.

Sincerely,
Laiwan
2099 Beach Ave,
Vancouver, BC V6G 1Z4
laiwan@vancouver.ca
Cell: (778) 835-1540




# ਮੈਡੀਕਲ ਕਾਲਜ ਬੰਦ ਕਰਵਾ ਕੇ 'ਵਿਸ਼ਵ ਗੁਰੂ' ਬਣਿਆ ਭਾਰਤ

**ਰਣਧੀਰ ਗਿੱਲਪੱਤੀ**

ਨਵੀਆਂ ਸਿੱਖਿਆ ਸੰਸਥਾਵਾਂ ਸਥਾਪਿਤ ਕਰਨ ਜਾਂ ਪਹਿਲਾਂ ਹੀ ਕੰਮ ਕਰ ਰਹੇ ਵਿਦਿਅਕ ਅਦਾਰਿਆਂ ਦਾ ਦਰਜਾ ਵਧਾਉਣ ਦੀਆਂ ਮੰਗਾਂ ਨੂੰ ਲੈ ਕੇ ਲੋਕ ਸੰਘਰਸ਼ ਕਰਦੇ ਤਾਂ ਦੇਖੇ ਸੁਣੇ ਹਨ, ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਚੱਲ ਰਹੀ ਸਿੱਖਿਆ ਸੰਸਥਾ ਨੂੰ ਬੰਦ ਕਰਵਾਉਣ ਲਈ ਅੰਦੋਲਨ ਚਲਾਇਆ ਗਿਆ ਹੋਵੇ ਅਤੇ ਇਸ ਮਾਮਲੇ ਵਿੱਚ ਹਾਸਲ ਕੀਤੀ 'ਕਾਮਯਾਬੀ' ਉੱਤੇ ਜਸ਼ਨ ਮਨਾਏ ਗਏ ਹੋਣ। ਇਹ ਅਲੋਕਾਰੀ ਘਟਨਾ ਫਿਰਕੂ ਸਿਆਸੀ ਅਜੰਡੇ 'ਤੇ ਸਵਾਰ ਹੋ ਕੇ ਕੱਟੜ ਹਿੰਦੂਵਾਦੀ ਜਥੇਬੰਦੀ ਆਰ.ਐੱਸ.ਐੱਸ. ਵੱਲੋਂ ਨਿਰਦੇਸ਼ਤ ਭਾਜਪਾ ਦੇ ਰਾਜ ਭਾਗ ਵਿੱਚ ਵਾਪਰੀ ਹੈ। ਫਿਰਕਾਪ੍ਰਸਤੀ ਦੀਆਂ ਨਵੀਆਂ ਬੁਲੰਦੀਆਂ ਛੂਹਣ ਵਾਲੀ ਇਹ ਸਿਆਸੀ ਧਿਰ, ਜਹਾਲਤ ਭਰੇ ਇਸ ਘਟਨਾਕ੍ਰਮ ਨਾਲ, ਵਾਕਿਆ ਹੀ 'ਵਿਸ਼ਵ ਗੁਰੂ' ਸਾਬਤ ਹੋਈ ਹੈ ਅਤੇ ਇਸਦੀ ਇਸ 'ਪ੍ਰਾਪਤੀ' ਦਾ ਪੂਰੇ ਵਿਸ਼ਵ ਵਿੱਚ ਡੰਕਾ ਵੱਜ ਰਿਹਾ ਹੈ। ਆਓ ਇਸ ਘਟਨਾਕ੍ਰਮ ਦੀ ਤਫ਼ਸੀਲ ਵਿੱਚ ਜਾਈਏ। ਜੰਮੂ ਕਸ਼ਮੀਰ ਵਿੱਚ ਸ੍ਰੀ ਮਾਤਾ ਵੈਸ਼ਨੋ ਦੇਵੀ ਟਰਸਟ ਵੱਲੋਂ ਇਕ ਮੈਡੀਕਲ ਕਾਲਜ-ਹਸਪਤਾਲ ਚਲਾਇਆ ਜਾ ਰਿਹਾ ਸੀ, ਜਿਸ ਵਿੱਚ ਸਿਹਤ ਵਿਗਿਆਨ ਦੀ ਪੇਸ਼ੇਵਰ ਡਿਗਰੀ ਐੱਮ.ਬੀ.ਬੀ.ਐੱਸ. ਦੀਆਂ 50 ਸੀਟਾਂ ਦੀ ਮਨਜ਼ੂਰੀ ਮਿਲੀ ਹੋਈ ਸੀ। ਦੇਸ਼ ਭਰ ਦੇ ਮੈਡੀਕਲ ਕਾਲਜਾਂ ਵਿੱਚ ਇਸ ਡਿਗਰੀ ਦੀ ਪੜ੍ਹਾਈ ਲਈ ਕੌਮੀ ਦਾਖਲਾ ਯੋਗਤਾ ਪ੍ਰੀਖਿਆ (NEET) ਲਈ ਜਾਂਦੀ ਹੈ। ਇਸ ਪ੍ਰੀਖਿਆ ਦੇ ਨਤੀਜੇ ਦੀ ਬਣੀ ਮੈਰਿਟ ਸੂਚੀ ਅਨੁਸਾਰ ਸਫ਼ਲ ਵਿਦਿਆਰਥੀ ਵੱਖ ਵੱਖ ਕਾਲਜਾਂ ਵਿੱਚ ਦਾਖਲਾ ਲੈਂਦੇ ਹਨ। ਦਾਖਲਿਆਂ ਲਈ ਕੀਤੀ ਜਾਂਦੀ ਕੌਂਸਲਿੰਗ ਸਮੇਂ ਵਿਦਿਆਰਥੀ ਅਕਸਰ ਹੀ ਆਪਣੇ ਰਾਜ ਜਾਂ ਇਲਾਕੇ ਦੇ ਕਾਲਜਾਂ ਵਿੱਚ ਦਾਖਲ ਹੋਣ ਨੂੰ ਤਰਜੀਹ ਦਿੰਦੇ ਹਨ। ਇਸ ਪ੍ਰਕਿਰਿਆ ਅਧੀਨ ਸ੍ਰੀ ਮਾਤਾ ਵੈਸ਼ਨੋ ਦੇਵੀ ਮੈਡੀਕਲ ਕਾਲਜ ਦੀਆਂ 50 ਸੀਟਾਂ ਲਈ ਵੀ ਮੈਰਿਟ ਅਨੁਸਾਰ ਦਾਖਲੇ ਹੋਏ, ਜਿਸ ਵਿੱਚ ਮੁਸਲਿਮ ਭਾਈਚਾਰੇ ਨਾਲ ਸੰਬੰਧਿਤ 42 ਵਿਦਿਆਰਥੀ ਦਾਖਲਾ ਲੈਣ ਵਿੱਚ ਸਫਲ ਹੋਏ। ਬਾਕੀ ਅੱਠ ਸੀਟਾਂ ਵਿੱਚੋਂ ਸੱਤ ਹਿੰਦੂ ਅਤੇ ਇੱਕ ਸਿੱਖ ਪਿਛੋਕੜ ਵਾਲੇ ਵਿਦਿਆਰਥੀਆਂ ਦੇ ਹਿੱਸੇ ਆਈਆਂ। ਇਸ ਸਥਿਤੀ ਨੇ ਪਹਿਲਾਂ ਹੀ ਘੱਟ ਗਿਣਤੀਆਂ-ਵਿਸ਼ੇਸ਼ ਤੌਰ 'ਤੇ ਮੁਸਲਿਮ ਭਾਈਚਾਰੇ- ਵਿਰੁੱਧ ਨਫ਼ਰਤੀ ਫਿਰਕੂ ਜ਼ਹਿਨੀਅਤ ਰੱਖਣ ਵਾਲੀਆਂ ਹਿੰਦੂਵਾਦੀ ਜਥੇਬੰਦੀਆਂ ਨੂੰ ਚੁਆਤੀ ਲਾ ਦਿੱਤੀ। ਇਹ ਗੱਲ ਉਹਨਾਂ ਦੀ ਬਰਦਾਸ਼ਤ ਤੋਂ ਬਾਹਰ ਸੀ ਕਿ ਸ੍ਰੀ ਮਾਤਾ ਵੈਸ਼ਨੋ ਦੇਵੀ ਦੇ ਧਾਰਮਿਕ ਨਾਂ ਹੇਠ ਚੱਲ ਰਹੇ ਮੈਡੀਕਲ ਕਾਲਜ ਵਿੱਚ ਵੱਡੀ ਗਿਣਤੀ ਵਿੱਚ ਮੁਸਲਿਮ ਵਿਦਿਆਰਥੀਆਂ ਨੂੰ ਦਾਖਲੇ ਮਿਲ ਜਾਣ। ਇਨ੍ਹਾਂ ਜਥੇਬੰਦੀਆਂ ਨੇ ਸ੍ਰੀ ਮਾਤਾ ਵੈਸ਼ਨੋ ਦੇਵੀ ਸੰਘਰਸ਼ ਸੰਮਤੀ ਦਾ ਗਠਨ ਕਰਕੇ ਇਸ ਕਾਲਜ ਦੀ ਮਾਨਤਾ ਰੱਦ ਕਰਵਾਉਣ ਲਈ ਅੰਦੋਲਨ ਵਿੱਢ ਦਿੱਤਾ। ਸੰਮਤੀ ਦੀ ਗੈਰ-ਕਾਨੂੰਨੀ ਅਤੇ ਤਰਕ ਵਿਹੂਣੀ ਦਲੀਲ ਇਹ ਸੀ ਕਿ ਕਿਉਂਕਿ ਕਾਲਜ ਵੈਸ਼ਨੋ ਦੇਵੀ ਦੇ ਭਗਤਾਂ ਦੇ ਚੜ੍ਹਾਵੇ ਨਾਲ ਚਲਦਾ ਹੈ, ਇਸ ਲਈ ਇੱਥੇ ਸਿਰਫ ਹਿੰਦੂ ਵਿਦਿਆਰਥੀਆਂ ਨੂੰ ਹੀ ਦਾਖਲਾ ਮਿਲਣਾ ਚਾਹੀਦਾ ਹੈ। ਜਦਕਿ ਦਾਖਲੇ, ਨਿਯਮਾਂ ਅਨੁਸਾਰ ਮੈਰਿਟ ਦੇ ਆਧਾਰ ਉੱਤੇ ਵਿਦਿਆਰਥੀਆਂ ਵੱਲੋਂ ਇਸ ਕਾਲਜ ਦੀ ਕੀਤੀ ਚੋਣ ਦੇ ਅਨੁਸਾਰ ਹੀ ਹੋਏ ਸਨ। ਆਖਰ ਇਸ ਸਾਲ ਦੇ ਸ਼ੁਰੂ ਵਿੱਚ ਸੰਘਰਸ਼ ਸੰਮਤੀ ਦੇ 'ਸੰਘਰਸ਼' ਨੂੰ ਬੂਰ ਪਿਆ। ਨੈਸ਼ਨਲ ਮੈਡੀਕਲ ਕਮਿਸ਼ਨ ਦੀ ਟੀਮ ਨੇ ਅਚਨਚੇਤ ਨਿਰੀਖਣ ਲਈ ਇਸ ਕਾਲਜ ਦਾ ਦੌਰਾ ਕੀਤਾ। ਕਮਿਸ਼ਨ ਨੇ ਕਾਲਜ ਵਿੱਚ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਦੀ ਘਾਟ, ਪ੍ਰਯੋਗਸ਼ਲਾਵਾਂ, ਆਪਰੇਸ਼ਨ ਥਇਏਟਰਾਂ, ਲੈਕਚਰ ਥਇਏਟਰਾਂ, ਔਰਤਾਂ ਤੇ ਮਰਦਾਂ ਲਈ ਵੱਖਰੇ ਵਾਰਡਾਂ, ਮਰੀਜ਼ਾਂ, ਸੀਨੀਅਰ ਡਾਕਟਰਾਂ, ਲਾਇਬ੍ਰੇਰੀ ਵਿੱਚ ਕਿਤਾਬਾਂ ਦੀ ਗਿਣਤੀ ਆਦਿ ਦੇ ਨਿਰਧਾਰਤ ਮਾਪਦੰਡਾਂ ਨਾਲੋਂ ਕਮੀਆਂ ਦਾ ਹਵਾਲਾ ਦਿੰਦੀ ਰਿਪੋਰਟ ਜਾਰੀ ਕਰ ਦਿੱਤੀ। ਇਸ ਰਿਪੋਰਟ ਦੇ ਆਧਾਰ ਉੱਤੇ ਕਾਲਜ ਦੀ ਮਾਨਤਾ ਰੱਦ ਕਰ ਦਿੱਤੀ ਗਈ। ਸੰਘਰਸ਼ ਸੰਮਤੀ ਦੀ ਇਸ 'ਪ੍ਰਾਪਤੀ' ਉੱਤੇ ਭਾਜਪਾ ਸਮੇਤ ਫਿਰਕੂ ਜ਼ਹਿਰ ਨਾਲ ਭਰੀਆਂ ਇਨ੍ਹਾਂ ਜਥੇਬੰਦੀਆਂ ਨੇ ਢੋਲ ਦੀ ਤਾਲ 'ਤੇ ਭੰਗੜੇ ਪਾ ਕੇ, ਮਿਠਾਈਆਂ ਵੰਡ ਕੇ ਅਤੇ ਇੱਕ ਦੂਜੇ ਨੂੰ ਵਧਾਈਆਂ ਦੇ ਕੇ ਰੱਜਵੇਂ ਜਸ਼ਨ ਮਨਾਏ। ਉਧਰ ਨੈਸ਼ਨਲ ਮੈਡੀਕਲ ਕਮਿਸ਼ਨ ਨੇ ਮੰਨਿਆ ਹੈ ਕਿ ਕਾਲਜ ਵਿੱਚ ਦਾਖ਼ਲੇ ਨਿਰੋਲ ਮੈਰਿਟ ਦੇ ਆਧਾਰ ਉੱਤੇ ਨਿਯਮਾਂ ਅਨੁਸਾਰ ਹੀ ਹੋਏ ਹਨ। ਜੰਮੂ ਕਸ਼ਮੀਰ ਦੇ ਵਿਦਿਆਰਥੀਆਂ ਨੇ ਆਪਣੇ ਰਾਜ ਵਿੱਚ ਸਥਿਤ ਕਾਲਜ ਨੂੰ ਇਹ ਤਰਜੀਹ ਦਿੰਦੇ ਹੋਏ ਇਥੇ ਦਾਖ਼ਲੇ ਲੈ ਕੇ ਕੁਝ ਵੀ ਗ਼ਲਤ ਨਹੀਂ ਕੀਤਾ। ਸੰਘਰਸ਼ ਸੰਮਤੀ ਦੇ ਇਸ ਦਾਅਵੇ ਵਿੱਚ ਵੀ ਕੋਈ ਸੱਚਾਈ ਨਹੀਂ ਹੈ ਕਿ ਇਹ ਕਾਲਜ ਕੇਵਲ ਮਾਤਾ ਵੈਸ਼ਨੋ ਦੇਵੀ ਦੇ ਭਗਤਾਂ ਦੇ ਚੜ੍ਹਾਵੇ ਨਾਲ ਹੀ ਚਲਦਾ ਹੈ। ਜੰਮੂ ਕਸ਼ਮੀਰ ਸਟੂਡੈਂਟਸ ਐਸੋਸੀਏਸ਼ਨ ਦੇ ਕਨਵੀਨਰ ਨਾਸਿਰ ਖੁਆਮੀ ਦਾ ਕਹਿਣਾ ਹੈ ਕਿ ਸਾਲ 2017 ਤੋਂ 2025 ਤੱਕ ਸਰਕਾਰ ਨੇ ਇਸ ਕਾਲਜ ਨੂੰ 121 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਹੈ। ਏਨਾ ਹੀ ਨਹੀਂ, ਸ਼੍ਰੀ ਮਾਤਾ ਵੈਸ਼ਨੋ ਦੇਵੀ ਸੰਘਰਸ਼ ਸੰਮਤੀ ਨੇ ਇਹ ਮੰਗ ਵੀ ਕੀਤੀ ਹੈ ਕਿ ਮੈਡੀਕਲ ਕਾਲਜ ਦੀ ਥਾਂ ਇਥੇ ਗੁਰੁਕੁੱਲ ਸਿੱਖਿਆ ਕੇਂਦਰ ਖੋਲ੍ਹਿਆ ਜਾਵੇ ਜਿੱਥੇ ਬੱਚੇ ਸਨਾਤਨ ਧਰਮ ਦੀ ਸਿੱਖਿਆ ਹਾਸਲ ਕਰ ਸਕਣ। ਦਿਲਚਸਪ ਗੱਲ ਇਹ ਹੈ ਕਿ ਸਨਾਤਨ ਧਰਮ ਦੁਆਰਾ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਪੂਰਾ ਵਿਸ਼ਵ ਇੱਕ ਪਰਿਵਾਰ ਹੈ। ਪਰ ਸੰਘਰਸ਼ ਸੰਮਤੀ ਦਾ 'ਸੰਘਰਸ਼' ਸਮਾਜ ਵਿੱਚ ਵੰਡੀਆਂ ਪਾਉਣ ਵਾਲਾ ਹੈ। ਭਾਵੇਂ ਨੈਸ਼ਨਲ ਮੈਡੀਕਲ ਕਮਿਸ਼ਨ ਨੇ ਕਾਲਜ ਦੀ ਮਾਨਤਾ ਰੱਦ ਕਰਨ ਦੀ ਕਾਰਵਾਈ ਬਿਨਾਂ ਕਿਸੇ ਦਬਾਅ ਤੋਂ ਕਰਨ ਦਾ ਦਾਅਵਾ ਕੀਤਾ ਹੈ, ਪਰ ਹਕੀਕਤ ਕੁਝ ਹੋਰ ਜਾਪ ਰਹੀ ਹੈ ਜੋ ਕਮਿਸ਼ਨ ਦੀ ਇਸ ਕਾਰਵਾਈ ਉੱਤੇ ਉਂਗਲ ਉਠਾ ਰਹੀ ਹੈ। ਸਭ ਤੋਂ ਅਹਿਮ ਸਵਾਲ ਇਹ ਹੈ ਕਿ ਕਾਲਜ ਦੀ ਮਾਨਤਾ ਰੱਦ ਕਰਨ ਤੋਂ ਕਰੀਬ ਚਾਰ ਮਹੀਨੇ ਪਹਿਲਾਂ ਇਸ ਕਾਲਜ ਨੂੰ ਐੱਮ.ਬੀ.ਬੀ.ਐੱਸ. ਦੀਆਂ 50 ਸੀਟਾਂ ਕਿਉਂ ਅਲਾਟ ਕੀਤੀਆਂ ਗਈਆਂ, ਜਦ ਕਿ ਕਮਿਸ਼ਨ ਦੀ ਰਿਪੋਰਟ ਵਿੱਚ ਹੁਣ ਦਰਸਾਈਆਂ ਘਾਟਾਂ ਉਸ ਸਮੇਂ ਵੀ ਮੌਜੂਦ ਸਨ। ਫਿਰ ਇਹ ਮਾਨਤਾ ਰੱਦ ਕਰਨ ਤੋਂ ਪਹਿਲਾਂ ਕਾਲਜ ਦੇ ਪ੍ਰਬੰਧਕਾਂ ਨੂੰ ਇਨ੍ਹਾਂ ਤਰੁੱਟੀਆਂ ਨੂੰ ਦੂਰ ਕਰਨ ਦਾ ਮੌਕਾ ਕਿਉਂ ਨਹੀਂ ਦਿੱਤਾ ਗਿਆ? ਇਸ ਤੋਂ ਅੱਗੇ, ਕਾਲਜ ਵਿੱਚ ਦਾਖਲਾ ਲੈ ਚੁੱਕੇ 50 ਵਿਦਿਆਰਥੀਆਂ ਦੀ ਪੜ੍ਹਾਈ ਜਾਰੀ ਰੱਖਣ ਦਾ ਪੁਖਤਾ ਪ੍ਰਬੰਧ ਕਿਉਂ ਨਹੀਂ ਕੀਤਾ ਗਿਆ? ਦਰਅਸਲ, ਉਪਰੋਕਤ ਕਾਲਜ ਦੀ ਮਾਨਤਾ ਰੱਦ ਕਰਨ ਦੀ ਕਾਰਵਾਈ ਰਾਜ ਸੱਤਾ ਉੱਤੇ ਕਾਬਜ਼ ਸਿਆਸੀ ਧਿਰ ਦੀ ਮੁਸਲਿਮ ਘੱਟ ਗਿਣਤੀ ਭਾਈਚਾਰੇ ਨੂੰ ਹਾਸ਼ੀਏ ਉੱਤੇ ਧੱਕ ਕੇ ਰੱਖਣ ਦੀ ਧੁੱਸ ਦਾ ਹੀ ਜਾਰੀ ਰੂਪ ਹੈ। ਇਹ ਦਿੱਲੀ ਯੂਨੀਵਰਸਿਟੀ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਘੱਟ ਗਿਣਤੀ ਭਾਈਚਾਰੇ ਦੇ ਸਕਾਲਰ ਵਿਦਿਆਰਥੀਆਂ ਨੂੰ ਫਰਜ਼ੀ ਕੇਸਾਂ ਵਿੱਚ ਉਲਝਾਅ ਕੇ ਜੇਲ੍ਹੀਂ ਡੱਕਣ ਦੀਆਂ ਕਾਰਵਾਈਆਂ ਦੀ ਅਗਲੀ ਕੜੀ ਹੀ ਹੈ। ਦੇਸ਼ ਵਿੱਚ ਬਹੁ ਗਿਣਤੀ ਹਿੰਦੂ ਲੋਕਾਈ ਦੀ ਮਾਨਸਿਕਤਾ ਵਿੱਚ ਮੁਸਲਿਮ ਭਾਈਚਾਰੇ ਦੇ ਵਿਰੋਧੀ ਕਾਰਵਾਈਆਂ ਨੂੰ ਵਾਜਬ ਠਹਿਰਾਉਣ ਲਈ ਫਿਰਕੂ ਭਾਜਪਾ ਸਰਕਾਰਾਂ ਬੀਤੇ ਵਿੱਚ ਮੁਗਲ ਹੁਕਮਰਾਨਾਂ ਵੱਲੋਂ ਗੈਰ ਮੁਸਲਿਮ ਲੋਕਾਂ ਵਿਰੁੱਧ ਕੀਤੀਆਂ ਗਈਆਂ ਫਿਰਕੂ ਵਧੀਕੀਆਂ ਦਾ ਬਿਰਤਾਂਤ ਸਿਰਜ ਰਹੀਆਂ ਹਨ। ਮੁਗਲ ਹਾਕਮਾਂ ਦੇ ਕਥਿੱਤ ਜੁਲਮਾਂ ਦਾ ਬਦਲਾ ਉਸੇ ਮਜ਼ ?ਹਬ ਨਾਲ ਸੰਬੰਧਿਤ ਆਮ ਲੋਕਾਂ ਤੋਂ ਲਿਆ ਜਾ ਰਿਹਾ ਹੈ। ਆਨੇ ਬਹਾਨੇ ਮੁਸਲਿਮ ਭਾਈਚਾਰੇ ਦੇ ਆਮ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬੇਕਸੂਰ ਅਖਲਾਕ ਮੁਹੰਮਦ ਅਤੇ ਪਹਿਲੂ ਖਾਨ ਦੀ ਹੱਤਿਆ ਅਤੇ ਇਸ ਸਰਦੀ ਦੇ ਸੀਜ਼ਨ ਵਿੱਚ ਸ਼ਾਲ ਵੇਚਣ ਆਏ ਕਸ਼ਮੀਰੀਆਂ ਦੀ ਫਿਰਕੂ ਟੋਲਿਆਂ ਵੱਲੋਂ ਕੀਤੀ ਗਈ ਕੁੱਟਮਾਰ, ਭਾਜਪਾ ਦੀ ਨਫਰਤੀ ਨੀਤੀ ਦੇ ਹੀ ਇਜ਼ਹਾਰ ਹਨ। ਮੈਡੀਕਲ ਕਾਲਜ ਦੀ ਮਾਨਤਾ ਰੱਦ ਕਰਵਾਉਣ ਦੀ ਕਾਰਵਾਈ ਨੂੰ ਹੁਕਮਰਾਨ ਭਾਜਪਾ ਦੀ ਸਿੱਖਿਆ ਵਿਰੋਧੀ ਵਿਆਪਕ ਨੀਤੀ ਵਜੋਂ ਵੀ ਦੇਖਣਾ ਬਣਦਾ ਹੈ। ਇਹ ਸਿਆਸੀ ਧਿਰ ਲੋਕਾਂ ਨੂੰ ਵਿਗਿਆਨਕ ਸਿੱਖਿਆ ਮੁਹਈਆ ਕਰਵਾਉਣ ਦੀ ਬਜਾਏ ਅੰਧਵਿਸ਼ਵਾਸੀ ਗੈਰ-ਵਿਗਿਆਨਕ ਸਿੱਖਿਆ ਵੱਲ ਧੱਕਣ ਦਾ ਕਾਰਜ਼ ਕਰ ਰਹੀ ਹੈ। ਕੇਂਦਰ ਵਿੱਚ ਸੱਤਾਸੀਨ ਭਾਜਪਾ ਨੇ ਆਪਣੇ ਪਹਿਲੇ ਕਾਰਜ ਕਾਲ ਦੌਰਾਨ ਜੋਤਿਸ਼ ਨੂੰ ਵਿਗਿਆਨ ਦੱਸ ਕੇ ਸਕੂਲੀ ਪਾਠ ਕ੍ਰਮ ਵਿੱਚ ਸ਼ਾਮਿਲ ਕਰਨ ਦੇ ਯਤਨ ਕੀਤੇ ਸਨ। ਦੂਜੇ ਕਾਰਜ਼ ਕਾਲ ਵਿੱਚ ਉਸਨੇ ਨਵੀਂ ਸਿੱਖਿਆ ਨੀਤੀ ਦੇ ਨਾਂ ਹੇਠ ਵਿਦਿਆਰਥੀਆਂ ਦੇ ਸਿਲੇਬਸ ਵਿੱਚੋਂ ਜੀਵਾਂ ਦੀ ਉਤਪੱਤੀ ਅਤੇ ਜੀਵ ਵਿਕਾਸ ਦੀ ਚਾਰਲਸ ਡਾਰਵਿਨ ਦੀ ਸਰਬ ਪ੍ਰਵਾਨਿਤ ਵਿਗਿਆਨਕ ਥਿਓਰੀ ਨੂੰ ਖਾਰਜ਼ ਕਰਕੇ ਆਪਣੀ ਵਿਗਿਆਨ ਵਿਰੋਧੀ ਮਾਨਸਿਕਤਾ ਦੀ ਨੁਮਾਇਸ਼ ਲਾਈ ਹੈ। ਇਸੇ ਤਰ੍ਹਾਂ ਇਤਿਹਾਸ ਵਿੱਚੋਂ ਮੁਗਲ ਕਾਲ ਨੂੰ ਹਟਾ ਕੇ, ਇਤਿਹਾਸ ਨੂੰ ਮਿਥਿਹਾਸ ਅਤੇ ਮਿਥਿਹਾਸ ਨੂੰ ਇਤਿਹਾਸ ਸਾਬਤ ਕਰਨ ਦੇ ਯਤਨ ਹੋ ਰਹੇ ਹਨ। ਦਰਅਸਲ ਭਾਜਪਾ ਦੀ ਨੀਤੀ ਲੋਕਾਂ ਨੂੰ ਵਿਗਿਆਨਕ ਜਾਣਕਾਰੀ ਨਾਲ ਲੈਸ ਕਰਨ ਦੀ ਥਾਂ ਗੈਰ-ਵਿਗਿਆਨਕ ਕੂੜ ਪਰੋਸ ਕੇ ਆਪਣੀ ਸਿਆਸੀ ਉਮਰ ਲੰਮੀ ਕਰਨ ਦੀ ਰਹੀ ਹੈ। ਵਿਗਿਆਨਕ ਜਮਹੂਰੀ ਸੋਚ ਨੂੰ ਪ੍ਰਣਾਈਆਂ ਜਥੇਬੰਦੀਆਂ ਲਈ ਇਹ ਵੱਡੀ ਚੁਣੌਤੀ ਦਰਪੇਸ਼ ਹੈ।

## ਬੁੱਧੀਜੀਵੀਆਂ ਅਤੇ ਕਾਰਕੁੰਨਾਂ 'ਤੇ ਐੱਨ.ਐੱਸ.ਏ. ਲਗਾਉਣਾ ਬੰਦ ਕਰੇ ਸਰਕਾਰ : ਜਮਹੂਰੀ ਫਰੰਟ





ਜਲੰਧਰ, (ਬਲਜਿੰਦਰ ਸਿੰਘ ਪਟਿਆਲਾ) : ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਸੂਬਾ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋ. ਏ .ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ ਪਾਲ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਨੋਇਡਾ ਪੁਲਿਸ ਵੱਲੋਂ ਲੋਕਪੱਖੀ ਬੁੱਧੀਜੀਵੀ ਸੱਤਿਅਮ ਵਰਮਾ, ਆਕ੍ਰਿਤੀ ਅਤੇ ਹੋਰ ਕਾਰਕੁਨਾਂ ਉੱਪਰ ਨੈਸ਼ਨਲ ਸਕਿਊਰਿਟੀ ਐਕਟ ਲਗਾਏ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਫਰੰਟ ਦੇ ਆਗੂਆਂ ਨੇ ਕਿਹਾ ਕਿ ਮਜ਼ਦੂਰਾਂ ਦਾ ਘੱਟੋਘੱਟ ਉਜ਼ਰਤ ਦਰਾਂ ਲਾਗੂ ਕਰਾਉਣ ਅਤੇ ਮਹਿੰਗਾਈ ਅਨੁਸਾਰ ਉਜ਼ਰਤਾਂ ਵਿਚ ਵਾਧਾ ਕਰਾਉਣ ਦੀਆਂ ਮੰਗਾਂ ਮੰਨਵਾਉਣ ਲਈ ਸੰਘਰਸ਼ ਕਰਨਾ ਅਤੇ ਸੰਘਰਸ਼ ਦੀ ਹਮਾਇਤ ਕਰਨਾ ਨਾਗਰਿਕਾਂ ਦਾ ਜਮਹੂਰੀ ਹੱਕ ਹੈ। ਨੋਇਡਾ ਪੁਲਿਸ ਨੇ ਭਾਜਪਾ ਸਰਕਾਰ ਦੇ ਇਸ਼ਾਰੇ 'ਤੇ ਮਜ਼ਦੂਰਾਂ ਦੇ ਹਿਤਾਂ ਲਈ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਕੌਮੀ ਸੁਰੱਖਿਆ ਲਈ ਖ਼ਤਰਾ ਕਰਾਰ ਦੇ ਕੇ ਇਹ ਸੰਦੇਸ਼ ਦਿੱਤਾ ਹੈ ਕਿ ਹਕੂਮਤ ਲਈ ਸਰਮਾਏਦਾਰੀ ਦੇ ਲੋਟੂ ਹਿਤਾਂ ਯਾਨੀ ਸਰਮਾਏਦਾਰੀ ਦੇ ਮੁਨਾਫ਼ੇ ਦੀ ਸੁਰੱਖਿਆ ਹੀ ਕੌਮੀ ਸੁਰੱਖਿਆ ਹੈ ਅਤੇ ਇਸ ਕਥਿਤ ਕੌਮੀ ਸੁਰੱਖਿਆ ਵਿੱਚੋਂ ਮਜ਼ਦੂਰ ਜਮਾਤ ਤੇ ਹੋਰ ਮਿਹਨਤਕਸ਼ ਲੋਕ ਪੂਰੀ ਤਰ੍ਹਾਂ ਮਨਫ਼ੀ ਹਨ। ਕਾਨੂੰਨੀ ਤੌਰ 'ਤੇ ਤੈਅ ਕੀਤੀਆਂ ਘੱਟੋਘੱਟ ਉਜ਼ਰਤਾਂ ਅਤੇ ਮਜ਼ਦੂਰਾਂ ਦੀ ਜੀਵਨ ਸੁਰੱਖਿਆ ਲਈ ਜ਼ਰੂਰੀ ਹੋਰ ਸਹੂਲਤਾਂ ਲਾਗੂ ਨਾ ਕਰਵਾਕੇ ਸਰਕਾਰਾਂ ਅਤੇ ਪ੍ਰਸ਼ਾਸਨ ਖ਼ੁਦ ਲਾਕਾਨੂੰਨੀਆਂ ਕਰ ਰਹੇ ਹਨ ਅਤੇ ਜੇਕਰ ਮਜ਼ਦੂਰ ਸਮੂਹਿਕ ਸੰਘਰਸ਼ ਦੇ ਦਬਾਅ ਰਾਹੀਂ ਇਹ ਮੰਗਾਂ ਮੰਨਵਾਉਣ ਦੇ ਰਾਹ ਪੈਂਦੇ ਹਨ ਤਾਂ ਲੋਟੂ ਕਾਰਪੋਰੇਟ ਮੈਨੇਜਮੈਂਟਾਂ ਅਤੇ ਪੁਲਿਸ-ਪ੍ਰਸ਼ਾਸਨ ਅਮਨ-ਕਾਨੂੰਨ ਨੂੰ ਖ਼ਤਰੇ ਦੀ ਦੁਹਾਈ ਦੇਣ ਲੱਗਦੇ ਹਨ। ਨੋਇਡਾ ਅਤੇ ਹੋਰ ਸਨਅਤੀ ਇਲਾਕਿਆਂ ਦੇ ਮਜ਼ਦੂਰਾਂ ਦੀ ਹਾਲੀਆ ਸਮੂਹਿਕ ਹੱਕ-ਜਤਾਈ ਅਤੇ ਜੁਝਾਰੂ ਸੰਘਰਸ਼ ਤੋਂ ਬੁਖਲਾਈ ਭਾਜਪਾ ਸਰਕਾਰ ਮਜ਼ਦੂਰਾਂ ਦੇ ਹੱਕ ਵਿਚ ਉੱਠਣ ਵਾਲੀ ਹਰ ਇਨਸਾਫ਼ਪਸੰਦ ਆਵਾਜ਼ ਨੂੰ ਨੈਸ਼ਨਲ ਸਕਿਊਰਿਟੀ ਐਕਟ ਰਾਹੀਂ ਕੁਚਲਕੇ ਪੂਰੇ ਦੇਸ਼ ਦੇ ਲੋਕਾਂ ਨੂੰ ਇਹ ਚੇਤਾਵਨੀ ਦੇ ਰਹੀ ਹੈ ਕਿ ਸਰਮਾਏਦਾਰਾ ਲੁੱਟ ਵਿਰੁੱਧ ਉੱਠਣ ਵਾਲੇ ਹਰ ਜਮਹੂਰੀ ਸੰਘਰਸ਼ ਨੂੰ ਇਸੇ ਤਰ੍ਹਾਂ ਹਕੂਮਤੀ ਜਬਰ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਮੰਗ ਕੀਤੀ ਕਿ ਮਜ਼ਦੂਰ ਸੰਘਰਸ਼ ਦੇ ਹੱਕ ਵਿਚ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ ਅਤੇ ਸੰਘਰਸ਼ਸ਼ੀਲ ਮਜ਼ਦੂਰਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ ਅਤੇ "ਕੌਮੀ ਸੁਰੱਖਿਆ ਐਕਟ" ਤੁਰੰਤ ਵਾਪਸ ਲਿਆ ਜਾਵੇ ਅਤੇ ਮਜ਼ਦੂਰ ਸੰਘਰਸ਼ਾਂ ਨੂੰ ਬਦਨਾਮ ਕਰਨ ਲਈ ਝੂਠੇ ਬਿਰਤਾਂਤ ਪ੍ਰਚਾਰਨੇ ਬੰਦ ਕੀਤੇ ਜਾਣ।


PLEASE DONATE & SHARE
**Help Save 3-Year-Old Gurmoh**



Our sweet little **Gurmoh** is just **3 years old**. He loves going to preschool, making friends, singing "Wheels on the Bus," and dreams of becoming a firefighter.

But behind that beautiful smile, **Gurmoh is fighting a rare & devastating genetic condition.**

**Diagnosis**

A rare progressive neurodegenerative disease: SPG4 – SPAST c.1496GA (de novo mutation)

- Rapidly damages nerves that control movement
- Can lead to loss of walking, speech, and independence

gofundme
Scan to donate to Navpreet's fundraiser "A Race Against Time to save our 3-year-old son Gurmoh"

**There Is Hope**

Teams at McGill University and UC Berkeley have stepped forward to begin developing personalized gene therapy.

Estimated Cost: **$8 Million**
Urgent Goal: **$2.7 Million**

**Donate Now**
Scan QR code (GoFundMe)
E-transfer: info@spg4hope.org
**Ph: 604.726.2982**

Every share and contribution truly matters.

More Info: spg4hope.org

# ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ

## ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ 'ਤੇ ਨਾਟਕਾਂ ਰਾਹੀਂ ਸ਼ਹੀਦਾਂ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਦਾ ਦਿੱਤਾ ਸੱਦਾ






ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 130ਵੇਂ ਜਨਮ ਦਿਨ ਮੌਕੇ ਨਾਟਕਾਂ ਦੇ ਮੰਚਨ ਰਾਹੀਂ ਸ਼ਹੀਦਾਂ ਵੱਲੋਂ ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾ ਕੇ ਲੁੱਟ ਰਹਿਤ ਸਮਾਜ ਸਿਰਜਣ ਦੇ ਅਧੂਰੇ ਰਹੇ ਕੰਮ ਨੂੰ ਪੂਰਾ ਕਰਨ ਦਾ ਸੱਦਾ ਦਿੱਤਾ। ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ ਆਯੋਜਨ ਕੀਤੇ ਇਸ ਨਾਟਕ ਸਮਾਗਮ ਦੌਰਾਨ ਰੰਗ ਮੰਚ ਰੰਗ ਨਗਰੀ ਲੁਧਿਆਣਾ ਵੱਲੋਂ ਤਰਲੋਚਨ ਸਿੰਘ ਦੀ ਨਿਰਦੇਸ਼ਨਾ ਹੇਠ ਡਾ. ਸਵਰਾਜਵੀਰ ਦੇ ਲਿਖੇ ਨਾਟਕਾਂ ਪਹਿਲਾ ਸਕੈਲਪਲ ਅਤੇ ਦੂਸਰਾ ਖ਼ੁਸ਼ਬੂ ਰਾਹੀਂ ਸਮਾਜ ਵਿੱਚ ਸਿਹਤ ਵਿਭਾਗ ਦੇ ਭ੍ਰਿਸ਼ਟਾਚਾਰ ਅਤੇ ਅਣਖ ਦੇ ਨਾਂ ਹੇਠ ਲੜਕੀਆਂ ਦੇ ਕਤਲਾਂ ਦਾ ਦੁਖਾਂਤ ਨੂੰ ਨੰਗਾ ਕੀਤਾ।

ਇਸ ਸਮਾਗਮ ਦੇ ਮੁੱਖ ਬੁਲਾਰੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਮੁਕੇਸ਼ ਮਲੌਦ ਵੱਲੋਂ ਪੰਜਾਬ ਵਿੱਚ ਦਲਿਤ ਤੇ ਬੇ ਜ਼ਮੀਨੇ ਵਰਗ ਲਈ ਜ਼ਮੀਨ ਪ੍ਰਾਪਤ ਕਰਨ ਲਈ ਵਿੱਢੇ ਸੰਘਰਸ਼ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਤਸ਼ੱਦਦ ਦੇ ਪਾਜ ਉਘਾੜੇ। ਉਹਨਾਂ ਕਿਹਾ ਕਿ ਜਦੋਂ ਸਰਕਾਰ ਦਲਿਤਾਂ ਦੇ ਹਿੱਸੇ ਦੀ ਪੰਚਾਇਤੀ ਜ਼ਮੀਨ ਇਸ ਵਰਗ ਲਈ ਰਾਖਵੀਂ ਕਰਨ ਦੇ ਬਣੇ ਕਾਨੂੰਨ ਨੂੰ ਲਾਗੂ ਕਰਨ ਦੀ ਬਜਾਏ ਧਨਾਡਾਂ ਦਾ ਪੱਖ ਪੂਰਦੀ ਹੈ, ਤਾਂ ਸੰਘਰਸ਼ ਕਰਕੇ ਆਪਣਾ ਹੱਕ ਲੈਣ ਲਈ ਆਵਾਜ਼ ਉਠਾਉਣੀ ਦੱਬੇ ਕੁਚਲੇ ਲੋਕਾਂ ਦਾ ਜਮਹੂਰੀ ਹੱਕ ਹੈ। ਪਰ ਸਰਕਾਰ ਉਹਨਾਂ ਸੰਘਰਸ਼ੀ ਲੋਕਾਂ ਨੂੰ ਤਸ਼ੱਦਦ ਰਾਹੀਂ ਚੁੱਪ ਕਰਵਾਉਣ ਦਾ ਭਰਮ ਪਾਲ ਰਹੀ ਹੈ । ਉਹਨਾਂ ਇਸ ਸੰਘਰਸ਼ ਨੂੰ ਹੋਰ ਵਿਆਪਕ ਕਰਨ ਦਾ ਸੱਦਾ ਦਿੰਦਿਆਂ ਹਰ ਇਨਸਾਫ਼ ਅਤੇ ਜਮਹੂਰੀਅਤ ਪਸੰਦ ਵਿਅਕਤੀ ਨੂੰ ਜੱਥੇਬੰਦ ਹੋ ਕੇ ਸ਼ਹੀਦਾਂ ਦੀ ਸੋਚ ਅਨੁਸਾਰ ਮਨੁੱਖੀ ਬਰਾਬਰਤਾ ਵਾਲਾ ਸਮਾਜ ਸਿਰਜਣ ਦਾ ਸੱਦਾ ਦਿੱਤਾ।








ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰਸਟ ਦੇ ਜਨਰਲ ਸਕੱਤਰ ਜਸਵੰਤ ਜ਼ੀਰਖ ਨੇ ਗਦਰ ਪਾਰਟੀ ਦੇ ਪ੍ਰਮੁੱਖ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਅਨੇਕਾਂ ਹੋਰ ਸਾਥੀਆਂ ਜਿਹਨਾਂ ਵਿੱਚ ਬਾਬਾ ਭਾਨ ਸਿੰਘ ਸੁਨੇਤ ਵੀ ਸ਼ਾਮਲ ਸਨ, ਵੱਲੋਂ ਹਕੂਮਤੀ ਜਬਰ ਨੂੰ ਝੱਲਦਿਆਂ, ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਉਹਨਾਂ ਅੰਗਰੇਜ਼ਾਂ ਤੋਂ ਬਾਅਦ ਅੱਜ ਦੇ ਹੁਕਮਰਾਨਾਂ ਵੱਲੋਂ ਦੇਸ਼ ਨੂੰ ਦੁਬਾਰਾ ਸਾਮਰਾਜੀਆਂ ਅਤੇ ਕਾਰਪੋਰੇਟਾਂ ਦੇ ਹਵਾਲੇ ਕਰਕੇ ਪਹਿਲਾਂ ਤੋਂ ਵੀ ਵੱਧ ਤੇਜ਼ ਕੀਤੀ ਲੁੱਟ ਖਿਲਾਫ ਉੱਠਣ ਦਾ ਸੱਦਾ ਦਿੱਤਾ ।


ਸਟੇਜ ਸੰਚਾਲਨ ਨੌਜਵਾਨ ਸਭਾ ਦੇ ਆਗੂ ਜਗਜੀਤ ਸਿੰਘ ਨੇ ਬਾਖ਼ੂਬੀ ਨਿਭਾਇਆ। ਇਸ ਮੌਕੇ ਇਨਕਲਾਬੀ ਮਜ਼ਦੂਰ ਕੇਂਦਰ ਦੇ ਆਗੂ ਸੁਰਿੰਦਰ ਸਿੰਘ, ਪਲਸ ਮੰਚ ਦੇ ਕਸਤੂਰੀ ਲਾਲ, ਸਮਾਜ ਚਿੰਤਕ ਡਾ ਮੋਹਨ ਸਿੰਘ, ਹਿੰਮਤ ਸਿੰਘ, ਸੁਖਵਿੰਦਰ ਲੀਲ, ਦਲਬਾਗ ਸਿੰਘ ਅਤੇ ਪਰਿਵਾਰਾਂ ਸਮੇਤ ਪਹੁੰਚੇ ਇਲਾਕਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਨੌਜਵਾਨ ਸਭਾ ਦੇ ਪ੍ਰਧਾਨ ਐਡਵੋਕੇਟ ਹਰਪ੍ਰੀਤ ਜ਼ੀਰਖ, ਸਕੱਤਰ ਰਾਕੇਸ਼ ਆਜ਼ਾਦ, ਕੈਸ਼ੀਅਰ ਤਜਿੰਦਰ ਕੁਮਾਰ ਸਮੇਤ ਮੀਨਾਖਸ਼ੀ ਉਰਫ ਮੀਨੂੰ, ਅਰੁਣ ਕੁਮਾਰ, ਪ੍ਰਤਾਪ ਸਿੰਘ, ਮਹੇਸ਼, ਰਜੀਵ ਕੁਮਾਰ ਅਤੇ ਹੋਰ ਸਾਰੇ ਨੌਜਵਾਨਾਂ ਵੱਲੋਂ ਪ੍ਰਬੰਧਾਂ ਲਈ ਨਿਭਾਈ ਭੂਮਿਕਾ ਸ਼ਲਾਘਾ ਯੋਗ ਰਹੀ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ
ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar,
BA, CIRP, LIT, Managing Partner
harmanb@bnadebtsolutions.ca
Simmie Pandher
Senior administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

SHAAN CONSTRUCTION LTD.
25+ years of experience
Call for a Free Estimate
MALKIT SWAICH
778.889.9526


• General Contracting
• Quality Custom Homes
• Quality Framing
• 2-5-10 Year Warranty
2·5·10 Year Warranty


Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com

Paul Dosanjh
Sales Representative

TANGERINE DEVELOPMENTS LTD
Channi Makkar
Vice President, Construction
Mobile : 604-783-0745
Office : 604-652-2733
channi@tangerinedevelopments.com
tangerinedevelopments.com
203 - 15350 Croydon Drive
Surrey, BC V2Z 0Z5




# 'ਨੀਟ' ਪੇਪਰ ਲੀਕ ਮਾਮਲਾ ਅਤੇ ਸਰਕਾਰ ਦੀ ਮੁਜਰਮਾਨਾ ਭੂਮਿਕਾ

ਨਵਕਿਰਨ ਸਿੰਘ ਪੱਤੀ
98885-44001

ਕੌਮੀ ਪ੍ਰੀਖਿਆ ਏਜੰਸੀ (ਐੱਨ.ਟੀ.ਏ) ਵੱਲੋਂ 'ਨੀਟ-ਯੂ.ਜੀ.-2026' ਦਾ ਪ੍ਰਸ਼ਨ ਪੱਤਰ ਲੀਕ ਹੋਣ ਦੇ ਮੱਦੇਨਜ਼ਰ ਤਿੰਨ ਮਈ ਨੂੰ ਲਈ ਗਈ 'ਨੀਟ' ਦੀ ਪ੍ਰੀਖਿਆ ਰੱਦ ਕਰਨ ਦੇ ਐਲਾਨ ਤੋਂ ਬਾਅਦ ਜਿੱਥੇ ਲੱਖਾਂ ਵਿਦਿਆਰਥੀ ਅਤੇ ਮਾਪੇ ਪ੍ਰੇਸ਼ਾਨ ਹਨ, ਉੱਥੇ ਹੀ ਇਸ 'ਘੁਟਾਲੇ' ਨੇ ਸਰਕਾਰ ਦੀ ਕਾਰਗੁਜ਼ਾਰੀ ਨੂੰ ਲੋਕਾਂ ਸਾਹਮਣੇ ਨੰਗਾ ਕਰਕੇ ਰੱਖ ਦਿੱਤਾ ਹੈ। 23 ਲੱਖ ਵਿਦਿਆਰਥੀਆਂ ਵੱਲੋਂ ਦਿੱਤੀ ਗਈ ਪ੍ਰੀਖਿਆ ਨੂੰ ਰੱਦ ਕਰਨ ਦਾ ਐਲਾਨ ਲੱਖਾਂ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਉਸੇ ਤਰ੍ਹਾਂ ਦਾ ਮਾਨਸਿਕ ਦਰਦ ਦੇ ਰਿਹਾ ਹੈ ਜਿਵੇਂ ਇਸ ਸਰਕਾਰ ਦੇ 'ਨੋਟਬੰਦੀ' ਵਰਗੇ ਫ਼ੈਸਲੇ ਦੇ ਚੁੱਕੇ ਹਨ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਜਿੱਡੀ ਵੱਡੀ ਪੱਧਰ 'ਤੇ ਪੇਪਰ ਲੀਕ ਹੋਇਆ ਸੀ, ਉਹ ਪੇਪਰ ਰੱਦ ਹੋਣਾ ਹੀ ਚਾਹੀਦਾ ਸੀ। ਪਰ ਸਾਡੇ ਲਈ ਸਵਾਲ ਇਸ ਤੋਂ ਅੱਗੇ ਹੈ ਕਿ ਪੇਪਰ ਲੀਕ ਹੋਇਆ ਹੀ ਕਿਉਂ ?, ਕੀ ਪਹਿਲੀ ਵਾਰ ਕੋਈ ਪੇਪਰ ਲੀਕ ਹੋਇਆ ਹੈ। ਪੇਪਰ ਲੀਕ ਹੋਣ ਦੀ ਜ਼ੁੰਮੇਵਾਰੀ ਕੇਂਦਰ ਸਰਕਾਰ ਨੂੰ ਲੈਣੀ ਬਣਦੀ ਹੈ।

ਸਾਡੇ ਮੁਲਕ ਵਿੱਚ ਡਾਕਟਰ ਬਣਨ ਲਈ ਬਾਰ੍ਹਵੀਂ ਜਮਾਤ ਤੋਂ ਬਾਅਦ ਵਿਦਿਆਰਥੀਆਂ ਤੋਂ 'ਨੀਟ' ਦਾ ਪੇਪਰ ਲਿਆ ਜਾਂਦਾ ਹੈ, ਇਸ ਪੇਪਰ ਵਿੱਚ ਆਏ ਨੰਬਰ/ਰੈਂਕ ਦੇ ਹਿਸਾਬ ਨਾਲ ਐੱਮ.ਬੀ.ਬੀ.ਐੱਸ., ਬੀ.ਡੀ.ਐੱਸ. ਬੀ.ਏ.ਐੱਮ.ਐੱਸ. ਆਦਿ ਮੈਡੀਕਲ ਕੋਰਸਾਂ ਵਿੱਚ ਦਾਖ਼ਲਾ ਮਿਲਦਾ ਹੈ ਲੱਗਭੱਗ ਹਰ ਸਾਲ 'ਨੀਟ' ਦਾ ਪੇਪਰ ਕਿਸੇ ਨਾ ਕਿਸੇ ਕਾਰਨ ਚਰਚਾ ਦਾ ਵਿਸ਼ਾ ਬਣਦਾ ਰਹਿੰਦਾ ਹੈ, 2024 ਵਿੱਚ ਪੇਪਰ ਦੇ ਲੀਕ ਹੋਣ ਦੀਆਂ ਖ਼ਬਰਾਂ ਅਜੇ ਪੁਰਾਣੀਆਂ ਨਹੀਂ ਹੋਈਆਂ ਸਨ ਕਿ ਇਸ ਵਾਰ ਇਹ ਪੇਪਰ ਵਟਸਐਪ, ਟੈਲੀਗ੍ਰਾਮ ਵਰਗੇ ਸ਼ੋਸ਼ਲ ਮੀਡੀਆ ਪਲੇਟਫਾਰਮਾਂ ਉੱਪਰ ਕੱਦੂ, ਤੋਰੀਆਂ ਦੀ ਸਬਜ਼ੀ ਵਾਂਗ ਹੋਕਰੇ ਮਾਰ-ਮਾਰ ਬੇਖ਼ੌਫ਼ ਹੋ ਕੇ ਵੇਚਿਆ ਗਿਆ। ਜਦ ਕੁੱਝ ਵਿਦਿਆਰਥੀਆਂ ਅਤੇ ਮਾਪਿਆਂ ਵੱਲੋਂ ਇਸ ਘੁਟਾਲੇ ਖ਼ਿਲਾਫ਼ ਅਵਾਜ਼ ਉਠਾਈ ਗਈ ਤਾਂ ਜਾ ਕੇ ਕੇਂਦਰ ਸਰਕਾਰ ਨੇ ਸੀ.ਬੀ.ਆਈ. ਨੂੰ ਇਸ ਦੀ ਜਾਂਚ ਕਰਨ ਦਾ ਹੁਕਮ ਦਿੱਤਾ, ਜਿਸ ਮਗਰੋਂ ਕੇਂਦਰੀ ਏਜੰਸੀ ਨੇ ਕੇਸ ਦਰਜ ਕਰਕੇ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਸ਼ੁਰੂ ਕੀਤਾ। ਕੇਂਦਰੀ ਜਾਂਚ ਏਜੰਸੀ ਹੁਣ ਤੱਕ ਇਸ ਮਾਮਲੇ ਵਿੱਚ ਇਕ ਦਰਜ਼ਨ ਦੇ ਕਰੀਬ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ ਤੇ ਕਈ ਇਸ ਵੇਲੇ ਸੀਬੀਆਈ ਕੋਲ ਰਿਮਾਂਡ 'ਤੇ ਹਨ।


'ਨੀਟ' ਵਰਗੇ ਅਹਿਮ ਪੇਪਰ ਨੂੰ ਲੈਣ ਦੀ ਜ਼ੁੰਮੇਵਾਰੀ ਕੌਮੀ ਪ੍ਰੀਖਿਆ ਏਜੰਸੀ (ਐੱਨ.ਟੀ.ਏ) ਕੋਲ ਹੈ, ਜੋ ਕਹਿਣ ਨੂੰ ਇਕ ਖ਼ੁਦਮਖਤਾਰ ਸੰਸਥਾ ਹੈ ਪਰ ਇਹ ਕੇਂਦਰ ਸਰਕਾਰ ਦੇ ਉੱਚ ਸਿੱਖਿਆ ਵਿਭਾਗ ਦੀ ਦੇਖਰੇਖ ਹੇਠ ਹੈ। ਸੌਖੀ ਭਾਸ਼ਾ ਵਿੱਚ ਕਹਿਣਾ ਹੋਵੇ ਤਾਂ ਇਹ ਸੰਸਥਾ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਧੀਨ ਆਉਂਦੀ ਹੈ। ਹੁਣ ਕੇਂਦਰੀ ਜਾਂਚ ਏਜੰਸੀ (ਸੀਬੀਆਈ) ਨੇ ਕਿਹਾ ਹੈ ਕਿ ਐੱਨ.ਟੀ.ਏ. ਦਾ ਪੂਰਾ ਅਮਲ ਹੀ ਜਾਂਚ ਅਧੀਨ ਹੈ। ਇਹ ਕਿਹਾ ਜਾ ਸਕਦਾ ਹੈ ਕਿ ਨੈਸ਼ਨਲ ਟੈਸਟਿੰਗ ਏਜੰਸੀ ਦੀ ਸਾਖ਼ ਖ਼ਤਮ ਹੋ ਚੁੱਕੀ ਹੈ ਕਿਉਂਕਿ ਹੁਣ ਤੱਕ ਦੀ ਜਾਣਕਾਰੀ ਅਨੁਸਾਰ ਸ਼ੁਰੂਆਤੀ ਰੂਪ ਵਿੱਚ ਪੇਪਰ ਲੀਕ ਕਰਨ ਦਾ ਮੁੱਢ ਕੌਮੀ ਟੈਸਟਿੰਗ ਏਜੰਸੀ (ਐੱਨ.ਟੀ.ਏ.) ਦੇ ਪੈਨਲ 'ਚ ਸ਼ਾਮਲ ਸੇਵਾਮੁਕਤ ਲੈਕਚਰਾਰ ਪੀ. ਵੀ. ਕੁਲਕਰਨੀ ਅਤੇ ਬੌਟਨੀ ਦੀ ਲੈਕਚਰਾਰ ਤੇ ਮਨੀਸ਼ਾ ਮੰਧਾਰੇ ਵੱਲੋਂ ਬੰਨ੍ਹਿਆਂ ਗਿਆ। ਇਨ੍ਹਾਂ ਪ੍ਰੀਖਿਆ ਵਿਚਲੇ ਸਵਾਲ ਲੀਕ ਕਰਨ ਬਦਲੇ ਵਿਦਿਆਰਥੀਆਂ ਤੋਂ ਮੋਟੇ ਪੈਸੇ ਲਏ ਸਨ। ਮੰਧਾਰੇ ਐੱਨ.ਟੀ.ਏ. ਦੀ ਪੇਪਰ ਸੈੱਟ ਕਰਨ ਵਾਲੀ ਕਮੇਟੀ 'ਚ ਮਾਹਿਰ ਵਜੋਂ ਸ਼ਾਮਲ ਸੀ ਜਦਕਿ ਲੈਕਚਰਾਰ ਪੀ. ਵੀ. ਕੁਲਕਰਨੀ ਐੱਨ.ਟੀ.ਏ. ਦੀ ਟਰਾਂਸਲੇਸ਼ਨ ਕਰਨ ਵਾਲੀ ਟੀਮ ਵਿੱਚ ਸੀ। ਪੀ.ਵੀ. ਕੁਲਕਰਨੀ ਨੇ ਆਪਣੇ ਦੋਸਤ ਅਤੇ ਮਹਾਰਾਸ਼ਟਰ ਦੇ ਲਾਤੂਰ ਵਿੱਚ 'ਆਰ.ਸੀ.ਸੀ. ਕਲਾਸਿਸ' ਦੇ ਸੰਸਥਾਪਕ ਸ਼ਿਵਰਾਜ ਮੋਟੇਗਾਓਂਕਰ ਨਾਲ ਮਿਲ ਕੇ ਅੱਗੇ ਇਹ ਪੇਪਰ ਵੇਚਿਆ। ਹੁਣ ਗ੍ਰਿਫ਼ਤਾਰੀਆਂ ਦੀਆਂ ਇਨ੍ਹਾਂ ਤੰਦਾਂ ਨੇ ਐੱਨ.ਟੀ.ਏ. ਦੇ ਅਧਿਕਾਰੀਆਂ ਅਤੇ ਕੋਚਿੰਗ ਸੈਂਟਰ ਦੇ ਮਾਲਕਾਂ ਵਿਚਾਲੇ ਗੰਢਤੁੱਪ ਨੂੰ ਸਰੇ ਬਜ਼ਾਰ ਉਜਾਗਰ ਕਰ ਦਿੱਤਾ ਹੈ।

ਵੈਸੇ ਇਹ ਪਹਿਲੀ ਵਾਰ ਨਹੀਂ ਹੋਇਆ ਹੈ ਜਦ ਨੀਟ ਦਾ ਪੇਪਰ ਲੀਕ ਹੋਇਆ ਹੈ, ਇਸਤੋਂ ਦੋ ਸਾਲ ਪਹਿਲਾਂ 2024 ਵਿੱਚ ਨੀਟ-ਯੂ.ਜੀ. ਪ੍ਰੀਖਿਆ ਦਾ ਇਕ ਹਿੱਸਾ ਲੀਕ ਹੋ ਗਿਆ ਸੀ। ਜਿਸ ਸਰਕਾਰ ਵਿੱਚ ਲਗਾਤਾਰ ਪੇਪਰ ਲੀਕ ਹੋ ਰਹੇ ਹਨ ਉਸ ਸਰਕਾਰ ਦੀ ਵੀ ਕੋਈ ਨੈਤਿਕ ਜ਼ੁੰਮੇਵਾਰੀ ਬਣਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਪਸੰਦੀਦਾ 'ਮਨ ਕੀ ਬਾਤ' ਪ੍ਰੋਗਰਾਮ ਰਾਹੀਂ ਵਿਦਿਆਰਥੀਆਂ ਨੂੰ ਪੇਪਰਾਂ ਦੀ ਤਿਆਰੀ ਸਬੰਧੀ ਤਾਂ ਨੁਸਖੇ ਦੱਸਦੇ ਰਹਿੰਦੇ ਹਨ ਪਰ ਜਦ ਪੇਪਰ ਲੀਕ ਹੁੰਦੇ ਹਨ ਤਾਂ ਉਹਨਾਂ ਮਿਹਨਤੀ, ਇਮਾਨਦਾਰ ਵਿਦਿਆਰਥੀਆਂ ਦੇ ਮਨਾਂ ਉੱਪਰ ਇਸ ਪੂਰੇ ਘਟਨਾਕ੍ਰਮ ਕਾਰਨ ਕਿੰਨੀ ਗਹਿਰੀ ਮਾਨਸਿਕ ਸੱਟ ਵੱਜਦੀ ਹੈ, ਇਸਦਾ ਅਹਿਸਾਸ ਸ਼ਾਇਦ ਪ੍ਰਧਾਨ ਮੰਤਰੀ ਜੀ ਨੂੰ ਨਾ ਹੋਵੇ। ਕੀ ਪ੍ਰਧਾਨ ਮੰਤਰੀ ਜੀ ਨੂੰ ਉਨ੍ਹਾਂ ਇਮਾਨਦਾਰ ਤੇ ਮਿਹਨਤੀ ਵਿਦਿਆਰਥੀਆਂ ਤੋਂ ਮੁਆਫ਼ੀ ਨਹੀਂ ਮੰਗਣੀ ਚਾਹੀਦੀ ਜੋ ਪੇਪਰ ਲੀਕ ਹੋਣ ਕਾਰਨ ਸਦਮੇ ਵਿੱਚ ਹਨ। ਖ਼ੈਰ ਸਰਕਾਰ ਜਾਂ ਇਸ ਪ੍ਰਬੰਧ ਲਈ ਤਾਂ ਉਹ ਵਿਦਿਆਰਥੀ 'ਕਾਕਰੋਚ' ਹਨ ਕਿਉਂਕਿ ਉਹ ਪੇਪਰ ਲੀਕ ਹੋਣ ਦੀਆਂ ਕਾਰਵਾਈਆਂ ਤੋਂ ਅੱਕ ਕੇ ਸੜਕਾਂ ਉੱਪਰ ਰੋਸ ਪ੍ਰਦਰਸ਼ਨ ਜੋ ਕਰ ਰਹੇ ਹਨ। ਇਸ ਪ੍ਰੀਖਿਆ ਨੂੰ ਕਰਵਾਉਣ ਉੱਪਰ ਸਰਕਾਰ ਦਾ ਕਰੋੜਾਂ ਰੁਪਿਆ ਖ਼ਰਚ ਹੁੰਦਾ ਹੈ ਜੋ ਸਰਕਾਰ ਵਿਦਿਆਰਥੀਆਂ ਤੋਂ ਇਕੱਠਾ ਕਰਦੀ ਹੈ। ਇਸ ਵਾਰ ਵਿਦਿਆਰਥੀ ਦੀ ਕੈਟਾਗਰੀ ਦੇ ਹਿਸਾਬ ਨਾਲ 1000 ਰੁਪਏ ਤੋਂ 1700 ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ 23 ਲੱਖ ਵਿਦਿਆਰਥੀਆਂ ਤੋਂ ਪ੍ਰੀਖਿਆ ਫ਼ੀਸ ਲਈ ਗਈ। ਹੁਣ ਜਦੋਂ ਪ੍ਰੀਖਿਆ ਦੁਬਾਰਾ ਲਈ ਜਾ ਰਹੀ ਹੈ ਤਾਂ ਭਾਵੇਂ ਵਿਦਿਆਰਥੀਆਂ ਤੋਂ ਮੁੜ ਫ਼ੀਸ ਨਹੀਂ ਲਈ ਜਾਵੇਗੀ ਪਰ ਇਹ ਕਿਉਂ ਨਾ ਮੰਨਿਆ ਜਾਵੇ ਕਿ ਸਰਕਾਰ ਦੀ ਨਲਾਇਕੀ ਕਰਕੇ ਕਰੋੜਾਂ ਰੁਪਿਆ ਮਿੱਟੀ ਹੋ ਗਿਆ। ਦੂਜੀ ਤੇ ਅਹਿਮ ਗੱਲ ਇਹ ਹੈ ਕਿ ਇਸ ਪ੍ਰੀਖਿਆ ਦੇ ਲਈ ਪ੍ਰੀਖਿਆ ਕੇਂਦਰ ਹਰ ਜ਼ਿਲ੍ਹੇ ਵਿੱਚ ਨਹੀਂ ਬਣਾਇਆ ਜਾ ਸਕਦਾ, ਜੇਕਰ ਅਸੀਂ ਇਹ ਮੰਨ ਕੇ ਚੱਲੀਏ ਕਿ ਪ੍ਰੀਖਿਆ ਰੱਦ ਹੋਣ ਨਾਲ 23 ਲੱਖ ਵਿਦਿਆਰਥੀ ਘੱਟੋ-ਘੱਟ ਔਸਤ 50 ਕਿਲੋਮੀਟਰ ਸਫ਼ਰ ਵੀ ਕਾਰ ਰਾਹੀਂ ਤੈਅ ਕਰਕੇ ਪੇਪਰ ਦੇਣ ਜਾਵੇ ਤਾਂ ਪ੍ਰਧਾਨ ਮੰਤਰੀ ਦੀ ਉਸ 'ਵਰਕ ਫਰਾਮ ਹੋਮ' ਜਾਂ ਤੇਲ ਘੱਟ ਫੂਕਣ ਵਾਲੀ ਨਸੀਹਤ ਦਾ ਕੀ ਬਣੇਗਾ। ਭਾਵ ਜੇਕਰ ਸਰਕਾਰ ਨੇ ਸਮੇਂ ਸਿਰ ਚੌਕਸੀ ਵਰਤੀ ਹੁੰਦੀ ਤਾਂ ਇਹ 23 ਲੱਖ ਵਿਦਿਆਰਥੀ ਮਾਨਸਿਕ ਪੀੜਾ ਤੋਂ ਵੀ ਬਚਦਾ, ਮੁੜ ਪੇਪਰ ਲੈਣ ਨਾਲ ਖ਼ਰਚ ਹੋਣ ਵਾਲੀ ਕਰੋੜਾਂ ਦੀ ਰਾਸ਼ੀ ਵੀ ਖ਼ਰਚ ਨਾ ਕਰਨੀ ਪੈਂਦੀ ਅਤੇ ਵਹੀਕਲਾਂ ਰਾਹੀਂ ਮੁੜ ਤੇਲ ਵੀ ਨਾ ਫੂਕਣਾ ਪੈਂਦਾ।


ਕੁੱਝ ਇਮਾਨਦਾਰ ਵਿਦਿਆਰਥੀਆਂ ਨੂੰ ਛੱਡ ਕੇ ਵਿਦਿਆਰਥੀਆਂ ਵਿੱਚ 'ਨੀਟ' ਦਾ ਪੇਪਰ ਖ਼ਰੀਦਣ ਦੀ ਹੋੜ ਨੇ ਇਕ ਵਾਰ ਸਾਡੇ ਸਿੱਖਿਆ ਢਾਂਚੇ ਦੀ ਗੈਰ-ਵਿਗਿਆਨਕ ਬੁਨਿਆਦ ਨੂੰ ਜ਼ਾਹਿਰ ਕੀਤਾ ਹੈ। ਹਕੀਕਤ ਇਹ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਅੰਗਰੇਜ਼ੀ ਰਾਜ ਦੀ ਦੇਣ ਹੈ, ਅੰਗਰੇਜ਼ੀ ਰਾਜ ਨੇ 'ਕਲਰਕ' ਪੈਦਾ ਕਰਨ ਲਈ ਜਿਸ ਸਿੱਖਿਆ ਪ੍ਰਣਾਲੀ ਨੂੰ ਭਾਰਤ ਵਿੱਚ ਲਾਗੂ ਕੀਤਾ ਸੀ ਉਹੀ ਸਿੱਖਿਆ ਪ੍ਰਣਾਲੀ ਅੱਜ ਤੱਕ ਚੱਲ ਰਹੀ ਹੈ। ਸ਼ਹੀਦ ਭਗਤ ਸਿੰਘ ਨੇ ਉਸ ਸਮੇਂ ਆਪਣੀਆਂ ਲਿਖਤਾਂ ਵਿੱਚ ਇਸ ਪ੍ਰਣਾਲੀ ਦੀਆਂ ਧੱਜੀਆਂ ਉਡਾਈਆਂ ਸਨ। ਮਤਲਬ ਸਾਫ਼ ਹੈ ਕਿ ਇਹ ਸਿੱਖਿਆ ਪ੍ਰਣਾਲੀ ਵਿਦਿਆਰਥੀ ਨੂੰ ਇਮਾਨਦਾਰ, ਮਿਹਨਤੀ, ਸਮਾਜ ਦੀਆਂ ਠੋਸ ਹਾਲਤਾਂ ਨੂੰ ਸਮਝਣ ਵਾਲਾ, ਤਰਕ ਨਾਲ ਸੋਚਣ ਵਾਲਾ, ਹਰ ਘਟਨਾ ਪਿਛਲੇ ਵਿਗਿਆਨਕ ਕਾਰਨ ਸਮਝਣ ਵਾਲਾ ਬਣਾਉਣ ਦੀ ਥਾਂ ਦੂਜਿਆਂ ਨੂੰ ਦਰੜਕੇ ਉਨ੍ਹਾਂ ਤੋਂ ਅੱਗੇ ਕਿਵੇਂ ਲੰਘਣਾ ਇਹ ਸਿਖਾਉਂਦੀ ਹੈ। ਜੇਕਰ ਸਾਡੀ ਸਿੱਖਿਆ ਪ੍ਰਣਾਲੀ ਦੀ ਬੁਨਿਆਦ ਮਜ਼ਬੂਤ ਤੇ ਵਿਗਿਆਨਕ ਹੁੰਦੀ ਤਾਂ ਸਾਡੇ ਵਿਦਿਆਰਥੀ ਪੇਪਰ ਖ਼ਰੀਦਣ ਦੀ ਥਾਂ ਮਿਹਨਤ ਨੂੰ ਤਰਜ਼ੀਹ ਦਿੰਦੇ। ਵੈਸੇ ਵੀ ਵਿਦਿਆਰਥੀਆਂ ਨੂੰ ਪੂਰਾ ਸਾਲ 'ਰੱਟੇ' ਲਵਾ ਕੇ ਤਿੰਨ ਘੰਟਿਆਂ ਦੀ ਪ੍ਰੀਖਿਆ ਵਾਲੇ ਸਿਸਟਮ ਵਿੱਚੋਂ ਬਾਹਰ ਨਿਕਲਣ ਦੀ ਲੋੜ ਹੈ। ਸਿੱਖਿਆ ਵਾਂਗ ਸਾਡਾ ਸਿਹਤ ਢਾਂਚਾ ਵੀ ਨਿਕੰਮਾ ਹੈ। ਸਾਡੇ ਸਮਾਜ ਵਿੱਚ ਡਾਕਟਰ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਹੈ, ਹੁਣ ਤੁਸੀਂ ਦੱਸੋ ਪਿਉ ਦੀ 'ਹਰਾਮ' ਦੀ ਕਮਾਈ ਨਾਲ 'ਨੀਟ' ਦਾ ਪੇਪਰ ਖ਼ਰੀਦ ਕੇ ਨਕਲ ਮਾਰ ਕੇ ਬਣਨ ਵਾਲਾ 'ਡਾਕਟਰ' ਲੋਕਾਂ ਦਾ ਕੀ ਇਲਾਜ ਕਰ ਦੇਵੇਗਾ।

ਇਕ ਸਵਾਲ ਸਾਨੂੰ ਹੋਰ ਸਮਝਣਾ ਚਾਹੀਦਾ ਹੈ ਕਿ 'ਨੀਟ' ਦਾ ਪੇਪਰ ਆਖ਼ਿਰ ਐਨਾ ਮਹਿੰਗਾ ਕਿਉਂ ਵਿਕਦਾ ਹੈ। ਅਸਲ ਵਿੱਚ ਸਿੱਖਿਆ ਦੇ ਨਿੱਜੀਕਰਨ ਨਾਲ ਸਿੱਖਿਆ ਖ਼ਰੀਦ/ਵੇਚ ਦੀ ਇਕ ਵਸਤੂ ਬਣ ਗਈ ਹੈ। ਖੁੰਬਾਂ ਵਾਂਗ ਉੱਗ ਰਹੇ ਪ੍ਰਾਈਵੇਟ ਕਾਲਜ ਤੇ ਪ੍ਰਾਈਵੇਟ ਯੂਨੀਵਰਸਿਟੀਆਂ ਸਿੱਖਿਆ ਨੂੰ ਵਿਉਪਾਰ ਦਾ ਸਾਧਨ ਬਣਾ ਚੁੱਕੀਆਂ ਹਨ। ਇਸੇ ਦੇ ਚੱਲਦਿਆਂ ਧਨਾਢ ਲੋਕ ਖ਼ਾਸਕਰ ਵਿਉਪਾਰੀ ਵਰਗ ਸੋਚਦਾ ਹੈ ਕਿ ਬੱਚਿਆਂ ਨੂੰ ਐੱਮਬੀਬੀਐੱਸ ਦੀ ਡਿਗਰੀ ਦਿਵਾ ਕੇ ਪ੍ਰਾਈਵੇਟ ਹਸਪਤਾਲ ਖੋਲ੍ਹੀਏ ਤੇ ਉਸ ਤੋਂ ਵੱਧ ਮੁਨਾਫ਼ੇ ਵਾਲਾ ਧੰਦਾ ਕੀ ਹੋ ਸਕਦਾ ਹੈ। ਭਾਵ ਡਾਕਟਰ ਬਣਨ ਜਾ ਰਹੇ ਜ਼ਿਆਦਾਤਰ ਬੱਚੇ ਕਿਸੇ ਲੋਕ ਸੇਵਾ ਦੇ ਸੁਪਨੇ ਜਾਂ ਸਮਾਜ ਸੇਵਾ ਦੀ ਭਾਵਨਾ ਨਾਲ ਡਾਕਟਰ ਨਹੀਂ ਬਣਨ ਜਾ ਰਹੇ। ਹਾਂ, ਕੁੱਝ ਬੱਚੇ ਇਮਾਨਦਾਰੀ, ਮਿਹਨਤ ਨਾਲ ਵੀ ਡਾਕਟਰ ਬਣਕੇ ਸਮਾਜ ਵਿੱਚ ਯੋਗਦਾਨ ਪਾ ਰਹੇ ਹਨ ਪਰ ਉਹ ਆਟੇ ਵਿੱਚ ਲੂਣ ਬਰਾਬਰ ਹਨ। ਸਾਡੇ ਹਸਪਤਾਲਾਂ ਵਿੱਚ ਡਾਕਟਰ ਘੱਟ 'ਮਸ਼ੀਨੀ ਸੋਚ' ਵਾਲੇ ਵੱਧ ਹਨ ਕਿਉਂਕਿ ਅਮਲੀ ਰੂਪ ਵਿੱਚ 'ਨੀਟ' ਦੀ ਪ੍ਰੀਖਿਆ ਦੇ ਪ੍ਰਸ਼ਨ ਇਹ ਤੈਅ ਹੀ ਨਹੀਂ ਕਰ ਸਕਦੇ ਕਿ ਤੁਸੀਂ ਡਾਕਟਰ ਬਣਨ ਦੇ ਲਾਇਕ ਹੋ ਜਾਂ ਨਹੀਂ। ਇਹ ਜਾਨਣ ਲਈ ਵਿਦਿਆਰਥੀਆਂ ਨੂੰ ਸਮਾਜ ਦੀਆਂ ਠੋਸ ਹਾਲਤਾਂ ਦਾ ਗਿਆਨ ਹੋਣਾ ਵੀ ਲਾਜ਼ਮੀ ਹੈ। ਸੋ ਪ੍ਰੀਖਿਆ ਦੀਆਂ ਨਵੀਆਂ ਤਰੀਕਾਂ ਦਾ ਐਲਾਨ ਕਰਕੇ ਜਾਂ ਦਰਜ਼ਨ ਭਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਵਕਤੀ ਰੂਪ ਵਿੱਚ ਮਾਮਲਾ ਦਬਾਇਆ ਜਾ ਸਕਦਾ ਹੈ ਜਦਕਿ ਇਸ ਮਸਲੇ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਇਸ ਦਾ ਖ਼ਮਿਆਜ਼ਾ ਗਰੀਬ ਘਰਾਂ ਦੇ ਇਮਾਨਦਾਰ ਵਿਦਿਆਰਥੀਆਂ ਨੂੰ ਕਦਮ-ਕਦਮ 'ਤੇ ਭੁਗਤਣਾ ਪੈਂਦਾ ਹੈ। ਸਾਲ 2024 ਵਿੱਚ ਵੀ 'ਨੀਟ' ਪ੍ਰੀਖਿਆ ਦਾ ਪ੍ਰਸ਼ਨ ਪੱਤਰ ਲੀਕ ਹੋਣ, ਨੰਬਰਾਂ ਵਿੱਚ ਹੇਰਾਫੇਰੀ ਅਤੇ ਗ੍ਰੇਸ ਮਾਰਕਸ ਸਬੰਧੀ ਵਿਵਾਦਾਂ ਦੌਰਾਨ ਜਦ ਮਾਮਲਾ ਅਦਾਲਤ ਤੱਕ ਪਹੁੰਚਿਆ ਸੀ ਤਾਂ ਸਰਕਾਰ ਨੇ ਪ੍ਰੀਖਿਆ ਦੀ ਪ੍ਰਣਾਲੀ ਵਿੱਚ ਸੁਧਾਰ ਦਾ ਭਰੋਸਾ ਦਿਵਾਉਂਦਿਆਂ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕਰਨ ਦਾ ਦਾਅਵਾ ਕੀਤਾ ਸੀ, ਪਰ ਦੋ ਸਾਲ ਬਾਅਦ ਪਰਨਾਲਾ ਉੱਥੇ ਦਾ ਉੱਥੇ ਹੀ ਨਜ਼ਰ ਆ ਰਿਹਾ ਹੈ। ਇਸ ਦੇ ਪੂਰਨ ਹੱਲ ਲਈ ਸਿੱਖਿਆ ਦਾ ਨਿੱਜੀਕਰਨ ਬੰਦ ਕਰਨਾ ਚਾਹੀਦਾ ਹੈ, ਮੈਡੀਕਲ ਕਾਲਜਾਂ ਦੀਆਂ ਫ਼ੀਸਾਂ ਘਟਾ ਕੇ, ਫ਼ੀਸਾਂ ਇਕਸਾਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਲੱਖਾਂ ਨੌਜਵਾਨਾਂ ਦੇ ਭਵਿੱਖ ਨਾਲ ਜੁੜੀ ਇਹ ਨਾਕਾਮੀ ਪੂਰੇ ਸਿੱਖਿਆ ਢਾਚੇ ਵਿੱਚ ਬੁਨਿਆਦੀ ਤਬਦੀਲੀਆਂ ਦੀ ਮੰਗ ਕਰਦੀ ਹੈ। ਪੇਪਰ ਲੈਣ ਵਾਲੀਆਂ ਸੰਸਥਾਵਾਂ ਨੂੰ ਪਾਰਦਰਸ਼ੀ ਬਣਾਉਣਾ ਚਾਹੀਦਾ ਹੈ ਤੇ ਪੇਪਰ ਲੀਕ ਹੋਣ 'ਤੇ ਜ਼ੁੰਮੇਵਾਰੀ ਸਬੰਧਤ ਮੰਤਰੀ ਦੀ ਤੈਅ ਹੋਣੀ ਚਾਹੀਦੀ ਹੈ। ਇਸ ਵਾਰ ਵੀ ਕੇਂਦਰ ਸਰਕਾਰ ਤੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਜਵਾਬਦੇਹ ਬਣਾਉਂਦੇ ਹੋਏ ਉਸ ਤੋਂ ਅਸਤੀਫ਼ਾ ਲਿਆ ਜਾਵੇ।

ਅੱਜ ਜਦ ਮਹਿੰਗੀਆਂ ਫ਼ੀਸਾਂ ਕਾਰਨ ਗਰੀਬ ਵਰਗ ਦੇ ਬੱਚੇ/ਮਾਪੇ ਤਾਂ ਡਾਕਟਰ ਬਣਨ ਦਾ ਸੁਪਨਾ ਵੀ ਨਹੀਂ ਦੇਖ ਪਾ ਰਹੇ ਹਨ, ਲੇਕਿਨ ਉੱਚ ਮੱਧ ਵਰਗ ਅਤੇ ਮੱਧ ਵਰਗ ਵਿੱਚ ਬੱਚਿਆਂ ਨੂੰ ਡਾਕਟਰ ਬਣਾਉਣ ਦੀ ਲੱਗੀ ਹੋੜ ਦਾ ਫ਼ਾਇਦਾ ਲੈਣ ਲਈ ਪੇਪਰ ਦੀ ਤਿਆਰੀ ਕਰਵਾਉਣ ਦੇ ਨਾਮ 'ਤੇ ਖੁੱਲ੍ਹੇ ਕੋਚਿੰਗ ਸੈਂਟਰ ਖ਼ੂਬ ਲਾਹਾ ਲੈ ਰਹੇ ਹਨ। ਸਿੱਖਿਆ ਦੇ ਨਿੱਜੀਕਰਨ ਦੀ ਨੀਤੀ ਲਾਗੂ ਹੋਣ ਤੋਂ ਬਾਅਦ ਪ੍ਰਾਈਵੇਟ ਯੂਨੀਵਰਸਿਟੀਆਂ/ਪ੍ਰਾਈਵੇਟ ਕਾਲਜਾਂ ਵਾਂਗ ਵਿਦਿਆਰਥੀਆਂ ਨੂੰ ਕੋਚਿੰਗ ਦੇਣ ਦੇ ਨਾਮ ਹੇਠ ਇਕ ਹੋਰ 'ਮਾਫੀਆ' ਸਰਗਰਮ ਹੈ। ਕੋਟਾ ਸ਼ਹਿਰ ਵਿੱਚ ਪਿਛਲੇ ਸਾਲਾਂ ਤੋਂ ਹੋ ਰਹੀਆਂ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦਾ ਕਾਰਨ ਜਿੱਥੇ ਅਖਾਉਤੀ ਸਿੱਖਿਆ ਪ੍ਰਣਾਲੀ ਹੈ ਉੱਥੇ ਹੀ ਅਭਿਆਸ ਤੋਂ ਟੁੱਟ ਕੇ 'ਰੱਟੇ' ਲਵਾਉਣ ਵਾਲੀਆਂ ਕੋਚਿੰਗ ਕਲਾਸਾਂ ਵੀ ਹਨ। ਇਸ ਫ਼ਰਜ਼ੀਵਾੜੇ ਦੇ ਚੱਕਰ ਨੂੰ ਮੂਲੋਂ ਬਦਲਣ ਦੀ ਸਖ਼ਤ ਲੋੜ ਹੈ। ਤਾਮਿਲਨਾਡੂ ਦੇ ਨਵੇਂ ਬਣੇ ਮੁੱਖ ਮੰਤਰੀ ਨੇ 'ਨੀਟ' ਦੇ ਬਦਲ ਵਜੋਂ ਬਾਰ੍ਹਵੀਂ ਜਮਾਤ ਦੇ ਨੰਬਰਾਂ ਦੇ ਅਧਾਰ 'ਤੇ ਦਾਖ਼ਲੇ ਦੀ ਵਕਾਲਤ ਕੀਤੀ ਹੈ ਪਰ ਇਸ ਤੋਂ ਵੀ ਅੱਗੇ ਸਿੱਖਿਆ ਸੂਬਾ ਸਰਕਾਰਾਂ ਦਾ ਵਿਸ਼ਾ ਹੈ ਤੇ ਸੂਬਾ ਸਰਕਾਰਾਂ ਉੱਪਰ ਛੱਡ ਦੇਣਾ ਚਾਹੀਦਾ ਹੈ ਕਿ ਉਹ ਦਾਖ਼ਲੇ ਕਿਵੇਂ ਕਰਨੇ ਚਾਹੁੰਦੇ ਹਨ। ਸੂਬਿਆਂ ਨੂੰ ਖ਼ੁਦ ਇਹ ਤੈਅ ਕਰਨ ਦਾ ਹੱਕ ਮਿਲਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਦਾਖ਼ਲੇ ਕਿਵੇਂ ਕਰਨੇ ਹਨ।




GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

London
Sabzi Bazaar

LONDON SABZI BAZAAR CANADA
+1 647 558 4543 | info@lsbgrocery.ca
Unit 104-106, 4026 Meadowbrook Dr, London, ON

# ਕੀ ਭਾਜਪਾ ਤੇ ਮੋਦੀ ਸੱਚਮੁਚ ਸਿੱਖ ਹਿਤੈਸ਼ੀ ਹਨ ?

*[ਸੂਹੀ ਸਵੇਰ ਆਨ-ਲਾਈਨ ਮੀਡੀਆ ਦੇ ਬਾਨੀ ਸ਼ਿਵ ਇੰਦਰ ਸਿੰਘ ਲੋਕਪੱਖੀ ਖੋਜੀ ਪੱਤਰਕਾਰ ਹਨ । ਚਾਹੇ ਹੁਕਮਰਾਨ ਧਿਰ ਹੋਵੇ ਜਾਂ ਕਥਿਤ ਵਿਰੋਧੀ-ਧਿਰ, ਉਹ ਬਹੁਤ ਬੇਬਾਕੀ ਨਾਲ ਨਿਧੜਕ ਹੋ ਕੇ ਟਿੱਪਣੀਆਂ ਕਰਦੇ ਹਨ । ਉਨ੍ਹਾਂ ਦਾ ਪਿਛਲੇ ਸਮੇਂ ਵਿਚ ਲਿਖਿਆ ਲੇਖ ਅੱਜ ਵੀ ਪ੍ਰਸੰਗਿਕ ਹੈ ਜੋ ਭਾਜਪਾ ਅਤੇ ਮੋਦੀ ਦੇ ਸਿੱਖ ਹਿਤੈਸ਼ੀ ਹੋਣ ਦੇ ਢੌਂਗ ਨੂੰ ਬਖ਼ੂਬੀ ਨੰਗਾ ਕਰਦਾ ਹੈ । -ਸੰਪਾਦਕ]*



-ਸ਼ਿਵ ਇੰਦਰ ਸਿੰਘ

1984 ਦਾ ਸਿੱਖ ਕਤਲੇਆਮ ਭਾਰਤੀ ਲੋਕਤੰਤਰ ਦਾ ਕਾਲਾ ਅਧਿਆਏ ਹੈ। ਮਨੁੱਖੀ ਅਧਿਕਾਰਾਂ ਦੇ ਚਿੰਤਕਾਂ ਦਾ ਮੰਨਣਾ ਹੈ ਕਿ ਜੇ 84 ਨਾ ਵਾਪਰਦਾ ਤਾਂ ਨਾ ਹੀ 92 ਵਾਪਰਨਾ ਸੀ ਤੇ ਨਾ ਹੀ 2002 ; ਚੋਣਾਂ ਚ ਹਰ ਵਾਰ 1984 ਤੇ 2002 ਦੇ ਕਤਲੇਆਮ ਚਰਚਾ ਦਾ ਵਿਸ਼ਾ ਬਣਦੇ ਹਨ। ਪੰਜਾਬ ਦੇ ਅਵਾਮ ਚ ਸੂਬੇ ਦੀ ਸੱਤਾਧਾਰੀ ਧਿਰ ਵਿਰੁੱਧ ਰੋਸ ਹੋਣ ਦੇ ਬਾਵਜੂਦ ਨਾ ਤਾਂ ਅਕਾਲੀ ਦਲ ਦਾ ਪਿੱਛਾ ਬੇਅਦਬੀ ਮਾਮਲਾ ਛੱਡ ਰਿਹਾ ਹੈ ਨਾ ਹੀ ਪੰਜਾਬ ਚ ਮੋਦੀ ਲਹਿਰਨਾਂ ਦੀ ਕੋਈ ਚੀਜ਼ ਹੈ। ਅਜਿਹੇਚ ਦੋਵੇਂ ਭਾਈਵਾਲਾਂ ਨੇ 1984 ਦੇ ਮੁੱਦੇ ਨੂੰ ਜ਼ੋਰ -ਸ਼ੋਰ ਨਾਲ ਉਠਾਇਆ ਹੈ। ਭਾਜਪਾ ਨੇਤਾ ਪੂਰੇ ਦੇਸ਼ ਚ 2002 ਦੇ ਸਵਾਲਾਂ ਤੋਂ ਬਚਣ ਲਈ 1984 ਨੂੰ ਢਾਲ ਵਜੋਂ ਵਰਤਦੇ ਹਨ। ਆਪਣੀ ਪੰਜਾਬ ਰੈਲੀ ਦੌਰਾਨ ਮੋਦੀ ਆਖਦਾ ਹੈ ਕਿ ਉਸਨੇ 84 ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਈਆਂ ਹਨ, ਕਾਂਗਰਸ ਨੂੰ ਸਿਖਾਂ ਦੀ ਦੁਸ਼ਮਣ ਜਮਾਤ ਆਖਦਾ ਉਹ ਸੈਮ ਪਿਤਰੋਦਾ ਦੀ ਹੂਆ ਤੋ ਹੂਆ ਵਾਲੀ ਟਿੱਪਣੀ ਦਾ ਜ਼ਿਕਰ ਕਰਦਾ ਹੈ (ਭਾਵੇਂ ਕਿ ਪਿਤਰੋਦਾ ਇਸ ਗੱਲ ਤੇ ਮੁਆਫੀ ਮੰਗ ਚੁੱਕਾ ਹੈ। ਕਾਂਗਰਸ ਪ੍ਰਧਾਨ ਵੀ ਪਿਤਰੋਦਾ ਦੀ ਟਿਪਣੀ ਨੂੰ ਗ਼ਲਤ ਆਖ ਚੁੱਕਾ ਹੈ)।

ਅਮਿਤ ਸ਼ਾਹ ਆਪਣੀ ਪੰਜਾਬ ਰੈਲੀ ਚ ਭਾਜਪਾ ਤੇ ਮੋਦੀ ਨੂੰ ਪੰਜਾਬ ਤੇ ਸਿਖਾਂ ਦਾ ਹਿਤੈਸ਼ੀ ਆਖਦਾ ਹੈ। ਸਵਾਲ ਪੈਦਾ ਹੁੰਦੈ ਕਿ ਕੀ ਭਾਜਪਾ ਤੇ ਨਰਿੰਦਰ ਮੋਦੀ, ਜਿਸਦੇ ਦਾਮਨ ਤੇ 2002 ਦੇ ਕਤਲੇਆਮ ਦੇ ਦਾਗ ਹਨ , ਨੂੰ 84 ਦੇ ਕਤਲੇਆਮ ਦੀ ਗੱਲ ਕਰਨ ਦਾ ਕੋਈ ਨੈਤਿਕ ਅਧਿਕਾਰ ਹੈ ? ਭਾਜਪਾ ਤੇ ਉਸਦੀ ਮਾਈਬਾਪ ਆਰ.ਐੱਸ .ਐੱਸ. ਜੋ ਪੂਰੇ ਭਾਰਤ ਨੂੰ ਇੱਕ ਰੰਗ, ਇੱਕ ਵਿਚਾਰ, ਇੱਕ ਸੱਭਿਆਚਾਰ ਚ ਰੰਗਿਆ ਦੇਖਣਾ ਚਾਹੁੰਦੇ ਹਨ, ਘੱਟ -ਗਿਣਤੀਆਂ ਵਿਰੁੱਧ ਉਹਨਾਂ ਦੇ ਛੋਟੇ -ਵੱਡੇ ਨੇਤਾ ਨਫ਼ਰਤੀ ਤਕਰੀਰਾਂ ਕਰਦੇ ਕਰਦੇ ਹਨ, ਕੀ ਉਹ ਸੱਚਮੁੱਚ ਸਿੱਖ ਹਿਤੈਸ਼ੀ ਹਨ ? ਇਹਨਾਂ ਸਵਾਲਾਂ ਦੇ ਜਵਾਬ ਲੱਭਣ ਦੀ ਲੋੜ ਵੀ ਹੈ ਕਿ ਜਦੋਂ ਪੰਜਾਬ ਬਲ ਰਿਹਾ ਸੀ ਤੇ 1984 ਦੇ ਕਤਲੇਆਮ ਸਮੇਂ ਭਾਜਪਾ ਅਤੇ ਸੰਘ ਦੀ ਕੀ ਪੁਜੀਸ਼ਨ ਸੀ ? ਜਦੋਂ ਪੰਜਾਬੀ ਸੂਬਾ ਮੂਵਮੈਂਟ ਚੱਲ ਰਹੀ ਸੀ ਤਾਂ ਅੱਜ ਪੰਜਾਬ ਹਿਤੈਸ਼ੀ ਹੋਣ ਦਾ ਦਾਅਵਾ ਕਰਨ ਵਾਲੀ ਭਾਜਪਾ ਦਾ ਪਹਿਲਾ ਅਵਤਾਰ ਜਨ-ਸੰਘ ਮਹਾਂ-ਪੰਜਾਬ ਲਹਿਰ ਚਲਾ ਕੇ ਪੰਜਾਬ ਦੇ ਦੋ ਵੱਡੇ ਭਾਈਚਾਰਿਆਂ ਨੂੰ ਆਪਸ ਚ ਲੜਾਉਣ ਦਾ ਕੰਮ ਕਰ ਰਿਹਾ ਸੀ। ਪੰਜਾਬੀ ਹਿੰਦੂਆਂ ਨੂੰ ਮਾਤ -ਭਾਸ਼ਾ ਹਿੰਦੀ ਲਿਖਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਸੀ।



ਅੰਮ੍ਰਿਤਸਰ ਚ ਦਰਬਾਰ ਸਾਹਿਬ ਨੇੜੇ ਬੀੜੀ, ਗੁਟਖਾ ਤੇ ਤੰਬਾਕੂ ਦੀਆਂ ਦੁਕਾਨਾਂ ਲਗਵਾਉਣ ਦੀ ਮੰਗ ਕਰਨ ਵਾਲਿਆਂ ਨੂੰ ਵੀ ਇਹਨਾਂ ਸੰਗਠਨਾਂ ਦੀ ਹਮਾਇਤ ਪ੍ਰਾਪਤ ਸੀ। ਦਰਬਾਰ ਸਾਹਿਬ ਦਾ ਮਾਡਲ ਤੋੜਨ ਵਾਲਾ ਹਰਬੰਸ ਲਾਲ ਖੰਨਾ ਭਾਜਪਾ ਦਾ ਸੂਬਾ ਪੱਧਰੀ ਲੀਡਰ ਸੀ। ਅਪਰੇਸ਼ਨ ਬਲਿਊ ਸਟਾਰ ਲਈ ਸਰਕਾਰ ਤੇ ਜ਼ੋਰ ਪਾਉਣ ਵਾਲਿਆਂ ਚੋਂ ਰਾਸ਼ਟਰੀ ਸੋਇਮ ਸੇਵਕ ਸੰਘ ਤੇ ਭਾਰਤੀ ਜਨਤਾ ਪਾਰਟੀ ਦਾ ਨਾਮ ਮੋਹਰੀ ਸੀ। ਅਪਰੇਸ਼ਨ ਬਲਿਊ ਸਟਾਰ ਤੋਂ ਕੁਝ ਦਿਨ ਪਹਿਲਾਂ ਤੱਕ ਲਾਲ ਕ੍ਰਿਸ਼ਨ ਅਡਵਾਨੀ ਤੇ ਅਟਲ ਬਿਹਾਰੀ ਵਾਜਪਾਈ ਇਸ ਗੱਲ ਨੂੰ ਲੈ ਕੇ ਧਰਨੇ ਤੇ ਬੈਠੇ ਸਨ ਕਿ ਦਰਬਾਰ ਸਾਹਿਬ ਫ਼ੌਜ ਭੇਜੀ ਜਾਵੇ। ਅਡਵਾਨੀ ਆਪਣੀ ਸਵੈ-ਜੀਵਨੀ ਮਾਈ ਕੰਟਰੀ ਮਾਈ ਲਾਈਫ ਚ ਇਸ ਗੱਲ ਨੂੰ ਸਵੀਕਾਰਦਾ ਹੈ ਤੇ ਫ਼ੌਜੀ ਕਾਰਵਾਈ ਦੀ ਸਰਾਹਨਾ ਵੀ ਕਰਦਾ ਹੈ। ਫ਼ੌਜੀ ਕਾਰਵਾਈ ਤੋਂ ਬਾਅਦ ਆਰ.ਐੱਸ .ਐੱਸ. ਵੱਲੋਂ ਲੱਡੂ ਵੰਡੇ ਜਾਣ ਦੀਆਂ ਖਬਰਾਂ ਵੀ ਆਈਆਂ ਸਨ। ਮੋਦੀ ਸਰਕਾਰ ਨੇ ਜਿਸ ਨਾਨਜੀ ਦੇਸ਼ਮੁਖ ਨੂੰ ਭਾਰਤ ਰਤਨ ਨਾਲ ਸਨਮਾਨਿਆ ਹੈ ਉਸਨੇ ਆਪਣੇ ਇੱਕ ਲੇਖ ਮੂਵਮੈਂਟ ਆਫ਼ ਸੋਲ ਸਰਚਿੰਗ ਚ ਦਰਬਾਰ ਸਾਹਿਬ ਤੇ ਕੀਤੀ ਫ਼ੌਜੀ ਕਾਰਵਾਈ ਲਈ ਇੰਦਰਾ ਗਾਂਧੀ ਦੀ ਸਿਫਤ ਕੀਤੀ ਹੈ, ਤੇ 1984 ਦੇ ਸਿੱਖ ਵਿਰੋਧੀ ਕਤਲੇਆਮ ਨੂੰ ਇਹ ਕਹਿ ਕੇ ਸਹੀ ਠਹਿਰਾਇਆ ਕਿ ਇਹ ਸਿੱਖ ਨੇਤਾਵਾਂ ਦੀਆਂ ਗਲਤੀਆਂ ਦਾ ਹੀ ਸਿੱਟਾ ਹੈ।

ਅੱਜ-ਕੱਲ੍ਹ ਭਾਜਪਾ ਨਾਲ ਰੁੱਸੇ ਤੇ ਵਾਜਪਾਈ ਸਰਕਾਰ ਚ ਮੰਤਰੀ ਰਹਿ ਚੁੱਕੇ ਅਰੁਣ ਸ਼ੋਰੀ ਵੀ ਆਪਣੇ ਲੇਖ ਲੈਸਨਜ਼ ਫਰੋਮ ਦਾ ਪੰਜਾਬ ਚ ਵੀ ਕੁਝ ਅਜਿਹੇ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੈ। ਭਾਜਪਾ ਚ ਅਜਿਹੇ ਨੇਤਾਵਾਂ ਦੀ ਵੀ ਘਾਟ ਨਹੀਂ ਜੋ ਰਾਜੀਵ ਗਾਂਧੀ ਸਮੇਂ ਕਾਂਗਰਸੀ ਸਨ ਜਿਵੇਂ ਸੁਬਰਾਮਨੀਅਮ ਸਵਾਮੀ, ਐਮ ਐੱਸ ਆਹਲੂਵਾਲੀਆ ਤੇ ਮਰਹੂਮ ਬੂਟਾ ਸਿੰਘ (ਬੂਟਾ ਸਿੰਘ ਵਾਜਪਾਈ ਦੀ ਸਰਕਾਰ 'ਚ ਮੰਤਰੀ ਰਿਹਾ ਹੈ। ਉਸਨੇ ਆਜ਼ਾਦ ਉਮੀਦਵਾਰ ਵਜੋਂ ਭਾਜਪਾ ਨੂੰ ਹਮਾਇਤ ਦਿੱਤੀ ਸੀ) 1984 ਦੇ ਸਿੱਖ ਵਿਰੋਧੀ ਕਤਲੇਆਮ ਚ ਭਾਜਪਾ ਤੇ ਆਰ.ਐੱਸ .ਐੱਸ ਦੇ ਨੇਤਾਵਾਂ ਦੀ ਸ਼ਮੂਲੀਅਤ ਦੇ ਵੀ ਚਰਚੇ ਰਹੇ ਹਨ। ਦਿੱਲੀ ਸਿਟੀ ਪੁਲਿਸ ਚ ਦਰਜ 14 ਐਫ਼.ਆਈ.ਆਰ. ਚ 49 ਭਾਜਪਾ ਤੇ ਸੰਘ ਨਾਲ ਸਬੰਧਤ ਵਿਅਕਤੀਆਂ ਦੇ ਨਾਮ ਦਰਜ ਹਨ। ਸ੍ਰੀਨਿਵਾਸਪੁਰ ਪੁਲਿਸ ਸਟੇਸ਼ਨ ਸਾਊਥ ਦਿੱਲੀ ਚ ਵੱਧ ਮਾਮਲੇ ਦਰਜ ਹਨ। ਐਫ਼.ਆਈ.ਆਰ ਤੋਂ ਪਤਾ ਲਗਦਾ ਹੈ ਹਰੀ ਨਗਰ, ਆਸ਼ਰਮ, ਭਗਵਾਨ ਨਗਰ, ਸਨਲਾਈਟ ਕਲੋਨੀ ਚ ਭਾਜਪਾ ਤੇ ਆਰ.ਐੱਸ .ਐੱਸ ਨੇਤਾਵਾਂ ਨੇ ਹੱਤਿਆ, ਅਗਜ਼ਨੀ, ਲੁੱਟ -ਖੋਹ ਦੇ ਮਾਮਲਿਆਂ ਨੂੰ ਅੰਜ਼ਾਮ ਦਿੱਤਾ। ਜਿਨ੍ਹਾਂ ਵਿਅਕਤੀਆਂ ਦੇ ਨਾਮ ਦਰਜ ਹਨ ਉਹਨਾਂ ਚੋਂ ਇੱਕ ਹੈ ਰਾਮ ਕੁਮਾਰ ਜੈਨ ਜੋ 1980 ਦੀ ਲੋਕ ਸਭਾ ਚੋਣ ਚ ਅਟਲ ਬਿਹਾਰੀ ਵਾਜਪਾਈ ਦਾ ਚੋਣ ਏਜੰਟ ਸੀ। ਅਗਸਤ 2005 ਚ ਸੰਸਦ ਦੇ ਜਿਸ ਸੈਸ਼ਨ ਚ ਤਤਕਾਲੀਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 84 ਦੇ ਦੁਖਾਂਤ ਲਈ ਮਾਫ਼ੀ ਮੰਗੀ ਸੀ ਉਸੇ ਸੈਸ਼ਨ 'ਚ ਕਾਂਗਰਸ ਦੇ ਸੀਨੀਅਰ ਨੇਤਾ ਕਪਿਲ ਸਿੱਬਲ ਨੇ ਭਾਜਪਾ ਨੇਤਾਵਾਂ ਨੂੰ ਆਖਿਆ ਕਿ ਮੈਂ ਦੱਸਾਂ ਉਸ ਵੇਲੇ ਭਾਜਪਾ ਤੇ ਸੰਘ ਦੇ ਕਿਹੜੇ ਨੇਤਾ ਸ਼ਾਮਿਲ ਸਨ। ਉੱਘੇ ਵਿਦਵਾਨ ਸਮਸ਼ੁਲ ਇਸਲਾਮ ਦਾ ਕਹਿਣਾ ਹੈ, ਕਤਲੇਆਮ ਤੋਂ ਬਾਅਦ ਰਾਜੀਵ ਗਾਂਧੀ ਨੇ ਚੋਣ ਰਾਸ਼ਟਰਵਾਦ ਦੇ ਨਾਮ ਤੇ ਜਿਸ ਢੰਗ ਨਾਲ ਬਹੁਗਿਣਤੀ ਦੀਆਂ ਭਾਵਨਾਵਾਂ ਉਕਸਾ ਕੇ ਜਿੱਤੀ, ਉਸ ਤੋਂ ਇਹ ਗੱਲ ਸਾਫ ਹੈ ਕਿ ਕੱਟੜਵਾਦੀ ਹਿੰਦੂ ਸੰਗਠਨ ਪੂਰੀ ਤਰ੍ਹਾਂ ਕਾਂਗਰਸ ਨਾਲ ਸਨ। 1991 ਚ ਯੂ .ਪੀ ਦੇ ਪੀਲੀ ਭੀਤ ਚ ਭਾਜਪਾ ਦੀ ਕਲਿਆਣ ਸਿੰਘ ਸਰਕਾਰ ਵੇਲੇ 10 ਸਿੱਖ ਸ਼ਰਧਾਲੂਆਂ ਨੂੰ ਅੱਤਵਾਦੀ ਆਖ ਕੇ ਪੁਲਿਸ ਮੁਕਾਬਲੇ ਚ ਮਾਰਿਆ ਗਿਆ।

ਜਿਸ ਮੋਦੀ ਨੂੰ ਅਮਿਤ ਸ਼ਾਹ ਸਿੱਖ ਹਿਤੈਸ਼ੀ ਆਖਦਾ ਹੈ ਓਹੀ ਮੋਦੀ ਪਹਿਲੇ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਬਹਾਨੇ ਸਿੱਖ ਭਾਈਚਾਰੇ ਦੀ ਬੇਇਜ਼ਤੀ ਕਰਦਾ ਹੈ। ਇਕ ਵਾਰ ਮੋਦੀ ਮਨਮੋਹਨ ਸਿੰਘ ਨੂੰ ਸ਼ਿਖੰਡੀ ਆਖਦਾ ਹੈ। ਦੂਜੀ ਵਾਰ ਉਸਨੇ ਡਾ . ਸਿੰਘ ਤੇ ਬਾਰ੍ਹਾਂ ਵੱਜਣ ਵਾਲਾ ਵਿਅੰਗ ਕੀਤਾ ਸੀ। ਜਿਸਦਾ ਸਿੱਖ ਹਲਕਿਆਂ ਚ ਵਿਰੋਧ ਪਾਇਆ ਗਿਆ। ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਮੋਦੀ ਨੇ ਸਾਲਾਂ ਤੋਂ ਗੁਜਰਾਤ ਦੇ ਕੱਛ ਤੇ ਭੁੱਜ ਇਲਾਕੇ ਚ ਵਸਦੇ ਪੰਜਾਬੀ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਵਾਲਾ ਬਿੱਲ ਲੈ ਆਂਦਾ ਜਦੋਂ ਸਰਕਾਰ ਹਾਈ ਕੋਰਟ ਚੋਂ ਹਾਰ ਗਈ ਤਾਂ ਉਹ ਮਾਮਲਾ ਸੁਪਰੀਮ ਕੋਰਟ ਚ ਲੈ ਗਈ। ਗੁਜਰਾਤ ਵਸਦੇ ਪੰਜਾਬੀ ਕਿਸਾਨਾਂ ਦੇ ਆਗੂ ਸੁਰਿੰਦਰ ਸਿੰਘ ਭੁੱਲਰ ਅਨੁਸਾਰ , "ਹੁਣ ਭਾਜਪਾ ਦੇ ਸਥਾਨਕ ਲੀਡਰ ਸਾਡੇ ਨਾਲ ਗੁੰਡਾਗਰਦੀ ਕਰਦੇ ਹਨ। ਸਾਨੂੰ ਧੱਕੇ ਨਾਲ ਇੱਥੋਂ ਕੱਢਣਾ ਚਾਹੁੰਦੇ ਹਨ। ਅਸਲ ਚ ਮੋਦੀ ਕੇਵਲ ਮੁਸਲਮਾਨਾਂ ਦੇ ਹੀ ਨਹੀਂ ਸਗੋਂ ਸਮੁੱਚੀਆਂ ਘੱਟ -ਗਿਣਤੀਆਂ ਦੇ ਵਿਰੋਧੀ ਹੈ।

ਭਾਜਪਾ ਦੇ ਕਈ ਨੇਤਾ ਸ਼ਰ੍ਹੇਆਮ ਸਿੱਖ ਭਾਈਚਾਰੇ ਬਾਰੇ ਵੀ ਊਲ ਜਲੂਲ ਬੋਲਦੇ ਰਹੇ ਹਨ। 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਐਮ .ਪੀ . ਵਰੁਣ ਗਾਂਧੀ ਨੇ ਆਪਣੇ ਵਿਰੋਧੀ ਸਿੱਖ ਉਮੀਦਵਾਰ ਨੂੰ ਪਾਗਲ ਸਰਦਾਰ ਕਿਹਾ ਸੀ । ਕੁਝ ਦਿਨ ਪਹਿਲਾਂ ਹਰਿਆਣਾ ਸਰਕਾਰ ਦੇ ਮੰਤਰੀ ਅਨਿਲ ਵਿਜ ਨੇ ਵੀ ਸਿੱਖ ਭਾਈਚਾਰੇ ਨੂੰ ਗਾਲ੍ਹਾਂ ਕੱਢੀਆਂ ਸਨ । ਬਹੁਤ ਸਾਰੇ ਸਿੱਖ ਬੁਧੀਜੀਵੀ ਤੇ ਲੀਡਰ ਮੰਨਦੇ ਹਨ ਕਿ ਆਰ.ਐੱਸ.ਐੱਸ. ਉਹਨਾਂ ਦੇ ਧਰਮ ਨੂੰ ਹਿੰਦੂ ਧਰਮ ਚ ਜਜ਼ਬ ਕਰਨਾ ਚਾਹੁੰਦੀ ਹੈ। ਇਸ ਦੀਆਂ ਸਮੇਂ -ਸਮੇਂ ਮਿਸਾਲਾਂ ਵੀ ਮਿਲੀਆਂ ਹਨ। ਆਰ.ਐੱਸ.ਐੱਸ. ਦੇ ਪ੍ਰਕਾਸ਼ਨਾਂ ਜਾਂ ਉਸਦੀ ਸੋਚ ਵਾਲੇ ਪ੍ਰਕਾਸ਼ਨਾਂ ਦੁਆਰਾ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ। ਸਿੱਖ ਗੁਰੂਆਂ ਦੀਆਂ ਮਨੁੱਖਤਾ ਲਈ ਲੜੀਆਂ ਲੜਾਈਆਂ ਨੂੰ ਮੁਸਲਿਮ ਵਿਰੋਧ ਵਜੋਂ ਦਿਖਾਇਆ ਗਿਆ। ਕਈ ਕਿਤਾਬਾਂ ਚ ਸਿੱਖ ਗੁਰੂਆਂ ਦੀ ਕਿਰਦਾਰਕੁਸ਼ੀ ਵੀ ਕੀਤੀ ਗਈ ਹੈ। ਸੰਨ 2006 ਚ ਗੁਰੂ ਅਰਜਨ ਦੇਵ ਜੀ ਦੇ 400 ਸ਼ਹੀਦੀ ਦਿਵਸ ਮੌਕੇ ਰੱਖੇ ਸਮਾਗਮ ਚ ਭਾਜਪਾ ਨੇਤਾ ਸੁਸ਼ਮਾ ਸਵਰਾਜ ਨੇ ਤਾਂ ਗੁਰੂ ਸਾਹਿਬ ਦੀ ਸ਼ਹੀਦੀ ਨਾਲ ਜੁੜੇ ਚੰਦੂ ਦੇ ਨਾਮ ਤੇ ਵੀ ਇਤਰਾਜ਼ ਪ੍ਰਗਟ ਕੀਤਾ ਸੀ। ਉਸੇ ਸਮਾਗਮ 'ਚ 'ਰਾਸ਼ਟਰੀ ਸਿੱਖ ਸੰਗਤ' ਤੇ ਲੱਗੀ ਰੋਕ ਹਟਾਉਣ ਦੀ ਮੰਗ ਵੀ ਭਾਜਪਾਈਆਂ ਨੇ ਚੁੱਕੀ।

ਕੈਨੇਡਾ ਵਸਦੇ ਪੰਜਾਬੀ ਮੂਲ ਦੇ ਪੱਤਰਕਾਰ ਗੁਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਭਾਜਪਾ ਸਿਖਾਂ ਨਾਲ ਝੂਠਾ ਹੇਜ ਜਤਾ ਕੇ ਪ੍ਰਵਾਸੀ ਸਿੱਖਾਂ ਵਿਚ ਆਪਣੀ ਭੱਲ ਬਣਾਉਣਾ ਚਾਹੁੰਦੀ ਹੈ ਕਿਉਂ ਕਿ ਦੁਨੀਆ ਦੇ ਕੋਨੇ ਕੋਨੇ ਚ ਵਸਦੇ ਸਿੱਖਾਂ ਦਾ ਆਪਣੇ ਮੁਲਕਾਂ ਚ ਚੰਗਾ ਰੁਤਬਾ ਹੈ ਇਸਦੇ ਸਹਾਰੇ ਉਹ ਦੁਨੀਆ ਚ ਆਪਣੀ ਸਾਖ਼ ਉਦਾਰ ਬਣਾਉਣਾ ਚਾਹੁੰਦੀ ਹੈ ਪੂਰੇ ਮੁਲਕ ਨੂੰ ਇੱਕ ਰੰਗ ਚ ਰੰਗਣ ਦਾ ਵਿਚਾਰ ਰੱਖਣ ਵਾਲੇ ਸੰਘ ਦੀ ਬਗਲਬਚੀ ਭਾਜਪਾ ਪੂਰੀ ਤਰ੍ਹਾਂ ਮੁਸਲਿਮ, ਈਸਾਈ, ਦਲਿਤ ਤੇ ਆਦਿਵਾਸੀ ਵਿਰੋਧੀ ਹੈ। ਬਾਕੀ ਜੋ ਧਰਮਾਂ ਨੂੰ ਉਹ ਆਪਣੇ ਵਿਚਾਰਾਂ ਰਾਹੀਂ ਜਜ਼ਬ ਕਰਨਾ ਚਾਹੁੰਦੀ ਹੈ। ਇਸਨੂੰ ਭਾਰਤੀ ਲੋਕਤੰਤਰ ਦੀ ਤ੍ਰਾਸਦੀ ਹੀ ਮੰਨ ਸਕਦੇ ਹਾਂ ਕਿ 1984 ਇੱਕ ਵਿਅਕਤੀ ਘੱਟ ਗਿਣਤੀ ਦੇ ਕਤਲਾਂ ਦੀ ਤੁਲਨਾ 'ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੀ ਹੈ' ਨਾਲ ਕਰਕੇ ਬਹੁ ਗਿਣਤੀ ਦੀਆਂ ਭਾਵਨਾਵਾਂ ਰਾਸ਼ਟਰਵਾਦ ਦੇ ਰੰਗ ਚ ਰੰਗ ਕੇ ਪ੍ਰਧਾਨ ਮੰਤਰੀ ਬਣ ਜਾਂਦਾ ਹੈ। ਪੂਰੇ 30 ਸਾਲ ਬਾਅਦ ਉਹ ਵਿਅਕਤੀ ਪ੍ਰਧਾਨ ਮੰਤਰੀ ਬਣਦਾ ਹੈ ਜੋ ਦੂਜੀ ਘੱਟ-ਗਿਣਤੀ ਦੇ ਕਤਲਾਂ ਦੀ ਤੁਲਨਾ ਨਿਊਟਨ ਦੇ ਤੀਜੇ ਗਤੀ ਨਿਯਮ ਨਾਲ ਕਰਦਾ ਹੈ। ਆਪਣੇ ਪੰਜਾਂ ਸਾਲਾਂ ਦੇ ਰਾਜ ਚ ਉਹ ਅਜਿਹਾ ਮਹੌਲ ਤਿਆਰ ਕਰ ਦਿੰਦਾ ਹੈ ਜਿਥੇ ਘੱਟ -ਗਿਣਤੀ ਦੇ ਕਤਲ, ਮਾਰਕੁਟਾਈ ਆਮ ਵਰਤਾਰਾ ਬਣ ਗਿਆ ਹੋਵੇ। ਕਾਤਲਾਂ ਨੂੰ ਸਲਾਮੀਆਂ ਦਿੱਤੀਆਂ ਜਾਂਦੀਆਂ ਹਨ ਘੱਟ ਗਿਣਤੀਆਂ ਲਈ ਗਾਲ੍ਹਾਂ ਬਕਣਾ ਬਹਾਦਰੀ ਵਾਲੀ ਗੱਲ ਬਣ ਗਈ। ਭੀੜਾਂ ਦੁਆਰਾ ਕੀਤੀ ਹਿੰਸਾ ਲੋਕਾਂ ਦੁਆਰਾ ਕੀਤਾ ਇਨਸਾਫ ਹੋ ਗਿਆ ਹੋਵੇ।





**ਡਿਜ਼ੀਟਲ ਲਾਈਫ ਸਰਟੀਫਿਕੇਟ ਬਣਾਉਣ ਲਈ ਕਨੇਡਾ ਦੇ ਸਹਿਰਾਂ ਵਿੱਚ ਮੁਫ਼ਤ ਬਣਾਉਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ**

ਸਰੀ, ਵੈਨਕੂਵਰ ਵਿੱਚ ਪਰਮਜੀਤ ਸਿੰਘ ਸਿੱਧੂ 7788635911,
ਕਰਮਜੀਤ ਸਿੰਘ ਪੁਰਬਾ 6047632435, ਕੈਲਗਰੀ ਵਿੱਚ ਗੋਪਾਲ ਸਿੰਘ ਕਾਂਊਕੇ +14039703588,
ਬਰੈਂਪਟਨ ਵਿੱਚ ਦੇਵਿੰਦਰ ਸਿੰਘ ਤੂਰ (Sarokaran di awaz managing director)
+14169029372, ਬਲਵਿੰਦਰ ਸਿੰਘ +16475338980
ਐਬਟਸਫੋਰਡ ਵਿੱਚ ਹਰਦਿਆਲ ਸਿੰਘ +17785526422

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

# 15ਵੇਂ ਸੋਹਣ ਮਾਨ ਨਾਟਕ ਸਮਾਗਮ ਦਾ ਪੋਸਟਰ ਰਿਲੀਜ਼

ਕੈਲਗਰੀ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਪ੍ਰੌਗਰੈਸਿਵ ਕਲਚਰਲ ਐਸੋਸਸੀਏਸ਼ਨ ਕੈਲਗਰੀ ਵਲੋਂ 15ਵਾਂ ਸੋਹਣ ਮਾਨ ਯਾਦਗਾਰੀ ਨਾਟਕ ਮੇਲਾ ਸ਼ਨੀਵਾਰ, 6 ਜੂਨ 2026 ਨੂੰ ਰੈਡ ਸਟੋਨ ਥੀਏਟਰ ਨਾਰਥ ਈਸਟ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਵਾਰ ਦਾ ਨਾਟਕ ਮੇਲਾ 'ਬੱਬਰ ਅਕਾਲੀ ਲਹਿਰ' ਦੀ ਸ਼ਤਾਬਾਦੀ ਨੂੰ ਸਮਰਪਿਤ ਹੋਵੇਗਾ। ਲੰਘੇ ਸ਼ਨੀਵਾਰ ਨੂੰ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਐਗਜੈਕਟਿਵ ਕਮੇਟੀ ਅਤੇ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰਾਂ ਦੀ ਸਾਂਝੀ ਮੀਟਿੰਗ ਹੋਈ, ਜਿਸ ਵਿੱਚ ਨਾਟਕ ਮੇਲੇ ਅਤੇ ਪੁਸਤਕ ਮੇਲੇ ਸਬੰਧੀ ਵਿਚਾਰਾਂ ਹੋਈਆਂ। ਇਸ ਮੀਟਿੰਗ ਵਿੱਚ ਹਾਜ਼ਿਰ ਮੈਂਬਰਾਂ ਵਲੋਂ ਨਾਟਕ ਮੇਲੇ ਦਾ ਪੋਸਟਰ ਰਿਲੀਜ਼ ਕੀਤਾ ਗਿਆ।

ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ 'ਲੋਕ ਕਲਾ ਮੰਚ ਮੰਡੀ ਮੁੱਲਾਂਪੁਰ' ਤੋਂ ਲੇਖਕ, ਕਲਾਕਾਰ ਅਤੇ ਡਾਇਰੈਕਟਰ ਹਰਕੇਸ਼ ਚੌਧਰੀ ਕਲਾਕਾਰਾਂ ਦੀ ਵਰਕਸ਼ਾਪ ਲਗਾ ਕੇ ਡਰਾਮੇ ਤਿਆਰ ਕਰਾਉਣਗੇ। ਇਸ ਵਾਰ ਦੇ ਸਮਾਗਮ ਵਿੱਚ ਭਾਜੀ ਗੁਰਸ਼ਰਨ ਸਿੰਘ ਦਾ ਲਿਖਿਆ ਤੇ ਨਿਰਦੇਸ਼ਤ ਨਾਟਕ 'ਚਾਂਦਨੀ ਚੌਂਕ ਤੋਂ ਸਰਹੰਦ ਤੱਕ' ਅਤੇ ਹਰਕੇਸ਼ ਚੌਧਰੀ ਦਾ ਲਿਖਿਆ ਤੇ ਨਿਰਦੇਸ਼ਤ ਨਾਟਕ 'ਧਰਤ ਵੰਗਾਰੇ ਤਖਤ ਨੂੰ' ਖੇਡਿਆ ਜਾਵੇਗਾ। ਇਸ ਤੋਂ ਇਲਾਵਾ ਲੋਕਲ ਬੱਚਿਆਂ ਵਲੋਂ ਕੋਰੀਓਗਰਾਫੀਆਂ ਪੇਸ਼ ਕੀਤੀਆਂ ਜਾਣਗੀਆਂ।

ਮੀਟਿੰਗ ਵਿੱਚ ਮਾਸਟਰ ਭਜਨ ਸਿੰਘ ਹੋਰਾਂ ਵਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪਿਛਲੇ ਸਾਲਾਂ ਦੀ ਤਰ੍ਹਾਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ' ਵਲੋਂ ਇਸ ਸਾਲ ਦਾ ਪਹਿਲਾ ਪੁਸਤਕ ਮੇਲਾ ਡਾ. ਭੁੱਲਰ ਵਾਲ਼ੇ ਗਰੀਨ ਪਲਾਜ਼ਾ ਨਾਰਥ ਈਸਟ ਕੈਲਗਰੀ ਵਿੱਚ ਲਗਾਇਆ ਜਾਵੇਗਾ। ਜਿੱਥੋਂ ਸਾਰੇ ਪਾਠਕ ਆਪਣੀ ਮਨਪਸੰਦ ਦੀਆਂ ਕਿਤਾਬਾਂ ਤੋਂ ਇਲਾਵਾ ਨਾਟਕ ਸਮਾਗਮ ਦੀਆਂ ਟਿਕਟਾਂ ਲੈ ਸਕਦੇ ਹਨ। ਨਾਟਕ ਦੀ ਟਿਕਟ ਹਰ ਸਾਲ ਦੀ ਤਰ੍ਹਾਂ ਸਿਰਫ ਦਸ ਡਾਲਰ ਹੋਵੇਗੀ।

ਮੀਟਿੰਗ ਵਿੱਚ ਕੈਲਗਰੀ ਦੇ ਬਿਜਨੈਸਮੈਨਾਂ ਨੂੰ ਸਹਿਯੋਗ ਦੀ ਅਪੀਲ ਦੇ ਨਾਲ਼-ਨਾਲ਼ ਧੰਨਵਾਦ ਵੀ ਕੀਤਾ ਗਿਆ, ਜੋ ਹਮੇਸ਼ਾਂ ਸਹਿਯੋਗ ਕਰਦੇ ਹਨ। ਇਸ ਮੌਕੇ 'ਤੇ ਕੈਲਗਰੀ ਦੀ ਜਾਣੀ-ਪਛਾਣੀ ਸਖਸ਼ੀਅਤ ਹਰਬਖਸ਼ ਸਿੰਘ ਸਰੋਆ ਨੂੰ ਸਰਧਾਂਜਲੀ ਭੇਟ ਕੀਤੀ ਗਈ। ਜੋ ਕਿ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਲੋਕ ਕਲਾ ਮੰਚ ਮੰਡੀ ਮੁੱਲਾਂ ਪੁਰ, ਦੇਸ਼ ਭਗਤ ਹਾਲ ਜਲੰਧਰ ਅਤੇ ਹੋਰ ਕਈ ਸਮਾਜ ਸੇਵੀ ਸੰਸਥਾਵਾਂ ਦੀ ਸਹਾਇਤਾ ਕਰਦੇ ਰਹਿੰਦੇ ਸਨ।

ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਕੈਲਗਰੀ ਦੇ ਲੇਖਕ ਤੇ ਕਵੀ ਜਸਵੰਤ ਸਿੰਘ ਜਗੈਤ ਦੀ ਨਵੀਂ ਛਪੀ ਪੁਸਤਕ 'ਹਵਾ 'ਚ ਲਟਕਦੇ ਲੋਕ' ਰਿਲੀਜ ਕੀਤੀ ਜਾਵੇਗੀ। ਇਸ ਮੌਕੇ 'ਤੇ ਇੱਕ ਤਿੰਨ ਸਾਲ ਦੇ ਬੱਚੇ ਗੁਰਮੋਹ ਸਿੰਘ ਦੇ ਇਲਾਜ ਲਈ 2000 ਡਾਲਰ ਦੀ ਰਾਸ਼ੀ ਦੇਣ ਦਾ ਫੈਸਲਾ ਕੀਤਾ ਗਿਆ। ਜੋ ਕਿ ਇੱਕ ਸੀਰੀਅਸ ਬੀਮਾਰੀ ਨਾਲ ਪੀੜ੍ਹਤ ਹੈ, ਜਿਸਦੇ ਇਲਾਜ ਲਈ 60-80 ਲੱਖ ਡਾਲਰ ਦਾ ਖ਼ਰਚਾ ਹੋਣ ਦੀ ਸੰਭਾਵਨਾ ਹੈ। ਸਾਰੇ ਕਨੇਡਾ ਵਿੱਚ ਲੋਕ ਇਸ ਬੱਚੇ ਲਈ ਗੋ ਫੰਡ ਮੀ ਡੌਟ ਕੌਮ 'ਤੇ ਦਾਨ ਕਰ ਰਹੇ ਹਨ।



ਇਸ ਮੀਟਿੰਗ ਵਿੱਚ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਪ੍ਰੌਗਰੈਸਿਵ ਕਲਾ ਮੰਚ ਦੇ ਪ੍ਰਧਾਨ ਜਸਵਿੰਦਰ ਮਾਨ, ਸਕੱਤਰ ਮਾਸਟਰ ਭਜਨ ਸਿੰਘ, ਕਮਲਪ੍ਰੀਤ ਪੰਧੇਰ, ਸੰਦੀਪ ਗਿੱਲ, ਕਮਲ ਸਿੱਧੂ, ਗੋਪਾਲ ਕਾਉਂਕੇ, ਸੁਰਿੰਦਰ ਗਿੱਲ, ਨਵਕਿਰਨ ਢੁੱਡੀਕੇ, ਜਸਪਾਲ ਹੰਸਰਾ, ਕੁਸਮ ਸ਼ਰਮਾ, ਬੰਦੀਪ ਗਿੱਲ ਨੇ ਭਾਗ ਲਿਆ। ਉਨ੍ਹਾਂ ਤੋਂ ਇਲਾਵਾ ਇਨ੍ਹਾਂ ਪ੍ਰੋਗਰਾਮਾਂ ਵਿੱਚ ਵਿਸ਼ੇਸ਼ ਸਹਿਯੋਗ ਲਈ ਹਰਚਰਨ ਪ੍ਰਹਾਰ ਅਤੇ ਸੁਖਵੀਰ ਗਰੇਵਾਲ ਵੀ ਸ਼ਾਮਿਲ ਹੋਏ।

HOMELIFE
HIGHER STANDARDS
HomeLife SilverCity Realty Inc.
Brokerage Independently Owned & Operated
Harbans Singh
Sales Representative & Insurance Advisor
Mob. 416-817-7142
905-913-8500
Fax: 415-213-9010
dharbans@hotmail.com
Commitment to Excellent Service
- Life Insurance
- Disability Insurance
- Critical Illness Insurance
- Super Visa Insurance
- Health & Dental Plans
- Mortgage Insurance
- Visitor Insurance
- Segregated Funds
- RRSP & TFSA
- RESP
Punjab Insurance Inc.
10 - 7003 Steeles Avenue, West, Toronto, ON M9W 0A2
11775 Bramalea Rd., Unit #201, Brampton L7R3S7

EXPERIOR FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES FREE QUOTE Call Protect your family
Call: 416.209.6363
Hardeep Atwal
Sr. Insurance Advisor

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

SimpleX MECHANICAL LTD
We make customers not sales
HVAC • REFRIGERATION
SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER
Townhouse Project Residential Commercial
10 Year Labor Warranty
We Finance Too
York Authorized Dealer YORK
WE DO INSTALL & SERVICE ALL MAJOR BRANDS
Ritesh Vashisht
604.657.9420
Email: simplexmechanical@hotmail.com
www.hvacsurreybc.ca

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
• Pre-Engineered Roof and Floor Trusses
• Metal Web Floor Trusses
• Custom Heavy Timber Trusses and Timber Framing Kits
• Curved Roof and Ceiling Trusses
• Curved Timber and Laminated Joists
• Curved Fascias and Trims
• Pre-Fab Barreled and Double Barreled Vaulted Ceilings
• Pre-Fab Dome and Elliptical Ceilings
• Structural Engineering and Inspection Services (BC, Alberta & Saskatchewan)
10230-120 Street Surrey, BC, V3V 4G1 (604) 580-3275
www.westcoasttruss.ca | info@westcoasttruss.ca (778) 896-7194

A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS

# ਬਿਨਾਂ ਵਿਚਾਰ ਦੇ ਕ੍ਰਾਂਤੀ ਉਵੇਂ ਹੀ ਹੁੰਦੀ ਹੈ ਜਿਵੇਂ ਬਿਨਾਂ ਨਕਸ਼ੇ ਦੇ ਸ਼ਹਿਰ ਵਸਾਉਣਾ



ਕੁਲਦੀਪ ਕੌਰ

ਫ਼ਰਾਂਸ ਦੀ ਕ੍ਰਾਂਤੀ ਨੂੰ ਹੀ ਦੇਖ ਲਓ। ਜਨਤਾ ਰਾਜਿਆਂ ਅਤੇ ਪਾਦਰੀਆਂ ਦੇ ਜ਼ੁਲਮਾਂ ਤੋਂ ਤੰਗ ਸੀ। ਲੋਕ ਆਜ਼ਾਦੀ, ਬਰਾਬਰੀ, ਭਾਈਚਾਰੇ ਦੇ ਨਾਅਰੇ ਲਗਾ ਰਹੇ ਸਨ। ਪਰ ਜਿਵੇਂ ਹੀ ਪੁਰਾਣੀ ਸੱਤਾ ਟੁੱਟੀ, ਅੰਦਰੋਂ ਕਈ ਦਿਸ਼ਾਵਾਂ ਨਿਕਲ ਪਈਆਂ। ਕੋਈ ਸੰਵਿਧਾਨਕ ਰਾਜਸ਼ਾਹੀ ਚਾਹੁੰਦਾ ਸੀ, ਕੋਈ ਗਣਤੰਤਰ, ਕੋਈ ਸਿਰਫ਼ ਸੱਤਾ ਬਦਲਣੀ ਚਾਹੁੰਦਾ ਸੀ। ਨਤੀਜਾ ਇਹ ਹੋਇਆ ਕਿ ਕ੍ਰਾਂਤੀ ਹੌਲੀ-ਹੌਲੀ ਦਹਿਸ਼ਤ ਦੇ ਦੌਰ ਵਿੱਚ ਬਦਲ ਗਈ। ਹਜ਼ਾਰਾਂ ਲੋਕਾਂ ਦੇ ਸਿਰ ਗਿਲੋਟਿਨ (ਸਿਰ ਕਲਮ ਕਰਨ ਵਾਲੀ ਮਸ਼ੀਨ) 'ਤੇ ਕੱਟੇ ਗਏ। ਅਖੀਰ ਵਿੱਚ ਨੈਪੋਲੀਅਨ ਆਇਆ ਅਤੇ ਫਿਰ ਤੋਂ ਇੱਕ ਕਿਸਮ ਦੀ ਤਾਨਾਸ਼ਾਹੀ ਸਥਾਪਤ ਹੋ ਗਈ। ਜਨਤਾ ਨੇ ਰਾਜਾ ਤਾਂ ਹਟਾ ਦਿੱਤਾ ਸੀ, ਪਰ ਵਿਚਾਰ ਦੀ ਸਪੱਸ਼ਟਤਾ ਦੀ ਘਾਟ ਕਾਰਨ ਸੱਤਾ ਫਿਰ ਇੱਕ ਵਿਅਕਤੀ ਦੇ ਹੱਥਾਂ ਵਿੱਚ ਸਿਮਟ ਗਈ।

ਅਰਬ ਸਪ੍ਰਿੰਗ (Arab Spring) ਵੱਲ ਦੇਖੋ। ਟਿਊਨੀਸ਼ੀਆ ਤੋਂ ਲੈ ਕੇ ਮਿਸਰ ਤੱਕ ਲੋਕ ਸੜਕਾਂ 'ਤੇ ਉਤਰੇ। ਸੋਸ਼ਲ ਮੀਡੀਆ 'ਤੇ ਪੂਰੀ ਦੁਨੀਆ ਨੇ ਇਸ ਨੂੰ ਜਨਤਾ ਦੀ ਕ੍ਰਾਂਤੀ ਕਿਹਾ। ਤਾਨਾਸ਼ਾਹ ਡਿੱਗੇ ਵੀ। ਪਰ ਉਸ ਤੋਂ ਬਾਅਦ ਕੀ? ਬਹੁਤੀਆਂ ਥਾਵਾਂ 'ਤੇ ਜਾਂ ਤਾਂ ਫ਼ੌਜ ਵਾਪਸ ਆ ਗਈ, ਜਾਂ ਅਰਾਜਕਤਾ ਫੈਲ ਗਈ, ਜਾਂ ਧਾਰਮਿਕ ਕੱਟੜਤਾ ਮਜ਼ਬੂਤ ਹੋ ਗਈ। ਕਿਉਂਕਿ ਲੋਕਾਂ ਵਿੱਚ ਅਸੰਤੋਸ਼ ਤਾਂ ਸਾਂਝਾ ਸੀ, ਪਰ ਭਵਿੱਖ ਦੀ ਦਿਸ਼ਾ ਨੂੰ ਲੈ ਕੇ ਕੋਈ ਸਮੂਹਿਕ ਸਮਝ ਨਹੀਂ ਸੀ। ਕੇਵਲ 'ਹਟਾਓ' ਕੋਈ ਪ੍ਰੋਗਰਾਮ ਨਹੀਂ ਹੁੰਦਾ। 'ਬਣਾਓਣਾ ਕੀ?' ਇਹ ਜ਼ਿਆਦਾ ਔਖਾ ਸਵਾਲ ਹੈ।



ਇਤਿਹਾਸ ਵਿੱਚ ਕਈ ਵਾਰ ਜਨਤਾ ਨੇ ਆਪਣੇ ਸ਼ੋਸ਼ਕਾਂ ਖ਼ਿਲਾਫ਼ ਬਗਾਵਤ ਕੀਤੀ, ਪਰ ਉਹੀ ਪੁਰਾਣੇ ਢਾਂਚੇ ਨਵੇਂ ਚਿਹਰਿਆਂ ਨਾਲ ਵਾਪਸ ਆ ਗਏ। ਕਾਰਨ ਇਹ ਹੈ ਕਿ ਸਮਾਜ ਸਬੰਧਾਂ ਨਾਲ ਚੱਲਦਾ ਹੈ। ਜੇਕਰ ਉਨ੍ਹਾਂ ਸਬੰਧਾਂ ਨੂੰ ਸਮਝੇ ਬਿਨਾਂ ਕੇਵਲ ਸੱਤਾ 'ਤੇ ਹਮਲਾ ਕੀਤਾ ਜਾਵੇ, ਤਾਂ ਪੁਰਾਣੀ ਬੀਮਾਰੀ ਨਵੇਂ ਕੱਪੜਿਆਂ ਵਿੱਚ ਪਰਤ ਆਉਂਦੀ ਹੈ। ਇਹੀ ਕਾਰਨ ਹੈ ਕਿ ਹਰ ਵੱਡੀ ਵਿਵਸਥਾ ਆਪਣੇ ਵਿਚਾਰ ਪੈਦਾ ਕਰਦੀ ਹੈ। ਸਾਮੰਤਵਾਦ ਨੇ ਧਰਮ ਅਤੇ ਰਾਜਸੱਤਾ ਦੀ ਪਵਿੱਤਰਤਾ ਦਾ ਵਿਚਾਰ ਪੈਦਾ ਕੀਤਾ। ਪੂੰਜੀਵਾਦੀ ਸਮਾਜ ਨੇ ਨਿੱਜੀ ਸਫ਼ਲਤਾ ਅਤੇ ਮੁਕਾਬਲੇਬਾਜ਼ੀ ਨੂੰ ਨੈਤਿਕ ਆਦਰਸ਼ ਬਣਾ ਦਿੱਤਾ। ਕੋਈ ਵੀ ਵਿਵਸਥਾ ਕੇਵਲ ਪੁਲਿਸ ਜਾਂ ਫ਼ੌਜ ਨਾਲ ਨਹੀਂ ਚੱਲਦੀ। ਉਹ ਲੋਕਾਂ ਦੇ ਦਿਮਾਗਾਂ ਵਿੱਚ ਵੀ ਘਰ ਬਣਾਉਂਦੀ ਹੈ। ਇਸ ਲਈ ਉਸ ਵਿਰੁੱਧ ਸੰਘਰਸ਼ ਵੀ ਕੇਵਲ ਭਾਵਨਾਤਮਕ ਨਹੀਂ ਹੋ ਸਕਦਾ।

ਅੱਜ ਵੀ ਬਹੁਤ ਸਾਰੇ ਲੋਕ ਮੰਨਦੇ ਹਨ ਕਿ ਕ੍ਰਾਂਤੀ ਸਿਰਫ਼ ਇਮਾਨਦਾਰ ਆਗੂਆਂ ਨਾਲ ਆ ਜਾਵੇਗੀ। ਇਤਿਹਾਸ ਦੀ ਸਮਝ ਦੱਸਦੀ ਹੈ ਕਿ ਚੰਗੇ ਲੋਕ ਵੀ ਖ਼ਰਾਬ ਢਾਂਚੇ ਵਿੱਚ ਜਾ ਕੇ ਉਸੇ ਢਾਂਚੇ ਦਾ ਹਿੱਸਾ ਬਣ ਜਾਂਦੇ ਹਨ। ਇੱਕ ਵਿਅਕਤੀ ਨੂੰ ਬਦਲਣ ਨਾਲ ਸਮਾਜ ਨਹੀਂ ਬਦਲਦਾ। ਭਗਤ ਸਿੰਘ ਨੇ ਜੇਲ੍ਹ ਵਿੱਚ ਬੈਠ ਕੇ ਲਗਾਤਾਰ ਪੜ੍ਹਾਈ ਕੀਤੀ। ਉਨ੍ਹਾਂ ਨੇ ਕੇਵਲ ਅੰਗਰੇਜ਼ਾਂ ਨਾਲ ਨਫ਼ਰਤ ਨਹੀਂ ਕੀਤੀ, ਸਗੋਂ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਸ਼ੋਸ਼ਣ ਪੈਦਾ ਕਿਵੇਂ ਹੁੰਦਾ ਹੈ। ਇਸੇ ਕਰਕੇ ਉਹ ਬੰਬ ਅਤੇ ਪਿਸਤੌਲ ਨੂੰ ਆਖਰੀ ਰਸਤਾ ਨਹੀਂ ਮੰਨਦੇ ਸਨ। ਉਨ੍ਹਾਂ ਨੇ ਸਾਫ਼ ਲਿਖਿਆ ਕਿ ਕ੍ਰਾਂਤੀ ਦਾ ਅਰਥ ਕੇਵਲ ਸੱਤਾ ਤਬਦੀਲੀ ਨਹੀਂ, ਸਗੋਂ ਸਮਾਜ ਦੇ ਬੁਨਿਆਦੀ ਢਾਂਚੇ ਵਿੱਚ ਤਬਦੀਲੀ ਹੈ।


ਬਿਨਾਂ ਵਿਚਾਰ ਦੇ ਕ੍ਰਾਂਤੀ ਉਵੇਂ ਹੀ ਹੁੰਦੀ ਹੈ ਜਿਵੇਂ ਬਿਨਾਂ ਨਕਸ਼ੇ ਦੇ ਸ਼ਹਿਰ ਵਸਾਉਣਾ। ਸ਼ੁਰੂਆਤ ਵਿੱਚ ਬਹੁਤ ਉਤਸ਼ਾਹ ਹੁੰਦਾ ਹੈ, ਲੋਕ ਦੀਵਾਰਾਂ ਡੇਗਦੇ ਹਨ, ਨਾਅਰੇ ਲਗਾਉਂਦੇ ਹਨ, ਝੰਡੇ ਚੁੱਕਦੇ ਹਨ। ਪਰ ਹੌਲੀ-ਹੌਲੀ ਰਸਤੇ ਆਪਸ ਵਿੱਚ ਟਕਰਾਉਣ ਲੱਗਦੇ ਹਨ, ਭੀੜ ਦਿਸ਼ਾਹੀਣ ਹੋ ਜਾਂਦੀ ਹੈ ਅਤੇ ਅਖੀਰ ਵਿੱਚ ਕੋਈ ਨਵਾਂ ਮਾਲਕ ਆ ਕੇ ਵਿਵਸਥਾ ਸੰਭਾਲ ਲੈਂਦਾ ਹੈ। ਉਦੋਂ ਜਨਤਾ ਨੂੰ ਲੱਗਦਾ ਹੈ ਕਿ ਕ੍ਰਾਂਤੀ ਧੋਖਾ ਸੀ, ਜਦਕਿ ਅਸਲ ਵਿੱਚ ਧੋਖਾ ਕ੍ਰਾਂਤੀ ਨਹੀਂ, ਉਸ ਦਾ ਵਿਚਾਰਧਾਰਕ ਖਾਲੀਪਣ ਸੀ।

ਸਮਾਜ ਵਿੱਚ ਸਮੇਂ-ਸਮੇਂ 'ਤੇ ਕੁਝ ਅਜਿਹੇ ਅੰਦੋਲਨ ਪੈਦਾ ਹੁੰਦੇ ਹਨ ਜੋ ਖ਼ੁਦ ਨੂੰ ਨਵੀਂ ਰਾਜਨੀਤੀ, ਸਾਫ਼-ਸੁਥਰੀ ਰਾਜਨੀਤੀ ਜਾਂ ਜਨਤਾ ਦੀ ਆਖਰੀ ਉਮੀਦ ਦੱਸ ਕੇ ਸਾਹਮਣੇ ਆਉਂਦੇ ਹਨ। ਸ਼ੁਰੂਆਤ ਵਿੱਚ ਉਹ ਵਿਵਸਥਾ-ਵਿਰੋਧੀ ਦਿਖਾਈ ਦਿੰਦੇ ਹਨ, ਪਰ ਹੌਲੀ-ਹੌਲੀ ਉਨ੍ਹਾਂ ਦਾ ਪੂਰਾ ਬਿਰਤਾਂਤ ਕੁਝ ਚਿਹਰਿਆਂ, ਕੁਝ ਨਾਅਰਿਆਂ ਅਤੇ ਨੈਤਿਕਤਾ ਦੇ ਸਤਹੀ ਪ੍ਰਦਰਸ਼ਨ ਤੱਕ ਸੀਮਤ ਹੋ ਜਾਂਦਾ ਹੈ। ਉਹ ਜਨਤਾ ਨੂੰ ਇਹ ਵਿਸ਼ਵਾਸ ਦਿਵਾਉਂਦੇ ਹਨ ਕਿ ਸਮੱਸਿਆ ਵਿਵਸਥਾ ਦੀ ਨਹੀਂ, ਕੇਵਲ ਕੁਝ ਭ੍ਰਿਸ਼ਟ ਵਿਅਕਤੀਆਂ ਦੀ ਹੈ। ਇਸ ਲਈ ਜਿਵੇਂ ਹੀ ਨਵੇਂ ਚਿਹਰੇ ਆਉਂਦੇ ਹਨ, ਜਨਤਾ ਭਾਵੁਕ ਹੋ ਕੇ ਉਨ੍ਹਾਂ ਨੂੰ ਮਸੀਹਾ ਮੰਨ ਲੈਂਦੀ ਹੈ। ਪਰ ਜਦੋਂ ਉਹੀ ਲੋਕ ਸੱਤਾ, ਪ੍ਰਚਾਰ ਅਤੇ ਸਮਝੌਤਿਆਂ ਦੇ ਉਸੇ ਪੁਰਾਣੇ ਖੇਡ ਦਾ ਹਿੱਸਾ ਬਣ ਜਾਂਦੇ ਹਨ, ਉਦੋਂ ਜਨਤਾ ਮਾਨਸਿਕ ਤੌਰ 'ਤੇ ਟੁੱਟ ਜਾਂਦੀ ਹੈ। ਉਸ ਨੂੰ ਲੱਗਣ ਲੱਗਦਾ ਹੈ ਕਿ ਬਦਲਾਅ ਅਸੰਭਵ ਹੈ।

ਸਭ ਤੋਂ ਖ਼ਤਰਨਾਕ ਗੱਲ ਇਹ ਹੈ ਕਿ ਅਜਿਹੇ ਅੰਦੋਲਨ ਵਿਵਸਥਾ ਪ੍ਰਤੀ ਡੂੰਘੇ ਸਵਾਲ ਉਠਾਉਣ ਦੀ ਬਜਾਏ ਜਨਤਾ ਦੀ ਊਰਜਾ ਨੂੰ ਆਰਜ਼ੀ (ਪਲਾਂ ਦੇ) ਉਤਸ਼ਾਹ ਵਿੱਚ ਖ਼ਰਚ ਕਰ ਦਿੰਦੇ ਹਨ। ਉਹ ਲੋਕਾਂ ਨੂੰ ਅਧਿਐਨ, ਸੰਗਠਨ ਅਤੇ ਲੰਮੇ ਸਮੇਂ ਦੀ ਸਮਾਜਿਕ ਸਮਝ ਦੀ ਦਿਸ਼ਾ ਵੱਲ ਨਹੀਂ ਲੈ ਕੇ ਜਾਂਦੇ, ਸਗੋਂ ਕੈਮਰਿਆਂ, ਨਾਅਰਿਆਂ ਅਤੇ ਨੈਤਿਕ ਗੁੱਸੇ ਦੀ ਤਤਕਾਲੀ ਰਾਜਨੀਤੀ ਵਿੱਚ ਉਲਝਾ ਦਿੰਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਜਦੋਂ ਉਹ ਬੁਲਬੁਲਾ ਫੁੱਟਦਾ ਹੈ, ਤਾਂ ਅਸਲੀ ਬਦਲਾਅ ਦੀ ਗੱਲ ਕਰਨ ਵਾਲਿਆਂ 'ਤੇ ਵੀ ਜਨਤਾ ਭਰੋਸਾ ਖੋਣ ਲੱਗਦੀ ਹੈ। ਵਿਵਸਥਾ ਲਈ ਇਸ ਤੋਂ ਬਿਹਤਰ ਕੀ ਹੋਵੇਗਾ ਕਿ ਹਰ ਕੁਝ ਸਾਲਾਂ ਬਾਅਦ ਇੱਕ ਨਵਾਂ ਉਧਾਰਕ (ਮਸੀਹਾ) ਆਵੇ, ਜਨਤਾ ਨੂੰ ਸੁਪਨੇ ਦਿਖਾਵੇ, ਫਿਰ ਉਸੇ ਵਿਵਸਥਾ ਵਿੱਚ ਸਮਾ ਜਾਵੇ, ਅਤੇ ਪਿੱਛੇ ਛੱਡ ਜਾਵੇ ਨਿਰਾਸ਼ਾ, ਮਜ਼ਾਕ ਅਤੇ ਰਾਜਨੀਤਿਕ ਥਕਾਵਟ।

ਹੱਲ ਕਿਸੇ ਨਵੇਂ ਚਿਹਰੇ ਦੀ ਭਾਲ ਵਿੱਚ ਨਹੀਂ, ਜਨਤਾ ਦੀ ਰਾਜਨੀਤਿਕ ਅਤੇ ਸਮਾਜਿਕ ਸਮਝ ਨੂੰ ਡੂੰਘਾ ਕਰਨ ਵਿੱਚ ਹੈ। ਜਿੰਨਾ ਚਿਰ ਲੋਕ ਨਾਅਰਿਆਂ, ਵਾਇਰਲ ਵੀਡੀਓਜ਼, ਭਾਵੁਕ ਭਾਸ਼ਣਾਂ ਅਤੇ ਇਮਾਨਦਾਰ ਅਕਸ ਦੇ ਅਧਾਰ 'ਤੇ ਹੀ ਰਾਜਨੀਤੀ ਨੂੰ ਸਮਝਣਗੇ, ਉਦੋਂ ਤੱਕ ਉਹ ਵਾਰ-ਵਾਰ ਠਗੇ ਜਾਣਗੇ। ਸਮਾਜ ਨੂੰ ਅਜਿਹੇ ਨਾਗਰਿਕ ਚਾਹੀਦੇ ਹਨ ਜੋ ਇਹ ਪੁੱਛਣ ਕਿ ਕਿਸੇ ਅੰਦੋਲਨ ਦਾ ਆਰਥਿਕ ਦ੍ਰਿਸ਼ਟੀਕੋਣ ਕੀ ਹੈ, ਉਹ ਸਿੱਖਿਆ, ਸਿਹਤ, ਲੇਬਰ, ਉਦਯੋਗ ਅਤੇ ਸਾਧਨਾਂ ਦੀ ਵੰਡ ਬਾਰੇ ਕੀ ਸੋਚਦਾ ਹੈ। ਕੇਵਲ ਭ੍ਰਿਸ਼ਟਾਚਾਰ ਦਾ ਵਿਰੋਧ ਕਾਫ਼ੀ ਨਹੀਂ ਹੈ, ਕਿਉਂਕਿ ਭ੍ਰਿਸ਼ਟਾਚਾਰ ਵੱਡੇ ਢਾਂਚੇ ਦਾ ਸਿਰਫ਼ ਇੱਕ ਲੱਛਣ ਹੈ, ਆਪਣੇ ਆਪ ਵਿੱਚ ਬੀਮਾਰੀ ਨਹੀਂ।

ਜਿਹੜੇ ਅੰਦੋਲਨ ਜਨਤਾ ਨੂੰ ਸਿਰਫ਼ ਗੁੱਸਾ ਦਿੰਦੇ ਹਨ, ਉਹ ਜਲਦੀ ਹੀ ਬੁੱਝ ਜਾਂਦੇ ਹਨ। ਜਿਹੜੇ ਅੰਦੋਲਨ ਜਨਤਾ ਨੂੰ ਸਮਝ ਦਿੰਦੇ ਹਨ, ਉਹ ਲੰਮੇ ਸਮੇਂ ਤੱਕ ਟਿਕੇ ਰਹਿੰਦੇ ਹਨ। ਇਸ ਲਈ ਲੋੜ ਕਿਸੇ ਮਸੀਹਾ ਦੀ ਨਹੀਂ, ਸਗੋਂ ਇੱਕ ਅਜਿਹੇ ਜਾਗਰੂਕ ਸਮਾਜ ਦੀ ਹੈ ਜੋ ਹਰ ਨਵੇਂ ਚਿਹਰੇ ਤੋਂ ਮੋਹਿਤ ਹੋਣ ਦੀ ਬਜਾਏ ਹਰ ਦਾਅਵੇ ਨੂੰ ਇਤਿਹਾਸ, ਤਰਕ ਅਤੇ ਹਕੀਕਤ ਦੀ ਕਸੌਟੀ 'ਤੇ ਪਰਖੇ।

ਜਥੇਬੰਦਕ ਧਰਮਾਂ ਦਾ ਮਾਇਆ ਜਾਲ

ਲੜੀ ਨੰ. 30

# ਝੂਠੇ ਤੇ ਫੋਕੇ ਦਾਅਵਿਆਂ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ 10-15 ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿੱਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿੱਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜ੍ਹੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤਾਂ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜ੍ਹਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਨਕਲੀ ਧਰਮ ਦੇ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਅਸਲੀ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਾਮਾਤਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਤੇ ਅਸਲੀ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਬੇਹੋਸ਼ੀ ਤੋਂ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ, ਧਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁੱਝ ਧਰਮ ਦਾ ਅੰਸ਼ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ, ਧਰਮ ਦਾ ਰਾਜ ਸਥਾਪਿਤ ਕਰਨ ਅਤੇ ਧਰਮ ਨੂੰ ਖਤਰੇ ਦੇ ਨਾਂ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਅੱਜ ਵੀ ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਵਿੱਚ ਧਰਮ ਅਧਾਰਿਤ ਹਥਿਆਰਬੰਦ ਸੰਗਠਨ ਧਰਮ ਨੂੰ ਖਤਰਾ, ਧਰਮ ਦਾ ਰਾਜ ਜਾਂ ਧਰਮ ਦਾ ਪ੍ਰਸਾਰ ਦੇ ਨਾਮ ਹੇਠ ਮਾਨਵਤਾ ਦਾ ਖ਼ੂਨ ਵਹਾ ਰਹੇ ਹਨ। ਅੱਜ ਕਿਸੇ ਵੀ ਅਖੌਤੀ ਧਰਮ ਨੂੰ ਖਤਰਾ ਨਾਸਤਿਕਾਂ, ਸਾਇੰਸਦਾਨਾਂ, ਆਧੁਨਿਕਵਾਦੀਆਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਕਾਬਿਜ਼ ਇਸ ਤਿੱਕੜੀ ਤੋਂ ਹੈ। ਇਨ੍ਹਾਂ ਤੇ ਕਾਬਿਜ਼ ਕੱਟੜਪੰਥੀ ਤਾਕਤਾਂ ਤੋਂ ਹੈ, ਜੋ ਆਪਣੇ ਫਿਰਕੇ ਦੀਆਂ ਧਾਰਮਿਕ ਰਸਮਾਂ ਜਾਂ ਧਾਰਮਿਕ ਚਿੰਨ੍ਹਾਂ ਨੂੰ ਹੀ ਧਰਮ ਸਮਝਦੀਆਂ ਹਨ ਹੈ ਤੇ ਇਨ੍ਹਾਂ ਨੂੰ ਲੋਕਾਂ ਤੇ ਤਾਕਤ ਦੇ ਜ਼ੋਰ ਨਾਲ ਥੋਪਣਾ ਚਾਹੁੰਦੀਆਂ ਹਨ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਨਕਲੀ ਧਰਮਾਂ ਦੀ ਦੁਨੀਆਂ ਵੀ ਬੜੀ ਅਜੀਬ ਹੈ, ਬਾਹਰੋਂ ਪ੍ਰਚਾਰ ਤਾਂ ਅਜਿਹਾ ਕਰਦੇ ਹਨ ਕਿ ਉਨ੍ਹਾਂ ਦੇ ਧਰਮ ਦੀ ਬੁਨਿਆਦ ਸੱਚ ਤੇ ਅਧਾਰਿਤ ਹੈ ਤੇ ਧਰਮ ਸੱਚ ਦਾ ਮਾਰਗ ਹੁੰਦਾ ਹੈ। ਪਰ ਅਸਲੀਅਤ ਵਿੱਚ ਪੁਜਾਰੀਆਂ ਦੇ ਨਕਲੀ ਧਰਮਾਂ ਦਾ ਸਾਰਾ ਧੰਦਾ ਕੂੜ ਤੇ ਅਗਿਆਨਤਾ ਅਧਾਰਿਤ ਹੀ ਹੁੰਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਇਨ੍ਹਾਂ ਦੇ ਝੂਠੇ, ਫੋਕੇ ਤੇ ਗੱਪਾਂ ਅਧਾਰਿਤ ਨਕਲੀ ਧਰਮ ਦੀ ਗੱਲ ਕਰੀਏ, ਇਹ ਦੱਸਣਾ ਵੀ ਵਾਜ਼ਿਬ ਰਹੇਗਾ ਕਿ ਜਦੋਂ ਤੋਂ ਅਸੀਂ ਨਕਲੀ ਧਰਮਾਂ ਦੀ ਅਸਲੀਅਤ ਬਿਆਨਦੀ ਇਹ ਲੇਖ ਲੜੀ ਸ਼ੁਰੂ ਕੀਤੀ ਹੈ, ਉਦੋਂ ਤੋਂ ਇਨ੍ਹਾਂ ਪੁਜਾਰੀਆਂ ਨੂੰ ਘੱਟ ਤੇ ਇਨ੍ਹਾਂ ਦੇ ਅੰਧ-ਵਿਸ਼ਵਾਸ਼ੀ ਸ਼ਰਧਾਲੂਆਂ ਨੂੰ ਤਕਲੀਫ ਵੱਧ ਹੁੰਦੀ ਹੈ। ਤਕਰੀਬਨ 2 ਸਾਲ ਤੋਂ ਚੱਲ ਰਹੀ ਇਸ ਲੜੀ ਵਿੱਚ ਉਠਾਏ ਨੁਕਤਿਆਂ ਦਾ ਉਨ੍ਹਾਂ ਸਿੱਧੇ ਢੰਗ ਨਾਲ ਜਵਾਬ ਤਾਂ ਨਹੀਂ ਦਿੱਤਾ, ਪਰ ਅਸਿੱਧੇ ਢੰਗ ਨਾਲ ਆਪਣਾ ਪੁਰਾਣਾ ਮਾਰੂ ਹਥਿਆਰ ਵਰਤ ਰਹੇ ਹਨ ਕਿ ਲੇਖਕ ਨਾਸਤਿਕ ਹੈ, ਧਰਮ ਵਿਰੋਧੀ ਹੈ, ਰੱਬ ਨੂੰ ਨਹੀਂ ਮੰਨਦਾ, ਸ਼ਰਧਾਹੀਣ ਹੈ ਆਦਿ। ਅਜਿਹਾ ਵੀ ਸੁਣਨ ਵਿੱਚ ਆਇਆ ਹੈ ਕਿ ਇਹ ਤਾਂ ਧਰਮ ਦੀ ਹਰ ਮਾਣ ਮਰਿਯਾਦਾ ਤੇ ਹਮਲਾ ਕਰ ਰਿਹਾ ਹੈ। ਉਹ ਕੋਸ਼ਿਸ਼ ਕਰਦੇ ਹਨ ਕਿ ਸ਼ਰਧਾਲੂ ਇਨ੍ਹਾਂ ਲੇਖਾਂ ਨੂੰ ਪੜ੍ਹਨ ਹੀ ਨਾ ਕਿਉਂਕਿ ਉਨ੍ਹਾਂ ਨੂੰ ਆਪਣੇ ਝੂਠ ਦੇ ਮਹੱਲ ਨਕਲੀ ਧਰਮ ਤੇ ਕੋਈ ਭਰੋਸਾ ਨਹੀਂ, ਉਨ੍ਹਾਂ ਨੂੰ ਪਤਾ ਹੈ ਕਿ ਜੇ ਲੋਕ ਜਾਗਰੂਕ ਹੋ ਕੇ ਸਵਾਲ ਕਰਨ ਲੱਗ ਗਏ ਤਾਂ ਇਨ੍ਹਾਂ ਦੇ ਝੂਠ ਦਾ ਪਾਜ਼ ਖੁੱਲਦਿਆਂ ਦੇਰ ਨਹੀਂ ਲੱਗਣੀ। ਉਹ ਸਦੀਆਂ ਤੋਂ ਚੱਲ ਰਹੇ ਇਸ ਲੁੱਟ ਦੇ ਧੰਦੇ ਨੂੰ ਚਲਦਾ ਰੱਖਣ ਲਈ ਹਰ ਯਤਨ ਕਰ ਰਹੇ ਹਨ। ਅੱਜ ਦਾ ਪੁਜਾਰੀ ਆਪਣੀ ਲੜਾਈ ਸਿੱਧੀ ਆਪ ਲੜਨ ਦਿ ਥਾਂ ਸ਼ਰਧਾਲੂਆਂ ਦੇ ਮੋਢੇ ਰੱਖ ਕੇ ਚਲਾਉਣ ਵਿੱਚ ਮਾਹਿਰ ਹੈ। ਅਸੀਂ ਚਾਹੁੰਦੇ ਹਾਂ ਕਿ ਜੇ ਉਨ੍ਹਾਂ ਦੇ ਇਨ੍ਹਾਂ ਨਕਲੀ ਧਰਮਾਂ ਵਿੱਚ ਜ਼ਰਾ ਜਿੰਨੀ ਵੀ ਸਚਾਈ ਹੈ ਤਾਂ ਉਠਾਏ ਜਾ ਰਹੇ ਨੁਕਤਿਆਂ ਦਾ ਦਲੀਲ ਨਾਲ ਜਵਾਬ ਦੇਣ ਦੀ ਹਿੰਮਤ ਕਰਨ ਤਾਂ ਕਿ ਲੋਕਾਂ ਨੂੰ ਅਸਲੀਅਤ ਪਤਾ ਲੱਗ ਸਕੇ। ਬੇਸ਼ੱਕ ਅੱਜ ਦਾ ਪੜ੍ਹਿਆ ਲਿਖਿਆ ਤੇ ਸੂਝਵਾਨ ਵਰਗ ਇਨ੍ਹਾਂ ਦੀ ਚੁੰਗਲ ਵਿਚੋਂ ਨਿਕਲ ਰਿਹਾ ਹੈ, ਪਰ ਇਹ ਗਿਣਤੀ ਬਹੁਤ ਥੋੜੀ ਹੈ। ਧਰਮ ਦਾ ਡਰ ਤੇ ਧਰਮ ਵਲੋਂ ਦਿੱਤਾ ਲਾਲਚ ਮਨੁੱਖ ਨੂੰ ਪੁਜਾਰੀਆਂ ਦੇ ਫਾਹੀ ਜ਼ਾਲ ਵਿਚੋਂ ਨਿਕਲਣ ਨਹੀਂ ਦਿੰਦਾ। ਜਿਹੜੇ ਸੂਝਵਾਨ ਸੱਜਣ ਇਸ ਗੱਲ ਨੂੰ ਸਮਝ ਰਹੇ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਸਾਡੇ ਵਰਗੇ ਕੁੱਝ ਲੋਕਾਂ ਦੇ ਯਤਨਾਂ ਤੇ ਤਸੱਲੀ ਨਾ ਪ੍ਰਗਟ ਕਰਦੇ ਰਹਿਣ, ਆਪ ਵੀ ਯਤਨ ਕਰਨ। ਬੇਸ਼ੱਕ ਜਾਗਰੂਕ ਲੋਕਾਂ ਦੀ ਗਿਣਤੀ ਥੋੜ੍ਹੀ ਹੈ, ਪਰ ਇਨ੍ਹਾਂ ਦੇ ਨਕਲੀ ਧਰਮਾਂ ਦੇ ਮਾਇਆਜ਼ਾਲ ਵਿੱਚ ਫਸੇ ਲੋਕ ਵੀ ਬਹੁਤ ਦੁਖੀ ਹਨ, ਉਹ ਇਸ ਵਿਚੋਂ ਨਿਕਲਣਾ ਚਾਹੁੰਦੇ ਹਨ, ਪਰ ਪਰਿਵਾਰਾਂ ਜਾਂ ਸਮਾਜ ਦੇ ਦਬਾਅ ਅਧੀਨ ਆਪਣਾ ਫੈਸਲਾ ਆਪ ਕਰਨ ਦੇ ਸਮਰੱਥ ਨਹੀਂ, ਇਸ ਲਈ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਨੂੰ ਫੈਸਲਾ ਕਰਨ ਵਿੱਚ ਮੱਦਦਗਾਰ ਬਣੀਏ। ਜਿਸ ਤਰ੍ਹਾਂ ਇੱਕ ਜਗਦਾ ਦੀਵਾ ਅਨੇਕਾਂ ਹੋਰ ਦੀਵੇ ਜਗਾ ਸਕਦਾ ਹੈ, ਉਸੇ ਤਰ੍ਹਾਂ ਸਾਨੂੰ ਵੀ ਆਪਣਾ ਫਰਜ਼ ਪਛਾਣ ਕੇ ਗਿਆਨ ਦੀ ਟੌਰਚ ਅੱਗੇ ਤੋਂ ਅੱਗੇ ਤੋਰਨ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਜੇ ਬਹੁਤਾ ਕੁੱਝ ਨਹੀਂ ਕਰ ਸਕਦੇ ਤਾਂ ਇਹ ਲੇਖ ਲੜੀ ਵੱਧ ਤੋਂ ਵੱਧ ਲੋਕਾਂ ਨੂੰ ਪੜ੍ਹਨ ਲਈ ਦੇ ਸਕਦੇ ਹੋ। ਗੱਲ ਅੱਗੇ ਤੋਰਨ ਤੋਂ ਪਹਿਲਾਂ ਇੱਕ ਵਾਰ ਫਿਰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਨਕਲੀ ਧਰਮਾਂ ਦਾ ਸਦੀਆਂ ਪੁਰਾਣਾ ਧਰਮ ਅਧਾਰਿਤ ਧੰਦਾ ਸਿਰਫ ਤੇ ਸਿਰਫ ਡਰ, ਲਾਲਚ ਤੇ ਅਗਿਆਨਤਾ ਨਾਲ ਹੀ ਚੱਲ ਰਿਹਾ ਹੈ। ਜੇ ਅਸੀਂ ਆਪਣੇ ਮਨ ਵਿਚੋਂ ਸਾਰੇ ਤਰ੍ਹਾਂ ਡਰ ਕੱਢ ਕੇ, ਧਰਮ ਦੇ ਨਕਲੀ ਦਾਅਵਿਆਂ ਤੋਂ ਆਸ ਛੱਡ ਕੇ, ਗਿਆਨ ਦੇ ਮਾਰਗ ਦੇ ਪਾਂਧੀ ਬਣ ਜਾਈਏ ਤਾਂ ਸਾਡੀ ਕੋਈ ਲੁੱਟ ਨਹੀਂ ਕਰ ਸਕਦਾ ਤੇ ਅਸੀਂ ਅਸਲੀ ਧਰਮੀ ਬਣਨ ਵੱਲ ਤੁਰ ਸਕਦੇ ਹਾਂ।

ਜਦੋਂ ਅਸੀਂ ਆਪਣੇ ਬ੍ਰਹਿਮੰਡ ਬਾਰੇ ਦੇਖਦੇ ਹਾਂ ਤੇ ਸਾਇੰਸਦਾਨਾਂ ਦੀਆਂ ਖੋਜਾਂ ਰਾਹੀਂ ਪ੍ਰਾਪਤ ਹੋਏ ਨਤੀਜਿਆਂ ਦੀ ਜਾਣਕਾਰੀ ਹਾਸਿਲ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਹ ਬ੍ਰਹਿਮੰਡ ਬੜਾ ਵਿਸ਼ਾਲ ਤੇ ਅਸੀਮ ਹੈ। ਇਸਦਾ ਅੰਤ ਪਾਉਣਾ ਸ਼ਾਇਦ ਮਨੁੱਖ ਦੇ ਵੱਸ ਵਿੱਚ ਨਹੀਂ। ਪਰ ਸੂਝਵਾਨ ਤੇ ਖੋਜੀ ਬਿਰਤੀ ਦੇ ਮਨੁੱਖ ਸਦੀਆਂ ਤੋਂ ਆਪਣੀ ਸਮਰੱਥਾ ਅਨੁਸਾਰ ਇਸਦੀ ਨਿਰੰਤਰ ਖੋਜ ਕਰ ਰਹੇ ਹਨ। ਉਨ੍ਹਾਂ ਦੀ ਹਜ਼ਾਰਾਂ ਸਾਲਾਂ ਦੀ ਖੋਜੀ ਬਿਰਤੀ ਤੇ ਮਿਹਨਤ ਦਾ ਹੀ ਨਤੀਜਾ ਹੈ ਕਿ ਮਨੁੱਖ ਨੂੰ ਇਸ ਸ੍ਰਿਸ਼ਟੀ ਬਾਰੇ ਜਾਣਕਾਰੀ ਮਿਲ ਸਕੀ ਹੈ। ਮਨੁੱਖ ਦੀਆਂ ਖੋਜਾਂ ਨੇ ਇਹ ਵੀ ਸਾਬਿਤ ਕੀਤਾ ਹੈ ਕਿ ਇਸ ਬ੍ਰਹਿਮੰਡ ਇੱਕ ਬੱਝਵੇਂ ਨਿਯਮ ਵਿੱਚ ਨਿਰੰਤਰ ਚੱਲ ਰਿਹਾ ਹੈ। ਇਨ੍ਹਾਂ ਬੱਝਵੇਂ ਨਿਯਮਾਂ (ਕੁਦਰਤ ਦੇ ਨਿਯਮਾਂ) ਨੂੰ ਬੇਸ਼ੱਕ ਬਦਲਿਆ ਤੇ ਨਹੀਂ ਜਾ ਸਕਦਾ, ਪਰ ਇਨ੍ਹਾਂ ਨੂੰ ਸਮਝ ਕੇ ਮਨੁੱਖਤਾ ਦਾ ਭਲਾ ਜ਼ਰੂਰ ਕੀਤਾ ਜਾ ਸਕਦਾ ਹੈ। ਇਨ੍ਹਾਂ ਨਿਯਮਾਂ ਨੂੰ ਸਮਝ ਕੇ ਹੀ ਮਨੁੱਖ ਨੇ ਹੁਣ ਤੱਕ ਤਰੱਕੀ ਦੀਆਂ ਪੁਲਾਂਘਾਂ ਪੁੱਟੀਆਂ ਹਨ ਤੇ ਆਪਣੇ ਇਸ ਧਰਤੀ ਰੂਪੀ ਗ੍ਰਹਿ 'ਚੋਂ ਨਿਕਲ ਕੇ ਹੋਰ ਗ੍ਰਿਹਾਂ ਤੱਕ ਜਾਣ ਦੀ ਤੇ ਉਨ੍ਹਾਂ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਹੈ। ਇਹ ਸਭ ਕੁਦਰਤ ਵਲੋਂ ਮਿਲੇ ਦਿਮਾਗ ਨੂੰ ਵਰਤਣ ਨਾਲ ਹੀ ਸੰਭਵ ਹੋਇਆ, ਨਾ ਕਿ ਇਨ੍ਹਾਂ ਨਿਯਮਾਂ ਦੇ ਪੂਜਾ ਪਾਠ ਕਰਨ ਨਾਲ ਜਾਂ ਨਿਯਮਾਂ ਦਾ ਜਾਪ ਕਰਨ ਨਾਲ। ਜਿਉਂ ਜਿਉਂ ਮਨੁੱਖ ਕੁਦਰਤ ਦੇ ਭੇਦਾਂ ਨੂੰ ਖੋਲਦਾ ਜਾ ਰਿਹਾ ਹੈ, ਨਵੇਂ-ਨਵੇਂ ਰਹੱਸ ਸਾਹਮਣੇ ਆ ਰਹੇ ਹਨ। ਜੋ ਕੁੱਝ ਅੱਜ ਦੇ ਮਨੁੱਖ ਨੇ ਪ੍ਰਾਪਤ ਕਰ ਲਿਆ ਹੈ, ਸ਼ਾਇਦ ਹਜ਼ਾਰਾਂ ਨਹੀਂ, ਸੈਂਕੜੇ ਸਾਲ ਪਹਿਲਾਂ ਦੇ ਮਨੁੱਖ ਨੇ ਕਦੇ ਸੋਚਿਆ ਵੀ ਨਾ ਹੋਵੇ। ਪਰ ਜੇ ਇਹ ਸਭ ਸੰਭਵ ਹੋਇਆ ਹੈ ਤਾਂ ਸਭ ਖੋਜੀ ਸਾਇੰਸਦਾਨਾਂ ਦੀ ਲਗਨ, ਮਿਹਨਤ ਤੇ ਇਮਾਨਦਾਰੀ ਨਾਲ ਹੀ ਸੰਭਵ ਹੋ ਸਕਿਆ ਹੈ। ਜੇ ਬਹੁਤ ਸਾਰੇ ਸਾਇੰਸਦਾਨਾਂ ਦੀ ਜੀਵਨੀ ਪੜ੍ਹ ਕੇ ਦੇਖੋ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਮਨੁੱਖਤਾ ਦੀ ਭਲਾਈ ਲਈ ਖੋਜ ਕਾਰਜਾਂ ਵਿੱਚ ਲਗਾ ਦਿੱਤੀ, ਜਿਨ੍ਹਾਂ ਦੀ ਬਦੌਲਤ ਅੱਜ ਦਾ ਮਨੁੱਖ ਅਨੇਕਾਂ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਮਾਣਦਾ ਹੈ। ਕਈ ਅਜਿਹੇ ਵੀ ਸਾਇੰਸਦਾਨ ਹੋਏ ਹਨ, ਜਿਹੜੇ ਸਾਰੀ ਉਮਰ ਕੁਦਰਤ ਨੂੰ ਜਾਨਣ, ਉਸਦੇ ਗੁੱਝੇ ਭੇਦਾਂ ਨੂੰ ਲੱਭਣ ਵਿੱਚ ਇਤਨੇ ਮਗਨ ਰਹੇ ਕਿ ਉਨ੍ਹਾਂ ਨੇ ਆਪ ਜ਼ਿੰਦਗੀ ਦੀਆਂ ਹੋਰ ਸੁੱਖ ਸਹੂਲਤਾਂ ਤੇ ਕੀ ਮਾਨਣੀਆਂ ਸੀ, ਸਗੋਂ ਵਿਆਹ ਵੀ ਨਹੀਂ ਕਰਵਾਏ ਤੇ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਤੁਸੀਂ ਵਿਆਹ ਕਿਉਂ ਨਹੀਂ ਕਰਵਾਇਆ ਤਾਂ ਇੱਕ ਸਾਇੰਸਦਾਨ ਨੇ ਬੜੀ ਮਾਸੂਮੀਅਤ ਨਾਲ ਕਿਹਾ ਕਿ ਉਹ ਆਪਣੀ ਖੋਜ ਵਿੱਚ ਇਤਨੇ ਬਿਜ਼ੀ ਰਹੇ ਕਿ ਵਿਆਹ ਦਾ ਚੇਤਾ ਹੀ ਨਹੀਂ ਰਿਹਾ। ਇਹ ਸਾਰਾ ਕੁੱਝ ਦੱਸਣ ਤੋਂ ਭਾਵ ਇਹ ਹੈ ਕਿ ਸਾਇੰਸਦਾਨਾਂ ਨੇ ਚੁੱਪ ਚਪੀਤੇ, ਬੜੀ ਲਗਨ ਤੇ ਬੜੀ ਨਿਮਰਤਾ ਨਾਲ ਸਾਦਾ ਜ਼ਿੰਦਗੀ ਗੁਜਾਰਦੇ ਹੋਏ ਬੇਸ਼ੱਕ ਅਨੇਕਾਂ ਵੱਡੇ ਵੱਡੇ ਕਾਰਨਾਮੇ ਕਰਕੇ ਦਿਖਾਏ, ਪਰ ਕਦੇ ਝੂਠਾ ਜਾਂ ਫੋਕਾ ਦਾਅਵਾ ਨਹੀਂ ਕੀਤਾ। ਉਨ੍ਹਾਂ ਨੇ ਜੇ ਕੋਈ ਦਾਅਵਾ ਕੀਤਾ ਵੀ ਤਾਂ ਉਸਦੀ ਪਰਖ ਲਈ ਫਾਰਮੂਲਾ ਵੀ ਤਿਆਰ ਕਰਕੇ ਦਿੱਤਾ ਤੇ ਉਹ ਫਾਰਮੂਲਾ ਉਨ੍ਹਾਂ ਕਿਸੇ ਤੋਂ ਲੁਕੋ ਕੇ ਨਹੀਂ ਰੱਖਿਆ ਕਿ ਪਹਿਲਾਂ ਮੇਰੀ ਪੂਜਾ ਕਰੋ, ਮੇਰੇ ਤੋਂ ਨਾਮ ਲਵੋ ਜਾਂ ਮੇਰਾ ਨਾਮ ਜਪੋ ਤੇ ਫਿਰ ਇਹ ਫਾਰਮੂਲਾ ਮਿਲੇਗਾ। ਨਾ ਹੀ ਕਦੇ ਕਿਸੇ ਸਾਇੰਸਦਾਨ ਨੇ ਅਜਿਹਾ ਹੀ ਕਿਹਾ ਕਿ ਮੇਰੇ ਫਾਰਮੂਲੇ ਸਿਰਫ ਕੁੱਝ ਖਾਸ ਕਿਸਮ ਦੇ ਪਹਿਰਾਵੇ ਵਾਲੇ ਜਾਂ ਖਾਸ ਤਰ੍ਹਾਂ ਦੇ ਚਿੰਨ੍ਹ ਧਾਰਨ ਕਰਨ ਵਾਲਿਆਂ ਜਾਂ ਕਿਸੇ ਖਾਸ ਫਿਰਕੇ ਲਈ ਹਨ, ਹਰ ਸਾਇੰਸਦਾਨ ਦੀ ਹਰ ਖੋਜ ਸਾਰੀ ਮਨੁੱਖਤਾ ਲਈ ਸੀ ਤੇ ਹੈ। ਜੇ ਕਿਸੇ ਸਾਇੰਸਦਾਨ ਨੇ ਕੋਈ ਖੋਜ ਕੀਤੀ ਤੇ ਉਸਤੇ ਵੀ ਕੋਈ ਦਾਅਵਾ ਨਹੀਂ ਕੀਤਾ ਕਿ ਮੇਰੀ ਖੋਜ ਆਖਰੀ ਖੋਜ ਹੈ, ਜੋ ਮੈਂ ਖੋਜ ਲਿਆ ਉਹ ਹੀ ਆਖਰੀ ਸੱਚ ਹੈ, ਹੁਣ ਮੇਰੇ ਬਣਾਏ ਫਾਰਮੂਲਿਆਂ ਦੇ ਤੁਸੀਂ ਸਿਰਫ ਪਾਠ ਕਰਨੇ ਹਨ, ਉਸਦਾ ਗ੍ਰੰਥ ਬਣਾ ਕੇ ਪੂਜਾ ਹੀ ਕਰਨੀ ਹੈ, ਉਸਦਾ ਮੰਤਰ ਬਣਾ ਕੇ ਜਾਪ ਹੀ ਕਰਨਾ ਹੈ, ਉਸਦਾ ਤਵੀਤ ਬਣਾ ਕੇ ਗਲ਼ ਵਿੱਚ ਪਾਉਣਾ ਹੈ ਜਾਂ ਮੇਰੀ ਮੂਰਤੀ ਬਣਾ ਕੇ ਪੂਜਾ ਕਰਨੀ ਹੈ ਆਦਿ। ਕਦੇ ਕਿਸੇ ਸਾਇੰਸਦਾਨ ਨੇ ਅਜਿਹੀ ਵੀ ਕੋਈ ਪਾਬੰਧੀ ਨਹੀਂ ਲਗਾਈ ਕਿ ਮੇਰੀ ਖੋਜ ਦੇ ਨਤੀਜਿਆਂ ਜਾਂ ਮੇਰੇ ਫਾਰਮੂਲਿਆਂ ਤੇ ਕੋਈ ਹੋਰ ਖੋਜ ਨਹੀਂ ਕਰ ਸਕਦਾ, ਉਸਤੇ ਕੋਈ ਚਰਚਾ ਨਹੀਂ ਕਰ ਸਕਦਾ, ਉਸਤੇ ਕੋਈ ਕਿੰਤੂ ਪ੍ਰੰਤੂ ਨਹੀਂ ਕਰ ਸਕਦਾ। ਨਾ ਕਦੇ ਕਿਸੇ ਸਾਇੰਸਦਾਨ ਨੇ ਅਜਿਹਾ ਕਹਿਣ ਦੀ ਗੁਸਤਾਖੀ ਕੀਤੀ ਹੈ ਕਿ ਉਸਦੀ ਖੋਜ ਆਖਰੀ ਖੋਜ ਹੈ ਤੇ ਉਸਦੀ ਖੋਜ ਉਸਨੇ ਨਹੀਂ, ਰੱਬ ਨੇ ਆਪ ਉਸ ਕੋਲੋਂ ਸਿੱਧਾ ਇਲਾਹੀ ਹੁਕਮ ਭੇਜ ਕੇ ਕਰਵਾਈ ਹੈ, ਇਸ ਲਈ ਹੁਣ ਉਸਦੀ ਖੋਜ ਨੂੰ ਕੋਈ ਚੈਲਿੰਜ ਨਹੀਂ ਕਰ ਸਕਦਾ। ਇਹੀ ਵਜ੍ਹਾ ਹੈ ਕਿ ਸਾਇੰਸ ਨੇ ਆਪਣੀਆਂ ਖੋਜਾਂ ਵਿੱਚ ਬੜੀਆਂ ਮੱਲਾਂ ਮਾਰੀਆਂ ਹਨ, ਇੱਕ ਸਾਇੰਸਦਾਨਾਂ ਜਿਥੋਂ ਖੋਜ ਛੱਡਦਾ ਸੀ ਜਾਂ ਹੈ, ਉਥੋਂ ਅਗਲਾ ਸਾਇੰਸਦਾਨ ਤੁਰ ਪੈਂਦਾ ਰਿਹਾ ਹੈ ਤੇ ਅੱਗੇ ਤੋਂ ਅੱਗੇ ਖੋਜ ਕਰਦਾ ਜਾ ਰਿਹਾ ਹੈ। ਸਾਇੰਸਦਾਨਾਂ ਨੂੰ ਕਦੇ ਇਹ ਵੀ ਫਿਕਰ ਨਹੀਂ ਰਿਹਾ ਕਿ ਉਸਦੀ ਖੋਜ ਨੇ ਜੋ ਅੱਜ ਨਤੀਜੇ ਕੱਢੇ ਹਨ, ਕਿਤੇ ਉਸਤੋਂ ਅੱਗੇ ਹੋਰ ਬਰੀਕੀ ਵਿੱਚ ਖੋਜ ਕਰਨ ਨਾਲ ਉਹ ਨਤੀਜੇ ਗਲਤ ਨਾ ਸਾਬਿਤ ਹੋ ਜਾਣ, ਇਸ ਲਈ ਮੈਂ ਆਪਣਾ ਫਾਰਮੂਲਾ ਕਿਸੇ ਨਾ ਦੇਵਾਂ ਜਾਂ ਆਪਣੀਆਂ ਖੋਜਾਂ ਨੂੰ ਲੁਕੋ ਕੇ ਰੱਖ ਲਵਾਂ, ਨਹੀਂ ਅਜਿਹਾ ਨਹੀਂ ਹੋਇਆ, ਹਰ ਸਾਇੰਸਦਾਨ ਨੇ ਆਪਣੀਆਂ ਸਭ ਖੋਜਾਂ, ਫਾਰਮੂਲੇ ਜਨਤਕ ਕੀਤੇ ਤਾਂ ਕਿ ਆਉਣ ਵਾਲੇ ਸਾਇੰਸ ਦੇ ਵਿਦਿਆਰਥੀ ਉਨ੍ਹਾਂ ਤੋਂ ਲਾਭ ਉਠਾ ਕੇ ਅੱਗੇ ਵਧ ਸਕਣ। ਇਹੀ ਕਾਰਨ ਹੈ ਕਿ ਸਾਇੰਸ ਤੇ ਸਾਇੰਸਦਾਨ ਦਿਨੋ-ਦਿਨ ਤਰੱਕੀ ਕਰਦੇ ਅੱਗੇ ਵਧਦੇ ਜਾ ਰਹੇ ਹਨ। ਨਿੱਤ ਨਵੀਆਂ ਖੋਜਾਂ ਕਰਕੇ ਮਨੁੱਖਤਾ ਦਾ ਭਲਾ ਕਰ ਰਹੇ ਹਨ। ਮਨੁੱਖ ਨੂੰ ਨਿੱਤ ਨਵੀਆਂ ਸੁੱਖ ਸਹੂਲਤਾਂ ਪ੍ਰਦਾਨ ਕਰ ਰਹੇ ਹਨ। ਵੱਡੇ-ਵੱਡੇ ਸਾਇੰਸਦਾਨ ਜਿਨ੍ਹਾਂ ਦੀ ਮਨੁੱਖਤਾ ਨੂੰ ਬੜੀ ਵੱਡੀ ਦੇਣ ਹੈ, ਅਸੀਂ ਉਨ੍ਹਾਂ ਦੇ ਨਾਮ ਤੇ ਸੁਣੇ ਹੋਣਗੇ, ਉਹ ਵੀ ਬਹੁਤ ਥੋੜ੍ਹੇ ਲੋਕਾਂ ਨੇ, ਪਰ ਕਦੇ ਕਿਸੇ ਸਾਇੰਸਦਾਨ ਨੇ ਆਪਣੀ ਪੂਜਾ ਨਹੀਂ ਕਰਵਾਈ, ਲੋਕਾਂ ਨੂੰ ਆਪਣੇ ਪੈਰੀਂ ਪੈਣ ਲਈ ਮਜਬੂਰ ਨਹੀਂ ਕੀਤਾ, ਲੋਕਾਂ ਦਾ ਸਰੀਰਕ ਜਾਂ ਮਾਨਸਿਕ ਸੋਸ਼ਣ ਨਹੀਂ ਕੀਤਾ। ਜੇ ਕਿਸੇ ਸਾਇੰਸਦਾਨ ਦੀ ਕੋਈ ਖੋਜ ਗਲਤ ਵੀ ਸਾਬਿਤ ਹੋਈ, ਉਸਨੇ ਇਸ ਸੱਚ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ।

ਹੁਣ ਇਸਦੇ ਉਲਟ ਜਦੋਂ ਅਸੀਂ ਨਕਲੀ ਧਰਮਾਂ ਨੂੰ ਦੇਖਦੇ ਹਾਂ, ਇਹ ਦਾਅਵੇ ਬੜੇ ਵੱਡੇ-ਵੱਡੇ ਕਰਦੇ ਹਨ। ਇਤਿਹਾਸ ਨੇ ਇਹ ਸਾਬਿਤ ਕੀਤਾ ਹੈ ਕਿ ਇਨ੍ਹਾਂ ਦੇ ਬਹੁਤੇ ਦਾਅਵੇ ਫੋਕੇ ਤੇ ਝੂਠੇ ਹੁੰਦੇ ਹਨ। ਝੂਠੀਆਂ, ਨਕਲੀ ਤੇ ਮਨਘੜਤ ਕਥਾ ਕਹਾਣੀਆਂ ਅਧਾਰਿਤ ਹੁੰਦੇ ਹਨ। ਆਪਣੇ ਗੁਰੂਆਂ, ਪੀਰਾਂ, ਪੈਗੰਬਰਾਂ, ਸਾਧਾਂ-ਸੰਤਾਂ ਦੇ ਨਾਮ ਨਾਲ ਅਜਿਹੀਆਂ ਕਥਾ-ਕਹਾਣੀਆਂ ਜੋੜਦੇ ਹਨ ਕਿ ਬੰਦਾ ਸੁਣ ਕੇ ਚਕਰਾ ਜਾਂਦਾ ਹੈ ਕਿ ਕੀ ਅਜਿਹਾ ਸੰਭਵ ਹੋ ਸਕਦਾ ਹੈ? ਪਰ ਪੁਜਾਰੀ ਗੱਪ ਮਾਰਨ ਲੱਗੇ ਕਦੇ ਥੋੜ੍ਹੀ ਬਹੁਤੀ ਵੀ ਸ਼ਰਮ ਮਹਿਸੂਸ ਨਹੀਂ ਕਰਦੇ। ਉਨ੍ਹਾਂ ਨੂੰ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਉਨ੍ਹਾਂ ਦੀ ਗੱਪ ਵਿੱਚ ਕੋਈ ਸਚਾਈ ਹੈ ਵੀ ਜਾਂ ਨਹੀਂ? ਹੈਰਾਨੀ ਉਸ ਵੇਲੇ ਹੁੰਦੀ ਹੈ, ਜਦੋਂ ਨਕਲੀ ਧਰਮਾਂ ਦੇ ਪੁਜਾਰੀ ਜਾਂ ਪ੍ਰਚਾਰਕ ਅਜਿਹੇ ਦਾਅਵੇ ਕਰਦੇ ਹਨ ਕਿ ਜਿਹੜੀ ਖੋਜ ਸਾਇੰਸਦਾਨ ਹੁਣ ਕਰ ਰਹੇ ਹਨ, ਉਹ ਤਾਂ ਸਾਡੇ ਧਰਮ ਗ੍ਰੰਥ ਵਿੱਚ ਹਜ਼ਾਰਾਂ ਸਾਲ ਪਹਿਲਾਂ ਲਿਖੀ ਹੋਈ ਸੀ। ਪਿਛੇ ਜਿਹੇ ਇੱਕ ਪੁਜਾਰੀ ਦੇ ਵਿਚਾਰ ਸੁਣਨ ਨੂੰ ਮਿਲੇ ਕਿ ਜਹਾਜ਼ ਤਾਂ ਸਾਇੰਸਦਾਨਾਂ ਨੇ ਹੁਣ ਬਣਾਏ ਹਨ, ਸਾਡੇ ਗ੍ਰੰਥਾਂ ਵਿੱਚ ਹਜ਼ਾਰਾਂ ਸਾਲ ਪਹਿਲਾਂ ਉਡਣ ਖਟੋਲਿਆਂ ਦਾ ਜ਼ਿਕਰ ਮਿਲਦਾ ਹੈ। ਜਦੋਂ ਉਸਨੂੰ ਸਵਾਲ ਕੀਤਾ ਕਿ ਫਿਰ ਲੋਕ ਹਜ਼ਾਰਾਂ ਸਾਲ ਪੈਦਲ ਤੁਰ ਕੇ ਜਾਂ ਬੈਲ ਗੱਡੀਆਂ ਤੇ ਧੱਕੇ ਕਿਉਂ ਖਾਂਦੇ ਰਹੇ, ਤੁਸੀਂ ਆਪਣੇ ਉਡਣ ਖਟੋਲਿਆਂ ਬਾਰੇ ਦੁਨੀਆਂ ਨੂੰ ਦੱਸ ਕੇ ਮਨੁੱਖਤਾ ਦਾ ਭਲਾ ਕਿਉਂ ਨਹੀਂ ਕੀਤਾ ਤਾਂ ਕੋਈ ਜਵਾਬ ਨਹੀਂ ਸੀ। ਨਕਲੀ ਧਰਮਾਂ ਦੇ ਅਨਪੜ੍ਹ ਪੁਜਾਰੀ (ਪ੍ਰਚਾਰਕ) ਹੀ ਬੇ-ਸਿਰ ਪੈਰ ਗੱਪਾਂ ਨਹੀਂ ਛੱਡਦੇ, ਸਗੋਂ ਅਗਿਆਨਤਾ ਦੀ ਦਲ-ਦਲ ਵਿੱਚ ਫਸੇ ਹੋਏ ਇਨ੍ਹਾਂ ਦੇ ਪੜ੍ਹੇ ਲਿਖੇ (ਪਰ ਅੰਧ ਵਿਸ਼ਵਾਸ਼ੀ) ਵਿਦਵਾਨ ਵੀ ਅਜਿਹੇ ਫੋਕੇ ਦਾਅਵੇ ਕਰਨ ਤੋਂ ਸ਼ਰਮ ਮਹਿਸੂਸ ਨਹੀਂ ਕਰਦੇ। ਪਿਛੇ ਜਿਹੇ ਅਜਿਹੇ ਇੱਕ ਵਿਦਵਾਨ ਦਾ ਲੇਖ ਪੜ੍ਹਨ ਨੂੰ ਮਿਲਿਆ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਦੇ ਧਰਮ ਗ੍ਰੰਥ ਵਿੱਚ ਸਾਇੰਸ ਬਾਰੇ ਅਜਿਹੀਆਂ ਸਚਾਈਆਂ ਹਨ, ਜਿਹੜੀਆਂ ਸਾਇੰਸਦਾਨ ਸ਼ਾਇਦ ਅਜੇ ਅਗਲੇ ਹਜ਼ਾਰਾਂ ਸਾਲ ਨਾ ਖੋਜ ਸਕਣ ਤੇ ਜੋ ਅੱਜ ਖੋਜਾਂ ਹੋਈਆਂ ਹਨ, ਉਨ੍ਹਾਂ ਵਿਚੋਂ ਬਹੁਤੀਆਂ ਬਾਰੇ ਪਹਿਲਾਂ ਹੀ ਸਾਡੇ ਗ੍ਰੰਥ ਵਿੱਚ ਜ਼ਿਕਰ ਹੈ। ਇਸ ਲਈ ਅਮਰੀਕਾ ਦੀ ਖੋਜ ਏਜੰਸੀ 'ਨਾਸਾ' ਨੇ ਸਾਡਾ ਗ੍ਰੰਥ ਭਵਿੱਖ ਦੀਆਂ ਖੋਜਾਂ ਲਈ ਰੱਖਿਆ ਹੋਇਆ ਹੈ। ਉਸ ਵਿਦਵਾਨ ਨੂੰ ਪੁਛਣ ਵਾਲਾ ਹੋਵੇ ਕਿ ਜੇ ਸਾਇੰਸ ਦੀਆਂ ਖੋਜਾਂ ਦੇ ਫਾਰਮੂਲੇ ਪਹਿਲਾਂ ਹੀ ਤੁਹਾਡੇ ਗ੍ਰੰਥ ਵਿੱਚ ਸਨ ਤਾਂ ਫਿਰ ਤੁਸੀਂ ਸੈਂਕੜੇ ਸਾਲਾਂ ਤੋਂ ਪੂਜਾ ਪਾਠ ਦੀ ਝੱਖ ਕਿਉਂ ਮਾਰ ਰਹੇ ਹੋ, ਤੁਸੀਂ ਕਿਉਂ ਨਹੀਂ ਖੋਜਾਂ ਕਰਕੇ ਮਨੁੱਖਤਾ ਦਾ ਭਲਾ ਕਰਦੇ? ਇਹੋ ਜਿਹੇ ਵਿਦਵਾਨ ਹੀ ਉਦੋਂ ਚੀਕ ਚਿਹਾੜਾ ਪਾਉਂਦੇ ਹਨ, ਜਦੋਂ ਕੋਈ ਸਾਇੰਸਦਾਨ ਇਨ੍ਹਾਂ ਦੇ ਧਰਮ ਗ੍ਰੰਥਾਂ ਨੂੰ ਆਪਣੀ ਖੋਜ ਨਾਲ ਗਲਤ ਸਾਬਿਤ ਕਰ ਦਿੰਦਾ ਹੈ। ਫਿਰ ਅਜਿਹੇ ਖੋਜੀਆਂ ਨੂੰ ਮਾਰਨ ਤੱਕ ਜਾਂਦੇ ਹਨ। ਅਨੇਕਾਂ ਸਾਇੰਸਦਾਨਾਂ ਨੂੰ ਅਖੌਤੀ ਧਰਮੀਆਂ ਨੇ ਸੱਚ ਨੂੰ ਪ੍ਰਗਟ ਕਰਨ ਕਰਕੇ ਸਖਤ ਸਜ਼ਾਵਾਂ ਦਿੱਤੀਆਂ ਤੇ ਮੌਤ ਦੇ ਘਾਟ ਵੀ ਉਤਾਰਿਆ। ਕਹਿਣ ਤੋਂ ਭਾਵ ਇਹ ਹੈ ਕਿ ਪੁਜਾਰੀ ਹੁਣ ਤੱਕ ਆਪਣੇ ਸ਼ਰਧਾਲੂਆਂ ਦੀ ਬਚਪਨ ਤੋਂ ਅਜਿਹੀ ਟਿਊਨਿੰਗ ਕਰਦਾ ਆ ਰਿਹਾ ਹੈ ਕਿ ਉਸਦਾ ਧਰਮ-ਕਰਮ ਬਾਰੇ ਸੋਚਣ ਦਾ ਜਿਵੇਂ ਪੁਰਜਾ ਹੀ ਕੱਢ ਲੈਂਦਾ ਹੈ, ਇਹੀ ਵਜ੍ਹਾ ਹੈ ਕਿ ਅਨਪੜ੍ਹ ਤਾਂ ਇੱਕ ਪਾਸੇ ਵੱਡੀਆਂ-ਵੱਡੀਆਂ ਸਾਇੰਸ ਦੀਆਂ ਡਿਗਰੀਆਂ ਪ੍ਰਾਪਤ ਲੋਕ ਵੀ ਧਰਮ ਦੇ ਵਿਹੜੇ ਵਿੱਚ ਵੜ੍ਹ ਕੇ ਸੋਚਣਾ ਬੰਦ ਕਰ ਦਿੰਦੇ ਹਨ। ਵੱਡੇ-ਵੱਡੇ ਨਾਸਤਿਕ ਵੀ ਬਹੁਤ ਵਾਰ ਧਰਮ ਬਾਰੇ ਕੋਈ ਟਿਪਣੀ ਕਰਨ

ਵੇਲੇ ਕਈ ਵਾਰ ਸੋਚਦੇ ਹਨ ਕਿ ਕਿਤੇ ਕਿਸੇ ਸ਼ਰਧਾਲੂ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚ ਜਾਵੇ। ਸ਼ਰਧਾਲੂਆਂ ਦੀਆਂ ਭਾਵਨਾਵਾਂ ਹਮੇਸ਼ਾਂ ਕੱਚ ਦਾ ਸਮਾਨ ਹੁੰਦੀਆਂ ਹਨ, ਜਿਹੜੀਆਂ ਟੁੱਟਣ ਜਾਂ ਤਿੜਕਣ ਲੱਗੀਆਂ ਮਿੰਟ ਨਹੀਂ ਲਗਾਉਂਦੀਆਂ। ਪੁਜਾਰੀ ਇਸੇ ਦਾ ਹਮੇਸ਼ਾਂ ਲਾਭ ਉਠਾਉਂਦੇ ਆ ਰਹੇ ਹਨ। ਨਕਲੀ ਧਰਮ ਦਾ ਸਾਰਾ ਧੰਦਾ ਜਿਨ੍ਹਾਂ ਧਾਰਨਾਵਾਂ ਦੇ ਸਿਰ ਤੇ ਟਿਕਿਆ ਹੋਇਆ ਹੈ, ਪੁਜਾਰੀ ਜਾਂ ਸ਼ਰਧਾਲੂ ਉਨ੍ਹਾਂ ਦੀ ਸਚਾਈ ਬਾਰੇ ਕਦੇ ਕੋਈ ਪ੍ਰਮਾਣ ਨਹੀਂ ਦੇ ਸਕੇ? ਹਜ਼ਾਰਾਂ ਸਾਲਾਂ ਤੋਂ ਮਨੁੱਖ ਨੂੰ ਸਵਰਗਾਂ ਦੇ ਝੂਠੇ ਲਾਰੇ ਜਾ ਰਹੇ ਹਨ, ਪਰ ਦੁਨੀਆਂ ਵਿੱਚ ਅਰਬਾਂ-ਖਰਬਾਂ ਲੋਕ ਜੰਮ ਕੇ ਮਰ ਚੁੱਕੇ ਹਨ ਤੇ ਅਰਬਾਂ ਇਸ ਵਕਤ ਜੀਵਤ ਹਨ, ਪੁਜਾਰੀ ਹਜ਼ਾਰਾਂ ਸਾਲ ਬਾਅਦ ਵੀ ਇੱਕ ਵੀ ਅਜਿਹਾ ਵਿਅਕਤੀ ਪੇਸ਼ ਨਹੀਂ ਕਰ ਸਕੇ ਜੋ ਸਵਰਗਾਂ ਵਿੱਚ ਜਾ ਕੇ, ਮੁੜ ਦਨੀਆਂ ਵਿੱਚ ਆ ਕੇ ਉਸਦੀ ਅਸਲੀ ਤਸਵੀਰ ਦੱਸ ਸਕਿਆ ਹੋਵੇ ਜਾਂ ਕਿਸੇ ਇੱਕ ਵਿਅਕਤੀ ਨੂੰ ਇਥੋਂ ਲਿਜਾ ਕੇ ਅਖੌਤੀ ਸਵਰਗ ਨਹੀਂ ਦਿਖਾ ਸਕੇ? ਇਸੇ ਤਰ੍ਹਾਂ ਇਹ ਹਜ਼ਾਰਾਂ ਸਾਲਾਂ ਤੋਂ ਮਨੁੱਖ ਨੂੰ ਨਰਕਾਂ ਦੇ ਡਰਾਵਿਆ ਦੇ ਨਾਮ ਤੇ ਲੁੱਟਦੇ ਆ ਰਹੇ ਹਨ, ਪਰ ਇਸ ਬਾਰੇ ਵੀ ਕੋਈ ਤੱਥ ਪੇਸ਼ ਨਹੀਂ ਕਰ ਸਕੇ, ਉਹ ਸਵਰਗ ਜਾਂ ਨਰਕ ਕਿਹੜੇ ਗ੍ਰਹਿ 'ਤੇ ਹਨ। ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਕਿਥੋਂ ਮਿਲੀ, ਉਥੇ ਮਿਲਦੇ ਅਵਾਰਡ ਜਾਂ ਸਜ਼ਾਵਾਂ ਬਾਰੇ ਪੁਜਾਰੀਆਂ ਨੂੰ ਕਿਥੋਂ ਜਾਣਕਾਰੀ ਮਿਲੀ? ਇਸੇ ਤਰ੍ਹਾਂ ਅਗਲੇ-ਪਿਛਲੇ ਜਨਮਾਂ ਦੇ ਲੇਖੇ ਜੋਖੇ, 84 ਲੱਖ ਜੂਨਾਂ ਆਦਿ ਬਾਰੇ ਇਨ੍ਹਾਂ ਦੇ ਦਾਅਵੇ ਨਿਰਮੂਲ ਸਾਬਿਤ ਹੋਏ ਹਨ, ਕੋਈ ਸਬੂਤ ਨਹੀਂ ਪੇਸ਼ ਕਰ ਸਕੇ ਕਿ ਜਨਮ-ਮਰਨ ਦੀ ਖੇਡ ਕਿਵੇਂ ਚਲਦੀ ਹੈ? ਕੀ ਕੋਈ ਅਗਲਾ ਜਨਮ ਹੁੰਦਾ ਹੈ ਜਾਂ ਕੋਈ ਪਿਛਲਾ ਜਨਮ ਸੀ ਆਦਿ? ਇਸ ਬਾਰੇ ਵੀ ਬੇਸ਼ੱਕ ਹਜ਼ਾਰਾਂ ਸਾਲਾਂ ਤੋਂ ਸ਼ਰਧਾਲੂਆਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ, ਪਰ ਕੋਈ ਠੋਸ ਤੱਥ ਪੇਸ਼ ਨਹੀਂ ਕੀਤਾ? ਨਾ ਹੀ ਕਿਸੇ ਅਜਿਹੇ ਮੰਤਰ ਜਾਂ ਪੂਜਾ-ਪਾਠ ਦੀ ਵਿਧੀ ਦਾ ਫਾਰਮੂਲਾ ਹੀ ਪੇਸ਼ ਕਰ ਸਕੇ ਹਨ ਕਿ ਜਿਸਨੂੰ ਵਰਤ ਕੇ ਕੋਈ ਵਿਅਕਤੀ ਆਪਣੇ ਪਿਛਲੇ ਜਨਮਾਂ ਨੂੰ ਜਾਣ ਸਕੇ ਜਾਂ ਉਸਨੂੰ ਅਗਲੇ ਜਨਮਾਂ ਬਾਰੇ ਸੋਝੀ ਹੋ ਸਕੇ? ਇਸੇ ਤਰ੍ਹਾਂ ਨਕਲੀ ਧਰਮਾਂ ਦਾ ਵੱਡਾ ਆਸਰਾ ਕਰਾਮਾਤਾਂ ਤੇ ਹੁੰਦਾ ਹੈ, ਇਹ ਬਹੁਤੇ ਸ਼ਰਧਾਲੂਆਂ ਨੂੰ ਇਸੇ ਆਸ ਵਿੱਚ ਭਰਮਾ ਕੇ ਸਾਰੀ ਉਮਰ ਲੁੱਟਦੇ ਹਨ ਕਿ ਉਨ੍ਹਾਂ ਦੇ ਦੱਸੇ ਪੂਜਾ-ਪਾਠਾਂ ਜਾਂ ਜੰਤਰਾਂ-ਮੰਤਰਾਂ ਨਾਲ ਕਰਾਮਾਤਾਂ ਵਾਪਰਦੀਆਂ ਹਨ ਤੇ ਸ਼ਰਧਾਲੂਆਂ ਦੀਆਂ ਸਾਰੀਆਂ ਮਨੋ-ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਪਰ ਕਿਸੇ ਵੀ ਨਕਲੀ ਧਰਮ ਦਾ ਕੋਈ ਪੁਜਾਰੀ, ਪ੍ਰਚਾਰਕ, ਸ਼ਰਧਾਲੂ ਸਾਇੰਸ ਵਰਗਾ ਕੋਈ ਫਾਰਮੂਲਾ ਪੇਸ਼ ਨਹੀਂ ਕਰ ਸਕਿਆ, ਜਿਸਨੂੰ ਵਰਤ ਕੇ ਕੋਈ ਵੀ ਵਿਅਕਤੀ, ਕਿਸੇ ਵੀ ਵੀ ਜਗ੍ਹਾ ਆਪਣੇ ਰੱਬ ਕੋਲੋਂ ਕੋਈ ਮੂੰਹੋਂ ਮੰਗੀ ਮੁਰਾਦ ਪਾ ਲਵੇ ਜਾਂ ਕੋਈ ਕਰਾਮਾਤ ਕਰ ਲਵੇ? ਜਦੋਂ ਕੋਈ ਇਨ੍ਹਾਂ ਦੇ ਜ਼ਿਆਦਾ ਖਹਿੜੇ ਪਵੇ ਤਾਂ ਇਹ ਕਹਿ ਕੇ ਪੱਲਾ ਛੁਡਾਉਣਗੇ ਕਿ ਧਰਮ ਸ਼ਰਧਾ ਦਾ ਵਿਸ਼ਾ ਹੈ, ਨਾ ਕਿ ਤਰਕ ਜਾਂ ਦਲੀਲ ਦਾ। ਪੁਜਾਰੀਆਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਦੇ ਨਕਲੀ ਧਰਮ ਦੀ ਬੁਨਿਆਦ ਅਗਿਆਨਤਾ ਤੇ ਅੰਧ ਵਿਸ਼ਵਾਸ਼ ਹੈ, ਜੋ ਕਿ ਤਰਕ ਤੇ ਦਲੀਲ ਸਾਹਮਣੇ ਖੜ ਨਹੀਂ ਸਕਦੀ, ਇਸ ਲਈ 'ਡੁੱਬਦੇ ਨੂੰ ਤਿਨਕੇ ਦਾ ਸਹਾਰਾ' ਵਾਂਗ ਸ਼ਰਧਾ ਹੀ ਉਨ੍ਹਾਂ ਦਾ ਆਖਰੀ ਹਥਿਆਰ ਤੇ ਆਸਰਾ ਹੁੰਦਾ ਹੈ। ਬੇਸ਼ੱਕ ਧਰਮਾਂ ਵਿੱਚ ਕਰਾਮਾਤਾਂ ਦੀ ਕਥਾ ਕਹਾਣੀਆਂ ਧਰਮ ਪੁਜਾਰੀ ਸ਼ਰਧਾਲੂਆਂ ਨੂੰ ਪਿਛਲੇ 5 ਹਜ਼ਾਰ ਸਾਲ ਤੋਂ ਸੁਣਾਉਂਦੇ ਆ ਰਹੇ ਹਨ, ਉਨ੍ਹਾਂ ਦੇ ਲਿਖੇ ਹੋਏ ਧਰਮ ਗ੍ਰੰਥ ਵੀ ਕਰਾਮਾਤੀ ਕਹਾਣੀਆਂ ਨਾਲ ਭਰੇ ਪਏ ਹਨ, ਪਰ ਕਿਸੇ ਵੀ ਧਰਮ ਦਾ ਕੋਈ ਪੁਜਾਰੀ ਅੱਜ ਤੱਕ ਕੋਈ ਅਜਿਹਾ ਸਰਬ ਪ੍ਰਵਾਨਤ ਫਾਰਮੂਲਾ ਪੇਸ਼ ਨਹੀਂ ਕਰ ਸਕਿਆ, ਜਿਸਨੂੰ ਵਰਤ ਕੇ ਕੋਈ ਵੀ ਸ਼ਰਧਾਲੂ ਕੋਈ ਕਰਾਮਾਤ ਵਰਤਾ ਸਕਿਆ ਹੋਵੇ। ਕੁਦਰਤ ਦੇ ਅਟੱਲ ਨਿਯਮਾਂ ਨੂੰ ਬਦਲ ਕੇ ਆਪਣੇ ਹੱਕ ਵਿੱਚ ਭੁਗਤਾ ਸਕਿਆ ਹੋਵੇ ਜਾਂ ਕਿਸੇ ਦੇ ਵਿਰੋਧ ਵਿੱਚ ਵਰਤ ਸਕਿਆ ਹੋਵੇ। ਇਥੋਂ ਤੱਕ ਕਿ ਵੱਖ-ਵੱਖ ਧਰਮ ਗ੍ਰੰਥ ਵਿੱਚ ਵੱਖ-ਵੱਖ ਤਰ੍ਹਾਂ ਦੇ ਜਿਨ੍ਹਾਂ ਰੱਬਾਂ ਦਾ ਜ਼ਿਕਰ ਮਿਲਦਾ ਹੈ, ਕੀ ਅਜਿਹਾ ਰੱਬ ਕਿਸੇ ਸ਼ਰਧਾਲੂ ਨੂੰ ਅੱਜ ਤੱਕ ਮਿਲਿਆ, ਇਸ ਬਾਰੇ ਵੀ ਕੋਈ ਸੱਚਾ ਸਬੂਤ ਪੇਸ਼ ਨਹੀਂ ਕੀਤਾ ਜਾ ਸਕਿਆ। ਨਾ ਹੀ ਕੋਈ ਧਾਰਮਿਕ ਫਿਰਕਾ ਹਜ਼ਾਰਾਂ ਸਾਲ ਰੱਬ ਦੇ ਨਾਮ ਤੇ ਭਗਤੀਆਂ, ਜਪ-ਤਪ ਕਰਨ ਤੋਂ ਬਾਅਦ ਵੀ ਕੋਈ ਅਜਿਹਾ ਫਾਰਮੂਲਾ ਪੇਸ਼ ਕਰ ਸਕੇ, ਜਿਸ ਨਾਲ ਉਨ੍ਹਾਂ ਦੇ ਰੱਬ ਨੂੰ ਕੋਈ ਮਿਲ ਸਕਿਆ ਹੋਵੇ ਜਾਂ ਮਿਲ ਸਕਦਾ ਹੋਵੇ? ਨਾ ਹੀ ਕੋਈ ਅਜਿਹਾ ਦਾਅਵਾ ਪੇਸ਼ ਕੀਤਾ ਜਾ ਸਕਿਆ ਹੈ ਕਿ ਉਨ੍ਹਾਂ ਦੇ ਮੰਤਰਾਂ-ਜੰਤਰਾਂ, ਜਪ-ਤਪ, ਭਜਨ-ਬੰਦਗੀ ਲਈ ਕਿੰਨਾ ਸਮਾਂ ਲਗਾਉਣਾ ਪਵੇਗਾ ਕਿ ਮਰਜ਼ੀ ਦੇ ਰਿਜਲਟ ਲਏ ਜਾ ਸਕਣ। ਬੇਸ਼ੱਕ ਤਕਰੀਬਨ ਸਾਰੇ ਧਾਰਮਿਕ ਫਿਰਕੇ ਅਜਿਹੇ ਦਾਅਵੇ ਕਰਦੇ ਹਨ ਕਿ ਉਨ੍ਹਾਂ ਦੇ ਧਰਮ ਗ੍ਰੰਥਾਂ ਵਿੱਚ ਜੋ ਕੁੱਝ ਲਿਖਿਆ ਗਿਆ ਹੈ, ਉਹ ਆਖਰੀ ਸੱਚ ਹੈ ਕਿਉਂਕਿ ਉਹ ਕਿਸੇ ਨੇ ਆਪਣੀ ਅਕਲ ਨਾਲ ਨਹੀਂ, ਸਗੋਂ ਰੱਬ ਵਲੋਂ ਆਏ ਸਿੱਧੇ ਇਲਾਹੀ ਗਿਆਨ ਰਾਹੀਂ ਲਿਖਿਆ ਗਿਆ ਹੈ, ਇਸ ਲਈ ਸਭ ਕੁੱਝ ਸੱਚੋ-ਸੱਚ ਹੈ, ਜਿਸ ਬਾਰੇ ਨਾ ਕੋਈ ਵਿਚਾਰ ਕਰ ਸਕਦਾ ਹੈ, ਨਾ ਕੋਈ ਤਰਕ ਜਾਂ ਦਲੀਲ ਦੇ ਸਕਦਾ ਹੈ, ਨਾ ਕੋਈ ਕਿੰਤੂ-ਪ੍ਰੰਤੂ ਕਰ ਸਕਦਾ ਹੈ? ਪਰ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਾਇੰਸ ਦੀਆਂ ਅਨੇਕਾਂ ਖੋਜਾਂ ਨੇ ਧਰਮ ਗ੍ਰੰਥਾਂ ਦੇ ਅਨੇਕਾਂ ਦਾਅਵਿਆਂ ਨੂੰ ਝੂਠੇ ਸਾਬਿਤ ਕੀਤਾ ਹੈ, ਪਰ ਕੋਈ ਵੀ ਧਾਰਮਿਕ ਫਿਰਕਾ ਸਾਇੰਸ ਦੀਆਂ ਖੋਜਾਂ ਨੂੰ ਆਪਣੇ ਧਰਮ ਗ੍ਰੰਥਾਂ ਦੇ ਅਧਾਰ ਤੇ ਗਲਤ ਸਾਬਿਤ ਨਹੀਂ ਕਰ ਸਕਿਆ।

ਨਕਲੀ ਧਰਮ ਅਕਸਰ ਅਜਿਹਾ ਪ੍ਰਚਾਰ ਵੀ ਕਰਦੇ ਹਨ ਕਿ ਸਾਇੰਸਦਾਨ ਜਾਂ ਪੜ੍ਹੇ-ਲਿਖੇ ਜਾਂ ਤਰਕਵਾਦੀ ਧਰਮ ਨੂੰ ਖਰਾਬ ਕਰ ਰਹੇ ਹਨ। ਇਨ੍ਹਾਂ ਦੇ ਧਰਮਾਂ ਦੀ ਮਨੁੱਖਤਾ ਨੂੰ ਬੜੀ ਲੋੜ ਹੈ। ਦੁਨੀਆਂ ਵਿੱਚ ਜੋ ਵੀ ਗਲਤ ਹੋ ਰਿਹਾ ਹੈ, ਉਹ ਸਭ ਸਾਇੰਸ ਦੀ ਦੇਣ ਹੈ। ਨਕਲੀ ਧਰਮ ਦੇ ਪੁਜਾਰੀਆਂ ਦੇ ਹੋਰ ਫੋਕੇ ਦਾਅਵਿਆਂ ਵਾਂਗ ਇਹ ਵੀ ਦਾਅਵਾ ਹੁੰਦਾ ਹੈ ਕਿ ਧਰਮ ਦੀ ਮਨੁੱਖਤਾ ਨੂੰ ਬੜੀ ਵੱਡੀ ਦੇਣ ਹੈ ਤੇ ਦੁਨੀਆਂ ਚੱਲ ਹੀ ਧਰਮ ਦੇ ਸਿਰ ਤੇ ਰਹੀ ਹੈ। ਜੇ ਅਜੇ ਵੀ ਦੁਨੀਆਂ ਵਿੱਚ ਥੋੜ੍ਹੀ ਬਹੁਤ ਸ਼ਾਂਤੀ ਜਾਂ ਨੈਤਿਕਤਾ ਹੈ ਤਾਂ ਉਹ ਸਿਰਫ ਧਰਮ ਦੀ ਦੇਣ ਹੈ। ਬੇਸ਼ੱਕ ਉਨ੍ਹਾਂ ਦੇ ਇਸ ਦਾਅਵੇ ਵਿੱਚ ਕੋਈ ਬਹੁਤੀ ਸਚਾਈ ਨਹੀਂ, ਪਰ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਜੇ ਮਨੁੱਖਤਾ ਪੁਜਾਰੀਆਂ, ਸਰਮਾਏਦਾਰਾਂ ਤੇ ਸਿਅਸਤਦਾਨਾਂ ਦੇ ਨਕਲੀ ਧਰਮਾਂ 'ਚੋਂ ਨਿਕਲ ਕੇ ਅਸਲੀ ਧਰਮ ਨੂੰ ਅਪਨਾ ਲਵੇ ਤਾਂ ਮਨੁੱਖਤਾ ਦਾ ਸਚਮੁੱਚ ਭਲਾ ਹੋ ਸਕਦਾ ਹੈ ਤੇ ਮਨੁੱਖ ਜਾਤੀ ਸੁੱਖ-ਸ਼ਾਂਤੀ ਨਾਲ ਰਹਿ ਸਕਦੀ ਹੈ। ਪਰ ਇਸ ਤਿਕੜੀ ਦੀ ਤਾਕਤ ਤੇ ਦੁਕਾਨਦਾਰੀ ਚੱਲ ਹੀ ਇਸ ਅਸਰੇ ਰਹੀ ਕਿ ਮਨੁੱਖ ਜਾਤੀ ਨੂੰ ਧਰਮ, ਜਾਤ, ਨਸਲ, ਰੰਗ, ਭਾਸ਼ਾ, ਇਲਾਕਾ, ਚਿੰਨ੍ਹ, ਪਹਿਰਾਵਾ ਆਦਿ ਦੇ ਨਾਮ ਤੇ ਵੰਡ ਕੇ ਰੱਖਿਆ ਜਾਵੇ। ਧਾਰਮਿਕ ਫਿਰਕੇ ਦੀ ਬੁਨਿਆਦ ਹੀ ਮਨੁੱਖਤਾ ਵਿੱਚ ਵੰਡ ਤੋਂ ਸ਼ੁਰੂ ਹੁੰਦੀ ਹੈ। ਜੇ ਉਹ ਇਹ ਮੰਨ ਲੈਣ ਕਿ ਸਾਰੀ ਮਨੁੱਖ ਜਾਤੀ ਇੱਕ ਹੀ ਹੈ ਤੇ ਸਾਰਿਆਂ ਤੇ ਕੁਦਰਤ ਦੇ ਅਟੱਲ ਨਿਯਮ ਇਕੋ ਜਿਹੇ ਹੀ ਲਾਗੂ ਹੁੰਦੇ ਹਨ ਤਾਂ ਫਿਰ ਝਗੜਾ ਹੀ ਕੋਈ ਨਹੀਂ? ਫਿਰ ਸਾਡੀ ਵਿਚਾਰਧਾਰਾ ਸਭ ਤੋਂ ਉੱਤਮ ਤੇ ਮਾਡਰਨ, ਸਾਡਾ ਗ੍ਰੰਥ ਸਭ ਤੋਂ ਮਹਾਨ, ਸਾਡੀ ਵਿਚਾਰਧਾਰਾ ਹੀ ਆਖਰੀ ਸੱਚ ਤੇ ਸਾਡੀ ਵਿਚਾਰਧਾਰਾ ਰਾਹੀਂ ਹੀ ਰੱਬ ਨੂੰ ਪਾਇਆ ਜਾ ਸਕਦਾ ਹੈ, ਵਾਲੀ ਦੁਕਾਨਦਾਰੀ ਕਿਵੇਂ ਚੱਲਗੀ? ਹੁਣ ਜਦੋਂ ਅਸੀਂ ਧਰਮ ਤੇ ਸਾਇੰਸ ਦੀ ਮਨੁੱਖਤਾ ਨੂੰ ਦੇਣ ਦੀ ਗੱਲ ਕਰਦੇ ਹਾਂ ਤਾਂ ਜੋ ਵੀ ਇਸ ਸੰਸਾਰ ਵਿੱਚ ਤਰੱਕੀ ਹੋਈ ਹੈ, ਸਭ ਸਾਇੰਸ ਦੀ ਦੇਣ ਹੈ, ਕਿਸੇ ਵੀ ਧਾਰਮਿਕ ਫਿਰਕੇ ਨੇ ਕੋਈ ਅਜਿਹੀ ਖੋਜ ਕੀਤੀ ਹੋਵੇ, ਜਿਸਦਾ ਮਨੁੱਖਤਾ ਨੂੰ ਭਲਾ ਹੋਵੇ, ਸ਼ਾਇਦ ਹੀ ਕੋਈ ਹੋਵੇ? ਇਸਦੇ ਬਾਵਜੂਦ ਕਿ ਹਰ ਅਖੌਤੀ ਧਰਮੀ ਸਾਇੰਸ ਦੀ ਹਰ ਖੋਜ, ਹਰ ਕਾਢ ਦਾ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਹਰ ਪਲ ਲਾਭ ਉਠਾ ਰਿਹਾ ਹੈ, ਪਰ ਕਦੇ ਕਿਸੇ ਅਖੌਤੀ ਧਰਮੀ ਨੇ ਕਿਸੇ ਸਾਇੰਸਦਾਨ ਦੇ ਸ਼ੁਕਰਾਨੇ ਵਿੱਚ-ਵਿੱਚ ਸ਼ਬਦ ਨਹੀਂ ਕਹੇ। ਕਿਸੇ ਧਰਮ ਅਸਥਾਨ ਵਿੱਚ ਕਦੇ ਕਿਸੇ ਸਾਇੰਸਦਾਨ ਲਈ ਕੋਈ ਅਰਦਾਸ ਨਹੀਂ ਹੋਈ? ਕਦੇ ਕਿਸੇ ਧਰਮ ਅਸਥਾਨ ਵਿੱਚ ਕਿਸੇ ਸਾਇੰਸਦਾਨ ਦੀ ਕੋਈ ਬਰਸੀ ਨਹੀਂ ਮਨਾਈ ਗਈ? ਉਨ੍ਹਾਂ ਸਾਇੰਸਦਾਨਾਂ, ਜਿਨ੍ਹਾਂ ਨੇ ਨਕਲੀ ਧਰਮਾਂ ਦੀਆਂ ਗਲਤ ਮਨੌਤਾਂ ਦੇ ਉਲਟ ਜਾ ਕੇ, ਕੁਦਰਤ ਦੇ ਸੱਚ ਨੂੰ ਉਜਾਗਰ ਕਰਦਿਆਂ, ਕੁਰਬਾਨੀਆਂ ਵੀ ਦਿੱਤੀਆਂ, ਉਨ੍ਹਾਂ ਦੇ ਸ਼ਹੀਦੀ ਦਿਨ ਮਨਾਉਣੇ ਤਾਂ ਦੂਰ, ਉਨ੍ਹਾਂ ਵਲੋਂ ਸਾਬਿਤ ਕੀਤੇ ਜਾ ਚੁੱਕੇ ਸੱਚ ਨੂੰ ਸਵੀਕਾਰ ਨਹੀਂ ਕਤਿਾ ਗਿਆ। ਅਖੌਤੀ ਧਰਮੀ ਸਾਇੰਸ ਦੀਆਂ ਖੋਜਾਂ ਦੁਆਰਾ ਮਨੁੱਖਤਾ ਲਈ ਪੈਦਾ ਕੀਤੀਆਂ ਹਰ ਸੁੱਖ-ਸਹੂਲਤਾਂ ਨੂੰ ਮਾਣਦੇ ਹੋਏ ਵੀ ਉਨ੍ਹਾਂ ਦਾ ਸ਼ੁਕਰਾਨਾ ਕਰਨ ਦੀ ਥਾਂ ਉਨ੍ਹਾਂ ਨੂੰ ਭੰਡਦੇ ਅਕਸਰ ਦੇਖੇ ਜਾ ਸਕਦੇ ਹਨ। ਅਜੇ ਤੱਕ ਵੀ ਕੋਈ ਧਰਮ ਪੁਜਾਰੀ ਅਜਿਹਾ ਕੋਈ ਦਾਅਵਾ ਪੇਸ਼ ਨਹੀਂ ਕਰ ਸਕਿਆ ਕਿ ਉਨ੍ਹਾਂ ਦੇ ਨਕਲੀ ਧਰਮ ਦੀ ਹੁਣ ਤੱਕ ਮਨੁੱਖਤਾ ਦੀ ਤਰੱਕੀ ਵਿੱਚ ਕੀ ਦੇਣ ਹੈ? ਮਨੁੱਖਤਾ ਦੇ ਭਲੇ ਲਈ ਉਨ੍ਹਾਂ ਦੇ ਫਿਰਕੇ ਨੇ ਕੀ ਕੁੱਝ ਕੀਤਾ ਹੈ? ਦੁਨੀਆਂ ਵਿੱਚ ਸੁੱਖ-ਸ਼ਾਂਤੀ ਤੇ ਭ੍ਰਾਤਰੀਭਾਵ ਪੈਦਾ ਕਰਨ ਲਈ ਉਨ੍ਹਾਂ ਦੇ ਫਿਰਕੇ ਦਾ ਕੀ ਯੋਗਦਾਨ ਹੈ?

ਮੁਕਦੀ ਗੱਲ ਇਹ ਹੈ ਕਿ ਅਗਰ ਅਸੀਂ ਮਨੁੱਖਤਾ ਦਾ ਭਲਾ ਚਾਹੁੰਦੇ ਹਾਂ ਤਾਂ ਸਾਨੂੰ ਪੁਜਾਰੀਆਂ ਦੇ ਝੂਠੇ ਤੇ ਲੁਭਾਵਣੇ ਲਾਰਿਆਂ ਦੀਆਂ ਲੋਰੀਆਂ ਨੂੰ ਸੁਣਨਾ ਬੰਦ ਕਰਕੇ ਸੱਚ ਨੂੰ ਪਹਿਚਾਨਣਾ ਪਵੇਗਾ। ਕੁਦਰਤ ਦੇ ਅਟੱਲ ਨਿਯਮਾਂ ਨੂੰ ਸਮਝਣਾ ਪਵੇਗਾ, ਉਸਦੇ ਅਨੁਸਾਰ ਜੀਣਾ ਸਿੱਖਣਾ ਪਵੇਗਾ। ਕੁਦਰਤ ਦੇ ਇਨ੍ਹਾਂ ਨਿਯਮਾਂ ਨੂੰ ਸਮਝ ਕੇ ਹੋਰ ਸਚਾਈਆਂ ਲੱਭਣ ਲਈ ਯਤਨਸ਼ੀਲ ਹੋਣਾ ਪਵੇਗਾ। ਜਿਸ ਤਰ੍ਹਾਂ ਸਾਇੰਸਦਾਨ ਬਾਹਰੀ ਮਾਦੇ ਦੀ ਖੋਜ ਕਰਕੇ ਮਨੁੱਖਤਾ ਲਈ ਅਨੇਕਾਂ ਸੁੱਖ ਸਹੂਲਤਾਂ ਮੁਹੱਈਆ ਕਰਾ ਰਹੇ ਹਨ, ਉਸੇ ਤਰ੍ਹਾਂ ਧਰਮੀ ਲੋਕਾਂ ਨੂੰ ਧਰਮ ਦੇ ਅਸਲੀ ਮਾਰਗ ਮਨ, ਆਤਮਾ, ਦਿਲ, ਦਿਮਾਗ ਆਦਿ ਬਾਰੇ ਸੂਖਸ਼ਮ ਖੋਜਾਂ ਕਰਨ ਦੀ ਲੋੜ ਹੈ ਤਾਂ ਕਿ ਪਤਾ ਚੱਲ ਸਕੇ ਕਿ ਮਾਦੇ ਦੇ ਅੰਦਰਲੀ ਸਚਾਈ ਕੀ ਹੈ। ਮਨੁੱਖ ਸਦੀਵੀ ਸ਼ਾਂਤੀ ਵਿੱਚ ਕਿਵੇਂ ਜੀਅ ਸਕਦਾ ਹੈ? ਉਸਦੇ ਮਨ ਦੀ ਭਟਕਣਾ ਕਿਵੇਂ ਦੂਰ ਹੋਵੇ? ਉਹ ਕੁਦਰਤ ਦੇ ਅੰਦਰਲੇ ਗੁੱਝੇ ਭੇਦਾਂ ਨੂੰ ਕਿਵੇਂ ਜਾਣੇ? ਦਿਸਦੇ ਸੰਸਾਰ ਵਿੱਚ ਚੱਲ ਰਹੀ ਜੀਵਨ ਖੇਡ ਦੀ ਗੁੱਥੀ ਕਿਵੇਂ ਸੁਲਝੇ? ਇਹੀ ਧਰਮ ਦਾ ਅਸਲੀ ਮਾਰਗ ਹੈ। ਪੁਜਾਰੀਆਂ ਦੇ ਦੱਸੇ ਪੂਜਾ-ਪਾਠ, ਅਖੌਤੀ ਭਜਨ-ਬੰਦਗੀ, ਜਪ-ਤਪ, ਮੰਤਰ ਰਟਨ, ਦਿਖਾਵਿਆਂ, ਪਹਿਰਾਵਿਆਂ, ਚਿੰਨ੍ਹਾਂ, ਕਰਮਕਾਂਡਾਂ ਵਿਚੋਂ ਨਿਕਲਣਾ ਪਵੇਗਾ ਤੇ ਧਰਮ ਜੋ ਕਿ ਸੱਚ ਮਾਰਗ ਹੈ, ਗਿਆਨ ਦਾ ਮਾਰਗ, ਕੁਦਰਤ ਦੇ ਅੰਦਰਲੇ ਭੇਦ ਦੀ ਖੋਜ ਦਾ ਨਾਮ ਹੈ, ਉਸ ਰਸਤੇ ਤੁਰਨਾ ਪਵੇਗਾ। ਇਹ ਮਾਰਗ ਤੁਹਾਨੂੰ ਆਪ ਤਹਿ ਕਰਨਾ ਪਵੇਗਾ, ਕਿਸੇ ਦੇ ਕੀਤੇ ਦਾ ਤੁਹਾਨੂੰ ਇਸ ਮਾਰਗ ਵਿੱਚ ਕੋਈ ਲਾਭ ਨਹੀਂ ਹੋ ਸਕਦਾ। ਪਰ ਇਸ ਰਸਤੇ ਦੇ ਪਾਂਧੀਆਂ ਤੋਂ ਸੇਧ ਜਾਂ ਅਗਵਾਈ ਲਈ ਜਾ ਸਕਦੀ ਹੈ। ਨਹੀਂ ਤੇ ਜਿਸ ਤਰ੍ਹਾਂ ਇਹ ਤਿਕੜੀ ਮਨੁੱਖ ਨੂੰ ਮਨੁੱਖ ਨਾਲ ਧਰਮ ਦੇ ਨਾਮ ਤੇ ਲੜਾ ਕੇ ਹਜ਼ਾਰਾਂ ਸਾਲਾਂ ਤੋਂ ਲੁੱਟਦੀ ਆ ਰਹੀ ਹੈ, ਅਸੀਂ ਵੀ ਲੁੱਟ ਦਾ ਸ਼ਿਕਾਰ ਹੁੰਦੇ ਰਹਾਂਗੇ?

# ਸਿੱਖਾਂ ਜਾਂ ਸਿੱਖੀ ਦੀ ਵਿਲੱਖਣ ਹੋਂਦ ਬਾਰੇ : ਗੁਰਬਾਣੀ ਤੇ ਸਿੱਖ ਵਿਦਵਾਨ !



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ 1430 ਪੰਨਿਆਂ ਤੋਂ ਤੁਹਾਨੂੰ ਇੱਕ ਵੀ ਸ਼ਬਦ ਅਜਿਹਾ ਨਹੀਂ ਮਿਲੇਗਾ, ਜੋ ਤੁਹਾਨੂੰ ਕਿਸੇ ਧਰਮ ਦੇ ਕਰਮਕਾਂਡਾਂ, ਦਿਖਾਵਿਆਂ, ਪਹਿਰਾਵਿਆਂ, ਬਾਣਿਆਂ, ਚਿੰਨ੍ਹਾਂ ਨਾਲ ਜੋੜਦਾ ਹੋਵੇ। ਸਗੋਂ ਇਸਦੇ ਉਲਟ ਤੁਹਾਨੂੰ ਸੈਂਕੜੇ ਸ਼ਬਦ ਇਸਦੇ ਉਲਟ ਮਿਲ ਜਾਣਗੇ। ਜਿੱਥੇ ਧਰਮਾਂ ਵਿੱਚ ਧਰਮ ਦੇ ਨਾਮ 'ਤੇ ਪ੍ਰਚਲਤ ਅਜਿਹੇ ਧਾਰਮਿਕ ਕਰਮਾਂ ਦਾ ਸਖ਼ਤ ਵਿਰੋਧ ਪੂਰੇ ਤਰਕ ਤੇ ਦਲੀਲ ਨਾਲ ਮਿਲਦਾ ਹੈ।

ਗੁਰਬਾਣੀ ਮੁੱਖ ਰੂਪ ਵਿੱਚ ਵਿਅਕਤੀ ਨੂੰ ਉਸਦੇ ਗੁਣਾਂ ਅਧਾਰਿਤ ਵਿਲੱਖਣ ਬਣਾਉਂਦੀ ਹੈ। ਗੁਰਬਾਣੀ ਅਨੁਸਾਰ ਧਰਮ ਦੇ ਨਾਮ 'ਤੇ ਕੀਤੇ ਬਾਹਰੀ ਕਰਮ-ਕਾਂਡ ਦੀ ਕੋਈ ਮਹੱਤਤਾ ਨਹੀਂ। ਨਾ ਹੀ ਗੁਰਬਾਣੀ ਅਨੁਸਾਰ ਧਰਮ ਅਧਾਰਿਤ ਕਿਸੇ ਰੰਗ ਦੇ ਕੱਪੜੇ ਜਾਂ ਕਿਸੇ ਖਾਸ ਸਟਾਈਲ ਦੇ ਬਾਣਿਆਂ ਦੀ ਕੋਈ ਮਹੱਤਤਾ ਹੈ। ਧਰਮ ਅਧਾਰਿਤ ਖਾਣ-ਪੀਣ ਦੇ ਵੀ ਗੁਰਬਾਣੀ ਵਿਰੋਧ ਵਿੱਚ ਹੈ। ਗੁਰਬਾਣੀ ਅਨੁਸਾਰ ਜੋ ਵੀ ਖਾਣ, ਪੀਣ ਜਾਂ ਪਹਿਨਣ ਨਾਲ ਤੁਹਾਡਾ ਸਰੀਰ ਜਾਂ ਮਨ ਦੁੱਖੀ ਹੈ, ਉਹ ਨਾ ਖਾਓ, ਨਾ ਪੀਓ ਅਤੇ ਨਾ ਪਹਿਨੋ। ਪਰ ਇਹ ਫੈਸਲਾ ਤੁਸੀਂ ਕਰਨਾ ਹੈ ਨਾ ਕਿ ਧਰਮ ਦੇ ਕਿਸੇ ਪੁਜਾਰੀ ਜਾਂ ਮਰਿਯਾਦਾ ਜਾਂ ਮਰਿਯਾਦਾ ਨੇ। ਗੁਰਬਾਣੀ ਮਨੁੱਖ ਨੂੰ ਉਸਦੇ ਕੰਮਾਂ, ਕਿਰਦਾਰ, ਵਿਹਾਰ ਅਤੇ ਚਰਿੱਤਰ ਅਧਾਰਿਤ ਵਿਲੱਖਣ ਬਣਨ ਦਾ ਸੰਦੇਸ਼ ਦਿੰਦੀ ਹੈ।

ਕੱਲ ਅਜਮੇਰ ਸਿੰਘ ਨਾਮ ਦੇ ਇੱਕ ਨਵੇਂ ਬਣੇ ਸਿੱਖ ਵਿਦਵਾਨ ਦੀ ਵੀਡੀਓ ਸੁਣੀ ਕਿ ਸਿੱਖ ਪੰਥ ਦੀ ਸਾਰੀ ਲੜਾਈ ਜਾਂ ਸੰਘਰਸ਼ ਸਿਰਫ ਸਾਡੀ ਵਿਲੱਖਣ ਹੋਂਦ ਦੀ ਲੜਾਈ ਹੈ। ਜੋ ਕਿ ਬਿਲਕੁਲ ਠੀਕ ਗੱਲ ਹੈ, ਅਸੀ ਸਹਿਮਤ ਹਾਂ। ਪਰ ਉਨ੍ਹਾਂ ਅਨੁਸਾਰ ਵਿਲੱਖਣਤਾ: ਵਿਅਕਤੀ ਦੇ ਸਰੀਰ ਦੀ ਬਾਹਰੀ ਦਿੱਖ ਹੈ, ਉਸਦੇ ਵਾਲ, ਦਾਹੜੀ, ਪੱਗ, ਪੰਜ ਕਕਾਰ (ਧਾਰਮਿਕ ਚਿੰਨ੍ਹ) ਅਤੇ ਪਿਛਲੀ ਸਦੀ ਵਿੱਚ ਬਣਾਈ ਮਰਿਯਾਦਾ ਹੈ। ਅਜਮੇਰ ਸਿੰਘ ਜੀ ਨੇ ਆਪਣੀ ਅੱਧੇ ਘੰਟੇ ਦੀ ਵੀਡੀਓ ਵਿੱਚ ਗੁਰਬਾਣੀ ਕਿਤੇ ਜ਼ਿਕਰ ਨਹੀ ਕੀਤਾ। ਆਪਣੀ ਇਸ ਵਿਲੱਖਣਤਾ ਦਾ ਪ੍ਰਮਾਣਕਿਤਾ ਲਈ ਗੁਰਬਾਣੀ ਦਾ ਕੋਈ ਪ੍ਰਮਾਣ ਨਹੀਂ ਦਿੱਤਾ।

ਉਨ੍ਹਾਂ ਅਨੁਸਾਰ ਹਿੰਦੂ ਸਾਨੂੰ ਨਿਗਲਣਾ ਚਾਹੁੰਦੇ ਹਨ, ਸਾਡੀ ਵਿਲੱਖਣਤਾ ਖ਼ਤਮ ਕਰਨਾ ਚਾਹੁੰਦੇ ਹਨ। ਸਾਨੂੰ ਵੱਖਰਾ ਮੰਨਣ ਤੋਂ ਇਨਕਾਰੀ ਹਨ ਆਦਿ। ਪਰ ਕਿਤੇ ਵੀ ਦੱਸ ਨਹੀਂ ਸਕੇ ਕਿ 1947 ਤੋਂ ਅੱਜ ਤੱਕ ਕਦੇ ਕਿਸੇ ਹਿੰਦੂ ਵਿਅਕਤੀ, ਜਥੇਬੰਦੀ ਜਾਂ ਸਰਕਾਰ ਨੇ ਸਰਕਾਰੀ ਜਾਂ ਗੈਰ ਸਰਕਾਰੀ ਤੌਰ 'ਤੇ ਕਿਸੇ ਸਿੱਖ ਜਾਂ ਸਿੱਖ ਜਥੇਬੰਦੀ ਜਾਂ ਵਿਦਵਾਨ ਜਾਂ ਪ੍ਰਚਾਰਕ ਨੂੰ ਸਿੱਖੀ ਦਾ ਜਿਸ ਵੀ ਢੰਗ ਨਾਲ ਉਹ ਪ੍ਰਚਾਰ ਕਰਨਾ ਚਾਹੁੰਦੇ ਹਨ, ਕਰਨ ਤੋਂ ਰੋਕਿਆ ਹੋਵੇ। ਕੋਈ ਅਜਿਹਾ ਕਨੂੰਨ ਬਣਾਇਆ ਹੋਵੇ ਕਿ ਸਿੱਖ ਆਪਣੀ ਕਿਸੇ ਮਰਿਯਾਦਾ ਨੂੰ ਮੰਨ ਨਹੀਂ ਸਕਦੇ। ਕਦੇ ਕਿਤੇ ਕਿਸੇ ਨੂੰ ਗੁਰਦੁਆਰਾ ਬਣਾਉਣ ਤੋਂ ਰੋਕਿਆ ਹੋਵੇ। ਕਿਸੇ ਨੂੰ ਅੰਮ੍ਰਿਤ ਛਕਾਉਣ ਜਾਂ ਆਪਣੇ ਢੰਗ ਨਾਲ ਪੂਜਾ-ਪਾਠ ਕਰਨ ਤੋਂ ਰੋਕਿਆ ਹੋਵੇ?

ਫਿਰ ਪੰਥ ਦੀ ਹਿੰਦੂਆਂ ਜਾਂ ਹਿੰਦ ਸਰਕਾਰ ਨਾਲ ਵਿਲੱਖਣ ਹੋਂਦ ਤੇ ਹਸਤੀ ਮਿਟਾਉਣ ਵਿਰੁੱਧ ਲੜਾਈ ਦਾ ਕੀ ਅਧਾਰ ਹੈ। ਸਗੋਂ ਇਸਦੇ ਉਲਟ ਸਿੱਖ ਜਥੇਬੰਦੀਆਂ ਮਰਿਯਾਦਾ ਦੇ ਨਾਮ 'ਤੇ ਇੱਕ ਦੂਜੇ ਵਿਰੁੱਧ ਜ਼ਰੂਰ ਲੜਦੀਆਂ ਹਨ, ਹਮਲੇ ਕਰਦੀਆਂ ਹਨ। ਜਿਹੜਾ ਕੋਈ ਇਨ੍ਹਾਂ ਤੋਂ ਵੱਖਰੀ ਕਿਸੇ ਮਰਿਯਾਦਾ ਦੀ ਗੱਲ ਕਰਦਾ ਹੈ, ਉਸ ਨੂੰ ਪੰਥ 'ਚੋਂ ਛੇਕਦੀਆਂ ਹਨ।

ਮੇਨ ਸਟਰੀਮ ਸਿੱਖਾਂ ਵੱਲੋਂ ਗੁਰਬਾਣੀ ਤੋਂ ਉਲਟ ਆਪੇ ਬਣਾਈਆਂ ਮਰਿਯਾਦਾਵਾਂ ਤੋਂ ਬਾਹਰ ਨਿਕਲ ਚੁੱਕੇ ਰਾਧਾ ਸੁਆਮੀਆਂ, ਨਿਰੰਕਾਰੀਆਂ, ਨਾਮਧਾਰੀਆਂ, ਰਵੀਦਾਸੀਆਂ, ਵੱਖ-ਵੱਖ ਤਰ੍ਹਾਂ ਦੇ ਡੇਰਿਆਂ ਖਿਲਾਫ ਕੋਈ ਨਾ ਕੋਈ ਗਰੁੱਪ ਸਿੱਖੀ ਨੂੰ ਖਤਰਾ ਦੱਸ ਕੇ ਝੰਡਾ ਚੁੱਕੀ ਫਿਰਦਾ ਹੈ। ਉਨ੍ਹਾਂ 'ਤੇ ਸ਼ਬਦੀ ਅਤੇ ਸਰੀਰਕ ਹਮਲਾ ਕੀਤੇ ਜਾਂਦੇ ਹਨ। ਉਨ੍ਹਾਂ ਨੂੰ ਵਧਣ ਫੁੱਲਣ ਤੋਂ ਰੋਕਣ ਲਈ ਅਕਾਲ ਤਖ਼ਤ ਤੋਂ ਹੁਕਮਨਾਮੇ ਜਾਰੀ ਕੀਤੇ ਜਾਂਦੇ ਹਨ। ਉਨ੍ਹਾਂ ਨੂੰ ਪੰਥ 'ਚੋਂ ਛੇਕਿਆ ਜਾਂਦਾ ਹੈ।



ਜੇ ਮੰਨ ਲਓ, ਕੋਈ ਹਿੰਦੂ ਜਥੇਬੰਦੀ, ਸਿੱਖਾਂ ਦੀ ਕਿਸੇ ਵਿਲੱਖਣ ਹੋਂਦ ਨੂੰ ਨਹੀਂ ਮੰਨਦੀ ਤਾਂ ਨਾ ਮੰਨੇ। ਜੇ ਤੁਸੀਂ ਆਪਣੇ ਆਪ ਨੂੰ ਵਿਲੱਖਣ ਮੰਨਦੇ ਹੋ ਤਾਂ ਮੰਨੀ ਜਾਓ, ਤੁਹਾਨੂੰ ਕਿਸੇ ਹਿੰਦੂ ਜਥੇਬੰਦੀ ਤੋਂ ਕਿਸੇ ਸਰਟੀਫਿਕੇਟ ਦੀ ਕੀ ਲੋੜ ਹੈ? ਅਜਮੇਰ ਸਿੰਘ ਕਹਿੰਦੇ ਕਿ ਭਾਰਤੀ ਸੰਵਿਧਾਨ ਦੀ ਧਾਰਾ 25 ਵਿੱਚ ਸਿੱਖਾਂ ਦੀ ਨਿਆਰੀ ਹਸਤੀ ਨੂੰ ਨਹੀਂ ਮੰਨਿਆ ਗਿਆ। ਜੇ ਸਿੱਖਾਂ ਨੂੰ ਵੱਖਰੇ ਨਹੀਂ ਮੰਨਿਆ ਤਾਂ ਭਾਰਤ ਵਿੱਚ ਸਿਰਫ ਸਿੱਖਾਂ ਨੂੰ ਹੀ ਕਿਰਪਾਨ ਪਾਉਣ ਕਿਉਂ ਇਜਾਜ਼ਤ ਬਾਕੀ ਹਿੰਦੂਆਂ ਨੂੰ ਕਿਉਂ ਨਹੀਂ? ਜੇ ਤੁਸੀਂ ਵੱਖਰੇ ਹੋ ਤਾਂ ਹੀ ਇਜਾਜ਼ਤ ਹੈ। ਕੀ ਸਿੱਖ ਵਿਆਹ, ਮਰਨੇ ਜਾਂ ਜ਼ੋਰ ਧਾਰਮਿਕ ਅਤੇ ਸਮਾਜਿਕ ਰੀਤਾਂ ਰਸਮਾਂ ਆਪਣੀਆਂ ਮਰਿਯਾਦਾਵਾਂ ਜਾਂ ਪ੍ਰੰਪਰਾਵਾਂ ਅਨੁਸਾਰ ਨਹੀਂ ਕਰਦੇ? ਕੀ ਕਦੇ ਕਿਸੇ ਹਿੰਦੂ ਜਥੇਬੰਦੀ ਜਾਂ ਸਰਕਾਰ ਨੇ ਕਦੇ ਕਿਸੇ ਨੂੰ ਅਜਿਹਾ ਕਰਨ ਤੋਂ ਸਰਕਾਰੀ ਜਾਂ ਗੈਰ ਸਰਕਾਰੀ ਜਾਂ ਕਨੂੰਨੀ ਤੌਰ 'ਤੇ ਰੋਕਿਆ ਹੈ? ਕੀ ਕਦੇ ਕਿਸੇ ਨੇ ਸਿੱਖਾਂ ਨੂੰ ਕਦੇ ਕਿਹਾ ਹੈ ਕਿ ਤੁਹਾਨੂੰ ਹਿੰਦੂਆਂ ਵਾਲੇ ਸਮਾਜਿਕ ਰੀਤੀ-ਰਿਵਾਜ ਜਾਂ ਧਾਰਮਿਕ ਮਰਿਆਦਾਵਾਂ ਨਿਭਾਉਣੀਆਂ ਪੈਣਗੀਆਂ ਕਿਉਂਕਿ ਤੁਸੀਂ ਹਿੰਦੂਆਂ ਦੇ ਗੁਲਾਮ ਹੋ?

ਜੇ ਅਜਿਹਾ ਪਿਛਲੇ 80 ਸਾਲ ਜਾਂ ਗੁਰੂ ਸਾਹਿਬਾਨ ਦੇ ਸਮੇ ਜਾਂ ਉਨ੍ਹਾਂ ਤੋਂ ਬਾਅਦ 300 ਸਾਲਾਂ 'ਚ ਕਦੇ ਕਿਸੇ ਨੇ ਨਹੀ ਕਿਹਾ ਤਾਂ ਅਜਮੇਰ ਸਿੰਘ ਵਰਗੇ ਵਿਦਵਾਨਾਂ ਅਜਿਹੇ ਪ੍ਰਾਪੇਗੰਡੇ ਦਾ ਅਧਾਰ ਕੀ ਹੈ? ਕਦੇ ਕਿਸੇ ਸਰਕਾਰ ਨੇ ਭਾਰਤ ਵਿੱਚ ਸਿੱਖਾਂ ਨੂੰ ਕਦੇ ਕਿਸੇ ਸਟੇਟ ਵਿੱਚ ਵਸਣ, ਬਿਜਨੈਸ ਕਰਨ, ਨੌਕਰੀ ਕਰਨ ਤੋਂ ਰੋਕਿਆ? ਜੇ ਨਹੀਂ ਤਾਂ ਗੁਲਾਮੀ ਗੁਲਾਮੀ ਕੂਕਣ ਜਾਂ ਸਾਡੀ ਵਿਲੱਖਣ ਹੋਂਦ ਨੂੰ ਖ਼ਤਰਾ ਦੇ ਰਾਗ ਅਲਾਪਣ ਦਾ ਕੀ ਅਰਥ ਹੈ?

# ਭਾਰਤੀ ਰਾਜ ਸੱਤਾ ਬਨਾਮ ਪੱਛਮੀ ਬੰਗਾਲ : ਇੱਕ ਨਿਆਰੀ ਚੋਣ

*[ਸ਼ਾਂਤਨੂ ਸਮਾਜ, ਰਾਜਨੀਤੀ ਅਤੇ ਕਲਾ ਮਾਮਲਿਆਂ ਦੇ ਟਿੱਪਣੀਕਾਰ ਹਨ, ਜੋ ਆਪਣਾ ਸਮਾਂ ਦਿੱਲੀ ਅਤੇ ਕੋਲਕਾਤਾ ਦਰਮਿਆਨ ਘੁੰਮਦਿਆਂ ਬਿਤਾਉਂਦੇ ਹਨ। ਉਨ੍ਹਾਂ ਦੀ ਇਹ ਵਿਸ਼ਲੇਸ਼ਣਾਤਮਕ ਲਿਖਤ ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਆਰ.ਐੱਸ.ਐੱਸ-ਬੀ.ਜੇ.ਪੀ. ਵੱਲੋਂ ਕੀਤੇ ਫਾਸ਼ੀਵਾਦੀ ਪ੍ਰਯੋਗ ਦਾ ਬਾਰੀਕੀ 'ਚ ਅਧਿਐਨ ਪੇਸ਼ ਕਰਦੀ ਹੈ। ਮਹੱਤਵ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।]*

-ਸ਼ਾਂਤਨੂ
ਅਨੁ.: ਬੂਟਾ ਸਿੰਘ ਮਹਿਮੂਦਪੁਰ

ਹਾਲ ਹੀ ਵਿੱਚ ਨੇਪਰੇ ਚੜ੍ਹੀ ਪੱਛਮੀ ਬੰਗਾਲ ਵਿਧਾਨ ਸਭਾ ਚੋਣ ਮਹਿਜ਼ ਤ੍ਰਿਣਮੂਲ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਦਰਮਿਆਨ ਚੋਣ ਸੰਘਰਸ਼ ਨਹੀਂ ਸੀ। ਬਲਕਿ ਇਸ ਚੋਣ ਨੇ ਸਿਫ਼ਤੀ ਪੱਖੋਂ ਕੁਝ ਅਲਹਿਦਾ ਹੀ ਸਥਿਤੀ ਦਰਸਾਈ—ਇੱਕ ਅਜਿਹੀ ਸਥਿਤੀ, ਜਿੱਥੇ ਕਿਸੇ ਚੁਣੀ ਹੋਈ ਰਾਜ ਸਰਕਾਰ ਦੀ ਸੱਤਾਧਾਰੀ ਪਾਰਟੀ ਨੂੰ ਇੱਕ ਹੀ ਸਮੇਂ ਵਿੱਚ ਆਪਣੇ ਰਾਜਨੀਤਿਕ ਵਿਰੋਧੀ ਅਤੇ ਭਾਰਤੀ ਰਾਜ ਦੀ ਸੰਸਥਾਗਤ ਮਸ਼ੀਨਰੀ ਨਾਲ ਇੱਕੋ ਸਮੇਂ ਲੋਹਾ ਲੈਣਾ ਪਿਆ। ਕੇਂਦਰੀ ਚੋਣ ਕਮਿਸ਼ਨ (ਕੇਂਚੂਆ) ਕੇਂਦਰੀ ਜਾਂਚ ਏਜੰਸੀਆਂ, ਕੇਂਦਰੀ ਹਥਿਆਰਬੰਦ ਬਲਾਂ ਅਤੇ ਗਜਾਨਨ ਮਾਧਵ ਮੁਕਤੀਬੋਧ ਦੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਜਾਵੇ ਤਾਂ ਇੱਕ 'ਬੇਜ਼ੁਬਾਂ ਬੇਵਸ ਸਲਾਮ ਵਿੱਚ' ਸਿਰ ਝੁਕਾਏ ਖੜ੍ਹੀ ਨਿਆਪਾਲਿਕਾ ਦੁਆਰਾ ਲਏ ਗਏ ਫ਼ੈਸਲਿਆਂ ਦੇ ਸੰਯੁਕਤ ਪ੍ਰਭਾਵ ਨੇ, ਸ਼ਾਇਦ ਇਨ੍ਹਾਂ ਚੋਣਾਂ ਨੂੰ 1975 ਦੇ ਐਮਰਜੈਂਸੀ ਤੋਂ ਬਾਅਦ ਦੇ ਭਾਰਤੀ ਇਤਿਹਾਸ ਦੀ ਸਭ ਤੋਂ ਵੱਧ ਦਖ਼ਲਅੰਦਾਜ਼ੀ ਵਾਲੀ ਵਿਧਾਨ ਸਭਾ ਚੋਣ ਬਣਾ ਦਿੱਤਾ।

**ਵਿਸ਼ੇਸ਼ ਡੂੰਘੀ ਸੁਧਾਈ (SIR): ਵੋਟ ਦੇ ਅਧਿਕਾਰ ਤੋਂ ਵਾਂਝੇ ਕਰਨਾ**

ਇਸ ਦਖ਼ਲਅੰਦਾਜ਼ੀ ਦਾ ਸਭ ਤੋਂ ਅਹਿਮ ਜ਼ਰੀਆ ਰਾਜ ਦੀ ਚੋਣ ਸੂਚੀ ਦੀ ਵਿਸ਼ੇਸ਼ ਡੂੰਘੀ ਸੁਧਾਈ ਰਿਹਾ ਹੈ, ਜਿਸ ਦੇ ਜ਼ਰੀਏ ਚੋਣ ਸੂਚੀ ਵਿੱਚੋਂ ਤਕਰੀਬਨ 90 ਲੱਖ ਨਾਂ ਕੱਟ ਦਿੱਤੇ ਗਏ। ਇਹ ਕੁੱਲ ਵੋਟਰਾਂ ਦਾ ਲਗਭਗ 12 ਪ੍ਰਤੀਸ਼ਤ ਹੈ। ਇਨ੍ਹਾਂ ਵਿੱਚੋਂ 60 ਲੱਖ ਤੋਂ ਵੱਧ ਲੋਕਾਂ ਨੂੰ 'ਗੈਰਹਾਜ਼ਰ' ਜਾਂ 'ਮ੍ਰਿਤਕ' ਦੀ ਸ਼੍ਰੇਣੀ ਵਿੱਚ ਰੱਖਿਆ ਗਿਆ, ਜਦੋਂ ਕਿ 27 ਲੱਖ ਲੋਕਾਂ ਦਾ ਮਾਮਲਾ ਅਜੇ ਵੀ ਟ੍ਰਿਬਿਊਨਲ ਦੇ ਸਾਹਮਣੇ ਸੁਣਵਾਈ ਅਧੀਨ ਹੈ, ਜਿਸ ਉੱਤੇ ਫ਼ੈਸਲਾ ਹੋਣਾ ਅਜੇ ਬਾਕੀ ਹੈ। ਇਨ੍ਹਾਂ ਵਿੱਚੋਂ ਲਗਭਗ 65 ਪ੍ਰਤੀਸ਼ਤ ਮੁਸਲਮਾਨ ਹਨ। ਇਸ ਤੋਂ ਇਲਾਵਾ, ਇਸ ਤੋਂ ਪ੍ਰਭਾਵਿਤ ਹੋਣ ਵਾਲਿਆਂ ਵਿੱਚ ਮਤੁਆ ਭਾਈਚਾਰੇ ਦੇ ਦਲਿਤ (ਨਾਮਾਸ਼ੂਦਰ) ਹਿੰਦੂ ਵੀ ਸ਼ਾਮਲ ਹਨ। ਗ਼ਰੀਬ ਤਬਕੇ ਦੀਆਂ ਔਰਤਾਂ ਵੀ ਇਸ ਕਾਰਵਾਈ ਦੀ ਜ਼ਦ ਵਿੱਚ ਆਈਆਂ ਹਨ।

ਚੋਣ ਕਮਿਸ਼ਨ ਨੇ ਇਸ ਨੂੰ ਇੱਕ ਆਮ "ਸ਼ੁੱਧੀਕਰਨ"ਦੀ ਪ੍ਰਕਿਰਿਆ ਦੇ ਤੌਰ 'ਤੇ ਪੇਸ਼ ਕੀਤਾ। ਪਰੰਤੂ ਪੱਛਮੀ ਬੰਗਾਲ ਦੇ ਮਾਮਲੇ ਵਿੱਚ, ਬਿਨਾਂ ਕਿਸੇ ਅੰਕੜਾ ਆਧਾਰ ਦੇ ਉਸ ਦੇ ਨਾਲ ਇੱਕ ਵਿਸ਼ੇਸ਼ ਮਾਮਲੇ ਵਰਗਾ ਵਰਤਾਓ ਕੀਤਾ ਗਿਆ। ਇਸ ਦੇ ਚੱਲਦਿਆਂ ਇੱਥੇ 30 ਕੇਂਦਰੀ ਆਬਜ਼ਰਵਰ ਤੈਨਾਤ ਕੀਤੇ ਗਏ, ਜਦੋਂ ਕਿ ਉੱਤਰ ਪ੍ਰਦੇਸ਼ ਵਿੱਚ ਸਿਰਫ਼ ਚਾਰ ਕੀਤੇ ਗਏ ਸਨ; ਪੱਛਮੀ ਬੰਗਾਲ ਵਿੱਚ ਜਿੱਥੇ 8,000 ਮਾਈਕ੍ਰੋ-ਆਬਜ਼ਰਵਰ ਤੈਨਾਤ ਸਨ, ਜਦੋਂ ਕਿ ਹੋਰ ਰਾਜਾਂ ਵਿੱਚ ਇੱਕ ਵੀ ਨਹੀਂ; ਅਤੇ, ਪੂਰੇ ਭਾਰਤ ਵਿੱਚ ਅਧਿਕਾਰੀਆਂ ਦੇ ਜਿੰਨੇ ਵੀ ਤਬਾਦਲੇ ਕੀਤੇ ਗਏ, ਉਨ੍ਹਾਂ ਵਿੱਚੋਂ 95 ਪ੍ਰਤੀਸ਼ਤ ਸਿਰਫ਼ ਇਸੇ ਇੱਕ ਰਾਜ ਵਿੱਚ ਤਾਮੀਲ ਕੀਤੇ ਗਏ। ਇਨ੍ਹਾਂ ਤੈਨਾਤੀਆਂ ਅਤੇ ਤਬਾਦਲਿਆਂ ਨੂੰ ਪ੍ਰਸ਼ਾਸਨਿਕ ਤੌਰ 'ਤੇ ਤਾਂ ਕੱਤਈ ਨਹੀਂ ਸਮਝਾਇਆ ਜਾ ਸਕਦਾ। ਹਾਂ, ਇਸ ਨੂੰ ਰਾਜਨੀਤਿਕ ਤੌਰ 'ਤੇ ਜ਼ਰੂਰ ਸਮਝਾਇਆ ਜਾ ਸਕਦਾ ਹੈ।

ਇਸ ਵਿਸ਼ੇਸ਼ ਡੂੰਘੀ ਵੋਟਰ ਸੁਧਾਈ ਨੇ ਇੱਕ ਬੁਨਿਆਦੀ ਲੋਕਤੰਤਰੀ ਸਿਧਾਂਤ ਨੂੰ ਵੀ ਉਲਟ-ਪਲਟ ਕੇ ਰੱਖ ਦਿੱਤਾ—ਵੋਟਰਾਂ ਉੱਤੇ ਆਪਣੇ ਜਾਇਜ਼ ਵੋਟਰ ਹੋਣ ਦਾ ਪੁਖਤਾ ਸਬੂਤ ਦੇਣ ਦਾ ਬੋਝ ਪਾ ਕੇ। ਉਨ੍ਹਾਂ ਤੋਂ ਦਸਤਾਵੇਜ਼ਾਂ ਦੇ ਜ਼ਰੀਏ ਆਪਣੀ ਵੋਟਰ ਦਾਅਵੇਦਾਰੀ ਨੂੰ ਸਪੱਸ਼ਟ ਰੂਪ ਵਿੱਚ ਸਾਬਤ ਕਰਨ ਦੀ ਮੰਗ ਕੀਤੀ ਗਈ ਹੈ। ਇਸ ਪ੍ਰਕਿਰਿਆ ਨੇ ਵੋਟ ਪਾਉਣ ਦੇ ਅਧਿਕਾਰ ਦੀ ਮੂਲ ਧਾਰਨਾ ਨੂੰ ਹੀ ਸਿਰ ਪਰਨੇ ਖੜ੍ਹਾ ਕਰ ਦਿੱਤਾ, ਜੋ ਕਿਸੇ ਵੀ ਲੋਕਤੰਤਰੀ ਅਮਲ ਦਾ ਆਧਾਰ ਹੁੰਦਾ ਹੈ। ਖੇਤਰ-ਵਾਰ ਅੰਕੜੇ ਸਾਫ਼ ਦਰਸਾਉਂਦੇ ਹਨ ਕਿ ਆਖਿਰ ਨਿਸ਼ਾਨਾ ਕਿਸ ਨੂੰ ਬਣਾਇਆ ਜਾ ਰਿਹਾ ਸੀ: ਨੰਦੀਗ੍ਰਾਮ ਵਿੱਚ, ਜਿੱਥੇ ਮੁਸਲਮਾਨਾਂ ਦੀ ਅਬਾਦੀ 25 ਪ੍ਰਤੀਸ਼ਤ ਹੈ, ਇੱਥੇ ਹਟਾਏ ਗਏ ਨਾਵਾਂ ਵਿੱਚੋਂ 95 ਪ੍ਰਤੀਸ਼ਤ ਤੋਂ ਵੱਧ ਨਾਂ ਮੁਸਲਮਾਨਾਂ ਦੇ ਹਨ; ਭਵਾਨੀਪੁਰ ਵਿੱਚ, ਜਿੱਥੇ ਵੋਟਰ ਸੂਚੀ ਵਿੱਚ ਮੁਸਲਮਾਨਾਂ ਦੀ ਹਿੱਸੇਦਾਰੀ 20 ਪ੍ਰਤੀਸ਼ਤ ਹੈ, ਹਟਾਏ ਗਏ ਨਾਵਾਂ ਵਿੱਚੋਂ 40 ਪ੍ਰਤੀਸ਼ਤ ਮੁਸਲਮਾਨ ਹਨ। ਜਿਨ੍ਹਾਂ ਕਿਰਦਾਰਾਂ ਨੇ ਇਸ ਦੀ ਰਾਜਨੀਤਕ ਰੂਪਰੇਖਾ ਤਿਆਰ ਕੀਤੀ ਸੀ, ਉਨ੍ਹਾਂ ਨੇ ਇਸ ਪ੍ਰਕਿਰਿਆ ਨੂੰ ਕਦੇ ਵੀ ਨਿਰਪੱਖ ਦੱਸਣ ਜਾਂ ਜਤਾਉਣ ਦੀ ਜਹਿਮਤ ਨਹੀਂ ਉਠਾਈ। ਕੇਂਦਰ ਸਰਕਾਰ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਇੱਕ ਆਗੂ ਨੇ ਤਾਂ ਐਲਾਨੀਆ ਤੌਰ 'ਤੇ ਇੱਕ ਕਰੋੜ ਮੁਸਲਮਾਨ ਘੁਸਪੈਠੀਆਂ ਨੂੰ ਵੋਟਰ ਸੂਚੀ ਵਿੱਚੋਂ ਹਟਾਉਣ ਦੀ ਗੱਲ ਕਹੀ। ਸੰਖੇਪ ਵਿੱਚ ਕਹੀਏ ਤਾਂ, ਇਸ ਕਾਰੇ ਨੂੰ ਅੰਜਾਮ ਦੇਣ ਲਈ ਕਮਿਸ਼ਨ ਦੁਆਰਾ ਸੰਸਥਾਗਤ ਆੜ੍ਹ ਮੁਹੱਈਆ ਕਰਵਾਈ ਗਈ। ਜਦਕਿ ਇਸ ਦੇ ਲਈ ਦਿਸ਼ਾ ਨਿਰਦੇਸ਼ ਭਾਜਪਾ ਅਤੇ ਰਾਸ਼ਟਰੀ ਸੋਇਮਸੇਵਕ ਸੰਘ ਦੁਆਰਾ ਦਿੱਤੇ ਗਏ।

**ਵਿਸ਼ੇਸ਼ ਡੂੰਘੀ ਸੁਧਾਈ : ਸੰਵਿਧਾਨਕ ਆਦੇਸ਼ ਤੋਂ ਪਰੇ**

ਵਿਸ਼ੇਸ਼ ਡੂੰਘੀ ਸੁਧਾਈ ਦਾ ਕੋਈ ਸਪੱਸ਼ਟ ਕਾਨੂੰਨੀ ਆਧਾਰ ਨਹੀਂ ਹੈ। ਇਸ ਦਾ ਜ਼ਿਕਰ ਜਨ ਪ੍ਰਤੀਨਿਧਤਾ ਐਕਟ ਵਿੱਚ ਕਿਤੇ ਨਹੀਂ ਦਿਸਦਾ। ਇਸ ਐਕਟ ਦੀ ਧਾਰਾ 21(3) ਸਿਰਫ਼ ਕਿਸੇ ਚੋਣ ਹਲਕੇ ਜਾਂ ਉਸ ਦੇ ਕਿਸੇ ਹਿੱਸੇ ਦੇ ਲਈ ਵਿਸ਼ੇਸ਼ ਸੋਧ ਦੀ ਇਜਾਜ਼ਤ ਦਿੰਦੀ ਹੈ, ਨਾ ਕਿ ਸਮੁੱਚੇ ਰਾਜ ਦੇ ਲਈ। ਇਸ ਵਿੱਚ ਇਸਤੇਮਾਲ ਕੀਤੀ ਗਈ 'ਪਾਤਰਤਾ ਮਿਤੀ' ਦਾ ਵੀ ਕੋਈ ਸੰਵਿਧਾਨਕ ਆਧਾਰ ਨਹੀਂ ਹੈ। ਸੰਵਿਧਾਨ ਦਾ ਅਨੁਸ਼ੇਦ 324, ਜੋ ਕਮਿਸ਼ਨ ਨੂੰ ਚੋਣਾਂ ਉੱਤੇ ਵਿਆਪਕ ਨਿਗਰਾਨੀ ਦਾ ਅਧਿਕਾਰ ਦਿੰਦਾ ਹੈ, ਅਸੀਮਤ ਸ਼ਕਤੀਆਂ ਪ੍ਰਦਾਨ ਨਹੀਂ ਕਰਦਾ। ਭਾਵ ਜਿੱਥੇ-ਜਿੱਥੇ ਕਾਨੂੰਨ ਮੌਜੂਦ ਹੈ, ਉੱਥੇ-ਉੱਥੇ ਇਸ ਨੇ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਹੀ ਕੰਮ ਕਰਨਾ ਹੁੰਦਾ ਹੈ। ਕਮਿਸ਼ਨ ਸਿਰਫ਼ ਉੱਥੇ ਹੀ ਅਜ਼ਾਦ ਰੂਪ ਵਿੱਚ ਕੰਮ ਕਰ ਸਕਦਾ ਹੈ ਜਿੱਥੇ ਕਾਨੂੰਨ ਖ਼ਾਮੋਸ਼ ਹੈ। ਇਸ ਮਾਮਲੇ ਵਿੱਚ ਜਨ ਪ੍ਰਤੀਨਿਧਤਾ ਐਕਟ ਖ਼ਾਮੋਸ਼ ਨਹੀਂ ਹੈ। ਇਹ ਮੰਦਭਾਗਾ ਹੈ ਕਿ ਵਿਸ਼ੇਸ਼ ਡੂੰਘੀ ਸੁਧਾਈ ਦੀ ਪ੍ਰਕਿਰਿਆ, ਇਸ ਪਹਿਲੂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦੀ ਹੈ।

ਇਸ ਪ੍ਰਕਿਰਿਆ ਦੇ ਤਾਰਕਿਕ ਵਿਰੋਧਾਭਾਸ ਵੀ ਉਨੇ ਹੀ ਅਸ਼ਲੀਲ ਹਨ। ਇਸ ਪੂਰੀ ਪ੍ਰਕਿਰਿਆ ਨੂੰ ਕਮਿਸ਼ਨ ਦੁਆਰਾ ਪਿਛਲੇ ਦੋ ਦਹਾਕਿਆਂ ਵਿੱਚ ਹੋਏ ਜਨਸੰਖਿਆ ਬਦਲਾਵਾਂ ਦੇ ਆਧਾਰ 'ਤੇ ਜਾਇਜ਼ ਠਹਿਰਾਇਆ ਗਿਆ—ਪਰ ਇਸ ਨੂੰ ਨਿਰਧਾਰਤ ਚੋਣਾਂ ਤੋਂ ਚੰਦ ਮਹੀਨੇ ਪਹਿਲਾਂ, ਕੁਝ ਹੀ ਹਫ਼ਤਿਆਂ ਵਿੱਚ ਨਬੇੜ ਦਿੱਤਾ ਗਿਆ; ਜਦੋਂ ਕਿ ਕਾਨੂੰਨ ਅਤੇ ਆਮ ਸਮਝ ਦੇ ਹਿਸਾਬ ਨਾਲ ਇਸ ਕੰਮ ਨੂੰ ਕਾਫ਼ੀ ਸਮਾਂ ਦਿੱਤਾ ਜਾਣਾ ਚਾਹੀਦਾ ਸੀ।


ਇਸ ਪ੍ਰਕਿਰਿਆ ਦੇ ਅੰਦਰ ਇੱਕ ਹੋਰ 'ਤਾਰਕਿਕ ਬੇਮੇਲਤਾ' ਲੁਕੀ ਹੋਈ ਸੀ। ਇਹ ਅਸਪਸ਼ਟ ਪ੍ਰਸ਼ਾਸਨਿਕ ਵਰਗੀਕਰਨ ਸੀ, ਜਿਸ ਨੂੰ ਉਨ੍ਹਾਂ ਵੋਟਰਾਂ ਉੱਤੇ ਲਾਗੂ ਕੀਤਾ ਗਿਆ ਜਿਨ੍ਹਾਂ ਦੇ ਦਸਤਾਵੇਜ਼ ਕਿਸੇ ਹੋਰ ਤਰ੍ਹਾਂ ਪੂਰੀ ਤਰ੍ਹਾਂ ਦੁਰੁਸਤ ਸਨ। ਇਸ ਵਰਗੀਕਰਨ ਦੇ ਤਹਿਤ, ਬਿਨਾਂ ਕਿਸੇ ਸਪੱਸ਼ਟ ਪ੍ਰਮਾਣਿਕ ਆਧਾਰ ਦੇ ਹੀ ਵੋਟਰਾਂ ਦੇ ਨਾਂ ਕੱਟਣ ਦੇ ਲਈ ਚਿੰਨ੍ਹਤ ਕਰ ਲਏ ਗਏ। ਇਸੇ ਸ਼੍ਰੇਣੀ ਦੇ ਜ਼ਰੀਏ, ਇਸ ਪੂਰੀ ਪ੍ਰਕਿਰਿਆ ਦਾ ਨੌਕਰਸ਼ਾਹੀ ਵਾਲਾ ਮੁਖੌਟਾ ਪੂਰੀ ਤਰ੍ਹਾਂ ਉੱਘੜ ਗਿਆ। ਮਤਲਬ, ਜੇਕਰ ਫਲਾਣੇ ਅਧਿਕਾਰੀ ਨੂੰ ਕਿਸੇ ਬੰਦੇ ਨੂੰ ਲੈ ਕੇ ਕੋਈ ਗੱਲ ਬੇਮੇਲ ਲੱਗਦੀ ਹੈ, ਤਾਂ ਜਾਇਜ਼ ਦਸਤਾਵੇਜ਼ ਨੂੰ ਵੀ ਉਸ ਬੰਦੇ ਦੇ ਖ਼?ਲਾਫ਼ ਵਰਤਿਆ ਜਾ ਸਕਦਾ ਹੈ। ਭਾਵ ਅਧਿਕਾਰੀ ਦੇ ਫ਼ੈਸਲੇ ਨੂੰ ਗ਼ਲਤ ਸਾਬਤ ਕਰਨ ਦਾ ਬੋਝ ਉਸ ਵਿਸ਼ੇਸ਼ ਬੰਦੇ ਉੱਤੇ ਪਾ ਦਿੱਤਾ ਗਿਆ ਹੈ।

ਇਸ ਤੱਥ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਕਿ ਜਨ ਪ੍ਰਤੀਨਿਧਤਾ ਐਕਟ ਵਿੱਚ ਸਿਰਫ਼ ਆਮ ਨਿਵਾਸ ਤੈਅ ਕਰਨ ਦੀ ਵਿਵਸਥਾ ਹੈ, ਨਾ ਕਿ ਨਾਗਰਿਕਤਾ ਤੈਅ ਕਰਨ ਦੀ। ਵੋਟਰਾਂ ਤੋਂ ਵੰਸ਼ਾਵਲੀ ਅਤੇ ਦਸਤਾਵੇਜ਼ਾਂ ਦੀਆਂ ਕੜੀਆਂ ਦੇ ਜ਼ਰੀਏ ਨਾਗਰਿਕਤਾ ਸਾਬਤ ਕਰਨ ਦੀ ਸ਼ਰਤ ਲਗਾ ਕੇ, ਕਮਿਸ਼ਨ ਨੇ ਇੱਕ ਅਜਿਹਾ ਨਾਗਰਿਕਤਾ ਆਡਿਟ ਨੂੰ ਅੰਜਾਮ ਦਿੱਤਾ ਹੈ, ਜਿਸ ਦਾ ਉਸ ਕੋਲ ਕਾਨੂੰਨਨ ਕੋਈ ਅਧਿਕਾਰ ਹੀ ਨਹੀਂ ਹੈ। ਵਿਸ਼ੇਸ਼ ਡੂੰਘੀ ਸੁਧਾਈ ਦਾ ਮਕਸਦ, ਵੋਟਰ ਸੂਚੀ ਦਾ ਰੱਖ-ਰਖਾਅ ਨਹੀਂ ਸੀ। ਇਸ ਕੰਮ ਦੇ ਲਈ ਐੱਨ.ਆਰ.ਸੀ. ਸੀ—ਜਿਸ ਨੂੰ ਕਮਿਸ਼ਨ ਦੁਆਰਾ ਹੀ ਬਣਾਇਆ, ਡਿਜ਼ਾਈਨ ਕੀਤਾ ਅਤੇ ਲਾਗੂ ਕੀਤਾ ਗਿਆ।

**ਨਿਸ਼ਾਨਾ ਬਣਾ ਕੇ ਨਾਂ ਕੱਟਣ ਦਾ ਗਣਿਤ**

ਵਿਸ਼ੇਸ਼ ਡੂੰਘੀ ਸੁਧਾਈ ਦੇ ਨਤੀਜਿਆਂ ਦਾ ਸਿੱਧਾ ਸੰਬੰਧ ਉਨ੍ਹਾਂ ਸੀਟਾਂ ਨਾਲ ਹੈ, ਜਿਨ੍ਹਾਂ ਨੂੰ ਭਾਜਪਾ ਨੇ 2021 ਵਿੱਚ ਬਹੁਤ ਘੱਟ ਵੋਟਾਂ ਦੇ ਅੰਤਰ ਨਾਲ ਜਿੱਤਿਆ ਸੀ। ਤਕਰੀਬਨ 8,000 ਜਾਂ ਉਸ ਤੋਂ ਘੱਟ ਵੋਟਾਂ ਨਾਲ ਤੈਅ ਹੋਈਆਂ 57 ਸੀਟਾਂ ਵਿੱਚੋਂ, ਤ੍ਰਿਣਮੂਲ ਕਾਂਗਰਸ ਨੇ 29 ਅਤੇ ਭਾਜਪਾ ਨੇ 28 ਸੀਟਾਂ ਜਿੱਤੀਆਂ। ਇਸੇ ਤਰ੍ਹਾਂ, 3,000 ਤੋਂ ਘੱਟ ਵੋਟਾਂ ਨਾਲ ਤੈਅ ਹੋਈਆਂ 19 ਸੀਟਾਂ ਵਿੱਚੋਂ, ਭਾਜਪਾ ਨੇ 12 ਸੀਟਾਂ ਉੱਤੇ ਜਿੱਤ ਹਾਸਲ ਕੀਤੀ। ਕੁਲਟੀ ਸੀਟ 679 ਵੋਟਾਂ ਨਾਲ ਜਿੱਤੀ ਗਈ, ਅਤੇ ਉੱਥੋਂ 38,000 ਨਾਂ ਕੱਟ ਦਿੱਤੇ ਗਏ—ਜੋ ਜਿੱਤ ਦੇ ਅੰਤਰ ਤੋਂ 50 ਗੁਣਾ ਵੱਧ ਹਨ। ਨੰਦੀਗ੍ਰਾਮ ਦੀ ਸੀਟ, ਜੋ 1,956 ਵੋਟਾਂ ਨਾਲ ਜਿੱਤੀ ਗਈ ਸੀ, ਉੱਥੋਂ 14,462 ਨਾਂ ਹਟਾਏ ਗਏ। ਦਾਂਤਨ ਸੀਟ 623, ਘਾਟਾਲ 966, ਅਤੇ ਬਾਂਕੁੜਾ 1,468 ਵੋਟਾਂ ਨਾਲ ਤੈਅ ਹੋਈ। ਨਤੀਜੇ ਆਉਣ ਤੋਂ ਪਹਿਲਾਂ, ਲਗਭਗ 111 ਵਿਧਾਨ ਸਭਾ ਖੇਤਰਾਂ ਵਿੱਚ, ਜਾਂਚ ਦੇ ਦਾਇਰੇ ਵਿੱਚ ਆਏ ਵੋਟਰਾਂ ਦੀ ਗਿਣਤੀ ਉਨ੍ਹਾਂ ਖੇਤਰਾਂ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਜਿੱਤ ਦੇ ਅੰਤਰ ਨਾਲੋਂ ਵੀ ਵੱਧ ਸੀ।

ਜ਼ਾਹਿਰ ਹੈ ਕਿ ਵਿਸ਼ੇਸ਼ ਡੂੰਘੀ ਸੁਧਾਈ ਦੀ ਪ੍ਰਕਿਰਿਆ, ਭਾਜਪਾ ਨੂੰ ਉਨ੍ਹਾਂ ਸੀਟਾਂ ਉੱਤੇ ਯੁੱਧਨੀਤਕ ਤੌਰ 'ਤੇ ਵਧਣ ਦਾ ਲਾਹਾ ਦਿੰਦੀ ਹੈ, ਜਿੱਥੇ ਜਿੱਤ-ਹਾਰ ਦਾ ਫ਼ਾਸਲਾ ਬਹੁਤ ਘੱਟ ਹੈ; ਅਤੇ, ਊਠ ਕਿਸੇ ਵੀ ਕਰਵਟ ਬੈਠ ਸਕਦਾ ਹੈ। (ਖ਼ੈਰ, ਇਹ ਦੇਖਣਾ ਅਜੇ ਬਾਕੀ ਹੈ ਕਿ ਕੀ ਇਹ ਸਿਆਸੀ ਬਿਸਾਤ ਉਨ੍ਹਾਂ ਲੋਕਾਂ ਵਿੱਚ ਨਾਗਰਿਕਤਾ ਗੁਆਉਣ ਦੀ ਚਿੰਤਾ ਵੀ ਪੈਦਾ ਕਰੇਗੀ, ਜਿਨ੍ਹਾਂ ਦੇ ਨਾਂ ਲਿਸਟ ਵਿੱਚੋਂ ਨਹੀਂ ਕੱਟੇ ਗਏ ਹਨ, ਅਤੇ ਕੀ ਉਹ ਸਿਰਫ਼ ਆਪਣੀ ਨਾਗਰਿਕਤਾ ਬਚਾਉਣ ਦੇ ਮਕਸਦ ਨਾਲ ਤ੍ਰਿਣਮੂਲ ਦੀ ਤਰਫ਼ ਝੁਕਣਗੇ।)




**ਨਵੇਂ ਵੋਟਰਾਂ ਨੂੰ ਅਪਾਰਦਰਸ਼ੀ ਤਰੀਕੇ ਨਾਲ ਜੋੜਨਾ**

ਇਸ ਅਸੰਤੁਲਨ ਦੀ ਖੇਡ ਨੂੰ ਹੋਰ ਵਧਾਉਣ ਵਾਲੀ ਗੱਲ ਇਹ ਵੀ ਹੈ ਕਿ ਬਹੀ-ਖਾਤੇ ਦੇ ਦੂਜੇ ਪਾਸੇ ਕੀ ਹੋਇਆ। ਵੋਟਿੰਗ ਤੋਂ ਠੀਕ ਪਹਿਲਾਂ, ਕਮਿਸ਼ਨ ਨੇ ਚੁੱਪ-ਚੁਪੀਤੇ ਹੀ ਤਕਰੀਬਨ ਸੱਤ ਲੱਖ ਨਵੇਂ ਵੋਟਰ ਜੋੜ ਦਿੱਤੇ—ਪਹਿਲੇ ਪੜਾਅ ਦੇ ਲਈ 3.22 ਲੱਖ, ਅਤੇ, ਦੂਜੇ ਪੜਾਅ ਦੇ ਲਈ 3.88 ਲੱਖ, ਜਦੋਂਕਿ ਉਸ ਨੇ ਇਨ੍ਹਾਂ ਵੋਟਰਾਂ ਬਾਰੇ ਕੋਈ ਵੀ ਜਨਸੰਖਿਆਤਮਕ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ। ਲੱਖਾਂ ਵੋਟਰਾਂ ਦੇ ਨਾਂ ਬਹੁਤ ਬਾਰੀਕੀ ਨਾਲ ਜਾਂਚ-ਪੜਤਾਲ ਤੋਂ ਬਾਅਦ ਕੱਟੇ ਗਏ ਸਨ; ਜਦੋਂ ਕਿ ਲੱਖਾਂ ਨਵੇਂ ਵੋਟਰਾਂ ਦੇ ਨਾਂ ਬਿਨਾਂ ਕਿਸੇ ਲਾਗ-ਲਬੇੜ ਦੇ ਜੋੜ ਦਿੱਤੇ ਗਏ। ਇਹ ਸੱਤ ਲੱਖ ਵੋਟਰ ਕੌਣ ਹਨ ਅਤੇ ਉਨ੍ਹਾਂ ਨੂੰ ਜੋੜਨ ਦੇ ਪਿੱਛੇ ਕਿਸੇ ਵੀ ਪਾਰਦਰਸ਼ਤਾ ਦੀ ਉਹੀ ਜ਼ਰੂਰਤ ਕਿਉਂ ਨਹੀਂ ਸਮਝੀ ਗਈ, ਜਿਵੇਂ ਕਿ ਨਾਂ ਕੱਟਦੇ ਸਮੇਂ ਜ਼ਰੂਰੀ ਸਮਝੀ ਗਈ ਸੀ—ਇਨ੍ਹਾਂ ਸਵਾਲਾਂ ਦੇ ਜਵਾਬ ਅੱਜ ਤੱਕ ਨਹੀਂ ਮਿਲੇ ਹਨ।

**ਟ੍ਰਿਬਿਊਨਲ : ਹੱਲ ਦਾ ਭਰਮ**

ਵਿਸ਼ੇਸ਼ ਡੂੰਘੀ ਸੁਧਾਈ ਵਿੱਚ ਅਪੀਲ ਦੀ ਵਿਵਸਥਾ ਕਰੂਰ ਮਜ਼ਾਕ ਤੋਂ ਵੱਧ ਕੁਝ ਨਹੀਂ ਸੀ। ਲੱਖਾਂ ਮਾਮਲਿਆਂ ਦਾ ਹੱਲ ਕੁਝ ਹੀ ਦਿਨਾਂ ਵਿੱਚ ਕੀਤਾ ਜਾਣਾ ਸੀ। ਪਹਿਲੇ ਪੜਾਅ ਦੇ ਲਈ, ਸਮੇਂ ਰਹਿੰਦੇ ਸਿਰਫ਼ 139 ਵਿਵਾਦਤ ਵੋਟਰਾਂ ਦੀ ਸੁਣਵਾਈ ਹੋ ਸਕੀ, ਅਤੇ ਦੂਜੇ ਪੜਾਅ ਤੋਂ ਪਹਿਲਾਂ 1,474 ਸ਼ਿਕਾਇਤ ਕਰਤਾਵਾਂ ਦੀ। ਇਹ ਸਾਰੇ ਮਾਮਲੇ ਨਿਬੇੜ ਦਿੱਤੇ ਗਏ, ਪਰ 27 ਲੱਖ ਤੋਂ ਵੀ ਵੱਧ ਅਪਲਾਈ ਕਰਨ ਵਾਲਿਆਂ ਦੀ ਸੁਣਵਾਈ ਦਾ ਤਾਂ ਨੰਬਰ ਵੀ ਨਹੀਂ ਆਇਆ। ਇਹ ਵੋਟਰ ਨਾ ਤਾਂ ਗੈਰਹਾਜ਼ਰ ਸਨ ਅਤੇ ਨਾ ਹੀ ਮ੍ਰਿਤਕ। ਇਨ੍ਹਾਂ ਸਾਰਿਆਂ ਨੇ ਆਪਣੇ ਦਸਤਾਵੇਜ਼ ਵੀ ਜਮ?ਹਾਂ ਕਰਵਾਏ ਸਨ, ਉਹ ਸੁਣਵਾਈ ਵਿੱਚ ਸ਼ਾਮਲ ਵੀ ਹੋਏ ਸਨ ਅਤੇ ਉਨ੍ਹਾਂ ਨੇ ਆਪਣੇ ਪਾਸਪੋਰਟ ਵੀ ਦਿਖਾਏ ਸਨ। ਪਰ ਉਨ੍ਹਾਂ ਦੀ ਗੁਜ਼ਾਰਿਸ਼ ਅਣਸੁਣੀ ਹੀ ਰਹੀ ਅਤੇ ਇਹ ਅਨਿਆਂ ਸਿਰਫ਼ ਗ਼ਰੀਬਾਂ ਅਤੇ ਹਾਸ਼ੀਏ 'ਤੇ ਰਹਿ ਰਹੇ ਲੋਕਾਂ ਦੇ ਨਾਲ ਹੀ ਨਹੀਂ, ਬਲਕਿ ਸਮਾਜ ਦੇ ਹਰ ਤਬਕੇ ਦੇ ਲੋਕਾਂ ਦੇ ਨਾਲ ਹੋਇਆ।

**ਕਮਿਸ਼ਨ ਦਾ ਹੰਕਾਰ**

ਕਮਿਸ਼ਨ ਦੇ ਕੰਮਕਾਜ ਨੂੰ ਜੋ ਗੱਲ ਸਿਫ਼ਤੀ ਤੌਰ 'ਤੇ ਵੱਖਰਾ ਬਣਾਉਂਦੀ ਹੈ, ਉਹ ਸਿਰਫ਼ ਉਸ ਦਾ ਲੰਮਾ-ਚੌੜਾ ਪੈਮਾਨਾ ਹੀ ਨਹੀਂ, ਬਲਕਿ ਜਵਾਬਦੇਹੀ ਤੋਂ ਪੂਰੀ ਤਰ੍ਹਾਂ ਆਜ਼ਾਦ ਹੋਣਾ ਵੀ ਹੈ। ਕਮਿਸ਼ਨ ਨੇ ਦੋਵਾਂ ਪੜਾਵਾਂ ਦੌਰਾਨ ਲਗਭਗ 1,300 ਤੋਂ ਵੱਧ ਲੋਕਾਂ ਦੀ ਇੱਕ ਗੁਪਤ ਸੂਚੀ ਤਿਆਰ ਕੀਤੀ—ਜਿਨ੍ਹਾਂ ਵਿੱਚੋਂ ਜ਼ਿਆਦਾਤਰ ਤ੍ਰਿਣਮੂਲ ਕਾਂਗਰਸ ਦੇ ਕਾਰਕੁਨ ਅਤੇ ਪਰਿਸ਼ਦ ਮੈਂਬਰ, ਪੰਚਾਇਤ ਮੈਂਬਰ, ਵਿਧਾਇਕ ਅਤੇ ਸਾਂਸਦ ਵਰਗੇ ਚੁਣੇ ਹੋਏ ਨੁਮਾਇੰਦੇ ਸ਼ਾਮਲ ਸਨ। ਵੋਟਿੰਗ ਤੋਂ ਪਹਿਲਾਂ ਹੀ ਉਨ੍ਹਾਂ ਦੀ ਇਹਤਿਆਤੀ ਗ੍ਰਿਫ਼ਤਾਰੀ ਦੇ ਨਿਰਦੇਸ਼ ਜਾਰੀ ਕਰ ਦਿੱਤੇ ਗਏ। ਕਲਕੱਤਾ ਹਾਈ ਕੋਰਟ ਨੇ ਚੋਣ ਕਮਿਸ਼ਨ ਦੁਆਰਾ ਗ੍ਰਿਫ਼ਤਾਰੀ ਦੇ ਨਿਰਦੇਸ਼ ਦਿੱਤੇ ਜਾਣ ਦੇ ਅਧਿਕਾਰ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ : "ਕੀ ਚੋਣ ਕਮਿਸ਼ਨ, ਨਾਗਰਿਕਾਂ ਦੀ ਆਜ਼ਾਦੀ ਖੋਹ ਸਕਦਾ ਹੈ? ਕੀ ਉਹ ਕਿਸੇ ਮੈਜਿਸਟ?ਰੇਟ ਦੇ ਫਰਜ਼ ਨਿਭਾ

ਸਕਦਾ ਹੈ? ਸਮੁੱਚੇ ਮੁਲਕ ਵਿੱਚ ਪੱਛਮੀ ਬੰਗਾਲ ਤੋਂ ਇਲਾਵਾ ਕਿਤੇ ਵੀ ਅਜਿਹਾ ਨਹੀਂ ਹੋ ਰਿਹਾ ਹੈ।"

ਗ੍ਰਿਫ਼ਤਾਰੀ ਦੀ ਸੂਚੀ, ਤ੍ਰਿਣਮੂਲ ਕਾਂਗਰਸ ਦੇ ਆਗੂਆਂ ਉੱਤੇ ਈ.ਡੀ.-ਐੱਨ.ਆਈ.ਏ.-ਸੀ.ਬੀ.ਆਈ. ਦੀ ਛਾਪੇਮਾਰੀ, ਅਤੇ ਲੋਕ-ਰਾਇ ਤੈਅ ਹੋਣ ਤੋਂ ਪਹਿਲਾਂ ਹੀ ਕੇਂਦਰੀ ਏਜੰਸੀਆਂ ਦੇ ਜ਼ਰੀਏ ਵਿਰੋਧੀ ਧਿਰ ਦੇ ਅਪਰਾਧੀਕਰਨ ਦੇ ਯਤਨ ਨੂੰ ਦਰਸਾਉਂਦਾ ਹੈ। ਕਾਨੂੰਨੀ ਹਥਿਆਰਾਂ ਦਾ ਇਸਤੇਮਾਲ ਕਰਕੇ ਰਾਜਨੀਤਕ ਵਿਰੋਧੀਆਂ ਨੂੰ ਪਹਿਲਾਂ ਹੀ ਅਪਰਾਧੀ ਐਲਾਨਿਆ ਜਾ ਰਿਹਾ ਹੈ।

ਕਾਨੂੰਨਨ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਅਤੇ ਇਸ ਦੌਰਾਨ, ਚੋਣ ਕਮਿਸ਼ਨ ਦੇ ਹੁਕਮਾਂ ਦੇ ਖ਼ ?ਲਾਫ਼ ਕੋਈ ਅਪੀਲ ਨਹੀਂ ਕੀਤੀ ਜਾ ਸਕਦੀ। ਕਮਿਸ਼ਨ ਦੇ ਆਬਜ਼ਰਵਰਾਂ ਕੋਲ ਅਰਧ-ਨਿਆਇਕ ਸ਼ਕਤੀਆਂ ਹੁੰਦੀਆਂ ਹਨ ਅਤੇ ਇਸ ਦੇ ਨਿਰਦੇਸ਼ ਰਾਜ ਸਰਕਾਰ ਦੇ ਅਧਿਕਾਰਾਂ ਉੱਤੇ ਭਾਰੀ ਪੈਂਦੇ ਹਨ। ਬਿਨਾਂ ਚੁਣੇ ਅਤੇ ਬਿਨਾਂ ਕਿਸੇ ਦੇ ਪ੍ਰਤੀ ਜਵਾਬਦੇਹ ਹੋਏ—ਅਤੇ ਅਸਲ ਵਿੱਚ ਕਿਸੇ ਵੀ ਨਿਆਇਕ ਜਾਂਚ ਤੋਂ ਲੱਗਭੱਗ ਬਾਹਰ ਰਹਿ ਕੇ—ਚੋਣ ਕਮਿਸ਼ਨ ਪੱਛਮੀ ਬੰਗਾਲ ਵਿੱਚ ਇੱਕ 'ਸੁਪਰ ਸਰਕਾਰ' ਦੀ ਤਰ੍ਹਾਂ ਕੰਮ ਕਰ ਰਿਹਾ ਹੈ।

ਤ੍ਰਿਣਮੂਲ ਕਾਂਗਰਸ ਉਨ੍ਹਾਂ ਪਾਰਟੀਆਂ ਵਿੱਚੋਂ ਇੱਕ ਹੈ, ਜਿਸ ਨੇ ਸੰਸਦ ਵਿੱਚ ਚੋਣ ਕਮਿਸ਼ਨ ਦੇ ਪ੍ਰਮੁੱਖ ਅਧਿਕਾਰੀ ਦੇ ਖ਼ ?ਲਾਫ਼ ਦੋ ਵਾਰ ਮਹਾਂਅਭਿਯੋਗ ਪ੍ਰਸਤਾਵ ਪੇਸ਼ ਕੀਤਾ ਅਤੇ ਉਸ ਉੱਪਰ ਭਾਜਪਾ ਦਾ ਪੱਖ ਲੈਣ ਦਾ ਦੋਸ਼ ਲਗਾਇਆ। ਇਹ ਅਸਾਧਾਰਨ ਕਦਮ ਸੀ ਜਿਸ ਦੀ ਆਧੁਨਿਕ ਇਤਿਹਾਸ ਵਿੱਚ ਕੋਈ ਮਿਸਾਲ ਨਹੀਂ ਮਿਲਦੀ। ਇਹ ਇਸ ਗੱਲ ਦਾ ਸੰਕੇਤ ਹੈ ਕਿ ਲੋਕਾਂ ਦਾ ਕਮਿਸ਼ਨ 'ਤੇ ਸੰਸਥਾਗਤ ਭਰੋਸਾ ਪੂਰੀ ਤਰ੍ਹਾਂ ਟੁੱਟ ਚੁੱਕਾ ਹੈ।

**ਫ਼ੌਜੀ ਕਬਜ਼ਾ : ਕੇਂਦਰੀ ਬਲ ਅਤੇ ਰਾਜ ਪੁਲਿਸ ਦਾ ਦਰਕਿਨਾਰ ਕੀਤਾ ਜਾਣਾ**

ਚੋਣ ਕਮਿਸ਼ਨ ਨੇ ਸਮੁੱਚੇ ਪੱਛਮੀ ਬੰਗਾਲ ਵਿੱਚ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ (ਸੀ.ਏ.ਪੀ.ਐੱਫ.) ਦੀਆਂ ਕੁੱਲ 2,407 ਕੰਪਨੀਆਂ—ਭਾਵ ਲਗਭਗ 2.4 ਲੱਖ ਜਵਾਨ—ਤੈਨਾਤ ਕੀਤੇ। ਇਹ ਗਿਣਤੀ 2021 ਦੀਆਂ ਵਿਧਾਨ ਸਭਾ ਚੋਣਾਂ ਦੇ ਲਈ ਤੈਨਾਤ 725 ਕੰਪਨੀਆਂ ਤੋਂ ਤਿੰਨ ਗੁਣਾ ਤੋਂ ਵੀ ਵੱਧ ਸੀ, ਅਤੇ 2024 ਦੀਆਂ ਆਮ ਚੋਣਾਂ ਦੌਰਾਨ ਰਾਜ ਵਿੱਚ ਤੈਨਾਤ 92,000 ਜਵਾਨਾਂ ਤੋਂ ਲੱਗਭੱਗ ਤਿੰਨ ਗੁਣਾ। ਸਾਰੇ ਪੰਜ ਪ੍ਰਮੁੱਖ ਨੀਮ-ਫ਼ੌਜੀ ਬਲ—ਕੇਂਦਰੀ ਰਿਜ਼ਰਵ ਪੁਲਿਸ ਬਲ (ਸੀ.ਆਰ.ਪੀ.ਐੱਫ.), ਸਰਹੱਦੀ ਸੁਰੱਖਿਆ ਬਲ (ਬੀ.ਐੱਸ.ਐੱਫ.), ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ.ਆਈ.ਐੱਸ.ਐੱਫ.), ਸਸ਼ਤਰ ਸਰਹੱਦੀ ਬਲ (ਐੱਸ.ਐੱਸ.ਬੀ.), ਅਤੇ ਇੰਡੋ-ਤਿੱਬਤ ਸਰਹੱਦੀ ਪੁਲਿਸ (ਆਈ.ਟੀ.ਬੀ.ਪੀ.)—ਨੂੰ ਉਨ੍ਹਾਂ ਦੀ ਦੇਸ਼ ਵਿਆਪੀ ਤੈਨਾਤੀ ਤੋਂ ਹਟਾ ਕੇ ਇੱਕ ਹੀ ਰਾਜ ਵਿੱਚ ਤੈਨਾਤ ਕਰ ਦਿੱਤਾ ਗਿਆ, ਜਿੱਥੇ ਕਿਸੇ ਤਰ੍ਹਾਂ ਦਾ ਕੋਈ ਸਰਗਰਮ ਅੱਤਵਾਦ ਨਹੀਂ ਚੱਲ ਰਿਹਾ ਸੀ। ਉਹ ਰਾਜ ਵਿੱਚ ਹਰ ਪਾਸੇ ਸਵੈਚਾਲਿਤ ਰਾਈਫ਼ਲਾਂ ਨਾਲ ਲੈਸ, ਧੋਖਾ ਦੇਊ ਵਰਦੀ ਪਹਿਨੇ ਅਤੇ ਬਖ਼ਤਰਬੰਦ ਗੱਡੀਆਂ ਵਿੱਚ ਸਵਾਰ ਨਜ਼ਰ ਆਏ। ਕੋਲਕਾਤਾ ਵਿੱਚ ਪੰਜਾਂ ਬਲਾਂ ਦੇ ਮੁਖੀਆਂ ਦੀ ਇੱਕ ਏਕੀਕ੍ਰਿਤ ਸੰਯੁਕਤ ਕਮਾਨ ਗਠਿਤ ਕੀਤੀ ਗਈ।

**ਇਹ ਕਿਸੇ ਰਾਜ ਵਿਚ ਚੋਣ ਦੇ ਲਈ ਪਹਿਲੀ ਅਤੇ ਅਨੋਖੀ ਮਿਸਾਲ ਸੀ।**

ਇਸ ਨੂੰ ਰਾਜ ਵਿੱਚ ਬੀ.ਐੱਸ.ਐੱਫ. ਦੀ ਸਥਾਈ ਮੌਜੂਦਗੀ ਦੇ ਪ੍ਰਸੰਗ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਸਨਦ ਰਹੇ ਕਿ ਕੇਂਦਰ ਸਰਕਾਰ ਨੇ 2021 ਵਿੱਚ ਬੰਗਲਾਦੇਸ਼ ਸਰਹੱਦ ਦੇ ਨਾਲ ਬੀ.ਐੱਸ.ਐੱਫ. ਦੇ ਅਧਿਕਾਰ ਖੇਤਰ ਨੂੰ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰ ਦਿੱਤਾ ਸੀ, ਜਿਸ ਵਿੱਚ ਮੁਰਸ਼ਿਦਾਬਾਦ, ਮਾਲਦਾ, ਉੱਤਰ 24 ਪਰਗਨਾ ਅਤੇ ਨਦੀਆ ਦੇ ਵੱਡੇ ਹਿੱਸੇ ਸ਼ਾਮਲ ਹਨ। ਇਸ ਨਾਲ ਇਨ੍ਹਾਂ ਸਾਰੇ ਚੋਣ ਹਲਕਿਆਂ ਵਿੱਚ ਕੇਂਦਰ ਸਰਕਾਰ ਦਾ ਸਥਾਈ ਕੰਟਰੋਲ ਸਥਾਪਤ ਹੋ ਗਿਆ, ਜੋ ਪੂਰੀ ਤਰ੍ਹਾਂ ਰਾਜ ਸਰਕਾਰ ਦੀ ਨਿਗਰਾਨੀ ਤੋਂ ਬਾਹਰ ਹੈ। ਇਸ ਦੇ ਉਲਟ, ਰਾਜ ਦੀ ਆਪਣੀ ਪੁਲਿਸ ਨੂੰ ਕੰਮ ਕਰਨ ਦੇ ਲਿਹਾਜ਼ ਤੋਂ ਪੂਰੀ ਤਰ੍ਹਾਂ ਅਪਾਹਜ ਬਣਾ ਦਿੱਤਾ ਗਿਆ: ਚੋਣ ਕਮਿਸ਼ਨ ਦੁਆਰਾ ਮੁੱਖ ਸਕੱਤਰ, ਡੀ.ਜੀ.ਪੀ., ਕੋਲਕਾਤਾ ਪੁਲਿਸ ਕਮਿਸ਼ਨਰ ਅਤੇ ਗ੍ਰਹਿ ਵਿਭਾਗ ਦੇ ਪ੍ਰਧਾਨ ਸਕੱਤਰ ਨੂੰ ਬਦਲ ਦਿੱਤਾ ਗਿਆ। ਕੁੱਲ 18 ਤੋਂ ਵੱਧ ਆਈ.ਪੀ.ਐੱਸ. ਅਧਿਕਾਰੀਆਂ ਦਾ ਤਬਾਦਲਾ ਕੀਤਾ ਗਿਆ ਅਤੇ ਪਹਿਲੇ ਪੜਾਅ ਤੋਂ ਠੀਕ ਪਹਿਲਾਂ, ਇੱਕੋ ਰਾਤ ਵਿੱਚ ਕੋਲਕਾਤਾ ਪੁਲਿਸ ਦੇ 12 ਹੋਰ ਸੀਨੀਅਰ ਅਧਿਕਾਰੀਆਂ ਦਾ ਤਬਾਦਲਾ ਕਰ ਦਿੱਤਾ ਗਿਆ।

ਵੋਟਿੰਗ ਦੇ ਦਿਨ, ਕੇਂਦਰੀ ਬਲ ਸਿਰਫ਼ ਢਾਂਚਾਗਤ ਤੌਰ 'ਤੇ ਡਰਾਉਣ-ਧਮਕਾਉਣ ਤੋਂ ਅੱਗੇ ਵਧ ਕੇ ਸਿੱਧੇ ਤੌਰ 'ਤੇ ਦਖ਼ਲਅੰਦਾਜ਼ੀ ਕਰਨ ਲੱਗੇ। ਸੁਜਾਪੁਰ ਤੋਂ ਤ੍ਰਿਣਮੂਲ ਕਾਂਗਰਸ ਦੀ ਉਮੀਦਵਾਰ ਸਬੀਨਾ ਯਾਸਮੀਨ ਨੇ ਕੇਂਦਰੀ ਬਲਾਂ 'ਤੇ ਜਾਣ-ਬੁੱਝ ਕੇ ਵੋਟਿੰਗ ਦੀ ਗਤੀ ਹੌਲੀ ਕਰਨ ਅਤੇ ਕੜਾਕੇ ਦੀ ਧੁੱਪ ਵਿੱਚ ਤਪ ਰਹੇ ਵੋਟਰਾਂ ਨੂੰ ਥਕਾਉਣ ਹਿਤ ਲੰਮੇ ਸਮੇਂ ਤੱਕ ਪਛਾਣ ਪੱਤਰਾਂ ਦੀ ਜਾਂਚ ਕਰਨ ਦਾ ਦੋਸ਼ ਲਗਾਇਆ। ਉਸ ਨੇ ਅਧਿਕਾਰਤ ਸ਼ਿਕਾਇਤ ਦਰਜ ਕਰਾਉਣ ਦਾ ਐਲਾਨ ਕਰਦਿਆਂ ਕਿਹਾ, ਇਸ ਦੇ ਪਿੱਛੇ "ਉਨ੍ਹਾਂ ਦਾ ਇਰਾਦਾ ਘੱਟ ਤੋਂ ਘੱਟ ਵੋਟਿੰਗ ਕਰਵਾਉਣਾ ਸੀ।

ਫਿਰ, ਦੂਜੇ ਪੜਾਅ ਦੀ ਚੋਣ ਪ੍ਰਚਾਰ ਦੇ ਆਖ਼ਰੀ ਦਿਨ, ਅਮਿਤ ਸ਼ਾਹ ਨੇ ਖ਼ੁਲਾਸਾ ਕੀਤਾ ਕਿ ਇਸ ਤੈਨਾਤੀ ਦਾ ਅਸਲੀ ਮਕਸਦ ਹਮੇਸ਼ਾ ਤੋਂ ਕੀ ਸੀ। ਬੇਹਾਲਾ ਵਿੱਚ ਇੱਕ ਰੈਲੀ ਨੂੰ ਸੰਬੋਧਿਤ ਕਰਦਿਆਂ ਉਸ ਨੇ ਭੀੜ ਨੂੰ ਕਿਹਾ : "ਦੀਦੀ ਦੇ ਗੁੰਡਿਆਂ ਤੋਂ ਡਰਨ ਦੀ ਕੋਈ ਲੋੜ ਨਹੀਂ ਹੈ। ਚੋਣ ਕਮਿਸ਼ਨ ਨੇ ਹਰ ਗਲੀ-ਨੁੱਕਰ 'ਤੇ ਸੀ.ਆਰ.ਪੀ.ਐੱਫ. ਤੈਨਾਤ ਕਰ ਰੱਖੀ ਹੈ। ਮੈਂ ਅੱਜ ਤੁਹਾਨੂੰ ਇਹ ਕਹਿ ਰਿਹਾ ਹਾਂ - ਭਾਵੇਂ ਚੋਣ ਦੇ ਬਾਅਦ ਭਾਜਪਾ ਸੱਤਾ ਵਿੱਚ ਆ ਜਾਵੇ, ਪਰ ਕੇਂਦਰੀ ਬਲ ਇੱਥੇ 60 ਦਿਨਾਂ ਤੱਕ ਹੋਰ ਤੈਨਾਤ ਰਹਿਣਗੇ।" ਇਸ ਦਾ ਸੰਵਿਧਾਨਕ ਮਹੱਤਵ ਚੌਂਕਾ ਦੇਣ ਵਾਲਾ ਹੈ : ਚੋਣਾਂ ਦੌਰਾਨ ਨੀਮ-ਫ਼ੌਜੀ ਬਲਾਂ ਦੀ ਤੈਨਾਤੀ ਉੱਪਰ ਚੋਣ ਕਮਿਸ਼ਨ ਦਾ ਕੰਟਰੋਲ ਹੈ; ਪਰ ਵੋਟਿੰਗ ਖ਼ਤਮ ਹੁੰਦਿਆਂ ਹੀ ਇਸ ਦੀ ਕਮਾਨ ਵਾਪਸ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ - ਭਾਵ ਅਮਿਤ ਸ਼ਾਹ ਦੇ ਹੱਥਾਂ ਵਿੱਚ ਚਲੀ ਜਾਵੇਗੀ। ਵੋਟਿੰਗ ਖ਼ਤਮ ਹੋਣ ਤੋਂ ਬਾਅਦ ਵੀ ਲੱਗਭੱਗ 500 ਕੰਪਨੀਆਂ, ਭਾਵ 50,000 ਜਵਾਨ, ਤੈਨਾਤ ਰਹਿਣ ਦੀ ਉਮੀਦ ਹੈ।

ਭਾਜਪਾ ਦੇ ਚੋਣ ਮੰਚ 'ਤੇ ਖੜ੍ਹੇ ਹੋ ਕੇ, ਇੱਕ ਪਾਰਟੀ ਆਗੂ ਦੀ ਹੈਸੀਅਤ ਨਾਲ, ਉਸ ਨੇ ਕੇਂਦਰ ਸਰਕਾਰ ਦੇ ਨੀਮ-ਫ਼ੌਜੀ ਬਲਾਂ ਦੀ ਭਵਿੱਖ ਦੀ ਤੈਨਾਤੀ ਦਾ ਐਲਾਨ ਕੀਤਾ—ਉਹੀ ਬਲ ਜਿਨ੍ਹਾਂ 'ਤੇ ਬਤੌਰ ਗ੍ਰਹਿ ਮੰਤਰੀ ਉਸ ਦਾ ਸਿੱਧਾ ਕੰਟਰੋਲ ਹੈ। ਇੱਥੇ ਪਾਰਟੀ ਕਾਰਕੁਨ ਅਤੇ ਕੇਂਦਰੀ ਮੰਤਰੀ ਦਰਮਿਆਨ ਕੋਈ ਫ਼ਰਕ ਨਹੀਂ ਕੀਤਾ ਗਿਆ। ਇਹ ਕੋਈ ਅਨਜਾਣੇ ਵਿੱਚ ਹੋਈ ਭੁੱਲ ਨਹੀਂ ਸੀ। ਇਹ ਪਾਰਟੀ ਅਤੇ ਸਰਕਾਰ ਦੇ ਆਪਸ ਵਿੱਚ ਘੁਲ-ਮਿਲ ਜਾਣ ਦਾ ਖੁੱਲ੍ਹਾ ਐਲਾਨ ਸੀ।

ਜਦੋਂ ਅਮਿਤ ਸ਼ਾਹ ਨੇ ਇਹ ਐਲਾਨ ਕੀਤਾ, ਉਹ ਕੋਈ ਸੁਰੱਖਿਆ ਦਾ ਵਾਅਦਾ ਨਹੀਂ ਕਰ ਰਿਹਾ ਸੀ। ਉਹ ਤਾਂ ਦਰ ਅਸਲ ਐਲਾਨ ਕਰ ਰਿਹਾ ਸੀ ਕਿ ਚੋਣ ਨਤੀਜਿਆਂ ਦੀ ਪਰਵਾਹ ਕੀਤੇ ਬਿਨਾਂ, ਪੱਛਮੀ ਬੰਗਾਲ 'ਤੇ ਫ਼ੌਜ ਦਾ ਕਬਜ਼ਾ ਜਾਰੀ ਰਹੇਗਾ। ਚੋਣ ਦੌਰਾਨ ਕਮਿਸ਼ਨ ਦੀ ਨਿਰਪੱਖਤਾ ਮਹਿਜ਼ ਦਿਖਾਵਾ ਸੀ। 4 ਮਈ ਤੋਂ ਬਾਅਦ, ਇਸ ਦਿਖਾਵੇ ਦੀ ਲੋੜ ਵੀ ਖ਼ਤਮ ਹੋ ਜਾਵੇਗੀ।

**ਸੰਵਿਧਾਨਕ ਸੰਘ-ਝੁਕਾਅ ਦਾ ਬਤੌਰ ਹਥਿਆਰ ਇਸਤੇਮਾਲ**

ਕੋਈ ਵੀ ਇਹ ਸੋਚਣ 'ਤੇ ਮਜਬੂਰ ਹੋ ਜਾਵੇਗਾ ਕਿ ਕੀ ਇਹ ਭਾਰਤੀ ਸੰਵਿਧਾਨ ਦੀ ਉਸ ਸੰਰਚਨਾਤਮਕ ਬਣਾਵਟ ਦੇ ਬਿਨਾਂ ਸੰਭਵ ਹੋ ਪਾਉਂਦਾ, ਜੋ ਨਿਰਣਾਇਕ ਰੂਪ 'ਚ 'ਸੰਘ' ਦੇ ਪੱਖ ਵਿੱਚ ਝੁਕੀ ਹੋਈ ਹੈ—ਕੇਂਦਰੀ ਕਾਨੂੰਨਾਂ ਦੀ ਪ੍ਰਧਾਨਤਾ, ਕੇਂਦਰ ਦੁਆਰਾ ਰਾਜਪਾਲਾਂ ਦੀ ਨਿਯੁਕਤੀ, ਅਤੇ ਐਮਰਜੈਂਸੀ ਸ਼ਕਤੀਆਂ ਦੇ ਜ਼ਰੀਏ, ਜੋ ਸੰਘੀ ਢਾਂਚੇ ਨੂੰ ਇਕਾਤਮਕ ਢਾਂਚੇ ਵਿੱਚ ਤਬਦੀਲ ਕਰ ਦਿੰਦੀਆਂ ਹਨ। ਸੁਪਰੀਮ ਕੋਰਟ ਨੇ ਕਈ ਵਾਰ ਭਾਰਤ ਨੂੰ "ਵਿਨਾਸ਼ਕਾਰੀ ਰਾਜਾਂ ਦੇ ਅਵਿਨਾਸ਼ੀ ਸੰਘ" ਦੇ ਰੂਪ ਵਿੱਚ ਵਰਨਣ ਕੀਤਾ ਹੈ। 2026 ਵਿੱਚ ਪੱਛਮੀ ਬੰਗਾਲ ਵਿੱਚ, ਹਰ ਦਾਅ ਇੱਕੋ ਸਮੇਂ ਅਜ਼ਮਾਇਆ ਗਿਆ ਹੈ: ਰਾਜਪਾਲ ਨੂੰ ਇੱਕ ਰਾਜਨੀਤਕ ਰੁਕਾਵਟ ਦੇ ਤੌਰ 'ਤੇ, ਆਈਪੀਐੱਸ ਅਧਿਕਾਰੀਆਂ ਦੇ ਤਬਾਦਲਿਆਂ ਨੂੰ ਪ੍ਰਸ਼ਾਸਨਿਕ ਫੁੱਟ ਪਾਉਣ ਦੇ ਹਥਿਆਰ ਦੇ ਰੂਪ ਵਿੱਚ ਅਤੇ ਚੋਣ ਕਮਿਸ਼ਨ ਨੂੰ ਬਤੌਰ ਆਪਰੇਸ਼ਨਲ ਕਮਾਂਡ ਵਰਤਿਆ ਗਿਆ। ਸੰਵਿਧਾਨ ਦਾ ਇਹ 'ਸੰਘ-ਝੁਕਾਅ' ਇਸ ਮਕਸਦ ਦੇ ਲਈ ਨਹੀਂ ਬਣਾਇਆ ਗਿਆ ਸੀ, ਪਰ ਹਕੀਕਤ ਵਿੱਚ ਇਸ ਨੂੰ ਇਸੇ ਮਕਸਦ ਦੇ ਲਈ ਹਥਿਆਰ ਦੇ ਤੌਰ 'ਤੇ ਇਸਤੇਮਾਲ ਕੀਤਾ ਜਾ ਰਿਹਾ ਹੈ।

**ਭਾਜਪਾ ਦੀ ਮੁਹਿੰਮ: ਤੁਅੱਸਬ ਹੀ ਪ੍ਰੋਗਰਾਮ**

ਇਸ ਵਾਰ ਪੱਛਮੀ ਬੰਗਾਲ ਵਿੱਚ, ਭਾਜਪਾ ਨੇ ਆਪਣਾ ਵਧੇਰੇ ਚੋਣ ਪ੍ਰਚਾਰ ਅਤੇ ਗਤੀਵਿਧੀਆਂ ਚੋਣ ਕਮਿਸ਼ਨ ਅਤੇ ਕੇਂਦਰੀ ਬਲਾਂ ਦੇ ਹਵਾਲੇ ਕਰ ਦਿੱਤੀਆਂ ਸਨ। ਹਾਲਾਂਕਿ, ਭਾਜਪਾ-ਸੰਘ ਦੇ ਏਜੰਡੇ ਨੂੰ ਪਹਿਲਾਂ ਹੀ ਭਾਰਤੀ ਰਾਜ ਦੇ ਏਜੰਡੇ ਦੇ ਰੂਪ ਵਿੱਚ ਐਲਾਨਿਆ ਜਾ ਚੁੱਕਾ ਸੀ।

ਇਸ ਵਾਰ ਭਾਜਪਾ ਦੁਆਰਾ ਮੁੱਖ ਰੂਪ 'ਚ ਪ੍ਰਚਾਰਿਆ ਗਿਆ ਕਿ ਬੰਗਲਾਦੇਸ਼ੀ ਘੁਸਪੈਠੀਏ ਪੱਛਮੀ ਬੰਗਾਲ ਦੀ ਅਬਾਦੀ ਦੇ ਸਰੂਪ ਨੂੰ ਬਦਲ ਕੇ ਨੌਕਰੀਆਂ ਹੜੱਪ ਰਹੇ ਹਨ। ਉਸ ਦੇ ਚੋਣ ਮੈਨੀਫੈਸਟੋ ਦਾ ਮੁੱਖ ਨੁਕਤਾ ਇਹ ਰਿਹਾ: "ਪਛਾਣੋ, ਚੁੱਕੋ ਅਤੇ ਵਾਪਸ ਭੇਜੋ"। ਅਗਸਤ 2025 ਵਿੱਚ ਲਾਲ ਕਿਲ੍ਹੇ ਤੋਂ ਆਪਣੇ ਆਜ਼ਾਦੀ ਦਿਵਸ ਦੇ ਭਾਸ਼ਣ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ "ਉੱਚ-ਸ਼ਕਤੀ ਜਨਸੰਖਿਆ ਮਿਸ਼ਨ" ਦਾ ਐਲਾਨ ਕੀਤਾ, ਜਿਸ ਨੂੰ ਉਸ ਨੇ ਘੁਸਪੈਠ ਦੇ ਜ਼ਰੀਏ ਭਾਰਤ ਦੇ ਜਨਸੰਖਿਆਤਮਕ ਕਿਰਦਾਰ ਨੂੰ ਬਦਲਣ ਦੀ ਸੋਚੀ-ਸਮਝੀ ਸਾਜ਼ਿਸ਼ ਦੱਸਿਆ। ਹਾਲਾਂਕਿ ਇਹ ਪ੍ਰੋਗਰਾਮ ਪਹਿਲਾਂ ਹੀ ਚੱਲ ਰਿਹਾ ਸੀ: ਕੇਂਦਰ ਸਰਕਾਰ ਨੇ 2025 ਵਿੱਚ ਬਿਨਾਂ ਕਿਸੇ ਉਚਿਤ ਕਾਨੂੰਨੀ ਪ੍ਰਕਿਰਿਆ ਦੇ ਸੈਂਕੜੇ ਬੰਗਾਲੀ ਮੂਲ ਦੇ ਮੁਸਲਮਾਨਾਂ ਨੂੰ ਬੰਗਲਾਦੇਸ਼ ਵਾਪਸ ਭੇਜ ਦਿੱਤਾ ਸੀ। ਸ਼ਾਹ ਨੇ ਬੰਗਾਲ ਵਿੱਚ ਇੱਕ ਚੋਣ ਰੈਲੀ ਵਿੱਚ ਇਸ ਚੋਣ ਸੰਬੰਧ ਨੂੰ ਸਾਫ਼ ਤੌਰ 'ਤੇ ਜ਼ਾਹਿਰ ਕੀਤਾ: "4 ਮਈ ਤੋਂ ਬਾਅਦ, ਸਾਰੇ ਘੁਸਪੈਠੀਆਂ ਦੀ ਪਛਾਣ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਬੰਗਾਲ ਵਿੱਚੋਂ ਕੱਢ ਕੇ ਬਾਹਰ ਕੀਤਾ ਜਾਵੇਗਾ।" ਪਾਰਟੀ ਅਤੇ ਰਾਜ ਨੂੰ ਇੱਕੋ ਜਨਸੰਖਿਆਤਮਕ ਪ੍ਰੋਜੈਕਟ ਦੇ ਇਰਦ-ਗਿਰਦ ਸਰਗਰਮ ਰੂਪ ਨਾਲ ਮਿਲਾਇਆ ਜਾ ਰਿਹਾ ਹੈ।

ਇਸ ਮੇਲ ਦਾ ਇੱਕ ਨਾਂ ਹੈ। ਜਦੋਂ ਕੋਈ ਸੱਤਾਧਾਰੀ ਪਾਰਟੀ, ਕਿਸੇ ਖ਼ਾਸ ਘੱਟਗਿਣਤੀ ਭਾਈਚਾਰੇ ਦੇ ਖ਼ਿਲਾਫ਼ ਜਾਤੀ ਅਤੇ ਧਾਰਮਿਕ ਵਿਤਕਰੇ 'ਤੇ ਅਧਾਰਤ ਮੁਹਿੰਮ ਨੂੰ ਅੱਗੇ ਵਧਾਉਣ ਦੇ ਲਈ, ਰਾਜ ਦੀ ਮਸ਼ੀਨਰੀ ਦਾ ਇਸਤੇਮਾਲ ਕਰਦੀ ਹੈ—ਅਤੇ ਜਦੋਂ ਉਹ ਮੁਹਿੰਮ, ਸੰਸਥਾਗਤ ਰੂਪ 'ਚ ਸ਼ਾਸਨ-ਪ੍ਰਸ਼ਾਸਨ ਨਾਲ ਇੱਕਸਾਰ ਹੋ ਜਾਵੇ—ਤਾਂ ਉਸ ਦੇ ਲਈ ਢੁੱਕਵਾਂ ਵਿਸ਼ਲੇਸ਼ਣਾਤਮਕ ਸ਼ਬਦ ਹੈ ਫਾਸ਼ੀਵਾਦ।

ਚੋਣ ਜਿੱਤ, ਫਾਸ਼ੀਵਾਦ ਨੂੰ ਨਾ ਸਿਰਫ਼ ਵਾਜਬੀਅਤ ਮੁਹੱਈਆ ਕਰਦੀ ਹੈ, ਬਲਕਿ ਰਾਜ-ਸੱਤਾ ਤੱਕ ਉਸ ਦੀ ਪਹੁੰਚ ਵੀ ਬਣਾਉਂਦੀ ਹੈ। ਹਾਲਾਂਕਿ, ਫਾਸ਼ੀਵਾਦ ਸਿਰਫ਼ ਚੋਣ ਹੀ ਨਹੀਂ ਜਿੱਤਦਾ; ਉਹ ਰਾਜ-ਸੱਤਾ ਦਾ ਇਸਤੇਮਾਲ ਕਰਕੇ, ਚੋਣਾਂ ਦੇ ਨਤੀਜਿਆਂ ਨੂੰ ਹੀ ਹੌਲੀ-ਹੌਲੀ ਬੇਮਾਇਨੇ ਬਣਾਉਣ ਦੇ ਯਤਨ ਵੀ ਕਰਦਾ ਹੈ। ਇਸ ਤੋਂ ਠੀਕ ਪਹਿਲਾਂ ਵਾਲੇ 'ਗੁਜਰਾਤ ਮਾਡਲ' ਦੀ ਤਰਜ਼ 'ਤੇ, ਮੌਜੂਦਾ 'ਬੰਗਾਲ ਮਾਡਲ' ਵੀ ਇਸੇ ਦਿਸ਼ਾ ਵਿੱਚ ਕੀਤਾ ਗਿਆ ਇੱਕ ਪ੍ਰਯੋਗ ਹੈ।

'ਘੁਸਪੈਠੀਏ' ਦਾ ਕਿਰਦਾਰ, ਫਾਸ਼ੀਵਾਦ ਦੇ ਉਸ 'ਕਲਾਸੀਕਲ' ਕਲਪਿਤ ਦੁਸ਼ਮਣ ਵਰਗਾ ਹੈ—ਜਿਸ ਦੀ ਨਾ ਤਾਂ ਕੋਈ ਪੁਸ਼ਟੀ ਕੀਤੀ ਜਾ ਸਕਦੀ ਹੈ, ਜੋ ਹਰ ਥਾਂ ਮੌਜੂਦ ਮੰਨਿਆ ਜਾਂਦਾ ਹੈ, ਅਤੇ ਜੋ ਰਾਜਨੀਤਕ ਰੂਪ 'ਚ ਬੇਹੱਦ ਜ਼ਰੂਰੀ ਹੁੰਦਾ ਹੈ। ਇਹ 'ਕਾਲਪਨਿਕ ਘੁਸਪੈਠੀਆ' ਬੰਗਾਲ ਦੇ ਕਸਬਿਆਂ ਅਤੇ ਪਿੰਡਾਂ ਵਿੱਚ ਹੀ ਨਹੀਂ ਮਿਲਦਾ, ਬਲਕਿ ਭਾਜਪਾ ਦੇ ਰਾਜਨੀਤਕ ਏਜੰਡੇ ਵਿੱਚ ਵੀ ਬਿਰਾਜਮਾਨ ਹੈ, ਜਿਸ ਦਾ ਪਿੱਛਾ ਭਾਰਤੀ ਰਾਜ-ਸੱਤਾ ਦੀ ਪੂਰੀ ਤਾਕਤ ਲਾ ਕੇ ਕੀਤਾ ਜਾ ਰਿਹਾ ਹੈ।

ਹਾਲਾਂਕਿ, ਚੋਣਾਂ ਦੇ ਪਹਿਲੇ ਪੜਾਅ ਤੋਂ ਬਾਅਦ, 'ਘੁਸਪੈਠੀਆ' ਵਾਲੀ ਇਸ ਮੁਹਿੰਮ ਦੀ ਧਾਰ ਕੁਝ ਖੁੰਡੀ ਕਰ ਦਿੱਤੀ ਗਈ; ਅਤੇ ਦੂਜੇ ਪੜਾਅ ਵਿੱਚ ਇਸ ਦੀ ਥਾਂ, ਲੋਕ-ਭਲਾਈ ਨਾਲ ਜੁੜੇ ਢੇਰਾਂ ਵਾਅਦਿਆਂ ਅਤੇ ਸ਼ਾਸਨ-ਪ੍ਰਸ਼ਾਸਨ ਦੀਆਂ ਆਲੋਚਨਾਵਾਂ ਨੇ ਲੈ ਲਈ। ਜ਼ਾਹਿਰ ਹੈ, ਇਸ ਮੁੱਦੇ ਨੂੰ ਚੁੱਕਣ ਦੇ ਲਈ ਜਿੰਨੀ ਵੀ ਤਾਕਤ ਝੋਕੀ ਗਈ ਸੀ, ਉਸ ਦੇ ਬਾਵਜੂਦ, ਜ਼ਮੀਨੀ ਪੱਧਰ 'ਤੇ ਲੋਕਾਂ ਦਾ ਪ੍ਰਤੀਕ੍ਰਮ ਤਸੱਲੀਬਖ਼ਸ਼ ਨਹੀਂ ਰਿਹਾ। ਜਾਂ ਸੰਭਵ ਤੌਰ 'ਤੇ, ਇਸੇ ਵਜ ?ਾ ਨਾਲ ਅਜਿਹਾ ਹੋਇਆ ਹੋਵੇ। ਮਮਤਾ ਬੈਨਰਜੀ ਸਰਕਾਰ ਦੇ ਕੰਮਕਾਜ ਦਾ ਹਿਸਾਬ-ਕਿਤਾਬ ਲੈਣ ਦੀ ਬਜਾਏ, ਭਾਜਪਾ ਨੇ ਇਸ ਚੋਣ ਨੂੰ 'ਨਾਗਰਿਕਤਾ' ਦੇ ਮੁੱਦੇ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ। ਜਿਸ ਤਰ੍ਹਾਂ ਨਾਲ ਇਹ ਪੂਰਾ ਘਟਨਾਕ੍ਰਮ ਅੱਗੇ ਵਧਿਆ, ਉਸ ਨੂੰ ਦੇਖਦਿਆਂ ਤਾਂ ਇਹੀ ਲੱਗਦਾ ਹੈ ਕਿ ਹਰ ਬੰਗਾਲੀ 'ਸੰਭਾਵੀ ਘੁਸਪੈਠੀਆ' ਹੈ—ਜਦੋਂ ਤੱਕ ਕਿ ਉਹ ਆਪਣੇ ਆਪ ਨੂੰ ਇਸ ਦੇ ਉਲਟ ਸਾਬਤ ਨਾ ਕਰ ਦੇਵੇ। ਇਹ ਸਿਰਫ਼ ਰਾਜਨੀਤਕ ਵਿਸ਼ਲੇਸ਼ਕਾਂ ਦੇ ਲਈ ਹੀ ਨਹੀਂ, ਸ਼ਾਇਦ ਮਨੋਵਿਗਿਆਨਕਾਂ ਅਤੇ ਮਨੋਰੋਗ ਮਾਹਰਾਂ ਦੇ ਲਈ ਇੱਕ ਸਵਾਲ ਹੈ ਕਿ ਭਾਜਪਾ ਨੂੰ ਅਜਿਹਾ ਕਿਉਂ ਲੱਗਾ ਕਿ ਇਸ ਪੈਂਤੜੇ ਨਾਲ ਉਹ ਬੰਗਾਲ ਦੇ ਵੋਟਰਾਂ ਦਾ ਦਿਲ ਜਿੱਤ ਲਵੇਗੀ।

**ਨਿਆਪਾਲਿਕਾ ਦੁਆਰਾ ਪੱਲਾ ਝਾੜਨਾ**

ਸੁਪਰੀਮ ਕੋਰਟ ਨੇ ਇੱਕ ਅਜਿਹੀ ਪ੍ਰਕਿਰਿਆ ਨੂੰ ਰੋਕਣ ਤੋਂ ਇਨਕਾਰ ਕਰ ਦਿੱਤਾ ਜਿਸ ਨੂੰ ਉਸ ਨੇ ਖ਼ੁਦ ਵੀ ਦੋਸ਼ਪੂਰਨ ਮੰਨਿਆ ਸੀ। ਉਸ ਨੇ ਪਰੇਸ਼ਾਨ ਨਾਗਰਿਕਾਂ ਨੂੰ ਉਨ੍ਹਾਂ ਟ੍ਰਿਬਿਊਨਲਾਂ ਕੋਲ ਭੇਜ ਦਿੱਤਾ, ਜੋ ਲੱਖਾਂ ਮਾਮਲਿਆਂ ਦੇ ਬੋਝ ਹੇਠਾਂ ਦੱਬੇ ਹੋਏ ਹਨ। ਸੁਪਰੀਮ ਕੋਰਟ ਨੇ ਉਨ੍ਹਾਂ ਲੋਕਾਂ ਨੂੰ ਅੰਤਰਿਮ ਵੋਟਿੰਗ ਦਾ ਅਧਿਕਾਰ ਦੇਣ ਤੋਂ ਵੀ ਨਾਂਹ ਕਰ ਦਿੱਤੀ, ਜਿਨ੍ਹਾਂ ਦੀਆਂ ਅਪੀਲਾਂ ਅਜੇ ਸੁਣਵਾਈ ਅਧੀਨ ਹਨ। ਮੁੱਖ ਜੱਜ ਸੂਰਿਆਕਾਂਤ ਨੇ ਪੱਛਮੀ ਬੰਗਾਲ ਵਿੱਚ ਅਮਲ ਵਿੱਚ ਲਿਆਈ ਜਾ ਰਹੀ ਵਿਸ਼ੇਸ਼ ਡੂੰਘੀ ਸੁਧਾਈ ਦੀ ਪ੍ਰਕਿਰਿਆ ਨੂੰ ਲੈ ਕੇ ਮਚਾਏ ਜਾ ਰਹੇ ਹੰਗਾਮੇ 'ਤੇ ਜਨਤਕ ਰੂਪ 'ਚ ਨਾਰਾਜ਼ਗੀ ਜ਼ਾਹਿਰ ਕਰਦਿਆਂ ਕਿਹਾ ਕਿ ਇਹੀ ਪ੍ਰਕਿਰਿਆ ਦੂਜੀਆਂ ਥਾਵਾਂ 'ਤੇ ਬਿਨਾਂ ਕਿਸੇ ਵਿਵਾਦ ਦੇ ਪੂਰੀ ਹੋ ਗਈ ਸੀ। ਇਸ ਤਰ੍ਹਾਂ ਉਸ ਨੇ ਸੁਪਰੀਮ ਕੋਰਟ ਦੀ ਸ਼ੁਰੂਆਤੀ ਸੋਚ ਨੂੰ ਵੀ ਜ਼ਾਹਿਰ ਕਰ ਦਿੱਤਾ: ਕਿ ਅਸਲ ਸਮੱਸਿਆ ਬੰਗਾਲ ਦਾ ਵਿਰੋਧ ਹੈ, ਨਾ ਕਿ ਉਹ ਪ੍ਰਕਿਰਿਆ ਜੋ ਆਪਣੇ ਆਪ ਵਿੱਚ ਹੀ ਬੇਹਦ ਕਠੋਰ ਅਤੇ ਜਾਬਰ ਹੈ। ਜੋ ਨਿਆਂਪਾਲਿਕਾ ਸੰਵਿਧਾਨਕ ਵਿਰੋਧ ਨੂੰ ਚਿੜ ਕੇ ਦੇਖਦੀ ਹੈ, ਉਸ ਨੇ ਆਪਣੀ ਧਿਰ ਪਹਿਲਾਂ ਹੀ ਚੁਣ ਲਈ ਹੈ।

**ਬੰਗਾਲ ਤੋਂ ਅੱਗੇ: ਸੰਘੀ (ਫ਼ੈਡਰਲ) ਢਾਂਚਾ ਖ਼ਤਰੇ ਵਿੱਚ**

ਆਪਣੀਆਂ ਸਾਰੀਆਂ ਕੁਟਿਲ ਚਾਲਾਂ ਦੇ ਬਾਵਜੂਦ, ਇਹ ਬਿਲਕੁਲ ਵੀ ਪੱਕਾ ਨਹੀਂ ਹੈ ਕਿ ਭਾਜਪਾ ਚੋਣ ਜਿੱਤ ਹੀ ਜਾਵੇਗੀ। ਪਰ, ਇੱਕ ਗੱਲ ਜੋ ਪੱਕੀ ਹੈ, ਉਹ ਇਹ ਹੈ ਕਿ ਜੇਕਰ ਕੋਈ ਫਾਸ਼ੀਵਾਦੀ ਪਾਰਟੀ ਸੱਤਾ ਵਿੱਚ ਆਉਂਦੀ ਹੈ, ਤਾਂ ਹੋ ਸਕਦਾ ਹੈ ਕਿ ਉਹ ਪੁਰਾਣੇ ਸੰਵਿਧਾਨਕ ਸਮਝੌਤਿਆਂ ਦੀ ਪਾਲਣਾ ਨਾ ਕਰੇ। ਇਹ ਵੀ ਪੱਕਾ ਨਹੀਂ ਹੈ ਕਿ ਉਹ ਸਿਰਫ਼ ਨਿਰਪੱਖ ਚੋਣ ਨਤੀਜਿਆਂ 'ਤੇ ਹੀ ਨਿਰਭਰ ਰਹੇਗੀ। ਸੱਤਾ ਵਿੱਚ ਆਉਣ ਵਾਲੀ ਪਾਰਟੀ ਆਪਣੀ ਪੂਰੀ ਸਰਕਾਰੀ ਤਾਕਤ ਦਾ ਇਸਤੇਮਾਲ ਕਰਕੇ ਆਪਣੇ ਏਜੰਡੇ ਨੂੰ ਹੀ ਅੱਗੇ ਵਧਾਏਗੀ। ਅਸਲ ਵਿੱਚ, ਬੰਗਾਲ ਦੀ ਚੋਣ ਨੂੰ ਜਦੋਂ ਫੈਡਰਲਿਜ਼ਮ 'ਤੇ ਕੀਤੇ ਗਏ ਉਸ ਦੇ ਹੋਰ ਹਮਲਿਆਂ ਦੇ ਨਾਲ ਮਿਲਾ ਕੇ ਦੇਖਿਆ ਜਾਂਦਾ ਹੈ, ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਸਿਰਫ਼ ਜ਼ਬਰਦਸਤੀ ਚੋਣ ਜਿੱਤਣ ਦੀ ਹੀ ਕੋਸ਼ਿਸ਼ ਨਹੀਂ ਕਰ ਰਹੀ, ਬਲਕਿ ਉਹ ਰਾਜ ਸਰਕਾਰਾਂ ਨੂੰ ਪੂਰੀ ਤਰ੍ਹਾਂ ਬੇਮਾਇਨੇ ਬਣਾਉਣ ਦੀ ਦਿਸ਼ਾ ਵਿੱਚ ਵੀ ਕੰਮ ਕਰ ਰਹੀ ਹੈ। ਚੁਣੀਆਂ ਹੋਈਆਂ ਨਗਰ ਪਾਲਿਕਾਵਾਂ ਨੂੰ ਮੁਅੱਤਲ ਕਰਨਾ; ਪੱਛਮੀ ਬੰਗਾਲ, ਤਾਮਿਲਨਾਡੂ, ਮਨੀਪੁਰ ਅਤੇ ਕੇਰਲਾ ਵਿੱਚ ਰਾਜਪਾਲ ਦੇ ਅਹੁਦੇ ਦਾ ਰਾਜਨੀਤਕ ਹਥਿਆਰ ਦੇ ਤੌਰ 'ਤੇ ਇਸਤੇਮਾਲ ਕਰਨਾ (ਅਤੇ ਉਸ ਜਗ੍ਹਾ ਦਾ ਜ਼ਿਕਰ ਤਾਂ ਅਸੀਂ ਕੀਤਾ ਹੀ ਨਹੀਂ, ਜੋ ਕਦੇ ਇੱਕ ਰਾਜ ਹੋਇਆ ਕਰਦਾ ਸੀ, ਪਰ ਹੁਣ ਨਹੀਂ ਹੈ); ਅਤੇ ਵਿਰੋਧੀ ਰਾਜਾਂ ਦੇ ਖਿਲਾਫ਼ ਧਾਰਾ 356 ਦੇ ਇਸਤੇਮਾਲ ਦੀਆਂ ਧਮਕੀਆਂ ਦੇਣਾ—ਇਹ ਸਭ ਇੱਕੋ ਤਰ੍ਹਾਂ ਦੇ ਪੈਟਰਨ ਨੂੰ ਦਰਸਾਉਂਦੇ ਹਨ। ਭਾਜਪਾ ਸਿਰਫ਼ ਬੰਗਾਲ ਜਿੱਤਣ ਦੀ ਕੋਸ਼ਿਸ਼ ਨਹੀਂ ਕਰ ਰਹੀ, ਬਲਕਿ ਉਹ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਰਾਜ ਸਰਕਾਰਾਂ ਦੀ ਹੋਂਦ ਪੂਰੀ ਤਰ੍ਹਾਂ ਕੇਂਦਰ ਦੇ ਰਹਿਮ-ਓ-ਕਰਮ 'ਤੇ ਟਿਕੀ ਹੋਵੇ। ਉਹ ਇਹ ਵੀ ਸਾਬਤ ਕਰਨਾ ਚਾਹੁੰਦੀ ਹੈ ਕਿ ਇਸ ਨਵੇਂ 'ਭਾਰਤੀ ਰਾਜ' ਦਾ ਮਿਜਾਜ਼ ਬਹੁਤ ਸਖ਼ਤ ਹੈ—ਭਾਵੇਂ ਉੱਤਰ ਪ੍ਰਦੇਸ਼ ਜਾਂ ਹਰਿਆਣਾ ਵਿੱਚ ਘੱਟੋ-ਘੱਟ ਉਜਰਤ ਦੀ ਮੰਗ ਕਰਨ ਵਾਲੇ ਠੇਕਾ ਮਜ਼ਦੂਰ ਹੋਣ, ਜਾਂ ਫਿਰ ਚੋਣ ਲੜ ਰਹੀ ਕੋਈ ਮੁੱਖ ਧਾਰਾ ਦੀ ਰਾਜਨੀਤਕ ਪਾਰਟੀ, ਹਰ ਕਿਸੇ ਦੇ ਖ਼ਿਲਾਫ਼ ਲੋੜ ਤੋਂ ਕਿਤੇ ਵੱਧ ਤਾਕਤ ਦਾ ਇਸਤੇਮਾਲ ਕੀਤਾ ਜਾਂਦਾ ਹੈ।

ਤ੍ਰਿਣਮੂਲ ਕਾਂਗਰਸ ਨੇ ਇਹ ਚੋਣ ਸਿਰਫ਼ ਭਾਜਪਾ ਦੇ ਖ਼ ?ਲਾਫ਼ ਨਹੀਂ ਲੜੀ। ਇਹ ਚੋਣ ਉਸ ਨੇ ਭਾਰਤੀ ਰਾਜ ਦੇ ਖ਼ ?ਲਾਫ਼ ਲੜੀ, ਜਿਸ ਵਿੱਚ ਚੋਣ ਕਮਿਸ਼ਨ ਨੇ ਭਾਜਪਾ ਦੇ ਸਹਿਯੋਗੀ ਪੱਖ ਦੀ ਤਰ੍ਹਾਂ ਕੰਮ ਕੀਤਾ ਹੈ। ਕੇਂਦਰੀ ਬਲਾਂ ਦੁਆਰਾ ਰਾਜ ਪੁਲਿਸ ਦੀ ਕਮਾਨ ਸੰਭਾਲ ਲਈ ਗਈ। ਸੰਭਵ ਹੈ ਕਿ ਚੋਣ ਖ਼ਤਮ ਹੋਣ ਤੋਂ ਬਾਅਦ ਵੀ ਉਹ ਉੱਥੇ ਹੀ ਡਟੇ ਰਹਿਣਗੇ। ਵਿਸ਼ੇਸ਼ ਡੂੰਘੀ ਸੁਧਾਈ ਦੀ ਪ੍ਰਕਿਰਿਆ ਦੁਆਰਾ ਇੱਕ ਪਾਸੇ ਲੱਖਾਂ ਲੋਕਾਂ ਦੇ ਨਾਂ ਵੋਟਰ ਸੂਚੀ ਵਿੱਚੋਂ ਹਟਾ ਦਿੱਤੇ ਗਏ, ਜਦੋਂ ਕਿ ਦੂਜੇ ਪਾਸੇ ਚੁੱਪ-ਚੁਪੀਤੇ ਹੀ ਨਵੇਂ ਵੋਟਰਾਂ ਦੇ ਨਾਂ ਜੋੜ ਦਿੱਤੇ ਗਏ। ਸੰਵਿਧਾਨ ਦੇ ਕੇਂਦਰ ਪੱਖੀ ਝੁਕਾਅ ਨੂੰ ਚੋਣ ਹਥਿਆਰ ਦੇ ਤੌਰ 'ਤੇ ਇਸਤੇਮਾਲ ਕੀਤਾ ਗਿਆ। ਸੱਤਾਧਾਰੀ ਪਾਰਟੀ ਨੇ ਅਜਿਹੀ ਮੁਹਿੰਮ ਚਲਾਈ, ਜਿਸ ਦਾ ਮੂਲ ਆਧਾਰ ਇੱਕ ਧਾਰਮਿਕ ਘੱਟਗਿਣਤੀ ਅਬਾਦੀ ਦੇ ਲਈ ਖ਼ਤਰਾ ਹੈ। ਇੱਕ ਵੀ ਵੋਟ ਪੈਣ ਤੋਂ ਪਹਿਲਾਂ ਹੀ ਲੋਕਾਂ ਨੂੰ ਮੁਲਕ ਵਿੱਚੋਂ ਕੱਢੇ ਜਾਣ, ਵੋਟਰ ਸੂਚੀ ਤੋਂ ਨਾਂ ਕੱਟੇ ਜਾਣ ਅਤੇ ਬਲ ਤੈਨਾਤ ਕਰਨ ਵਰਗੇ ਤਰੀਕਿਆਂ ਨਾਲ ਅੰਜਾਮ ਦਿੱਤਾ ਗਿਆ।

ਇਸ ਨੂੰ ਮੰਨਣ ਦੇ ਕਈ ਕਾਰਨ ਹਨ ਕਿ 2026 ਵਿੱਚ ਪੱਛਮੀ ਬੰਗਾਲ ਵਿੱਚ ਜੋ ਕੁਝ ਹੋ ਰਿਹਾ ਹੈ, ਉਹ ਪੂਰੇ ਮੁਲਕ ਦੇ ਲਈ ਮਹਿਜ਼ ਇੱਕ 'ਡਰੈੱਸ ਰਿਹਰਸਲ' ਜਾਂ ਅਗਾਊਂ ਅਭਿਆਸ ਹੈ। ਭਾਜਪਾ ਅਤੇ ਉਸ ਦੇ ਕੰਟਰੋਲ ਵਾਲੀ ਕੇਂਦਰ ਸਰਕਾਰ ਪੱਛਮੀ ਬੰਗਾਲ ਵਿੱਚ ਜੋ ਕੁਝ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ - ਵੋਟਰ ਸੂਚੀ ਹੇਰਾਫੇਰੀ ਦਾ ਢਾਂਚਾ, ਕੇਂਦਰੀ ਨੀਮ-ਫ਼ੌਜੀ ਬਲਾਂ ਦੀ ਸਥਾਈ ਮੌਜੂਦਗੀ, ਪ੍ਰਸ਼ਾਸਨ ਉੱਤੇ ਕਬਜ਼ਾ ਅਤੇ ਸਰਕਾਰੀ ਏਜੰਸੀਆਂ ਦੇ ਜ਼ਰੀਏ ਡਰਾਉਣਾ-ਧਮਕਾਉਣਾ (ਅਤੇ ਇਹ ਸਭ ਨਿਆਂਪਾਲਿਕਾ ਦੀ ਚੁੱਪ ਅਤੇ ਸਿੱਧੀ ਹਮਾਇਤ ਨਾਲ ਹੋ ਰਿਹਾ ਹੈ) - ਉਸ ਨੂੰ ਕੰਮ ਕਰਨ ਦੇ ਲਈ ਚੋਣ ਜਿੱਤਣ ਦੀ ਲੋੜ ਨਹੀਂ ਹੈ। ਇਹ ਇੱਕ ਕੰਟਰੋਲ ਪ੍ਰਣਾਲੀ ਦੇ ਤੌਰ 'ਤੇ ਕੰਮ ਕਰਦਾ ਹੈ, ਭਾਵੇਂ ਚੋਣ ਕੋਈ ਵੀ ਜਿੱਤੇ। ਇਸ ਡਰੈੱਸ ਰਿਹਰਸਲ ਦਾ ਅਸਲੀ ਸਬਕ ਇਹੀ ਹੈ।

ਪੱਛਮੀ ਬੰਗਾਲ ਦੇ ਲੋਕ ਆਪਣੇ ਕੋਲ ਮੌਜੂਦ ਸੀਮਤ ਸਰੋਤਾਂ ਦੇ ਨਾਲ, ਇਸ ਦਾ ਡਟ ਕੇ ਮੁਕਾਬਲਾ ਕਰ ਰਹੇ ਹਨ। ਇਹ ਲੜਾਈ ਏਨੀ ਜਲਦੀ ਖ਼ਤਮ ਹੋਣ ਵਾਲੀ ਨਹੀਂ ਹੈ, ਫਿਰ ਭਾਵੇਂ ਚੋਣ ਕੋਈ ਵੀ ਜਿੱਤੇ।

# ਬੰਗਾਲ 'ਚ ਗਊ-ਰਾਜਨੀਤੀ ਅਤੇ ਭਾਰਤ 'ਚ ਫਿਰਕੂ ਪਾਲਾਬੰਦੀ ਦਾ ਅਰਥਸ਼ਾਸਤਰ

*ਸੀਨੀਅਰ ਪੱਤਰਕਾਰ ਅਰੁਣ ਸ੍ਰੀਵਾਸਤਵ ਦਾ ਇਹ ਲੇਖ ਬੰਗਾਲ ਵਿਚ ਖੇਡੀ ਜਾ ਰਹੀ ਗਊ ਰਾਜਨੀਤੀ, ਇਸ ਰਾਜਨੀਤੀ ਦੇ ਪਿੱਛੇ ਕੰਮ ਕਰਦੇ ਫਿਰਕੂ ਪਾਲਾਬੰਦੀ ਦੇ ਭਗਵਾ ਪ੍ਰੋਜੈਕਟ ਅਤੇ ਇਸ ਨਾਲ ਹਿੰਦੂ ਭਾਈਚਾਰੇ ਲਈ ਬਣ ਰਹੀਆਂ ਆਰਥਕ ਮੁਸ਼ਕਲਾਂ ਵਰਗੀਆਂ ਵੱਖ-ਵੱਖ ਪਰਤਾਂ ਦੀ ਨਿਸ਼ਾਨਦੇਹੀ ਕਰਦਾ ਹੈ। ਜਿਹੜੀ ਹਿੰਦੂ ਜਨਤਾ ਇਸ ਭਰਮ ਵਿਚ ਹੈ ਕਿ ਭਗਵਾ ਬਰਗੇਡ ਹਿੰਦੂ ਧਰਮ ਦਾ ਹਿਤੈਸ਼ੀ ਹੈ ਅਤੇ ਭਗਵਾ ਹਕੂਮਤ ਹਿੰਦੂ ਭਾਈਚਾਰੇ ਦੀ ਤਰੱਕੀ ਦਾ ਸੁਨਹਿਰੀ ਯੁਗ ਲਿਆ ਰਹੀ ਹੈ, ਉਨ੍ਹਾਂ ਦੇ ਸਮਝਣ ਲਈ ਇਹ ਬਹੁਤ ਹੀ ਠੋਸ ਮਿਸਾਲ ਹੈ ਕਿ ਕਿਵੇਂ ਭਾਜਪਾ ਦੀਆਂ ਨੀਤੀਆਂ ਹਿੰਦੂ ਭਾਈਚਾਰੇ ਦੇ ਗੁਜ਼ਾਰੇ ਦੇ ਸਾਧਨ ਖੋਹ ਕੇ ਉਨ੍ਹਾਂ ਨੂੰ ਆਰਥਕ ਤਬਾਹੀ ਦੇ ਮੂੰਹ ਧੱਕ ਰਹੀਆਂ ਹਨ। ਇਹ ਜਾਣਕਾਰੀ ਭਰਪੂਰ ਲੇਖ ਪਾਠਕਾਂ ਦੇ ਰੂਬਰੂ ਕਰਨ ਦੀ ਖੁਸ਼ੀ ਲੈ ਰਹੇ ਹਾਂ, ਜਿਸਦਾ ਅਨੁਵਾਦ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। -ਸੰਪਾਦਕ*

**-ਅਰੁਣ ਸ੍ਰੀਵਾਸਤਵ**
**ਅਨੁ.: ਬੂਟਾ ਸਿੰਘ ਮਹਿਮੂਦਪੁਰ**

ਕੋਲਕਾਤਾ ਦੀ ਨਖੋਦਾ ਮਸਜਿਦ ਦੇ ਇਮਾਮ ਮੌਲਾਨਾ ਮੁਹੰਮਦ ਸ਼ਫੀਕ ਕਾਸਮੀ ਨੇ ਮੁਸਲਮਾਨਾਂ ਨੂੰ ਸਵੈ-ਇੱਛਾ ਨਾਲ ਗਊ ਦੀ ਬਲੀ ਦੇਣ ਅਤੇ ਗਊ ਦਾ ਮਾਸ ਖਾਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਹੈ। ਇਸ ਨੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸੁਵੇਂਦੂ ਅਧਿਕਾਰੀ ਨੂੰ ਨਿਰਾਸ਼ ਕਰ ਦਿੱਤਾ ਹੈ, ਕਿਉਂਕਿ ਇਸ ਨੇ ਭਗਵਾ ਪਰਿਵਾਰ ਦੇ ਨਵੇਂ 'ਹਿੰਦੂ ਹਿਰਦੇ ਸਮਰਾਟ' ਵਜੋਂ ਉਸ ਦਾ ਅਕਸ ਖੋਹ ਲਿਆ ਹੈ। ਕੇਂਦਰ ਸਰਕਾਰ ਨੂੰ ਗਊ ਨੂੰ ਸੁਰੱਖਿਅਤ ਰਾਸ਼ਟਰੀ ਪਸ਼ੂ ਐਲਾਨਣ ਦੇ ਉਸ ਦੇ ਸੁਝਾਅ ਨੇ ਵੀ ਹਿੰਦੂ ਕੱਟੜਪੰਥੀ ਜਥੇਬੰਦੀਆਂ ਨੂੰ ਨਿਰਾਸ਼ ਕਰ ਦਿੱਤਾ ਹੈ, ਕਿਉਂਕਿ ਉਨ੍ਹਾਂ ਕੋਲ ਫਿਰ ਹਿੰਦੂ-ਮੁਸਲਿਮ ਫਿਰਕੂ ਸਬੰਧਾਂ ਨੂੰ ਹਥਿਆਰ ਬਣਾਉਣ ਦਾ ਸੰਦ ਨਹੀਂ ਰਹੇਗਾ।

ਜਦੋਂ ਤੋਂ ਸੁਵੇਂਦੂ ਮੁੱਖ ਮੰਤਰੀ ਬਣਿਆ ਹੈ, ਉਹ ਮੁਸਲਮਾਨਾਂ ਨਾਲ ਨਫ਼ਰਤ ਨਾਲ ਪੇਸ਼ ਆਇਆ ਹੈ ਅਤੇ ਉਸਨੇ ਉਨ੍ਹਾਂ ਨੂੰ ਪਿਛਲੀਆਂ ਸਰਕਾਰਾਂ ਵੱਲੋਂ ਦਿੱਤੀਆਂ ਗਈਆਂ ਸਹੂਲਤਾਂ ਅਤੇ ਲਾਭਾਂ ਤੋਂ ਵਾਂਝਾ ਕੀਤਾ ਹੈ। ਉਸਨੇ ਧਾਰਮਕ ਸ਼ ?ਰੇਣੀ ਵੰਡ ਦੇ ਆਧਾਰ 'ਤੇ ਚੱਲ ਰਹੀਆਂ ਸਾਰੀਆਂ ਮਾਣਭੱਤਾ ਯੋਜਨਾਵਾਂ ਖ਼ਤਮ ਕਰ ਦਿੱਤੀਆਂ, ਜਿਸ ਵਿੱਚ ਇਮਾਮਾਂ ਅਤੇ ਮੁਅੱਜ਼ਨਾਂ ਨੂੰ ਦਿੱਤੇ ਜਾਣ ਵਾਲੇ ਮਾਸਿਕ ਵਜੀਫੇ ਵੀ ਸ਼ਾਮਲ ਹਨ। ਰਾਜ ਨੇ ਇਮਾਮਾਂ ਅਤੇ ਮੁਅੱਜ਼ਨਾਂ ਨੂੰ ਦਿੱਤੇ ਜਾਣ ਵਾਲੇ ਕ੍ਰਮਵਾਰ 3000 ਰੁਪਏ ਅਤੇ 2000 ਦੇ ਮਾਸਿਕ ਵਜੀਫੇ ਪੂਰੀ ਤਰ੍ਹਾਂ ਬੰਦ ਕਰ ਦਿੱਤੇ ਅਤੇ ਘੱਟ ਗਿਣਤੀ ਭਲਾਈ, ਮਦਰੱਸਾ ਸਿੱਖਿਆ ਤੇ ਸੂਚਨਾ ਅਤੇ ਸੱਭਿਆਚਾਰਕ ਕਾਰਜ ਵਿਭਾਗਾਂ ਰਾਹੀਂ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਵੀ ਰੋਕ ਦਿੱਤੀ।

ਇਸ ਤੋਂ ਪਹਿਲਾਂ, ਉਸ ਨੇ ਲਾਊਡਸਪੀਕਰਾਂ ਦੀ ਵਰਤੋਂ ਅਤੇ ਸੜਕਾਂ 'ਤੇ ਨਮਾਜ਼ ਅਦਾ ਕਰਨ 'ਤੇ ਪਾਬੰਦੀ ਲਗਾ ਦਿੱਤੀ ਸੀ। ਉਸ ਦੀ ਦਲੀਲ ਸੀ ਕਿ ਮੁਸਲਮਾਨਾਂ ਨੂੰ ਮਸਜਿਦਾਂ ਦੇ ਅੰਦਰ ਨਮਾਜ਼ ਅਦਾ ਕਰਨੀ ਚਾਹੀਦੀ ਹੈ। ਉਸਦਾ ਇਹ ਕਹਿਣਾ ਸਹੀ ਸੀ ਕਿ ਨਮਾਜ਼ ਵਾਹਨਾਂ ਦੀ ਆਵਾਜਾਈ ਵਿੱਚ ਰੁਕਾਵਟ ਪਾਉਂਦੀ ਹੈ। ਹਾਲਾਂਕਿ, ਉਸ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਨਮਾਜ਼ ਪੂਰੇ ਦਿਨ ਦਾ ਮਾਮਲਾ ਨਹੀਂ ਹੈ; ਇਹ ਇੱਕ ਘੰਟੇ ਤੋਂ ਵੱਧ ਨਹੀਂ ਪੜ੍ਹੀ ਜਾਂਦੀ। ਜ਼ਿਆਦਾਤਰ ਮਸਜਿਦਾਂ ਪੁਰਾਣੀਆਂ ਹਨ ਅਤੇ ਉਨ੍ਹਾਂ ਵਿੱਚ ਨਮਾਜ਼ੀਆਂ ਨੂੰ ਸਮੋਣ ਦੀ ਸੀਮਤ ਸਮਰੱਥਾ ਹੁੰਦੀ ਹੈ। ਸਾਲਾਂ ਦੌਰਾਨ, ਨਮਾਜ਼ੀਆਂ ਦੀ ਗਿਣਤੀ ਵਧੀ ਹੈ। ਇਸ ਲਈ, ਸਾਰਿਆਂ ਲਈ ਮਸਜਿਦ ਦੇ ਅੰਦਰ ਇਕੱਠੇ ਨਮਾਜ਼ ਪੜ੍ਹਨਾ ਹਮੇਸ਼ਾ ਸੰਭਵ ਨਹੀਂ ਹੁੰਦਾ। ਕੁਦਰਤੀ ਤੌਰ 'ਤੇ, ਲੋਕ ਮਸਜਿਦਾਂ ਦੇ ਨੇੜੇ ਨਮਾਜ਼ ਪੜ੍ਹਦੇ ਹਨ। ਲਾਊਡਸਪੀਕਰ ਆਮ ਤੌਰ 'ਤੇ ਅਜ਼ਾਨ ਲਈ ਵਰਤੇ ਜਾਂਦੇ ਹਨ। ਹਮਾਇਤੀਆਂ ਲਈ, ਇਹ ਕਾਰਵਾਈਆਂ ਕਠੋਰ ਧਰਮਨਿਰਪੱਖ ਸ਼ਾਸਨ ਨੂੰ ਲਾਗੂ ਕਰਨ ਦਾ ਪ੍ਰਤੀਕ ਹਨ; ਆਲੋਚਕਾਂ ਲਈ, ਇਹ ਬਹੁਗਿਣਤੀਵਾਦੀ ਰਾਜਨੀਤਕ ਆਧਾਰ ਪ੍ਰਤੀ ਫਿਰਕੂ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

ਆਪਣਾ ਨਿਰਪੱਖ ਹਾਕਮ ਦਾ ਅਕਸ ਪੇਸ਼ ਕਰਨ ਲਈ, ਉਸਨੇ ਹਿੰਦੂ ਮੰਦਰਾਂ ਦੇ ਪੁਜਾਰੀਆਂ (ਪੁਰੋਹਿਤਾਂ) ਲਈ ਇਸੇ ਤਰ੍ਹਾਂ ਦਾ ਵਜੀਫਾ ਵੀ ਖ਼ਤਮ ਕਰ ਦਿੱਤਾ ਅਤੇ ਕਲਕੱਤਾ ਹਾਈਕੋਰਟ ਦੇ ਇੱਕ ਹੁਕਮ ਤੋਂ ਬਾਅਦ ਰਾਜ ਦੀ ਮੌਜੂਦਾ ਓ.ਬੀ.ਸੀ. ਸੂਚੀ ਰੱਦ ਕਰ ਦਿੱਤੀ। ਓ.ਬੀ.ਸੀ. ਵਜੀਫੇ ਦਾ ਉਸ ਵੱਲੋਂ ਖ਼ਾਤਮਾ ਦਲਿਤਾਂ, ਮੁਸਲਮਾਨਾਂ ਅਤੇ ਪਿਛੜੀਆਂ ਜਾਤਾਂ ਨੂੰ ਵਿੱਤੀ ਲਾਭਾਂ ਤੋਂ ਵਾਂਝਾ ਕਰਨ ਦੀ ਆਰ.ਐੱਸ.ਐੱਸ. ਦੀ ਵੱਡੀ ਯੋਜਨਾ ਦਾ ਹਿੱਸਾ ਹੈ। ਜੇਕਰ ਦਿੱਤੇ ਜਾਣ ਵਾਲੇ ਨਿੱਕੇ ਜਹੇ ਵਜੀਫੇ ਨੂੰ ਕਿਸੇ ਭਾਈਚਾਰੇ ਨੂੰ ਖ਼ੁਸ਼ ਕਰਨ ਦੇ ਨਜ਼ਰੀਏ ਨਾਲ ਵੇਖਿਆ ਜਾ ਸਕਦਾ ਹੈ, ਤਾਂ ਉਸ ਨੂੰ ਹੋਰ ਵਿੱਤੀ ਅਤੇ ਕਾਨੂੰਨੀ ਲਾਭਾਂ ਅਤੇ ਸਮਾਜਿਕ ਭਲਾਈ ਪ੍ਰੋਗਰਾਮਾਂ ਨੂੰ ਵੀ ਖ਼ਤਮ ਕਰ ਦੇਣਾ ਚਾਹੀਦਾ ਹੈ। ਕੇਂਦਰੀ ਅਤੇ ਰਾਜਕੀ ਦਾਨ, ਜਿਵੇਂ ਹਿੰਦੂ ਧਾਰਮਿਕ ਸੰਸਥਾਨ ਅਤੇ ਧਾਰਮਿਕ ਦਾਨ ਵਿਭਾਗ, ਮੰਦਿਰਾਂ ਦੇ ਰੱਖ-ਰਖਾਅ ਅਤੇ ਪੁਜਾਰੀ ਭਲਾਈ ਲਈ ਸਾਲਾਨਾ ਨਕਦ ਦਾਨ ਰਾਸ਼ੀ ਜਾਂ ਇੱਕ ਵਾਰੀ ਸਹਾਇਤਾ ਪ੍ਰਦਾਨ ਕਰਦੇ ਹਨ।

ਇਮਾਮ ਦੀ ਇਹ ਅਪੀਲ ਪੱਛਮੀ ਬੰਗਾਲ ਸਰਕਾਰ ਦੁਆਰਾ ਪਸ਼ੂ ਹੱਤਿਆ ਕੰਟਰੋਲ ਐਕਟ, 1950 ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਜਵਾਬ ਵਿੱਚ ਆਈ ਹੈ, ਜਿਸ ਤਹਿਤ ਪਸ਼ੂਆਂ ਲਈ ਪਸ਼ੂ ਚਿਕਿਤਸਾ 'ਫਿਟਨੈੱਸ ਸਰਟੀਫਿਕੇਟ' ਲਾਜ਼ਮੀ ਹੈ। ਮੁਸਲਮਾਨਾਂ ਨੂੰ ਗਾਵਾਂ ਦੀ ਬਜਾਏ ਬੱਕਰੀਆਂ ਦੀ ਕੁਰਬਾਨੀ ਕਰਨ ਅਤੇ ਗਊ ਦਾ ਮਾਸ ਖਾਣ ਤੋਂ ਬਚਣ ਦੀ ਅਪੀਲ ਕਰਕੇ, ਇਮਾਮ ਨੇ ਹਿੰਦੂ ਭਾਵਨਾਵਾਂ ਪ੍ਰਤੀ ਸਤਿਕਾਰ ਦਿਖਾਇਆ ਹੈ। ਪਰ, ਇਸ ਨੇ ਪਸ਼ੂ ਵਪਾਰ ਵਿੱਚ ਲੱਗੇ ਹਿੰਦੂਆਂ ਲਈ ਵੱਡਾ ਆਰਥਕ ਸੰਕਟ ਵੀ ਪੈਦਾ ਕਰ ਦਿੱਤਾ ਹੈ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਕਾਰਵਾਈਆਂ ਭਾਰਤ ਦੀ ਬਹੁਲਵਾਦੀ ਧਰਮ ਨਿਰਪੱਖਤਾ ਦੀ ਧਾਰਨਾ ਤੋਂ ਭਟਕਦੀਆਂ ਹਨ, ਜਿਸਦਾ ਇਤਿਹਾਸਕ ਅਰਥ ਵੱਖ-ਵੱਖ ਧਾਰਮਿਕ ਭਾਈਚਾਰਿਆਂ ਦੀ ਰੱਖਿਆ ਕਰਨਾ ਅਤੇ ਉਨ੍ਹਾਂ ਨੂੰ ਸਮੋਣਾ ਹੈ। ਸ਼ੁਭੇਂਦੂ ਨੇ ਆਪਣੇ ਆਪ ਨੂੰ ਹਿੰਦੂ ਹਿਰਦੇ ਸਮਰਾਟ ਵਜੋਂ ਪੇਸ਼ ਕਰਨ ਅਤੇ ਭਗਵਾ ਪਰਿਵਾਰ ਵਿੱਚ ਪ੍ਰਮੁੱਖ ਸਥਾਨ ਹਾਸਲ ਕਰਨ ਦੀ ਆਪਣੀ ਲਾਲਸਾ ਵਿੱਚ ਅਜਿਹੀਆਂ ਕਾਰਵਾਈਆਂ ਦਾ ਸਹਾਰਾ ਲਿਆ ਹੈ। ਉਸ ਦੀਆਂ ਆਪਣੀਆਂ ਸਮੱਸਿਆਵਾਂ ਹਨ। ਉਹ ਦਲ-ਬਦਲੂ ਹੈ ਜੋ ਕਾਂਗਰਸ ਤੋਂ ਤ੍ਰਿਣਮੂਲ ਕਾਂਗਰਸ ਰਾਹੀਂ ਹੁੰਦਾ ਹੋਇਆ ਭਾਜਪਾ ਵਿੱਚ ਪਹੁੰਚਿਆ। ਉਹ ਭਗਵਾ ਆਗੂਆਂ, ਖ਼ਾਸ ਕਰਕੇ ਆਰ.ਐੱਸ.ਐੱਸ. ਦੀ ਨਜ਼ਰ ਵਿੱਚ ਸ਼ੱਕੀ ਬਣੇ ਰਹਿਣਾ ਨਹੀਂ ਚਾਹੁੰਦਾ।

ਕਿਉਂਕਿ ਆਰ.ਐੱਸ.ਐੱਸ. ਅਤੇ ਭਾਜਪਾ ਗਊ-ਰੱਖਿਆ ਨੂੰ ਲੈ ਕੇ ਚਿੰਤਤ ਹਨ, ਨਰਿੰਦਰ ਮੋਦੀ ਸੰਵਿਧਾਨ ਵਿੱਚ ਸੋਧ ਕਰ ਸਕਦਾ ਹੈ ਅਤੇ ਪੂਰੇ ਮੁਲਕ ਵਿੱਚ ਗਊ-ਹੱਤਿਆ 'ਤੇ ਪਾਬੰਦੀ ਲਗਾ ਸਕਦਾ ਹੈ। ਮੋਦੀ ਨੇ 2014 ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਅੱਠ ਵਾਰ ਸੰਵਿਧਾਨ ਵਿੱਚ ਸੋਧ ਕੀਤੀ ਹੈ। ਉਸਨੇ ਸੰਵਿਧਾਨਕ ਵਿਵਸਥਾਵਾਂ ਨੂੰ ਵਾਰ-ਵਾਰ ਬਦਲਿਆ ਹੈ। ਉਹ ਇੱਕ ਹੋਰ ਸੋਧ ਲਿਆ ਸਕਦਾ ਹੈ ਤਾਂ ਜੋ ਉਸਦੀ ਸਰਕਾਰ ਨੂੰ ਗਊ-ਹੱਤਿਆ 'ਤੇ ਪਾਬੰਦੀ ਲਗਾਉਣ ਦਾ ਅਧਿਕਾਰ ਮਿਲ ਸਕੇ, ਜਿਸਨੂੰ ਉਸਦੇ ਹਮਾਇਤੀ ਹਿੰਦੂ ਸਮਾਜ ਦੇ ਵਡੇਰੇ ਲਾਭ ਵਜੋਂ ਪੇਸ਼ ਕਰਨਗੇ। ਅਜਿਹਾ ਕਦਮ ਗਊ-ਰੱਖਿਆ ਦੇ ਭਗਵਾ ਮਿਸ਼ਨ ਨੂੰ ਪੂਰਾ ਕਰੇਗਾ। ਗਊ ਰੱਖਿਆ ਲੰਮੇ ਸਮੇਂ ਤੋਂ ਆਰ.ਐੱਸ.ਐੱਸ. ਦਾ ਐਲਾਨਿਆ ਮਿਸ਼ਨ ਰਿਹਾ ਹੈ।

ਪਰ ਨਾ ਤਾਂ ਉਸਨੇ ਅਤੇ ਨਾ ਹੀ ਉਸ ਦੀ ਸਰਕਾਰ ਨੇ ਅਜਿਹਾ ਕਰਨਾ ਹੈ। ਇੱਥੋਂ ਤੱਕ ਕਿ ਆਰ.ਐੱਸ.ਐੱਸ. ਅਤੇ ਵਿਆਪਕ ਭਗਵਾ ਪਰਿਵਾਰ ਵੀ ਅਜਿਹੇ ਕਦਮ ਦਾ ਵਿਰੋਧ ਕਰਨਗੇ। ਕਾਰਨ ਸਪਸ਼ਟ ਹੈ: ਇੱਕ ਵਾਰ ਅਜਿਹੀ ਸੰਵਿਧਾਨਕ ਸੋਧ ਲਾਗੂ ਹੋ ਜਾਣ ਤੋਂ ਬਾਅਦ, ਮੋਦੀ ਅਤੇ ਭਗਵਾ ਪਰਿਵਾਰ ਕੋਲੋਂ ਇੱਕ ਪ੍ਰਮੁੱਖ ਸੰਦ ਖੁਸ ਜਾਵੇਗਾ, ਜਿਸਦੀ ਵਰਤੋਂ ਉਹ ਹਿੰਦੂਆਂ ਨੂੰ ਫਿਰਕੂ ਬਣਾਉਣ ਅਤੇ ਪਾਲਾਬੰਦੀ ਕਰਨ ਤੇ ਮੁਸਲਮਾਨਾਂ ਅਤੇ ਦਲਿਤਾਂ ਉੱਪਰ ਜ਼ੁਲਮ ਕਰਨ ਅਤੇ ਉਨ੍ਹਾਂ ਨਾਲ ਵਿਤਕਰਾ ਕਰਨ ਲਈ ਕਰਦੇ ਹਨ। ਗਊ-ਹੱਤਿਆ ਦੀ ਰੋਕਥਾਮ ਮੁਸਲਮਾਨਾਂ ਵਿਰੁੱਧ ਭਗਵਾ ਰਾਜਨੀਤੀ ਦਾ ਇੱਕ ਪ੍ਰਮੁੱਖ ਹਥਿਆਰ ਬਣ ਗਈ ਹੈ। ਭਾਰਤ ਵਿੱਚ ਵਿਚਾਰਧਾਰਕ, ਇਤਿਹਾਸਕ ਅਤੇ ਸਮਾਜ ਸ਼ਾਸਤਰੀ ਨਜ਼ਰੀਆਂ ਦੇ ਆਧਾਰ 'ਤੇ ਇਸ ਮੁੱਦੇ 'ਤੇ ਭਵਿੱਖ-ਨਕਸ਼ੇ ਵਿਆਪਕ ਤੌਰ 'ਤੇ ਵੱਖ-ਵੱਖ ਹਨ।

ਹਿੰਦੂਤਵ ਦੇ ਹਮਾਇਤੀਆਂ ਲਈ, ਗਊ-ਰੱਖਿਆ ਮੂਲ ਰੂਪ ਵਿੱਚ ਹਿੰਦੂ ਧਰਮ ਦੇ ਅੰਦਰ ਗਊ ਪ੍ਰਤੀ ਡੂੰਘੀ ਸੱਭਿਆਚਾਰਕ ਅਤੇ ਧਾਰਮਿਕ ਸ਼ਰਧਾ ਨੂੰ ਸੁਰੱਖਿਅਤ ਰੱਖਣ ਬਾਬਤ ਹੈ। ਉਨ੍ਹਾਂ ਦੀ ਦਲੀਲ ਹੈ ਕਿ ਗਊ-ਹੱਤਿਆ ਨੂੰ ਰੋਕਣ ਵਾਲੇ ਕਾਨੂੰਨ ਨੈਤਿਕ, ਵਾਤਾਵਰਣਕ ਅਤੇ ਆਰਥਕ ਸਿਧਾਂਤਾਂ 'ਤੇ ਅਧਾਰਤ ਹਨ ਅਤੇ ਸੁਭਾਵਿਕ ਤੌਰ 'ਤੇ ਘੱਟ ਗਿਣਤੀ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਦੇ ਇਰਾਦੇ ਨਾਲ ਨਹੀਂ ਬਣਾਏ ਗਏ ਹਨ। ਇਤਿਹਾਸਕ ਤੌਰ 'ਤੇ, ਅਕਬਰ ਅਤੇ ਬਾਬਰ ਸਮੇਤ ਕੁਝ ਮੁਗ਼ਲ ਹਾਕਮਾਂ ਨੇ ਵੀ ਬਹੁਗਿਣਤੀ ਵਸੋਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਲਈ ਗਊ-ਹੱਤਿਆ 'ਤੇ ਪਾਬੰਦੀ ਲਗਾਈ ਸੀ।

ਵਿਦਵਾਨ ਅਕਸਰ ਦਲੀਲ ਦਿੰਦੇ ਹਨ ਕਿ ਜਦੋਂ ਕਿ ਗਊ-ਰੱਖਿਆ ਦੀਆਂ ਪ੍ਰਾਚੀਨ ਜੜ੍ਹਾਂ ਹਨ, ਇਸ ਮੁੱਦੇ 'ਤੇ ਆਧੁਨਿਕ ਰਾਜਨੀਤਕ ਲਾਮਬੰਦੀ ਨੂੰ ਸਮਾਜ ਦੀ ਪਾਲਾਬੰਦੀ ਕਰਨ, ਮੁਸਲਮਾਨਾਂ ਨੂੰ ਹਾਸ਼ੀਏ 'ਤੇ ਧੱਕਣ ਅਤੇ ਸੱਭਿਆਚਾਰਕ ਦਬਦਬਾ ਸਥਾਪਤ ਕਰਨ ਦੇ ਸੰਦ ਵਜੋਂ ਵਰਤਿਆ ਗਿਆ ਹੈ। ਉਹ ਧਿਆਨ ਦਿਵਾਉਂਦੇ ਹਨ ਕਿ ਕਿਵੇਂ ਗਊ-ਰੱਖਿਆ ਦੇ ਨਾਂ 'ਤੇ ਕੀਤੇ ਜਾਣ ਵਾਲੇ ਦੰਗਿਆਂ ਅਤੇ ਹਿੰਸਾ ਵਿੱਚ ਵਾਧਾ ਹੋਇਆ ਹੈ, ਜਿਸ ਵਿੱਚ ਮੁਸਲਮਾਨਾਂ 'ਤੇ ਪਸ਼ੂਆਂ ਦੀ ਢੋਆ-ਢੁਆਈ ਜਾਂ ਗਊ ਦਾ ਮਾਸ ਖਾਣ ਦਾ ਦੋਸ਼ ਲਗਾ ਕੇ ਉਨ੍ਹਾਂ ਵਿਰੁੱਧ ਸਰੀਰਕ ਹਿੰਸਾ ਸ਼ਾਮਲ ਹੈ। ਆਲੋਚਕ ਰਾਜ ਪੱਧਰੀ ਪਾਬੰਦੀਆਂ ਨੂੰ ਘੱਟ ਗਿਣਤੀ ਭਾਈਚਾਰਿਆਂ ਦੀਆਂ ਖਾਣਪੀਣ ਸੰਬੰਧੀ ਆਦਤਾਂ ਅਤੇ ਆਰਥਕ ਰੋਜ਼ੀ-ਰੋਟੀ ਨੂੰ ਕਾਬੂ ਕਰਨ ਦੇ ਸਾਧਨ ਵਜੋਂ ਦੇਖਦੇ ਹਨ।

ਭਗਵਾ ਹਮਾਇਤੀ ਦਲੀਲ ਦਿੰਦੇ ਹਨ ਕਿ ਮੋਦੀ ਸਰਕਾਰ ਨੇ ਪੂਰੇ ਮੁਲਕ ਵਿੱਚ ਗਊ-ਹੱਤਿਆ 'ਤੇ ਪਾਬੰਦੀ ਨਹੀਂ ਲਗਾਈ ਹੈ, ਮੁੱਖ ਤੌਰ 'ਤੇ ਕਿਉਂਕਿ ਸੰਵਿਧਾਨ ਵਿਧਾਨਕ ਸ਼ਕਤੀਆਂ ਨੂੰ ਵੰਡਦਾ ਹੈ, ਜਿਸ ਨਾਲ ਖੇਤੀਬਾੜੀ ਅਤੇ ਪਸ਼ੂਧਨ ਦੀ ਸੁਰੱਖਿਆ ਕੇਂਦਰੀ ਵਿਸ਼ਿਆਂ ਦੀ ਬਜਾਏ ਰਾਜ ਦੇ ਵਿਸ਼ੇ ਬਣਦੇ ਹਨ। ਇਹ ਵੰਡ ਕੇਂਦਰ ਸਰਕਾਰ ਨੂੰ ਸਾਰੇ ਰਾਜਾਂ ਵਿੱਚ ਇੱਕਸਾਰ ਕਾਨੂੰਨ ਇਕਤਰਫ਼ਾ ਢੰਗ ਨਾਲ ਲਾਗੂ ਕਰਨ ਤੋਂ ਰੋਕਦੀ ਹੈ। ਸੱਤਵੀਂ ਅਨੁਸੂਚੀ ਦੇ ਤਹਿਤ, ਪਸ਼ੂਧਨ ਅਤੇ ਹੱਤਿਆ ਨਾਲ ਸਬੰਧਤ ਮਾਮਲਿਆਂ 'ਤੇ ਕਾਨੂੰਨ ਬਣਾਉਣ ਦਾ ਇਕਲੌਤਾ ਅਧਿਕਾਰ ਰਾਜ ਵਿਧਾਨ ਸਭਾਵਾਂ ਕੋਲ ਹੈ।

ਭਾਰਤ ਵਿੱਚ ਗਊ-ਹੱਤਿਆ ਦਾ ਮੁੱਦਾ ਬਹੁਪੱਖੀ ਹੈ, ਜਿਸਦੇ ਡੂੰਘੇ ਇਤਿਹਾਸਕ, ਸੱਭਿਆਚਾਰਕ ਅਤੇ ਰਾਜਨੀਤਕ ਪ੍ਰਭਾਵ ਹਨ। ਇਹ ਸੰਵਿਧਾਨਕ ਸਿਧਾਂਤਾਂ, ਕਿਸਾਨਾਂ ਦੀ ਰੋਜ਼ੀ-ਰੋਟੀ ਅਤੇ ਫਿਰਕੂ ਪਾਲਾਬੰਦੀ ਨੂੰ ਲੈ ਕੇ ਰਾਜਨੀਤਿਕ ਬਹਿਸਾਂ ਨਾਲ ਜੁੜਦਾ ਹੈ। ਗਾਵਾਂ ਦੀ ਸੁਰੱਖਿਆ ਸੰਵਿਧਾਨ ਵਿੱਚ ਆਰਟੀਕਲ 48 ਅਧੀਨ ਇੱਕ ਨੀਤੀ ਨਿਰਦੇਸ਼ਕ ਸਿਧਾਂਤ ਦੇ ਤੌਰ 'ਤੇ ਸ਼ਾਮਲ ਹੈ, ਜੋ ਰਾਜ ਨੂੰ ਖੇਤੀਬਾੜੀ ਅਤੇ ਪਸ਼ੂਪਾਲਨ ਨੂੰ ਆਧੁਨਿਕ ਤਰੀਕਿਆਂ ਨਾਲ ਸੰਗਠਿਤ ਕਰਨ ਅਤੇ ਗਾਵਾਂ ਤੇ ਵੱਛਿਆਂ ਦੀ ਹੱਤਿਆ ਉੱਪਰ ਪਾਬੰਦੀ ਲਗਾਉਣ ਦਾ ਮਾਰਗ-ਦਰਸ਼ਨ ਕਰਦਾ ਹੈ।

ਕੁਝ ਰਾਜਨੀਤਿਕ ਵਿਸ਼ਲੇਸ਼ਕਾਂ ਅਤੇ ਵਿਰੋਧੀ ਪਾਰਟੀਆਂ ਦੀ ਦਲੀਲ ਹੈ ਕਿ ਗਊ-ਰੱਖਿਆ ਦੀ ਵਰਤੋਂ ਭਾਈਚਾਰਿਆਂ ਦੀ ਪਾਲਾਬੰਦੀ ਕਰਨ ਅਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦੇ ਰਾਜਨੀਤਕ ਸੰਦ ਵਜੋਂ ਕੀਤੀ ਜਾਂਦੀ ਹੈ। ਉਹ ਕਹਿੰਦੇ ਹਨ ਕਿ ਵਿਆਪਕ ਸਮਾਜਿਕ-ਆਰਥਕ ਸਰੋਕਾਰਾਂ ਨੂੰ ਸੰਬੋਧਤ ਹੋਣ ਦੀ ਬਜਾਏ ਫਿਰਕੂ ਵੰਡ ਪੈਦਾ ਕਰਨ ਲਈ ਅਜਿਹੇ ਮੁੱਦਿਆਂ ਨੂੰ ਵਧਾਇਆ ਜਾਂਦਾ ਹੈ। ਕਿਸਾਨ ਅਤੇ ਰਾਜਨੀਤਕ ਸਮੂਹ ਦਲੀਲ ਦਿੰਦੇ ਹਨ ਕਿ ਗਊ-ਹੱਤਿਆ ਵਿਰੋਧੀ ਸਖ਼ਤ ਕਾਨੂੰਨ ਖੇਤੀਬਾੜੀ ਆਧਾਰਤ ਗੁਜ਼ਾਰੇ, ਚਮੜਾ ਉਦਯੋਗ ਅਤੇ ਪਸ਼ੂ ਵਪਾਰ ਵਿੱਚ ਲੱਗੇ ਲੋਕਾਂ 'ਤੇ ਮਾੜਾ ਅਸਰ ਪਾਉਂਦੇ ਹਨ। ਇਹ ਅਕਸਰ ਉਨ੍ਹਾਂ ਕਿਸਾਨਾਂ 'ਤੇ ਆਰਥਕ ਬੋਝ ਲੱਦਦਾ ਹੈ ਜੋ ਗ਼ੈਰਉਪਜਾਊ ਪਸ਼ੂਆਂ ਨੂੰ ਸਾਂਭ ਨਹੀਂ ਸਕਦੇ।

ਇਸ ਅੰਦੋਲਨ ਨੇ ਗਊ ਰੱਖਿਅਕ ਦਲਾਂ (ਵਿਜੀਲੈਂਟ ਗਰੁੱਪਾਂ) ਦੇ ਉਭਾਰ ਨੂੰ ਵੀ ਜਨਮ ਦਿੱਤਾ ਹੈ, ਜਿਸ ਨਾਲ ਕਾਨੂੰਨ ਵਿਵਸਥਾ, ਵਿਅਕਤੀਗਤ ਅਧਿਕਾਰਾਂ ਅਤੇ ਹਿੰਸਾ ਦੇ ਜਵਾਬ ਨੂੰ ਲੈ ਕੇ ਚਿੰਤਾਵਾਂ ਵਧੀਆਂ ਹਨ। ਮੋਦੀ ਦੇ ਰਾਜ ਅਧੀਨ, ਵਿਜੀਲੈਂਟ ਸਮੂਹ ਅਕਸਰ ਅਜਿਹੇ ਸੂਬੇਦਾਰਾਂ ਵਾਂਗ ਵਿਹਾਰ ਕਰਦੇ ਹਨ ਜਿਨ੍ਹਾਂ ਦੇ ਕੰਮ ਅਤੇ ਸ਼ਬਦ ਕਾਨੂੰਨ 'ਤੇ ਹਾਵੀ ਹੁੰਦੇ ਪ੍ਰਤੀਤ ਹੁੰਦੇ ਹਨ। ਬਹੁਤ ਸਾਰੇ ਮਾਮਲਿਆਂ ਵਿੱਚ, ਉਹ ਪੁਲਿਸ ਦੇ ਕੰਮਕਾਰ ਅਤੇ ਨਿਆਇਕ ਪ੍ਰਕਿਰਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਭਾਵਿਤ ਕਰਦੇ ਹਨ। ਸਿਰਫ਼ ਪੁਲਿਸ ਵਿੱਚ ਸ਼ਿਕਾਇਤ ਦਰਜ ਕਰਵਾਉਣ ਦੇ ਨਤੀਜੇ ਵਜੋਂ ਤੁਰੰਤ ਕੈਦ ਹੋ ਸਕਦੀ ਹੈ, ਜੋ ਉਨ੍ਹਾਂ ਦੇ ਅਸਰ-ਰਸੂਖ਼ ਦੀ ਹੱਦ ਨੂੰ ਦਰਸਾਉਂਦਾ ਹੈ।




ਭਾਰਤੀ ਕਾਨੂੰਨ ਅਧੀਨ, ਆਪੇ ਬਣੇ ਗਊ ਰੱਖਿਅਕ ਕਾਨੂੰਨ ਤੋਂ ਉੱਪਰ ਨਹੀਂ ਹਨ। ਹਾਲਾਂਕਿ, ਮੋਦੀ ਦੇ ਰਾਜ ਅਧੀਨ, ਸਥਿਤੀ ਅਕਸਰ ਉਲਟ ਦਿਖਾਈ ਦਿੰਦੀ ਹੈ। ਗਊ ਰੱਖਿਅਕਾਂ ਦਾ ਆਪਹੁਦਰਾ ਨਿਆਂ ਗ਼ੈਰ-ਕਾਨੂੰਨੀ ਹੈ, ਫਿਰ ਵੀ ਮਨੁੱਖੀ ਅਧਿਕਾਰ ਸੰਗਠਨਾਂ ਨੇ ਦਸਤਾਵੇਜ਼ੀਕਰਨ ਕੀਤਾ ਹੈ ਕਿ ਇਹ ਸਮੂਹ ਕਮਜ਼ੋਰ ਕਾਨੂੰਨ ਲਾਗੂ ਕਰਨ ਅਤੇ ਕੁਝ ਮਾਮਲਿਆਂ ਵਿੱਚ ਰਾਜ ਪੱਧਰੀ ਕਾਨੂੰਨੀ ਸੁਰੱਖਿਆ ਦੇ ਕਾਰਨ ਅਕਸਰ ਸਜ਼ਾ ਦਾ ਡਰ ਨਾ ਹੋਣ ਦੀ ਸੋਚ ਨਾਲ ਕੰਮ ਕਰਦੇ ਹਨ। ਗੈਰ-ਕਾਨੂੰਨੀ ਹੱਤਿਆਵਾਂ, ਭੀੜ ਦੁਆਰਾ ਲਿੰਚਿੰਗ ਅਤੇ ਸਰੀਰਕ ਹਮਲੇ ਭਾਰਤੀ ਨਿਆਇ ਸੰਹਿਤਾ (ਬੀ.ਐੱਨ.ਐੱਸ.) ਅਧੀਨ ਗੰਭੀਰ ਫ਼ੌਜਦਾਰੀ ਅਪਰਾਧ ਹਨ। ਭਾਰਤ ਦੀ ਸੁਪਰੀਮ ਕੋਰਟ ਵਾਰ-ਵਾਰ ਰਾਜਾਂ ਨੂੰ ਭੀੜ ਹਿੰਸਾ ਅਤੇ ਵਿਜੀਲੈਂਟਿਜ਼ਮ ਨੂੰ ਰੋਕਣ ਲਈ ਸਖ਼ਤ ਕਾਰਵਾਈ ਕਰਨ ਦਾ ਨਿਰਦੇਸ਼ ਦੇ ਚੁੱਕੀ ਹੈ, ਪਰ ਇਹ ਨਿਰਦੇਸ਼ ਅਕਸਰ ਬੇਅਸਰ ਸਾਬਤ ਹੋਏ ਹਨ। ਹਿਊਮਨ ਰਾਈਟਸ ਵਾਚ ਨੇ ਇਸ ਗੱਲ 'ਤੇ ਚਾਨਣਾ ਪਾਇਆ ਹੈ ਕਿ ਵਿਜੀਲੈਂਟਾਂ ਨੂੰ ਅਕਸਰ ਬਹੁਤ ਘੱਟ ਜਾਂ ਕੋਈ ਨਤੀਜਾ ਨਹੀਂ ਭੁਗਤਣਾ ਪੈਂਦਾ। ਕਮਜ਼ੋਰ ਕਾਨੂੰਨੀ ਲਾਗੂ ਕਰਨ, ਦੇਰੀ ਨਾਲ ਹੋਣ ਵਾਲੇ ਮੁਕੱਦਮੇ ਅਤੇ ਵਾਰ-ਵਾਰ ਬਰੀ ਹੋਣ ਕਾਰਨ ਇਹ ਧਾਰਨਾ ਬਣਦੀ ਹੈ ਕਿ ਅਜਿਹੇ ਸਮੂਹ ਜਵਾਬਦੇਹੀ ਤੋਂ ਬਚ ਜਾਂਦੇ ਹਨ।

ਬਹੁਤ ਸਾਰੇ ਰਾਜਾਂ ਵਿੱਚ ਗਊ-ਹੱਤਿਆ 'ਤੇ ਪਾਬੰਦੀ ਜਾਂ ਰੋਕ ਹੈ, ਹਾਲਾਂਕਿ ਲਾਗੂ ਕਰਨ ਦੇ ਤਰੀਕੇ ਵਿਆਪਕ ਤੌਰ 'ਤੇ ਵੱਖ-ਵੱਖ ਹਨ। ਕੁਝ ਰਾਜਾਂ ਵਿੱਚ ਕਠੋਰ ਗਊ-ਰੱਖਿਆ ਕਾਨੂੰਨਾਂ ਵਿੱਚ ਅਜਿਹੀਆਂ ਧਾਰਾਵਾਂ ਸ਼ਾਮਲ ਹਨ ਜੋ ਉਨ੍ਹਾਂ ਦੇ ਕਾਰਿਆਂ ਨੂੰ ਪਸ਼ੂਆਂ ਦੀ ਰੱਖਿਆ ਕਰਦੇ ਸਮੇਂ 'ਸਦਭਾਵਨਾ' ਨਾਲ ਕੀਤਾ ਗਿਆ ਮੰਨਣ ਜਾਣ ਦੀ ਸੂਰਤ 'ਚ ਵਿਜੀਲੈਂਟਾਂ ਜਾਂ ਅਧਿਕਾਰੀਆਂ ਨੂੰ ਕਾਨੂੰਨੀ ਛੋਟ ਦਿੰਦੀਆਂ ਹਨ। 'ਸਦਭਾਵਨਾ' ਸ਼ਬਦ ਵਿੱਚ ਸਪੱਸ਼ਟਤਾ ਦੀ ਘਾਟ ਹੈ ਅਤੇ ਇਹ ਕਾਨੂੰਨ ਨੂੰ ਲਾਗੂ ਕਰਨ ਦੀ ਆੜ ਵਿੱਚ ਘੱਟ ਗਿਣਤੀ ਭਾਈਚਾਰਿਆਂ, ਖ਼ਾਸ ਕਰਕੇ ਮੁਸਲਮਾਨਾਂ ਅਤੇ ਦਲਿਤਾਂ ਨੂੰ ਪ੍ਰੇਸ਼ਾਨ ਕਰਨ ਅਤੇ ਉਨ੍ਹਾਂ 'ਤੇ ਹਮਲਾ ਕਰਨ ਲਈ ਭੀੜ ਨੂੰ ਸ਼ਕਤੀ ਪ੍ਰਦਾਨ ਕਰ ਸਕਦਾ ਹੈ।

ਆਰਥਕ ਹਕੀਕਤਾਂ ਮਾਮਲੇ ਨੂੰ ਹੋਰ ਗੁੰਝਲਦਾਰ ਬਣਾਉਂਦੀਆਂ ਹਨ। ਪਸ਼ੂ ਵਪਾਰ ਖੇਤੀਬਾੜੀ ਆਰਥਿਕਤਾ ਦਾ ਮਹੱਤਵਪੂਰਨ ਹਿੱਸਾ ਹੈ, ਜਿਸ ਤੋਂ ਹਿੰਦੂ ਕਿਸਾਨਾਂ ਅਤੇ ਮੁਸਲਿਮ ਵਪਾਰੀਆਂ ਦੋਵਾਂ ਨੂੰ ਲਾਭ ਹੁੰਦਾ ਹੈ। ਸਖ਼ਤ ਕਾਰਵਾਈਆਂ ਅਤੇ ਹੱਤਿਆ 'ਤੇ ਪਾਬੰਦੀਆਂ ਰੋਜ਼ੀ-ਰੋਟੀ ਅਤੇ ਵਿਆਪਕ ਮਾਸ ਅਤੇ ਚਮੜਾ ਨਿਰਯਾਤ ਉਦਯੋਗਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਪਸ਼ੂਧਨ ਉਦਯੋਗ ਖੇਤੀਬਾੜੀ ਆਰਥਿਕਤਾ ਦਾ ਮਹੱਤਵਪੂਰਨ ਹਿੱਸਾ ਹੈ। ਮੁਕੰਮਲ ਰਾਸ਼ਟਰਵਿਆਪੀ ਪਾਬੰਦੀ ਵੱਡੀਆਂ ਗੁੰਝਲਾਂ ਪੈਦਾ ਕਰੇਗੀ ਕਿਉਂਕਿ ਲੱਖਾਂ ਕਿਸਾਨ ਡੇਅਰੀ ਖੇਤਰ 'ਤੇ ਨਿਰਭਰ ਹਨ, ਅਤੇ ਗੈਰ-ਦੁਧਾਰੂ ਪਸ਼ੂਆਂ ਦਾ ਬੰਦੋਬਸਤ ਇਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ ਕਿ ਖੇਤੀਬਾੜੀ ਪਰਿਵਾਰ ਆਰਥਕ ਤੌਰ 'ਤੇ ਬਰਬਾਦ ਨਾ ਹੋਣ। ਭਾਰਤ ਗਊ ਦਾ ਮਾਸ (ਮੁੱਖ ਤੌਰ 'ਤੇ ਮੱਝ ਦਾ ਮਾਸ) ਦੇ ਸਿਖ਼ਰਲੇ ਉਤਪਾਦਕਾਂ ਅਤੇ ਨਿਰਯਾਤਕਾਂ ਵਿੱਚੋਂ ਇੱਕ ਹੈ। ਵਿਆਪਕ ਰਾਸ਼ਟਰੀ ਪਾਬੰਦੀ ਇਸ ਅਰਬਾਂ-ਡਾਲਰ ਦੇ ਨਿਰਯਾਤ ਖੇਤਰ ਵਿਚ ਮਹੱਤਵਪੂਰਨ ਤੌਰ 'ਤੇ ਵਿਘਨ ਪਾਵੇਗੀ।

ਦਿਲਚਸਪ ਗੱਲ ਇਹ ਹੈ ਕਿ ਸੁਪਰੀਮ ਕੋਰਟ ਨੇ ਸਟੇਟ ਆਫ਼ ਗੁਜਰਾਤ ਬਨਾਮ ਮਿਰਜ਼ਾਪੁਰ ਮੋਤੀ ਕੁਰੈਸ਼ੀ (2005) ਕੇਸ ਵਿੱਚ ਫ਼ੈਸਲਾ ਸੁਣਾਇਆ ਕਿ ਜਦੋਂ ਕਿ ਗਊ-ਹੱਤਿਆ 'ਤੇ ਪਾਬੰਦੀਆਂ ਸੰਵਿਧਾਨਕ ਤੌਰ 'ਤੇ ਵਾਜਬ ਹਨ, ਗੈਰ-ਦੁਧਾਰੂ ਜਾਂ ਆਰਥਕ ਤੌਰ 'ਤੇ ਗ਼ੈਰਉਪਜਾਊ ਪਸ਼ੂਆਂ ਦੀ ਹੱਤਿਆ 'ਤੇ ਮੁਕੰਮਲ ਪਾਬੰਦੀ ਕਸਾਈਆਂ ਦੇ ਵਪਾਰ ਅਤੇ ਕਿੱਤੇ ਦੇ ਮੂਲ ਅਧਿਕਾਰ ਦੀ ਗੰਭੀਰ ਉਲੰਘਣਾ ਕਰਦੀ ਹੈ। ਡਾ. ਬੀ.ਆਰ. ਅੰਬੇਡਕਰ ਵਰਗੇ ਆਗੂਆਂ ਦੀ ਅਗਵਾਈ ਵਿੱਚ ਸੰਵਿਧਾਨ ਸਭਾ ਨੇ ਮਾਨਤਾ ਦਿੱਤੀ ਕਿ ਪਸ਼ੂ ਦੁੱਧ, ਗੋਬਰ ਖਾਦ ਅਤੇ ਮਜ਼ਦੂਰੀ ਮੁਹੱਈਆ ਕਰਦੇ ਹੋਣ ਕਰਕੇ ਪੇਂਡੂ ਖੇਤੀਬਾੜੀ ਭਾਈਚਾਰਿਆਂ ਦੀ ਰੀੜ੍ਹ ਦੀ ਹੱਡੀ ਹਨ। ਆਰਥਕ ਹਕੀਕਤ ਇਹ ਹੈ ਕਿ ਮੁਕੰਮਲ ਪਾਬੰਦੀ ਖੇਤੀਬਾੜੀ ਗੁਜ਼ਾਰੇ ਵਿਚ ਵਿਘਨ ਪਾਵੇਗੀ, ਦਲਿਤ ਅਤੇ ਮੁਸਲਿਮ ਭਾਈਚਾਰਿਆਂ 'ਤੇ ਅਸਾਵੇਂ ਰੂਪ ਵਿੱਚ ਅਸਰ ਪਾਵੇਗੀ, ਅਤੇ ਰਵਾਇਤੀ ਚਮੜਾ ਅਤੇ ਮਾਸ ਉਦਯੋਗਾਂ ਨੂੰ ਤਬਾਹ ਕਰ ਦੇਵੇਗੀ।

ਹਿੰਦੂ ਕਿਸਾਨ ਅਤੇ ਪਸ਼ੂ ਵਪਾਰੀ ਪਸ਼ੂ ਵਪਾਰ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ। ਖੇਤੀਬਾੜੀ ਅਤੇ ਡੇਅਰੀ 'ਤੇ ਨਿਰਭਰ ਭਾਈਚਾਰਿਆਂ ਵਿੱਚ, ਪਸ਼ੂਆਂ ਦੀ ਖ਼ਰੀਦ ਅਤੇ ਵਿਕਰੀ ਇੱਕ ਆਮ ਆਰਥਕ ਅਭਿਆਸ ਹੈ। ਹਿੰਦੂ ਪਸ਼ੂਧਨ ਮਾਲਕ ਅਕਸਰ ਡੇਅਰੀ ਉਦੇਸ਼ਾਂ ਲਈ ਗਾਵਾਂ ਪਾਲਦੇ ਹਨ ਅਤੇ ਘਰੇਲੂ ਪੈਸੇ-ਧੇਲੇ ਦੇ ਪ੍ਰਬੰਧ ਲਈ ਬੁੱਢੇ ਜਾਂ ਗ਼ੈਰਉਪਜਾਊ ਪਸ਼ੂਆਂ ਨੂੰ ਵੇਚ ਦਿੰਦੇ ਹਨ। ਪੱਛਮੀ ਬੰਗਾਲ

ਵਰਗੇ ਰਾਜਾਂ ਵਿੱਚ, ਹਿੰਦੂ ਡੇਅਰੀ-ਫਾਰਮਿੰਗ ਪਰਿਵਾਰ, ਜਿਨ੍ਹਾਂ ਵਿੱਚ ਘੋਸ਼ ਅਤੇ ਯਾਦਵ ਬਿਰਾਦਰੀਆਂ ਸ਼ਾਮਲ ਹਨ, ਕਰਜ਼ੇ ਚੁਕਾਉਣ, ਖੇਤੀਬਾੜੀ ਦੀ ਮੱਦਦ ਕਰਨ ਅਤੇ ਘਰੇਲੂ ਖ਼ਰਚਿਆਂ ਦੇ ਪ੍ਰਬੰਧ ਲਈ ਬੁੱਢੇ ਪਸ਼ੂਆਂ ਨੂੰ ਵੇਚਣ 'ਤੇ ਨਿਰਭਰ ਕਰਦੇ ਹਨ।

27 ਮਈ ਨੂੰ ਬਕਰੀਦ ਮਨਾਏ ਜਾਣ ਕਾਰਨ, ਪੂਰੇ ਬੰਗਾਲ ਵਿੱਚ ਹਜ਼ਾਰਾਂ ਹਿੰਦੂ ਵਪਾਰੀਆਂ ਨੇ ਹੱਤਿਆ 'ਤੇ ਪਾਬੰਦੀ ਹਟਾਉਣ ਦੀ ਮੰਗ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕੀਤਾ ਹੈ। ਬਹੁਤ ਸਾਰੇ ਛੋਟੇ ਵਪਾਰੀਆਂ ਨੇ ਮੁਸਲਿਮ ਖ਼ਰੀਦਦਾਰਾਂ ਨੂੰ ਵਿਕਰੀ ਲਈ ਪਸ਼ੂਆਂ ਦੀ ਖ਼ਰੀਦ ਵਿੱਚ ਲੱਖਾਂ ਰੁਪਏ ਨਿਵੇਸ਼ ਕੀਤੇ ਸਨ। ਹਾਲਾਂਕਿ, ਇਮਾਮ ਦੀ ਅਪੀਲ ਤੋਂ ਬਾਅਦ, ਬਹੁਤ ਸਾਰੇ ਮੁਸਲਮਾਨਾਂ ਨੇ ਗਾਵਾਂ ਦੀ ਕੁਰਬਾਨੀ ਨਾ ਕਰਨ ਦਾ ਫ਼ੈਸਲਾ ਕੀਤਾ ਹੈ, ਜਿਸ ਨਾਲ ਹਿੰਦੂ ਵਪਾਰੀ ਮੁਸ਼ਕਲ ਸਥਿਤੀ ਵਿੱਚ ਫਸ ਗਏ ਹਨ। ਸਰਕਾਰੀ ਹੁਕਮ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨਾਂ ਦੌਰਾਨ, ਕਈ ਸਥਾਨਾਂ 'ਤੇ ਪੁਲਿਸ ਨਾਲ ਝੜਪਾਂ ਵੀ ਹੋਈਆਂ। ਪ੍ਰਦਰਸ਼ਨਕਾਰੀਆਂ ਦਾ ਦੋਸ਼ ਹੈ ਕਿ ਗਊ-ਰੱਖਿਆ ਦੀ ਵਰਤੋਂ ਨਿਹਿਤ ਸਵਾਰਥੀ ਅਨਸਰਾਂ ਦੁਆਰਾ ਪਛਾਣ ਦੀ ਰਾਜਨੀਤੀ ਨੂੰ ਮਜ਼ਬੂਤ ਕਰਨ ਅਤੇ ਘੱਟ ਗਿਣਤੀਆਂ 'ਤੇ ਦਬਦਬਾ ਬਣਾਉਣ ਲਈ ਕੀਤੀ ਜਾਂਦੀ ਹੈ। ਖੋਜ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਬਹੁਤ ਸਾਰੇ ਹਮਲੇ ਅਸਲ ਵਿੱਚ ਗਊ ਦਾ ਮਾਸ ਖਾਣ ਨੂੰ ਲੈ ਕੇ ਨਹੀਂ ਹੁੰਦੇ, ਬਲਕਿ ਅਕਸਰ ਅਫਵਾਹਾਂ ਜਾਂ ਝੂਠੇ ਦੋਸ਼ਾਂ ਦੇ ਅਧਾਰ 'ਤੇ ਡਰਾਉਣ-ਧਮਕਾਉਣ ਦੇ ਸੰਦ ਵਜੋਂ ਕੰਮ ਕਰਦੇ ਹਨ।

ਨਖੋਦਾ ਮਸਜਿਦ ਦੇ ਇਮਾਮ ਦੀ ਅਪੀਲ ਨੇ ਬਕਰੀਦ ਤੋਂ ਪਹਿਲਾਂ ਪਸ਼ੂ ਵਪਾਰ ਦੇ ਪੈਮਾਨੇ ਅਤੇ ਗਤੀਸ਼ੀਲਤਾ ਨੂੰ ਸਿੱਧਾ ਪ੍ਰਭਾਵਿਤ ਕੀਤਾ ਹੈ, ਜਿਸ ਦੇ ਨਤੀਜੇ ਵਜੋਂ ਪਸ਼ੂ ਮੰਡੀਆਂ ਵਿੱਚ ਮੁਸਲਿਮ ਖ਼ਰੀਦਦਾਰਾਂ ਵਿੱਚ ਗਿਣਨਯੋਗ ਕਮੀ ਆਈ ਹੈ। ਪਸ਼ੂਧਨ ਦੀ ਮੰਡੀ ਦੇ ਰੁਝਾਨਾਂ ਦੇ ਅਧਾਰ 'ਤੇ, ਸਥਾਨਕ ਵਪਾਰ ਦੀ ਮਾਤਰਾ ਪੂਰੇ ਰਾਜ ਵਿੱਚ ਲਗਭਗ 2,000 ਕਰੋੜ ਹੋਣ ਦਾ ਅੰਦਾਜ਼ਾ ਹੈ, ਹਾਲਾਂਕਿ ਸਹੀ ਪੈਮਾਨਾ ਉਪਲਬਧਤਾ ਅਤੇ ਬਜ਼ਾਰ ਦੀਆਂ ਸਥਿਤੀਆਂ ਦੇ ਅਧਾਰ 'ਤੇ ਵਧਦਾ-ਘਟਦਾ ਹੈ। ਇੱਕ ਔਸਤ ਬੱਕਰੇ ਦਾ ਮੁੱਲ ਉਸਦੀ ਨਸਲ ਅਤੇ ਭਾਰ ਦੇ ਅਧਾਰ 'ਤੇ 10 ਹਜ਼ਾਰ ਰੁਪਏ ਤੋਂ ਲੈ ਕੇ ਇਕ ਲੱਖ ਤੱਕ ਕਿਤੇ ਵੀ ਹੋ ਸਕਦਾ ਹੈ। ਲੱਖਾਂ ਰੁਪਏ ਇਨ੍ਹਾਂ ਸਥਾਨਕ ਮੰਡੀਆਂ ਵਿੱਚ ਪ੍ਰਚਲਣ ਵਿਚ ਹੁੰਦੇ ਹਨ, ਜਿਸ ਤੋਂ ਮੁੱਖ ਤੌਰ 'ਤੇ ਪੇਂਡੂ ਪੱਛਮੀ ਬੰਗਾਲ, ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਕਿਸਾਨਾਂ ਅਤੇ ਵਪਾਰੀਆਂ ਨੂੰ ਲਾਭ ਹੁੰਦਾ ਹੈ।

ਇਸ ਵਾਰ, ਸਭ ਤੋਂ ਵੱਧ ਪੀੜਤ ਹਿੰਦੂ ਵਪਾਰੀ ਹਨ। ਪਸ਼ੂਆਂ ਨਾਲ ਲੱਦੇ ਟਰੱਕ ਕਸਬਿਆਂ ਅਤੇ ਸ਼ਹਿਰਾਂ ਦੇ ਬਾਹਰ ਖੜ੍ਹੇ ਰਹਿੰਦੇ ਹਨ, ਜਦੋਂ ਕਿ ਮੁਸਲਿਮ ਖ਼ਰੀਦਦਾਰ ਉਨ੍ਹਾਂ ਨੂੰ ਖ਼ਰੀਦਣ ਤੋਂ ਇਨਕਾਰੀ ਹਨ। ਤਕਨੀਕੀ ਤੌਰ 'ਤੇ, ਇਹ ਆਰਥਕ ਅਲੱਗ-ਥਲੱਗਤਾ ਦਾ ਇੱਕ ਰੂਪ ਜਾਪਦਾ ਹੈ। ਅੰਦੋਲਨਕਾਰੀ ਵਪਾਰੀ ਦੁੱਖ ਰੋਂਦੇ ਹਨ ਕਿ ਉਹ ਆਰਥਕ ਤੌਰ 'ਤੇ ਬਰਬਾਦ ਹੋ ਗਏ ਹਨ ਅਤੇ ਨੁਕਸਾਨ ਵਿੱਚੋਂ ਬਾਹਰ ਆਉਣਾ ਉਨ੍ਹਾਂ ਲਈ ਬਹੁਤ ਮੁਸ਼ਕਲ ਹੋਵੇਗਾ। ਮੰਡੀ ਦਾ ਆਕਾਰ ਤੇਜ਼ੀ ਨਾਲ ਉਤਰਾਅ-ਚੜ੍ਹਾਅ ਕਰ ਸਕਦਾ ਹੈ। ਪਸ਼ੂਧਨ ਢੋਆ-ਢੁਆਈ ਅਤੇ ਹੱਤਿਆ ਨਿਯਮਾਂ ਦੀ ਸਖ਼ਤ ਤਬਦੀਲੀ ਪੇਂਡੂ ਪਾਲਕਾਂ ਅਤੇ ਵਪਾਰੀਆਂ ਲਈ ਸਪਲਾਈ ਵਿੱਚ ਵਿਘਨ ਅਤੇ ਗੰਭੀਰ ਆਰਥਕ ਸੰਕਟ ਪੈਦਾ ਕਰ ਸਕਦੀ ਹੈ।

ਧੁਲ-ਹਿੱਜਾ ਇਸਲਾਮੀ ਜਾਂ ਹਿਜਰੀ ਕੈਲੰਡਰ ਦਾ ਬਾਰ੍ਹਵਾਂ ਅਤੇ ਸਭ ਤੋਂ ਪਵਿੱਤਰ ਮਹੀਨਾ ਮੰਨਿਆ ਜਾਂਦਾ ਹੈ ਇਸ ਨੂੰ ਹੱਜ ਦਾ ਮਹੀਨਾ ਵੀ ਕਿਹਾ ਜਾਂਦਾ ਹੈ। ਇਸ ਮਹੀਨੇ ਦੌਰਾਨ, ਦੁਨੀਆ ਭਰ ਦੇ ਮੁਸਲਮਾਨ ਬੱਕਰੀ, ਭੇਡ, ਗਊ ਜਾਂ ਊਠ ਵਰਗੇ ਜਾਨਵਰਾਂ ਦੀ ਕੁਰਬਾਨੀ ਦਿੰਦੇ ਹਨ ਤਾਂ ਕਿ ਪੈਗੰਬਰ ਇਬਰਾਹੀਮ ਦੁਆਰਾ ਅੱਲ੍ਹਾ ਦੀ ਖ਼ਾਤਰ ਆਪਣੇ ਪੁੱਤਰ ਇਸਮਾਈਲ ਦੀ ਕੁਰਬਾਨੀ ਦੇਣ ਦੀ ਤੱਤਪਰਤਾ ਨੂੰ ਚੇਤੇ ਕੀਤਾ ਜਾ ਸਕੇ। ਕੁਰਬਾਨੀ ਦੇ ਬਹੁਤ ਸਾਰੇ ਨਿਯਮ ਹਨ ਜਿਨ੍ਹਾਂ ਦੀ ਕੁਰਬਾਨੀ ਦੇ ਜਾਇਜ਼ ਹੋਣ ਲਈ ਪਾਲਣਾ ਕੀਤੀ ਜਾਣੀ ਜ਼ਰੂਰੀ ਹੈ।

ਭਾਰਤ ਲਗਾਤਾਰ ਦੁਨੀਆ ਵਿਚ ਗਊ ਦੇ ਮਾਸ ਦਾ ਨਿਰਯਾਤ ਕਰਨ ਵਾਲੇ ਸਿਖ਼ਰਲੇ ਨਿਰਯਾਤਕਾਂ ਵਿੱਚੋਂ ਇੱਕ ਹੈ, ਅਤੇ ਭਾਰਤ ਦੀਆਂ ਬਹੁਤ ਸਾਰੀਆਂ ਸਭ ਤੋਂ ਵੱਡੀਆਂ ਮਾਸ-ਨਿਰਯਾਤ ਕੰਪਨੀਆਂ ਹਿੰਦੂ ਪਰਿਵਾਰਾਂ ਦੀ ਮਲਕੀਅਤ ਹਨ ਜਾਂ ਉਹ ਕੰਪਨੀਆਂ ਦੇ ਸੰਚਾਲਕ ਹਨ।

# ਨਵ-ਫਾਸ਼ੀਵਾਦ ਅਤੇ ਰਾਸ਼ਟਰ ਦੀ ਧਾਰਨਾ

*ਪ੍ਰਭਾਤ ਪਟਨਾਇਕ ਆਲਮੀ ਪੱਧਰ 'ਤੇ ਜਾਣੇ ਜਾਂਦੇ ਲੋਕਪੱਖੀ ਅਰਥਸ਼ਾਸਤਰੀ ਹਨ ਜੋ ਭਾਰਤ ਦੇ ਹਾਲਾਤ ਉਪਰ ਆਮ ਹੀ ਨਿਧੜਕ ਹੋ ਕੇ ਕਲਮ ਚਲਾਉਂਦੇ ਹਨ। ਭਾਰਤ ਵਿਚ ਨਵ-ਫਾਸ਼ੀਵਾਦ ਦੇ ਉਭਾਰ ਨਾਲ ਮੁਲਕ ਦੇ ਰਾਜਨੀਤਕ ਦ੍ਰਿਸ਼ ਉਪਰ ਜੋ ਖ਼ਤਰਨਾਕ ਰੁਝਾਨ ਉਭਰ ਰਹੇ ਹਨ, ਇਸ ਟਿੱਪਣੀ ਵਿਚ ਲੇਖਕ ਨੇ ਉਨ੍ਹਾਂ ਦੀ ਨਿਸ਼ਾਨਦੇਹੀ ਕੀਤੀ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਹ ਟਿੱਪਣੀ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ – ਸੰਪਾਦਕ*

**-ਪ੍ਰਭਾਤ ਪਟਨਾਇਕ**

ਭਾਰਤ 'ਚ ਨਵ-ਫਾਸ਼ੀਵਾਦ ਦੇ ਉਭਾਰ ਦੌਰਾਨ, ਉਸ ਨਾਲ ਜੁੜੀਆਂ ਕੁਝ ਵਿਸ਼ੇਸ਼ਤਾਵਾਂ ਬਹੁਤ ਹੀ ਸਪਸ਼ਟ ਤੌਰ 'ਤੇ ਸਾਹਮਣੇ ਆਈਆਂ ਹਨ। ਇਹ ਬੜੀ ਸੌਖ ਨਾਲ ਦੇਖੀਆਂ ਜਾਣ ਵਾਲੀਆਂ ਵਿਸ਼ੇਸ਼ਤਾਵਾਂ ਹਨ: ਬੇਸਹਾਰਾ, ਘੱਟ-ਗਿਣਤੀਆਂ ਭਾਈਚਾਰੇ ਦਾ "ਪਰਾਇਆ" ਬਣਾਏ ਜਾਣਾ ਅਤੇ ਬਹੁਗਿਣਤੀ 'ਚ ਉਨ੍ਹਾਂ ਪ੍ਰਤੀ ਨਫ਼ਰਤ ਪੈਦਾ ਕੀਤੀ ਜਾਣੀ। ਇਸ ਘੱਟ-ਗਿਣਤੀ ਭਾਈਚਾਰਿਆਂ ਦੇ ਮੈਂਬਰਾਂ ਉੱਤੇ, ਸਰਕਾਰ ਦੇ ਆਲੋਚਕਾਂ ਉੱਤੇ, ਸਿਆਸੀ ਵਿਰੋਧੀਆਂ ਉੱਤੇ, ਬੁੱਧੀਜੀਵੀਆਂ ਉੱਤੇ, ਕਲਾਕਾਰਾਂ ਅਤੇ ਹੋਰ ਦੂਸਰਿਆਂ ਉੱਤੇ ਸਰਕਾਰ ਦੇ ਅੰਗਾਂ ਅਤੇ ਫਾਸਿਸਟ ਗੁੰਡਿਆਂ, ਦੋਨਾਂ ਵੱਲੋਂ ਦਮਨ ਚੱਕਰ ਚਲਾਇਆ ਜਾਣਾ ਅਤੇ ਇਜਾਰੇਦਾਰ ਪੂੰਜੀ ਵੱਲੋਂ ਅਤੇ ਖ਼ਾਸ ਤੌਰ 'ਤੇ ਇਜਾਰੇਦਾਰ ਪੂੰਜੀ ਦੇ ਇੱਕ ਨਵੇਂ ਨਵੇਲੇ ਤਬਕੇ ਦੁਆਰਾ ਸ਼ਰੇਆਮ ਖ਼ਾਲਸ ਜਮਾਤੀ ਹਕੂਮਤ ਆਦਿ ਉੱਭਰਕੇ ਸਾਹਮਣੇ ਆਈਆਂ ਵਿਸ਼ੇਸ਼ਤਾਵਾਂ ਹਨ। ਆਮ ਤੌਰ 'ਤੇ ਫਾਸ਼ੀਵਾਦੀ ਵਿਸ਼ੇਸ਼ਤਾਵਾਂ, ਨਵ-ਫਾਸ਼ੀਵਾਦ ਦੇ ਉਭਾਰ ਦੇ ਨਾਲ ਅੱਜ ਭਾਰਤ 'ਚ ਸ਼ਰੇਆਮ ਦੇਖੀਆਂ ਜਾ ਸਕਦੀਆਂ ਹਨ। ਪਰ ਇਸਦੇ ਇਲਾਵਾ ਨਵ-ਫਾਸ਼ੀਵਾਦ ਦੀ ਇੱਕ ਹੋਰ ਘੱਟ ਪਰ ਆਪਣੇ ਆਪ 'ਚ ਸਪਸ਼ਟ ਪ੍ਰੰਤੂ ਮਹੱਤਵਪੂਰਣ ਵਿਸ਼ੇਸ਼ਤਾ ਵੀ ਭਾਰਤ 'ਚ ਦੇਖਣ ਨੂੰ ਮਿਲ ਰਹੀ ਹੈ, ਜਿਸ 'ਤੇ ਹੁਣ ਤੱਕ ਖ਼ਾਸ ਚਰਚਾ ਨਹੀਂ ਹੋਈ ਹੈ। ਇਸ ਦਾ ਸੰਬੰਧ ਰਾਸ਼ਟਰ ਦੀ ਧਾਰਨਾ ਨਾਲ ਹੈ।

ਭਾਰਤ ਵਰਗੇ ਮੁਲਕਾਂ 'ਚ, ਬਸਤੀਵਾਦ ਵਿਰੋਧੀ ਸੰਘਰਸ਼ ਦਰਮਿਆਨ ਰਾਸ਼ਟਰਵਾਦ ਦੀ ਜੋ ਧਾਰਨਾ ਵਿਕਸਤ ਹੋਈ ਸੀ, ਯੂਰਪ 'ਚ ਵੈਸਟਫੇਲਿਆਈ ਸ਼ਾਂਤੀ ਸੰਧੀਆਂ ਦੇ ਪਿਛੋਕੜ 'ਚ ਜੋ ਰਾਸ਼ਟਰਵਾਦ ਵਿਕਸਤ ਹੋਇਆ ਸੀ, ਉਸ ਨਾਲੋਂ ਇਹ ਬੁਨਿਆਦੀ ਤੌਰ 'ਤੇ ਵੱਖਰੀ ਸੀ। ਰਾਸ਼ਟਰਵਾਦ ਦੀ ਭਾਰਤੀ ਧਾਰਨਾ ਨੇ, ਆਪਣੇ ਯੂਰਪੀ ਰਾਸ਼ਟਰਵਾਦ ਦੇ ਉਲਟ ਕਿਸੇ "ਅੰਦਰੂਨੀ ਦੁਸ਼ਮਣ" ਦੀ ਪਛਾਣ ਨਹੀਂ ਕੀਤੀ ਸੀ। ਇਹ ਧਾਰਨਾ ਸਾਮਰਾਜਵਾਦੀ ਨਹੀਂ ਸੀ, ਜੋ ਕਿ ਹੱਦ ਤੋਂ ਹੱਦ ਇਲਾਕਾਈ ਜਾਂ ਖੇਤਰੀ ਸੀ। ਅਤੇ ਇਸ ਵਿੱਚ ਰਾਸ਼ਟਰ ਦਾ ਮਕਸਦ, ਬੁਨਿਆਦੀ ਤੌਰ 'ਤੇ ਆਵਾਮ ਦੇ ਹਿੱਤਾਂ ਦੀ ਸੇਵਾ ਕਰਨਾ ਸਮਝਿਆ ਜਾਂਦਾ ਸੀ ਨਾ ਕਿ ਇਸ ਦੇ ਉਲਟ। ਪਰ, ਨਵ-ਫਾਸ਼ੀਵਾਦੀ ਦੇ ਨਾਲ ਅਸੀਂ ਨਾ ਸਿਰਫ਼ ਯੂਰਪੀ ਸ਼ੈਲੀ ਦੇ ਰਾਸ਼ਟਰਵਾਦ ਵੱਲ ਖਿਸਕ ਗਏ ਹਾਂ (ਜੋ ਸਭ ਤੋਂ ਵੱਧਕੇ ਇੱਕ "ਅੰਦਰੂਨੀ ਦੁਸ਼ਮਣ" ਦੀ ਨਿਸ਼ਾਨਦੇਹੀ 'ਚ ਦੇਖਿਆ ਜਾ ਸਕਦਾ ਹੈ) ਸਗੋਂ ਇਹ ਬਦਲਾਅ ਐਨਾ ਭਾਰੀ ਹੈ ਕਿ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਇਹ ਤਾਂ ਰਾਸ਼ਟਰ ਦੀ ਉਸ ਧਾਰਨਾ ਨੂੰ ਹੀ ਸਿਰ ਦੇ ਭਾਰ ਖੜ੍ਹਾ ਕਰ ਦਿੱਤਾ ਜਾਣਾ ਹੈ, ਜੋ ਬਸਤੀਵਾਦ ਵਿਰੋਧੀ ਸੰਘਰਸ਼ ਦੇ ਦੌਰਾਨ ਵਿਕਸਤ ਹੋਈ ਸੀ।

ਇਸ ਸ਼ੀਰਸ਼-ਆਸਨ ਦੀ ਅਵਸਥਾ 'ਚ ਰਾਜ ਹੀ ਹੈ ਜੋ ਲੋਕਾਂ ਦੇ ਉੱਪਰ ਸਥਾਪਤ ਕੀਤਾ ਨਜ਼ਰ ਆਉਂਦਾ ਹੈ, ਨਾ ਕਿ ਲੋਕ ਉਸ ਤੋਂ ਉੱਪਰ। ਅਵਾਮ ਦੀ ਭੂਮਿਕਾ "ਰਾਸ਼ਟਰ" ਦੀ ਸੇਵਾ ਕਰਨ ਦੀ ਹੋ ਜਾਂਦੀ ਹੈ ਨਾ ਕਿ ਰਾਸ਼ਟਰ ਦੀ ਭੂਮਿਕਾ ਜਨਤਾ ਦੀ ਸੇਵਾ ਕਰਨਾ ਰਹਿੰਦੀ ਹੈ। ਜਨਤਾ ਦੇ ਅਧਿਕਾਰਾਂ ਨੂੰ ਘੱਟ ਕੀਤਾ ਜਾਂਦਾ ਹੈ, ਜਦੋਂਕਿ ਉਸ ਦੇ ਫਰਜ਼ਾਂ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸਾਡਾ ਸਾਹਮਣਾ ਦੁਵੱਲੇ ਦੈਵੀਕਰਨ ਨਾਲ ਹੁੰਦਾ ਹੈ। ਜਨਤਾ ਨਾਲੋਂ ਵੱਖ, "ਰਾਸ਼ਟਰ" ਦਾ ਦੈਵੀਕਰਨ ਹੁੰਦਾ ਹੈ ਅਤੇ ਇਹ ਪਲਟ ਕੇ "ਨੇਤਾ" ਦਾ ਦੈਵੀਕਰਨ ਬਣ ਜਾਂਦਾ ਹੈ। "ਨੇਤਾ" ਦੀ ਕੋਈ ਵੀ ਆਲੋਚਨਾ, ਫਿਰ ਇੱਕ ਰਾਸ਼ਟਰ ਵਿਰੋਧੀ ਕੰਮ ਬਣ ਜਾਂਦਾ ਹੈ।

ਰਾਸ਼ਟਰ ਦੀ ਧਾਰਨਾ ਦਾ ਇਹ ਸਿਰ ਦੇ ਭਾਰ ਖੜ੍ਹਾ ਕੀਤਾ ਜਾਣਾ ਇਸ ਤੱਥ 'ਚ ਸਪਸ਼ਟ ਹੁੰਦਾ ਹੈ ਕਿ ਬਜਾਏ ਇਸ ਦੇ ਕਿ ਜਨਤਾ ਦੁਆਰਾ ਆਪਣੇ ਹਿੱਤਾਂ ਦੀ ਸੇਵਾ ਕਰਨ ਲਈ "ਨੇਤਾ" ਦੀ ਚੋਣ ਕੀਤੀ ਜਾਏ, ਲੋਕਾਂ ਤੋਂ ਹੀ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ "ਨੇਤਾ" ਦੀ ਸੇਵਾ ਕਰੇਗੀ। ਇਸੇ ਵਿਡੰਬਨਾ ਦੇ ਸਿਖਰਲੇ ਇਜ਼ਹਾਰ 'ਚ ਜਿਵੇਂ ਕਿ ਅਸੀਂ ਅੱਗੇ ਜਾ ਕੇ ਦੇਖਾਂਗੇ, ਹੁਣ ਤਾਂ "ਨੇਤਾ" ਹੀ ਉਸ "ਜਨਤਾ" ਦੀ ਚੋਣ ਕਰਨ ਲੱਗਾ ਹੈ, ਜਿਸ ਦਾ ਉਹ ਅਖਾਉਤੀ ਤੌਰ 'ਤੇ ਨੇਤਾ ਹੋਵੇਗਾ। ਰਾਸ਼ਟਰ ਦੀ ਧਾਰਨਾ ਨੂੰ ਸਿਰ ਦੇ ਭਾਰ ਖੜ੍ਹਾ ਕੀਤੇ ਜਾਣ ਦੀ ਪ੍ਰਵਿਰਤੀ ਅਣਗਿਣਤ ਮਿਸਾਲਾਂ ਜ਼ਰੀਏ, ਅਣਗਿਣਤ ਤਰੀਕਿਆਂ ਨਾਲ ਖ਼ੁਦ ਨੂੰ ਹੀ ਪਰਦਰਸ਼ਿਤ ਕਰਦੀ ਹੈ। ਕਿਸੇ ਹੋਰ ਨੇ ਨਹੀਂ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਅਹੁਦੇ 'ਤੇ ਬੈਠੇ ਯੋਗੀ ਆਦਿੱਤਿਆਨਾਥ ਨੇ ਭਾਰਤੀ ਫ਼ੌਜ ਨੂੰ "ਮੋਦੀ ਜੀ ਕੀ ਫ਼ੌਜ" ਕਹਿ ਕੇ ਸੰਬੋਧਤ ਕੀਤਾ ਸੀ, ਜੋ "ਨੇਤਾ" ਦੁਆਰਾ "ਰਾਸ਼ਟਰ" ਦੀ ਪਛਾਣ ਹੜੱਪ ਲਏ ਜਾਣ ਦੀ ਹੈਰਾਨ ਕਰ ਦੇਣ ਵਾਲੀ ਕੋਸ਼ਿਸ਼ ਨੂੰ ਦਰਸਾਉਂਦਾ ਹੈ। ਇਸੇ ਤਰ੍ਹਾਂ, ਨਾਗਰਿਕਾਂ ਦੇ ਅਧਿਕਾਰਾਂ 'ਤੇ ਜਬਰਦਸਤ ਹਮਲਾ ਹੋ ਰਿਹਾ ਹੈ। ਕੁਝ ਅਰਸਾ ਪਹਿਲਾਂ, ਜਦੋਂ ਮੁਲਕ ਵਿਚ ਖੱਬੇਪੱਖੀਆਂ ਦੀ ਹਮਾਇਤ ਨਾਲ ਯੂਪੀਏ-1 ਦੀ ਸਰਕਾਰ ਚੱਲ ਰਹੀ ਸੀ, ਉਸਨੇ ਜਨਤਾ ਨੂੰ ਅਧਿਕਾਰ ਦੇਣ ਵਾਲੇ ਤਿੰਨ ਅਤਿ ਮਹੱਤਵਪੂਰਨ ਕਾਨੂੰਨ ਬਣਾਏ ਸਨ: ਜੰਗਲ ਅਧਿਕਾਰ ਕਾਨੂੰਨ, ਸੂਚਨਾ ਦਾ ਅਧਿਕਾਰ ਕਾਨੂੰਨ ਅਤੇ ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜ਼ਗਾਰ ਗਾਰੰਟੀ ਕਾਨੂੰਨ (ਮਨਰੇਗਾ)। ਇਸ ਵਕਤ ਇਨ੍ਹਾਂ ਸਾਰੇ ਕਾਨੂੰਨਾਂ ਨੂੰ ਬੇਮਾਇਨੇ ਬਣਾਇਆ ਜਾ ਰਿਹਾ ਹੈ।

ਜਿੱਥੇ ਇੱਕ ਪਾਸੇ ਲੋਕਾਂ ਤੋਂ ਉਨ੍ਹਾਂ ਦੇ ਅਧਿਕਾਰ ਖੋਹੇ ਗਏ ਹਨ, ਉਥੇ ਹੀ ਦੂਸਰੇ ਪਾਸੇ ਪ੍ਰਧਾਨ ਮੰਤਰੀ ਦੇ ਨਾਂ ਵਾਲੀਆਂ ਨਿਸ਼ਾਨਾਬੱਧ ਯੋਜਨਾਵਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਲੋਕਾਂ ਨੂੰ, ਜੋ ਭਾਰਤ ਦਾ ਨਾਗਰਿਕ ਹੋਣ ਦੇ ਅਧਿਕਾਰ ਨਾਲ ਜੋ ਹਾਸਲ ਹੋਣਾ ਚਾਹੀਦਾ ਹੈ, ਉਸ ਨੂੰ ਇਹ ਯੋਜਨਾਵਾਂ ਅਜਿਹੀ ਕ੍ਰਿਪਾ 'ਚ ਤਬਦੀਲ ਕਰ ਦਿੰਦੀਆਂ ਹਨ, ਜੋ ਦਿਆਲੂ ਪ੍ਰਧਾਨ ਮੰਤਰੀ (ਨੇਤਾ) ਦੁਆਰਾ ਉਨ੍ਹਾਂ 'ਤੇ ਕੀਤੀ ਜਾਂਦੀ ਹੈ। ਅਧਿਕਾਰਾਂ ਦੇ ਇਸ ਤਰ੍ਹਾਂ ਖੋਹ ਲਏ ਜਾਣ ਦੇ ਨਾਲ ਹੀ ਨਾਲ "ਫਰਜ਼ਾਂ" ਉੱਪਰ ਬਹੁਤ ਜ਼ੋਰ ਦਿੱਤਾ ਜਾਂਦਾ ਹੈ। ਪ੍ਰਧਾਨ ਮੰਤਰੀ ਤੋਂ ਲੈ ਕੇ ਹੇਠਾਂ ਤੱਕ, ਸਰਕਾਰ ਦੇ ਅਧਿਕਾਰੀ ਨਾਗਰਿਕਾਂ ਦੇ "ਅਧਿਕਾਰਾਂ" 'ਤੇ ਜ਼ੋਰ ਦਿੰਦੇ ਕਦੇ ਨਹੀਂ ਥੱਕਦੇ। ਅਤੇ ਹੁਣ ਤਾਂ ਰਾਜਧਾਨੀ ਦੀ ਸਭ ਤੋਂ ਮਹੱਤਵਪੂਰਨ ਸੜਕ ਦਾ, ਜਿਸ 'ਤੇ ਭਾਰਤ ਦੇ ਰਾਸ਼ਟਰਪਤੀ ਗਣਤੰਤਰ ਦਿਵਸ ਉੱਪਰ ਪਰੇਡ ਦੀ ਸਲਾਮੀ ਲੈਂਦੇ ਹਨ, ਨਾਮ ਬਦਲ ਕੇ "ਕਰਤੱਵਿਆ ਪੱਥ" ਦਾ ਨਾਮ ਹੀ ਦੇ ਦਿੱਤਾ ਗਿਆ ਹੈ, ਤਾਂ ਕਿ ਲੋਕ ਫਰਜ਼ ਪੂਰੇ ਕਰਨ ਦੀ ਆਪਣੀ ਜ਼ਿੰਮੇਦਾਰੀ ਕਦੇ ਨਾ ਭੁੱਲਣ।




ਫਿਰ ਵੀ ਰਾਸ਼ਟਰ ਦੀ ਧਾਰਨਾ ਦੇ ਇਸ ਤਰ੍ਹਾਂ ਸਿਰ ਭਾਰ ਖੜ੍ਹਾ ਕੀਤੇ ਜਾਣ ਦੀ ਸਭ ਤੋਂ ਅਜੀਬ ਮਿਸਾਲ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਖਣ ਸੋਧ (ਐਸ.ਆਈ.ਆਰ.) ਹੈ, ਜੋ ਭਾਰਤ ਦੇ ਚੋਣ ਕਮਿਸ਼ਨ ਦੁਆਰਾ ਅਜਿਹੇ ਅਨੇਕ ਰਾਜਾਂ 'ਚ ਕਰਵਾਈ ਜਾ ਰਹੀ ਹੈ, ਜਿੱਥੇ ਹੁਣੇ ਜਹੇ ਚੋਣਾਂ ਹੋਈਆਂ ਹਨ। ਆਓ ਪਹਿਲਾਂ ਤਾਂ ਇਸ 'ਤੇ ਨਜ਼ਰ ਮਾਰੀਏ ਕਿ ਚੋਣ ਕਮਿਸ਼ਨ ਦਾ ਗਠਨ ਕਿਸ ਢੰਗ ਨਾਲ ਹੁੰਦਾ ਸੀ। ਇਸ ਤੋਂ ਪਹਿਲਾਂ ਤੱਕ, ਮੁੱਖ ਚੋਣ ਕਮਿਸ਼ਨਰ ਅਤੇ ਦੋ ਹੋਰ ਚੋਣ ਕਮਿਸ਼ਨਰਾਂ ਦੀ ਚੋਣ, ਇੱਕ ਤਿੰਨ ਮੈਂਬਰੀ ਕਮੇਟੀ ਦੁਆਰਾ ਕੀਤੀ ਜਾਂਦੀ ਸੀ, ਜਿਸ ਵਿੱਚ ਪ੍ਰਧਾਨ ਮੰਤਰੀ ਅਤੇ ਵਿਰੋਧੀ ਧਿਰ ਦੇ ਆਗੂ ਦੇ ਇਲਾਵਾ, ਭਾਰਤ ਦੀ ਸਰਵ ਉੱਚ ਅਦਾਲਤ ਦੇ ਚੀਫ਼ ਜਸਟਿਸ ਸ਼ਾਮਿਲ ਹੁੰਦੇ ਸਨ। ਪਰ ਭਾਜਪਾ ਸਰਕਾਰ ਨੇ ਬਿਨਾ ਕੋਈ ਕਾਰਨ ਦਿੱਤੇ, ਇਸ ਵਿਵਸਥਾ ਨੂੰ ਬਦਲ ਦਿੱਤਾ ਅਤੇ ਨਵਾਂ ਕਾਨੂੰਨ ਬਣਾ ਕੇ, ਚੀਫ਼ ਜਸਟਿਸ ਦੀ ਜਗ੍ਹਾ ਇੱਕ ਮੰਤਰੀ ਨੂੰ ਬੈਠਾ ਦਿੱਤਾ, ਜਿਸ ਦੀ ਚੋਣ ਆਪਣੇ ਮੰਤਰੀ ਮੰਡਲ 'ਚੋਂ ਪ੍ਰਧਾਨ ਮੰਤਰੀ ਕਰੇਗਾ। ਇਸ ਵਕਤ ਇਸ ਤੀਸਰੇ ਸਥਾਨ 'ਤੇ ਗ੍ਰਹਿ ਮੰਤਰੀ ਨੂੰ ਰੱਖਿਆ ਗਿਆ ਹੈ। ਇਸ ਤਰ੍ਹਾਂ ਚੋਣ ਕਮਿਸ਼ਨ ਦੀ ਨਿਯੁਕਤੀ ਕਰਨ ਵਾਲੀ ਮੌਜੂਦਾ ਤਿੰਨ ਮੈਂਬਰੀ ਕਮੇਟੀ 'ਚ ਪ੍ਰਧਾਨ ਮੰਤਰੀ ਦਾ ਬਹੁਮਤ ਹੈ ਅਤੇ ਤਿੰਨਾਂ 'ਚੋਂ ਦੋ ਵੋਟ ਉਸ ਕੋਲ ਹੀ ਹਨ। ਇਸ ਤਰ੍ਹਾਂ ਸਾਡੇ ਦੇਸ਼ 'ਚ ਅੱਜ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਨੁਮਾਇੰਦੇ ਹੀ ਇਹ ਤੈਅ ਕਰ ਰਹੇ ਹਨ ਕਿ ਇਹ "ਜਨਤਾ" ਕਿਹੜੀ ਹੋਵੇਗੀ, ਜੋ ਸਰਕਾਰ ਨੂੰ ਚੁਣੇਗੀ। ਬਜਾਏ ਇਸ ਦੇ ਕਿ "ਜਨਤਾ" ਸਰਕਾਰ ਨੂੰ ਚੁਣੇ, ਸਾਡੇ ਇੱਥੇ ਸਰਕਾਰ ਹੀ "ਜਨਤਾ" ਨੂੰ ਚੁਣ ਰਹੀ ਹੈ। ਇਹ ਨਿਚੋੜ: ਰਾਸ਼ਟਰ ਦੀ ਧਾਰਨਾ ਦਾ ਹੀ ਸਿਰ ਦੇ ਭਾਰ ਖੜ੍ਹਾ ਕੀਤਾ ਜਾਣਾ ਹੈ। ਇਹ ਸਾਨੂੰ ਬਰਟੋਲਤ ਬ੍ਰੇਖ਼ਤ ਦੀ ਇੱਕ ਮਸ਼ਹੂਰ ਕਵਿਤਾ ਦੀ ਯਾਦ ਦਿਵਾਉਂਦਾ ਹੈ: 'ਲੱਗਦਾ ਹੈ ਕਿ ਜਨਤਾ ਨੇ ਸਰਕਾਰ ਦਾ ਵਿਸ਼ਵਾਸ ਗੁਆ ਲਿਆ ਹੈ। ਕਿਉਂ ਨਾ ਸਰਕਾਰ ਜਨਤਾ ਨੂੰ ਭੰਗ ਕਰ ਦੇਵੇ ਅਤੇ ਆਪਣੇ ਲਈ ਇੱਕ ਨਵੀਂ ਜਨਤਾ ਚੁਣ ਲਵੇ।' ਇੱਥੇ ਅਸੀਂ ਬ੍ਰੇਖ਼ਤ ਦੀ ਵਿਅੰਗਮਈ ਸਲਾਹ ਦੇ ਇੱਕ ਇੱਕ ਅੱਖਰ ਦਾ ਪਾਲਨ ਹੁੰਦਾ ਦੇਖ ਰਹੇ ਹਾਂ। ਪਰ ਇਹ ਵਿਡੰਬਨਾ ਨਵ-ਫਾਸ਼ੀਵਾਦ ਦੇ ਨਿਚੋੜ ਨੂੰ ਫੜਦੀ ਹੈ ਅਤੇ ਇਸ "ਜਨਤਾ-ਨੇਤਾ" ਦੇ ਰਿਸ਼ਤੇ ਨੂੰ ਸਿਰ ਦੇ ਭਾਰ ਖੜ੍ਹਾ ਕੀਤੇ ਜਾਣ ਨੂੰ ਸਾਹਮਣੇ ਲਿਆਉਂਦੀ ਹੈ, ਜੋ ਨਵ-ਫਾਸ਼ੀਵਾਦ ਰਾਸ਼ਟਰ ਦੀ ਧਾਰਨਾ ਨੂੰ ਸਿਰ ਦੇ ਭਾਰ ਖੜ੍ਹਾ ਕੀਤੇ ਜਾਣ ਦੇ ਪੂਰਕ ਦੇ ਰੂਪ 'ਚ ਸਾਹਮਣੇ ਆਉਂਦਾ ਹੈ।

ਫਿਰ ਵੀ ਕੌਮਾਂਤਰੀ ਪੱਧਰ 'ਤੇ ਨਵ ਫਾਸ਼ੀਵਾਦ ਇਸ ਸਮੇਂ ਨਿਵਾਣ 'ਤੇ ਹੈ। ਉਸ ਨੂੰ ਹਰ ਜਗ੍ਹਾ 'ਤੇ ਝਟਕੇ ਲੱਗ ਰਹੇ ਹਨ। ਈਰਾਨ 'ਚ ਟਰੰਪ ਦੀ ਹਾਰ ਹੋਈ ਹੈ, ਜੋ ਉਸ ਮੁਲਕ 'ਤੇ ਆਪਣੇ ਹਮਲੇ ਦੇ ਐਲਾਨੇ ਟੀਚਿਆਂ 'ਚੋਂ ਕੋਈ ਵੀ ਹਾਸਲ ਨਹੀਂ ਕਰ ਸਕਿਆ ਹੈ। ਹੰਗਰੀ 'ਚ ਚੋਣਾਂ 'ਚ ਵਿਕਟਰ ਓਰਬਾਨ ਦੀ ਹਾਰ ਹੋਈ ਹੈ। ਕੱਟੜ ਫਾਸ਼ੀਵਾਦੀ ਨੇਤਨਯਾਹੂ ਤੱਕ ਲਈ ਇਜ਼ਰਾਈਲ 'ਚ ਆਪਣੀਆਂ ਕਾਤਲਾਨਾ ਯੋਜਨਾਵਾਂ ਲਈ ਹਮਾਇਤ ਖਿਸਕਦੀ ਹੋਈ ਨਜ਼ਰ ਆ ਰਹੀ ਹੈ। ਅਤੇ ਖ਼ੁਦ ਮੋਦੀ ਨੂੰ ਭਾਰਤੀ ਸੰਵਿਧਾਨ 'ਚ ਉਹ ਤਬਦੀਲੀਆਂ ਕਰਨ ਲਈ ਪਾਰਲੀਮੈਂਟ 'ਚ ਹਮਾਇਤ ਹਾਸਿਲ ਨਾ ਹੋਣ ਕਰਕੇ ਨਾਕਾਮੀ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਨਾਲ ਲੋਕ ਸਭਾ ਮੈਂਬਰਾਂ ਦੀ ਗਿਣਤੀ ਵਧਾ ਕੇ ਭਾਜਪਾ ਆਪਣਾ ਰਾਜ ਕਾਰਜਕਾਲ ਦਰ ਕਾਰਜਕਾਲ ਬਣਾ ਕੇ ਰੱਖ ਸਕਦੀ ਸੀ।

ਬੇਸ਼ੱਕ, ਇਸ ਦਾ ਅਰਥ ਨਵ-ਫਾਸ਼ੀਵਾਦ ਦਾ ਅੰਤ ਹੋਣਾ ਨਹੀਂ ਹੈ। ਨਵ-ਫਾਸ਼ੀਵਾਦ ਤਾਂ ਇੱਕ ਖ਼ਾਸ ਪ੍ਰਸਥਿਤੀ ਸੰਜੋਗ 'ਚ ਉੱਭਰ ਕੇ ਆਇਆ ਹੈ ਅਤੇ ਇਹ ਸਥਿਤੀ ਇਤਫ਼ਾਕ ਹੈ, ਨਵ-ਉਦਾਰਵਾਦ ਦੇ ਸੰਕਟ ਦਾ। ਇਸ ਸਥਿਤੀ ਇਤਫ਼ਾਕ ਨਾਲ ਨਵ ਉਦਾਰਵਾਦ ਦੇ ਦਾਇਰੇ 'ਚ ਨਹੀਂ ਉੱਭਰਿਆ ਜਾ ਸਕਦਾ। ਪਰ, ਜਦੋਂ ਤੱਕ ਨਵ-ਉਦਾਰਵਾਦ ਨੂੰ ਪਾਰ ਕਰਨ ਜ਼ਰੀਏ ਇਸ ਸਥਿਤੀ ਇਤਫ਼ਾਕ ਨੂੰ ਹੀ ਪਾਰ ਨਹੀਂ ਕੀਤਾ ਜਾਂਦਾ, ਨਵ-ਫਾਸ਼ੀਵਾਦ ਨੂੰ ਪੈਦਾ ਕਰਨ ਵਾਲੇ ਹਾਲਾਤ ਬਣੇ ਹੀ ਰਹਿਣਗੇ ਅਤੇ ਚੋਣਾਂ 'ਚ ਹਰਾਏ ਜਾਣ ਦੇ ਬਾਅਦ ਵੀ ਨਵ-ਫਾਸ਼ੀਵਾਦ ਵਾਪਸ ਆ ਸਕਦਾ ਹੈ, ਜਿਸ ਦਾ ਸਬੂਤ ਖ਼ੁਦ ਟਰੰਪ ਹੈ। ਫਿਰ ਵੀ ਚੋਣਾਂ 'ਚ ਨਵ-ਫਾਸ਼ੀਵਾਦ ਨੂੰ ਹਰਾਇਆ ਜਾਣਾ, ਨਾ ਸਿਰਫ਼ ਜਮਹੂਰੀਅਤ ਦੀ ਬਹਾਲੀ ਲਈ ਲਾਜ਼ਮੀ ਸ਼ਰਤ ਹੈ ਸਗੋਂ ਖ਼ੁਦ ਨਵ-ਉਦਾਰਵਾਦ ਦੇ ਪਾਰ ਜਾਣ ਦੀ ਵੀ ਜ਼ਰੂਰੀ ਸ਼ਰਤ ਹੈ।

## ਜੰਗ ਦਾ ਜਸ਼ਨ

ਯੁੱਧ ਜਸ਼ਨ ਨਹੀਂ ਹੁੰਦਾ ਦੋਸਤੋ
ਉਦੋਂ ਤਾਂ ਬਿਲਕੁਲ ਨਹੀਂ ਹੁੰਦਾ
ਜਦੋਂ ਕਿਸੇ ਬਾਂਦਰ ਦੇ ਹੱਥ 'ਚ ਬੰਦੂਕ ਹੋਵੇ
ਕਿਸੇ ਸਿਰਫਿਰੇ ਨੂੰ ਲੱਭ ਜਾਵੇ ਮਾਚਿਸ ਦੀ ਤੀਲੀ
ਕਿਸੇ ਹੈਵਾਨ ਦੇ ਹੱਥ 'ਚ ਆ ਜਾਵੇ ਸੱਤਾ
ਤੇ ਕਿਸੇ 'ਸ਼ੈਤਾਨ' ਦੇ ਹੱਥ ਆ ਜਾਵੇ 'ਰਬ'
ਜੰਗ ਤਾਂ ਮਜ਼ਬੂਰੀ ਹੁੰਦੀ ਹੈ
ਜਦੋਂ ਜ਼ੁਲਮ ਨੂੰ ਸ਼ਾਂਤੀ ਨਾਲ ਨੱਜਿਠਣ ਦੇ
ਸਾਰੇ ਵਸੀਲੇ ਮੁੱਕ ਜਾਣ
ਜਦ ਪਾਣੀ ਸਿਰਾਂ ਤੋਂ ਲੰਘ ਜਾਵੇ
ਤੇ ਸਾਹ ਚਲਦੇ ਚਲਦੇ ਸੁੱਕ ਜਾਣ
ਜਦ ਸੱਤਾ ਸਿਰਾਂ ਨੂੰ ਚੜ੍ਹ ਜਾਵੇ
ਜਦ ਹਾਕਮਾਂ ਨੂੰ ਹਉਮੈਂ ਦਾ
ਕਾਲਾ ਨਾਗ ਲੜ ਜਾਵੇ
ਰੱਬ ਸਿਆਸਤ ਦੀ ਰਖੇਲ
ਤੇ ਸੱਤਾ ਨੂੰ ਸੁਰੱਖਿਅਤ ਰੱਖਣ ਦਾ
ਵਸੀਲਾ ਬਣ ਜਾਵੇ...
ਅਕਸਰ
ਜੰਗ ਵਿਚ ਮੁਜ਼ਰਮ ਨਹੀਂ ਮਰਦੇ
ਮਜ਼ਲੂਮ ਵੀ ਮਰਦੇ ਨੇ
ਤੇ ਜੰਗ ਜਿੱਤਣ ਵਾਲੇ
ਹਮੇਸ਼ਾ ਨਾਇਕ ਨਹੀਂ ਹੁੰਦੇ
ਨਾਲਾਇਕ ਵੀ ਹੁੰਦੇ ਨੇ ਤੇ
ਨਾਇਕਾਂ ਦੇ ਚਿਹਰਿਆਂ ਹੇਠ ਛਿਪੇ
ਖਲਨਾਇਕ ਵੀ ਹੁੰਦੇ ਨੇ..
ਜੰਗ ਲੜਨ ਵਾਲੇ ਅਕਸਰ ਹੋਰ ਹੁੰਦੇ ਨੇ
ਤੇ ਜੰਗ ਜਿੱਤਣ ਵਾਲੇ ਅਕਸਰ ਹੋਰ...
ਜੋ ਲੜਦੇ ਨੇ
ਹਮੇਸ਼ਾ ਉਹ ਨਹੀਂ ਜਿੱਤਦੇ
ਜੋ ਲੜਾਉਂਦੇ ਨੇ ਅਕਸਰ ਉਹ ਜਿੱਤਦੇ ਨੇ
ਲੜਨ ਵਾਲੇ ਆਪ ਨਹੀਂ ਲੜਦੇ
ਕਿਸੇ ਦਾ ਢਿੱਡ ਲੜਦਾ ਹੈ
ਕਿਸੇ ਦਾ ਮਜ਼੍ਹਬ ਲੜਦਾ ਹੈ
ਕਿਸੇ ਦਾ ਜਨੂੰਨ ਲੜਦਾ ਹੈ
ਤੇ ਕਿਸੇ ਦਾ ਖ਼ੂਨ ਲੜਦਾ ਹੈ
ਸਾਮਰਾਜੀ ਜੰਗਾਂ ਵਿਚ ਤਾਂ ਹਮੇਸ਼ਾ
ਦਿਮਾਗਾਂ ਤੇ ਉੱਗੇ ਪੇਟ ਲੜਦੇ ਨੇ
ਮਜ਼ਬੂਰੀਆਂ ਹੱਥ ਹਥਿਆਰ ਹੁੰਦੇ ਨੇ
ਬੇਵਸੀਆਂ ਇਕ ਦੂਜੇ ਦਾ ਸਿਰ ਪਾੜਦੀਆਂ ਨੇ
ਸਰਹੱਦਾਂ ਤੋਂ ਪਾਰ ਵੀ
ਤੇ ਸਰਹੱਦਾਂ ਦੇ ਆਰ ਵੀ...
ਤੇ ਫਿਰ ਕੀ ਉੱਗਦਾ ਹੈ..?
ਬਸ!!!
ਚਿੱਟੀਆਂ ਚੁੰਨੀਆਂ
ਬੇਪੱਤ ਰਿਸ਼ਤੇ
ਬੇਹੁਰਮਤੀਆਂ ਦੇ ਕਿੱਸੇ
ਉਜਾੜਿਆਂ ਦੀ ਤਵਾਰੀਖ਼
ਹੈਵਾਨੀਅਤ ਦੀ ਕਾਲਖ
ਤੇ ਦਹਿਸ਼ਤਾਂ ਦੀ ਫ਼ਸਲ....
ਤੇ ਇਸ ਜੰਗ ਤੋਂ ਬਾਅਦ
ਕੀ ਬਚਦਾ ਹੈ?
ਕਿਸੇ ਦੀ ਹਉਮੈਂ
ਤੇ ਕਿਸੇ ਦੀ ਹਵਸ
ਪਰ ਬਹੁਤਿਆਂ ਕੋਲ ਸਿਰਫ ਜ਼ਖਮ ਬਚਦੇ ਨੇ
ਜੋ ਰਿਸਦੇ ਨੇ ਸਾਰੀ ਉਮਰ
ਤੇ ਉਮਰ ਤੋਂ ਬਾਅਦ ਵੀ...
ਹੌਕੇ ਹੋਣੀਆਂ ਬਣ ਜਾਂਦੇ ਨੇ
ਤੇ ਸਿਸਕੀਆਂ ਕਿਸਮਤ
ਡੰਗੋਰੀਆਂ ਸਿਰਨਾਵੇਂ ਬਣ ਜਾਂਦੀਆਂ ਨੇ
ਤੇ ਸੁਖਨ ਵੈਣਾਂ 'ਚ ਬਦਲ ਜਾਂਦੇ ਨੇ
ਕਿੰਨਾ ਬਦਕਿਸਮਤ ਦੌਰ ਹੁੰਦਾ ਹੈ ਜਦ ਲੋਕ
ਅਜਿਹੇ ਯੁੱਧਾ ਦੇ ਜਸ਼ਨ ਮਨਾਉਂਦੇ ਨੇ
ਆਪਣੀ ਹਉਮੈਂ ਦਾ ਪਰਚਮ ਲਹਿਰਾਉਂਦੇ ਨੇ
ਨਫਰਤਾਂ ਦੇ ਗੀਤ ਗਾਉਂਦੇ ਨੇ
ਹਵਾਵਾਂ ਵਿਚ ਮੁੜ ਜ਼ਹਿਰ ਰਲਾਉਂਦੇ ਨੇ
ਫੇਰ ਮਾਤਮਾਂ ਤੇ ਵੈਣਾਂ ਦੀ ਪਿਉਂਦ ਲਾਉਂਦੇ ਨੇ
ਦਹਿਸ਼ਤ ਦੀ ਫਸਲ ਉਗਾਉਂਦੇ ਨੇ
ਤੇ ਮੁੜ
ਇਕ ਹੋਰ ਜੰਗ ਲਈ ਉਕਸਾਉਂਦੇ ਨੇ....
ਜੇ ਯੁੱਧ ਮਜ਼ਬੂਰੀ ਵੀ ਹੋਵੇ ਤਾਂ ਦੋਸਤੋ
ਤਾਂ ਵੀ ਯੁੱਧ ਤੋਂ ਬਾਅਦ
ਪਛਤਾਵਾ ਹੋਣਾ ਚਾਹੀਦੈ
ਕੁਝ ਹੰਝੂ ਆਪਣੀ ਹੈਵਾਨੀਅਤ ਤੇ
ਕੁਝ ਦੂਜੇ ਦੀ ਮਾਸੂਮੀਅਤ ਤੇ...
ਇਕ ਦੂਜੇ ਦਾ ਹੱਥ ਫੜ
ਤੇ ਗਲਵਕੜੀਆਂ ਪਾ
ਮੁੜ ਤੋਂ ਤਹਈਏ ਹੋਣੇ ਚਾਹੀਦੇ ਨੇ
ਹਾਸਿਆਂ ਦੇ ਬੀਜ ਬੀਜਣ ਦੇ
ਸੁਨਹਿਰੇ ਸੁਪਨਿਆਂ ਦੀ ਕਾਸ਼ਤ ਦੇ
ਇਕ ਦੂਜੇ ਦੇ ਜ਼ਖਮ ਧੋਣ ਦੇ
ਤੇ ਮੁੜ ਤੋਂ ਯੁੱਧ ਨਾ ਹੋਣ ਦੇ...
ਪਰ ਅਕਸਰ ਇੰਝ ਨਹੀਂ ਹੁੰਦਾ ਦੋਸਤੋ
ਕਿਉਂਕਿ ਯੁੱਧ ਲੜਨ ਵਾਲੇ ਹੋਰ ਹੁੰਦੇ ਨੇ
ਤੇ ਯੁੱਧ ਲੜਾਉਣ ਵਾਲੇ ਹੋਰ
ਜਿੱਤਣ ਵਾਲੇ ਹੋਰ ਹੁੰਦੇ ਨੇ
ਤੇ ਜਿਤਾਉਣ ਵਾਲੇ ਹੋਰ
ਜਿੰਨ੍ਹਾਂ ਦੇ ਮਰਦੇ ਹਨ
ਉਹਨਾਂ ਦੇ ਜਿੱਤਦੇ ਨਹੀਂ
ਜਿੰਨ੍ਹਾਂ ਦੇ ਜਿੱਤਦੇ ਨੇ
ਉਹਨਾਂ ਦੇ ਮਰਦੇ ਨਹੀਂ
ਬਸ ਲੜਨ ਵਾਲੇ ਲੜਦੇ ਨੇ
ਤੇ ਜਿੱਤਣ ਵਾਲੇ ਜਿੱਤਦੇ ਨੇ
ਇਕ ਹੋਰ ਯੁੱਧ ਹੋਣ ਤੱਕ...

**-ਕੁਲਦੀਪ ਦੀਪ ( ਡਾ.)**

## ਇੱਕ ਸੰਵਾਦ ਇਹ ਵੀ

ਯਾਰੀ
ਨਿੱਕੜਾ ਤਾਂ ਰਹੇ ਤੱਕਦਾ
ਖੋਲ੍ਹ ਸਾਹਮਣੇ ਚੁਬਾਰੇ ਵਾਲੀ ਬਾਰੀ

ਪਰਦਾ
ਬਾਰ ਬਾਰ ਰਹੇ ਪੁੱਛਦਾ
ਚਾਚੂ ਕਿੰਨਵੀਂ ਕਲਾਸ ਵਿੱਚ ਪੜ੍ਹਦਾ

ਛਾਇਆ
ਸਾਰੀ ਰਾਤ ਬੱਤੀ ਜਗਦੀ
ਚਾਚੂ ਕਿਹੜੇ ਹੈ ਵਤਨ ਤੋਂ ਆਇਆ

ਦਾਣੇ
ਸੀਖਾਂ ਪਿੱਛੇ ਤੈਨੂੰ ਤੱਕ ਕੇ
ਜਿਸ ਲੱਗੀਆਂ ਓਹੀ ਮਨ ਜਾਣੇ

ਪੱਖੀਆਂ
ਮੂੰਹੋਂ ਭਾਵੇਂ ਕੁਝ ਨਾ ਕਹੇਂ
ਬੜਾ ਕੁਝ ਨੇ ਸੁਣਾਉਂਦੀਆਂ ਅੱਖੀਆਂ

ਛਾਵਾਂ
ਕਵਿਤਾ ਦੀ ਦੇਵਾਂ ਗੁੜ੍ਹਤੀ
ਤੈਨੂੰ ਤਲੀਆਂ ਤੇ ਚੋਗ ਚੁਗਾਵਾਂ

ਪਾਰੀ
ਨਿੱਕਿਆ ਵੇ ਧੰਜਲ ਕਹੇ
ਆ ਜਾ ਪੁੱਟਕੇ ਚੁਬਾਰੇ ਵਾਲੀ ਬਾਰੀ

ਛਾਵਾਂ
ਸੀਖਾਂ ਦਾ ਚੁਬਾਰਾ ਛੱਡਦੇ
ਤੈਨੂੰ 'ਸਮਤਾ' ਦੇ ਬਾਗ 'ਚ ਖਿਡਾਵਾ

ਪਰਦੇ
ਆਜਾ ਤੇਰਾ ਮੁੱਖ ਚੁੰਮੀਏਂ
ਕੌਣ ਆਖਦੈ ਕਿ ਬੱਚੇ ਤੰਗ ਕਰਦੇ।

**- ਅਮੋਲਕ ਸਿੰਘ**

## ਮੇਰੀ ਉਹ ?

ਜਦੋਂ ਮੈਂ ਗਰਮ ਹੋ ਜਾਂਦਾ ਹਾਂ ਕਦੇ,
ਚੜ੍ਹ ਹਨ੍ਹੇਰੀ ਉਹ ਤਾਂ ਆਉਂਦੀ ਹੈ।
ਗੜਗੜਾਵੇ ਘਟਾ ਘਨਘੋਰ ਉਹ,
ਸ਼ਾਮਤ ਮੇਰੀ ਤਾਂ ਫਿਰ ਆਉਂਦੀ ਹੈ।

ਬੱਦਲ਼ ਵਾਂਗ ਕਾਫੂਰ ਹੁੰਦਾ ਹੈ ਗੁੱਸਾ,
ਬਣਕੇ ਝੱਖੜ ਤੂਫ਼ਾਨ ਆਉਂਦੀ ਹੈ।
ਬਹਿ ਜਾਂਦਾ ਹਾਂ ਬਣਕੇ ਭਿੱਜੀ ਬਿੱਲੀ ,
ਜਦੋਂ ਭੱਜੀ ਵਾਂਗ ਸ਼ੈਤਾਨ ਆਉਂਦੀ ਹੈ।

ਹੁੰਦਾ ਹੈ ਯੁੱਧ ਫਿਰ ਤਿੱਖੇ ਬਾਣਾਂ ਦਾ,
ਚੰਡੀ ਦੇ ਰੂਪ ਹੋ ਸਵਾਰ ਆਉਂਦੀ ਹੈ।
ਲਾਜਵਾਬ ਹੋਵਾਂ ਹਾਰੇ ਵਕੀਲ ਵਾਂਗੂੰ,
ਜਦੋਂ ਹੋ ਕੇ ਤੇਜ਼ ਤਰਾਰ ਆਉਂਦੀ ਹੈ।

ਕਦੇ ਮਹਿਕਦੀ ਫੁੱਲਾਂ ਦੀ ਕਿਆਰੀ,
ਕਦੇ ਬਣਕੇ ਨਿਰੀ ਖ਼ਾਰ ਆਉਂਦੀ ਹੈ।
ਉਦੋਂ ਵੱਜੇ ਚੰਦਰੀ ਸਿੱਧੀ ਆਣ ਸੀਨੇ,
ਜਦੋਂ ਬਣੀ ਤਿੱਖੀ ਕਟਾਰ ਆਉਂਦੀ ਹੈ।

ਕਦੇ ਸਾਂਭਦੀ ਹੈ ਮੈਨੂੰ ਬੱਚੇ ਦੀ ਤਰ੍ਹਾਂ,
ਕਦੇ ਮਾਂ ਕਦੇ ਭੈਣ ਬਣ ਆਉਂਦੀ ਹੈ।
ਜਿਤਾਵੇ ਹੱਕ ਤਾਂ ਮਾਲਕਣ ਜਾਪਦੀ,
ਤੇ ਮੋਢੇ ਨਾਲ਼ ਮੋਢਾ ਤਣ ਆਉਂਦੀ ਹੈ।

ਗਲਤ ਨਾ ਸਮਝਣਾ ਕਿਧਰੇ ਮੈਨੂੰ,
ਰੰਗ ਵਟਾ ਮੇਰੀ ਨਾਰ ਆਉਂਦੀ ਹੈ।
ਪੂਰਾ ਹੱਕ ਹੈ ਮੇਰੀ ਘਰਵਾਲੀ ਉਹ,
ਲੈ ਕੇ ਘਰ 'ਚ ਬਹਾਰ ਆਉਂਦੀ ਹੈ।

**-ਸੇਵਾ ਸਿੰਘ 'ਨੂਰਪੁਰੀ'**

## ਕੱਚੇ ਪੈਰਾਂ ਦਾ ਹਸ਼ਰ

ਕਦੇ ਚਾਰੂਵਾਦ ਦੇ ਜੁਝਾਰ ਸਾਂ ਅਸੀਂ
ਕਦੇ ਨਾਗੀ ਰੈਡੀ ਦੀ ਕਤਾਰ ਸਾਂ ਅਸੀਂ
ਬੌਬ ਦਾ ਕੌਮਾਂਤਰੀ ਬੁਖਾਰ ਵੀ ਰਿਹਾ
ਵੈਨੂੰ ਦੀਆਂ ਕੌਮਾਂ ਦਾ ਖੁਮਾਰ ਵੀ ਰਿਹਾ
ਡੰਡੀਆਂ ਅਨੇਕ ਫੜੀਆਂ-ਵਿਸਾਰੀਆਂ
ਸੋਚ ਬਿਨਾ ਹੁੰਦੀਆਂ ਨਾ ਵਫ਼ਾਦਾਰੀਆਂ

ਨਕਸਲਬਾੜੀ ਦੇ ਨਾਅਰੇ ਖੋ ਗਏ
ਲਾਲ ਯੋਧੇ ਕੇਸਰੀ ਜੈਕਾਰਾ ਹੋ ਗਏ
ਫੌਜ-ਦਰ-ਫੌਜ ਸਦਾ ਫੇਲ੍ਹ ਹੀ ਰਹੇ
ਫੇਰ ਵੀ ਸਦੀਵੀ ਜਰਨੈਲ ਹੀ ਰਹੇ
ਪੌਣ-ਦਰ-ਪੌਣ ਸਾਡੀਆਂ ਉਡਾਰੀਆਂ
ਬਿਨਾ ਸੋਚ ਕੀਹਦੇ ਨਾਲ ਵਫ਼ਾਦਾਰੀਆਂ

ਰਹੇ ਸਾਮਰਾਜੀ ਜੰਗ ਨੂੰ ਉਡੀਕਦੇ
ਲੜਨੀ ਘਰੇਲੂ ਜੰਗ ਰਾਹ ਉਲੀਕਦੇ
ਭਾਰਤ-ਪੰਜਾਬ ਨਿੱਕੀ ਸੋਚ ਆਖਦੇ
ਇੱਕ ਹੈ ਤੇ ਲਾਲ ਹੈ ਗਲੋਬ ਆਖਦੇ
ਕੁੜਤੇ ਪਜਾਮੇ ਵਾਂਗ ਲਾਹਕੇ ਮਾਰੀਆਂ
ਸੋਚ ਬਿਨਾ ਡੁੱਬ ਜਾਣ ਵਫ਼ਾਦਾਰੀਆਂ

ਚਾਹੇ ਪੌਣ ਕੁੱਕੜਾਂ ਤੋਂ ਮਾੜੀ ਜੂਨ ਹੈ
ਤਾਂ ਵੀ ਬੁੱਧੀਬਾਜ ਹੋਣ ਦਾ ਜਨੂੰਨ ਹੈ
ਸਾਨੂੰ ਵਰ ਧੁਰੋਂ ਹੀ ਦੀਵਾਨ ਲਾਉਣ ਦਾ
ਲਾਲ,ਨੀਲੀ,ਕੇਸਰੀ ਕਥਾ ਸੁਣਾਉਣ ਦਾ
ਇੱਕੋ ਰੌਂ 'ਚ ਝੂਮ ਝੂਮ ਗਾਈਆਂ ਸਾਰੀਆਂ
ਸੋਚ ਬਿਨਾ ਕੀਹਦੇ ਨਾਲ ਵਫ਼ਾਦਾਰੀਆਂ

ਸੋਚ ਦੀ ਬੁਲੰਦੀ ਬਿਨਾ ਕਿਹੜੇ ਕਾਫਲੇ
ਕੱਚ ਪੈਰੇ ਰਾਹੀ ਰਾਹਾਂ 'ਚ ਗੁਆਚਦੇ
ਬੁਝੇ ਹੋਏ ਦਿਲ ਝੋਰਿਆਂ 'ਚ
ਵਸਦੇ
ਤਾਂ ਵੀ ਦਾਨੇ ਬੀਨੇ ਹੋ ਕੇ ਰਾਹ ਦੱਸਦੇ
ਹੌਲੇ ਚਿੱਤ ਦਾ ਧਰਾਸ
ਬੱਸ ਕਥਾਕਾਰੀਆਂ
ਰਹਿਣ ਘੁੰਮਦੇ ਸਿਰਾਂ ਤੋਂ
ਦੂਰ ਵਫ਼ਾਦਾਰੀਆਂ

ਔਝੜੀ ਗੁਆਚੀ ਜ਼ਿੰਦਗੀ ਦੀ ਲੇਰ ਹਾਂ
ਸੱਖਣਾ ਉਜਾੜ ਕਿਲਾ ਅਜਮੇਰ ਹਾਂ
ਕਣ ਕਣ ਹੋਇਆ ਵਿਗਿਆਨ ਬਾਹਰਾ ਹੈ
'ਵਰਤੇਗੀ ਕਲਾ' ਚਿੱਤ ਨੂੰ ਸਹਾਰਾ ਹੈ
ਏਸ ਹਾਉਕੇ 'ਤੇ ਹੀ ਡੋਰੀਆਂ ਨੇ ਸਾਰੀਆਂ
ਸੋਚ ਬਿਨਾ ਹੁੰਦੀਆਂ ਨੀ ਵਫ਼ਾਦਾਰੀਆਂ।

**-ਜਸਪਾਲ ਜੱਸੀ**

## ਅਮਰੀਕਾ-ਇਰਾਨ

ਦੁਨੀਆਂ ਡਰਾਈ ਰੱਖੀ ਇੱਕੋ ਇਨਸਾਨ ਨੇ।
ਟਰੰਪ ਦੇ ਭੁਲੇਖੇ ਸਾਰੇ ਕੱਢ 'ਤੇ ਇਰਾਨ ਨੇ।

ਹਰ ਦੇਸ਼ ਨੂੰ ਸੀ ਮਾਰਦਾ ਟੈਰਿਫ ਦਾ ਦਬਕਾ,
ਦਬੀ ਗਏ ਉਹ ਵੀ ਜਿਹੜੇ ਸਮਝਦੇ ਮਹਾਨ ਨੇ।

ਲਾਲਚ ਦੇ ਵੱਸ ਪੈ ਕਰੋੜਾਂ ਹੀ ਕਤਲ ਕੀਤੇ,
ਕਿਸੇ ਤੇ ਨਾ ਤਰਸ ਕੀਤਾ ਸੋਚ ਸ਼ੈਤਾਨ ਨੇ।

ਆਦਤ ਮੁਤਾਬਕ ਇਰਾਨ ਨੂੰ ਦਬਾਉਣ ਲੱਗਾ,
ਇਰਾਨ ਕਹਿੰਦਾ ਭੱਜਦਿਆਂ ਨੂੰ ਇੱਕੋ ਜਿਹੇ ਵਾਹਣ ਨੇ।

ਬੁਜਦਿਲ ਹੁੰਦੇ ਜਿਹੜੇ ਦਬਕੇ ਤੋਂ ਡਰ ਜਾਂਦੇ,
ਸੂਰਮੇ ਤਾਂ ਲੜ ਕੇ ਹੁੰਦੇ ਕੁਰਬਾਨ ਨੇ।

ਅਸੀਂ ਨਹੀਂ ਤੇਰੇ ਫੋਕੇ ਦਬਕੇ ਤੋਂ ਡਰਦੇ,
ਤੇਰੇ ਜਿਹੇ ਦੇਖੇ ਅਸੀਂ ਛੱਤੀ ਭਲਵਾਨ ਨੇ।

ਮੈਦਾਨ ਵਿੱਚ ਆਜਾ ਫਿਰ ਦੋ ਹੱਥ ਕਰ ਲਈਏ,
ਮਨਜ਼ੂਰ ਨਹੀਂ ਸ਼ਰਤ ਕੋਈ, ਚੈਲੰਜ ਪ੍ਰਵਾਨ ਨੇ।

ਸੇਰ ਨੂੰ ਸਵਾ ਸੇਰ ਹੋ ਕੇ ਅੱਗੋਂ ਟੱਕਰਿਆ,
ਟਰੰਪ ਦੇ ਤਾਂ ਹੋਏ ਸਾਰੇ ਫੇਲ ਅਨੁਮਾਨ ਨੇ।

ਫਸ ਗਿਆ ਕਸੂਤਾ ਹੁਣ ਟਰੰਪ ਬੁਖਲਾ ਗਿਆ,
ਸੁਭਾਹ ਹੋਰ, ਸ਼ਾਮੀਂ ਹੋਰ ਆਉਂਦੇ ਬਿਆਨ ਨੇ।

ਕਰੋੜਾਂ ਦਾ ਹਰ ਰੋਜ਼ ਖਰਚਾ ਨੀ ਝੱਲ ਹੁੰਦਾ,
ਆਰਥਿਕਤਾ ਹਿਲਾ ਕੇ ਰੱਖ ਦਿੱਤੀ ਨੁਕਸਾਨ ਨੇ।

ਬੰਦਾ ਹੋਇਆ ਹੁਣ ਕਿਤੇ ਛੇਤੀ ਨੀ ਪੰਗਾ ਲੈਂਦਾ,
ਭਲੂਰੀਆ ਲਾਹਣਤ ਪਾਈ ਸਾਰੇ ਹੀ ਜਹਾਨ ਨੇ।

**ਜਸਵੀਰ ਸਿੰਘ ਭਲੂਰੀਆ**
**ਸਰੀ (ਬੀ.ਸੀ.) ਕੈਨੇਡਾ**
+1-236-622-7799

## ਸੁਣਿਆ ਹੈ...

ਸੁਣਿਆ ਹੈ...
ਜੰਗਲਾਂ ਦਾ ਵੀ
ਕੋਈ ਦਸਤੂਰ ਹੁੰਦਾ ਹੈ

ਸੁਣਿਆ ਹੈ...
ਸ਼ੇਰ ਦਾ
ਜਦ ਪੇਟ ਭਰ ਜਾਏ
ਤਾਂ ਉਹ ਹਮਲਾ ਨਹੀਂ ਕਰਦਾ
ਦਰਖ਼ਤਾਂ ਦੀ
ਸੰਘਣੀ ਛਾਂ ਹੇਠ
ਜਾ ਕੇ ਲੇਟ ਜਾਂਦਾ ਹੈ

ਹਵਾ ਦੇ ਤੇਜ ਬੁੱਲੇ
ਜਦ ਹਿਲਾਉਂਦੇ ਨੇ
ਦਰਖ਼ਤਾਂ ਨੂੰ
ਤਾਂ ਮੈਨਾ
ਆਪਣੇ ਬੱਚੇ ਛੱਡ ਕੇ
ਕਾਂ ਦੇ ਆਂਡਿਆਂ ਨੂੰ
ਸੰਭਾਲ ਲੈਂਦੀ ਹੈ
ਆਪਣੇ ਖੰਭਾਂ ਹੇਠ

ਸੁਣਿਆ ਹੈ...
ਕੋਈ ਬੱਚਾ ਡਿਗ ਪਵੇ
ਆਲ੍ਹਣੇ 'ਚੋਂ
ਤਾਂ ਪੂਰਾ ਜੰਗਲ
ਜਾਗ ਉਠਦਾ ਹੈ

ਸੁਣਿਆ ਹੈ...
ਜੰਗਲਾਂ ਦਾ ਵੀ
ਕੋਈ ਦਸਤੂਰ ਹੁੰਦਾ ਹੈ

ਸੁਣਿਆ ਹੈ...
ਜਦ ਕਿਸੇ ਨਦੀ ਦੇ
ਪਾਣੀ 'ਚ
ਲਰਜ਼ਦਾ ਹੈ
ਬੀਜੜੇ ਦੇ ਆਲ੍ਹਣੇ ਦਾ
ਗੰਦਮੀ ਰੰਗ

ਤਾਂ ਨਦੀ ਦੀਆਂ
ਰੂਪਹਿਲੀ ਮੱਛੀਆਂ
ਉਸ ਨੂੰ ਮੰਨ ਲੈਂਦੀਆਂ ਨੇ
ਆਪਣਾ ਗੁਆਂਢੀ

ਕਦੇ ਤੂਫ਼ਾਨ ਆ ਜਾਏ
ਕੋਈ ਪੁਲ ਟੁੱਟ ਜਾਏ
ਕਾਟੋ ਸੱਪ ਬੱਕਰੀ ਚੀਤਾ
ਨਾਲੋ-ਨਾਲ ਹੁੰਦੇ ਨੇ
ਕਿਸੇ ਲੱਕੜ ਦੇ ਫੱਟੇ 'ਤੇ

ਸੁਣਿਆ ਹੈ..
ਜੰਗਲਾਂ ਦਾ ਵੀ
ਕੋਈ ਦਸਤੂਰ ਹੁੰਦਾ ਹੈ
ਕੋਈ ਕਾਨੂੰਨ ਹੁੰਦਾ ਹੈ

ਮੇਰੇ ਮਾਲਕ!
ਮੋਤ ?ਹਬਰਾਂ ਦੇ ਮੋਤ ?ਹਬਰ!
ਜਾਨੀ-ਜਾਣ!
ਇਨਸਾਫ਼ ਦੇ ਰਹਿਬਰ!

ਹੁਣ
ਲਾਗੂ ਕਰ
ਜੰਗਲਾਂ ਦਾ ਹੀ
ਕੋਈ ਦਸਤੂਰ
ਕੋਈ ਕਾਨੂੰਨ
ਮੇਰੇ ਇਸ ਮੁਲਕ 'ਚ
ਮੇਰੇ ਇਸ ਸ਼ਹਿਰ 'ਚ

**ਜ਼ੇਹਰਾ ਨਿ.ਗਾਹ**
**(ਪਾਕਿਸਤਾਨੀ ਕਵਿੱਤਰੀ)**
**ਅਨੁਵਾਦ : ਯਸ਼ ਪਾਲ**
(98145 35005)

## ਸਰਾਭੇ ਦੇ ਗ਼ਦਰ ਦੀ ਕਹਾਣੀ

ਨਾ ਧਰਤੀ ਰਿਜ਼ਕ ਦਿੰਦੀ
ਨਾ ਹੁਣ ਏਥੇ ਹਵਾ ਸਾਹ ਦਿੰਦੀ
ਨਾ ਹੀ ਜ਼ਿੰਦਗੀ ਰਾਹ ਦਿੰਦੀ
ਨਾ ਹੀ ਬਚ ਰਹੇ ਨੇ ਪਾਣੀ
ਉਹ ਤਾਂ ਸਭ ਉਡਾਰੀਆਂ ਭਰ ਰਹੇ
ਜਿੰਨਾ ਹੋਣਾ ਸੀ
ਇਸ ਮਿੱਟੀ 'ਚ ਬੀਜੀਆਂ
ਉਮੀਦਾਂ ਦੇ ਹਾਣੀ
ਉਨ੍ਹਾਂ ਨੂੰ ਹੁਣ ਕਿਵੇਂ ਸੁਣਾਈਏ
ਸਰਾਭੇ ਦੇ ਗ਼ਦਰ ਦੀ ਕਹਾਣੀ
ਇਹ ਮਿੱਟੀ ਤੇ ਇਹਦੇ 'ਚੋਂ
ਉੱਗੇ ਰੁੱਖ ਉਡੀਕਦੇ ਨੇ
ਕਿ ਸਾਡੀਆਂ ਛਾਂਵਾਂ ਹੇਠ ਪੁੰਗਰੀ ਜਵਾਨੀ ਨੇ
ਕਦੋਂ ਡਾਲਰਾਂ ਦੀ ਚਮਕ ਮੱਥੇ ਤੋਂ ਲਾਹੁਣੀ ਹੈ
ਪਰਵਾਸ ਉਡਾਰੀਆਂ ਭਰਦੇ ਸੁਪਨਿਆਂ ਨੇ
ਇਸੇ ਧਰਤ 'ਤੇ
ਪੂਰਨ ਦੀ ਤਾਂਘ ਕਦੋਂ ਜਗਾਉਣੀ ਹੈ
ਸਾਡੇ ਨਾਲ ਮੁੜ ਸਾਂਝ ਕਦੋਂ ਪਾਉਣੀ ਹੈ
ਮੁੜਨਾ ਕਦ ਘਰਾਂ ਨੂੰ
ਬੇਗਾਨੀ ਹੋ ਗਈ ਜਵਾਨੀ ਨੇ
ਅੱਖਾਂ 'ਚ ਕਦੋਂ ਮੁੜ ਰੜਕਣਾ
ਗੁਲਾਮੀ ਦੀ ਜਿਉਂਦੀ ਨਿਸ਼ਾਨੀ ਨੇ
ਯਾਦ ਤਾਂ ਕਰਦੇ ਨੇ ਅਜੇ ਵੀ
ਹਿੰਦ ਦੇ ਵਾਸੀ
ਕਿ ਸਰਾਭੇ ਦੇ ਗ਼ਦਰ ਨੂੰ
ਚਾਹੇ ਸਦੀ ਹੈ ਬੀਤੀ
ਪਰ ਸਾਡੇ ਮੋਢਿਆਂ 'ਤੇ ਅਜੇ ਵੀ
ਗਹਿਣੇ ਟਿਕੇ ਦੇਸ਼ ਵਾਸੀਆਂ ਦੀ ਫੀਤੀ
ਜ਼ਮਾਨਾ ਕੋਈ ਨਵਾਂ ਨਾ ਆਇਆ
ਹੁਣ ਪੌਂਡਾਂ ਦੀ ਥਾਂ ਡਾਲਰ ਹੈ ਛਾਇਆ
ਸਭ ਨਿਚੋੜ ਕੇ ਲੈ ਜਾਂਦਾ
ਜੋ ਹੱਡ ਖੋਰ ਕੇ ਕਮਾਇਆ
ਲੰਡਨ ਤੇ ਵਾਸ਼ਿੰਗਟਨ ਦੇ
ਬਜ਼ਾਰਾਂ ਦੀ ਹਵਸ ਦੇ ਪੰਜਿਆਂ ਨੇ
ਅਜੇ ਨਾ ਸਾਨੂੰ ਹੈ ਛੱਡਿਆ
ਇਨ੍ਹਾਂ ਦੇ ਮੁਨਾਫਿਆਂ ਦੇ ਸਰਾਪ ਦਾ ਝੰਡਾ
ਅਜੇ ਤੱਕ ਹੈ ਸਾਡੀਆਂ ਹਿੱਕਾਂ 'ਚ ਗੱਡਿਆ
ਐਵੇਂ ਹੈ ਭਰਮ
ਕਿ ਸੰਨਤਾਲੀ 'ਚ ਗਿਆ ਸੀ ਕੱਢਿਆ
ਪੂੰਜੀ ਦੇ ਅੰਬਾਰਾਂ ਦੀ ਇਸ ਸਲਤਨਤ ਨੇ
ਸਾਡੇ ਨਾਲ ਹੁਣ ਤਕ ਇਉਂ ਹੀ ਵੈਰ ਕਮਾਇਆ
ਕਿ ਇੱਕ ਹੱਥ ਸਾਡੀ ਧਰਤੀ 'ਤੇ
ਹਰ ਰੰਗ ਦਾ ਜ਼ਹਿਰ ਫੈਲਾਇਆ
ਤੇ ਦੂਜੇ ਹੱਥ
ਥੋਥੀਆਂ ਉਮੀਦਾਂ ਦਾ ਖ਼ੈਰ ਪਾਇਆ
ਡਾਲਰਾਂ ਅਤੇ ਪੌਂਡਾਂ ਦੀ ਖੈਰ ਦਾ
ਇਹ ਭਰਮ ਟੁੱਟਣਾ ਜਦੋਂ
ਸ਼ਿਫਟਾਂ ਦੇ ਉਨੀਂਦਰੇ ਦੀ
ਘੂਕੀ ਨੇ ਮੁੱਕਣਾ ਜਦੋਂ
ਖਪਤ ਦੇ ਸਾਗਰਾਂ 'ਚ ਭਿੱਜ ਗਈਆਂ
ਰੂਹਾਂ ਨੇ ਸੁੱਕਣਾ ਜਦੋਂ
ਉਦੋਂ ਫਿਰ ਕਿਸੇ ਨੇ ਮੁੜਨਾ
ਸਰਾਭਾ ਹੋ ਕੇ
ਖਿੰਡ ਗਿਆਂ ਨੇ ਫਿਰ ਜੁੜਨਾ
ਹਰਦਿਆਲ ਤੇ ਭਕਨਾ ਬਾਬਾ ਹੋ ਕੇ
ਉਦੋਂ ਤੱਕ ਹਿੰਦ ਦੇ ਵਾਸੀਆਂ ਨੂੰ
ਇਉਂ ਹੀ ਸਰਾਭੇ ਦੀ ਉਡੀਕ ਰਹੇਗੀ
ਜਦ ਤਕ ਖਲਕਤ
ਜ਼ੰਜੀਰਾਂ ਦੀ ਪੀੜ ਸਹੇਗੀ
ਉਡੀਕਾਂ ਦੇ ਸੰਗ ਹੀ
ਸਰਾਭੇ ਦੇ ਵਾਰਿਸ
ਗ਼ਦਰ ਦੀ ਉਮੀਦ ਦਾ ਬੂਟਾ ਪਾਲ਼ਦੇ ਰਹਿਣਗੇ
ਸਰਾਭੇ ਦੇ ਗ਼ਦਰ ਦੀ ਕਹਾਣੀ
ਮੁੜ ਮੁੜ ਚਿਤਾਰਦੇ ਰਹਿਣਗੇ।

**-ਪਾਵੇਲ ਕੁੱਸਾ**

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ,
ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

## ਭਗਵਾ ਹਕੂਮਤ ਨੇ ਲੋਕਤੰਤਰੀ ਮਖੌਟਾ ਲਾਹ ਕੇ ਖ਼ੂੰਖਾਰ ਚਿਹਰਾ ਦਿਖਾਇਆ

# ਮਜ਼ਦੂਰੀ ਵਧਾਉਣ ਲਈ ਸੰਘਰਸ਼ ਦੀ ਹਮਾਇਤ ਕਰਨ ਵਾਲਿਆਂ 'ਤੇ ਕੌਮੀ ਸੁਰੱਖਿਆ ਐਕਟ ਲਗਾ ਦਿੱਤਾ

**-ਬੂਟਾ ਸਿੰਘ ਮਹਿਮੂਦਪੁਰ**

ਅਪ੍ਰੈਲ ਮਹੀਨੇ ਦਿੱਲੀ-ਕੌਮੀ ਰਾਜਧਾਨੀ ਖੇਤਰ ਵਿੱਚ ਵੱਡਾ ਮਜ਼ਦੂਰ ਸੰਘਰਸ਼ ਉੱਠਿਆ। ਪਾਣੀਪਤ, ਗੁੜਗਾਓਂ (ਹਰਿਆਣਾ) ਅਤੇ ਨੋਇਡਾ (ਯੂ.ਪੀ.) ਵਿਚ ਵਿਸ਼ਾਲ ਪ੍ਰਦਰਸ਼ਨ ਹੋਏ। ਇਹ ਵੀ ਕਿਹਾ ਗਿਆ ਕਿ ਇਸ ਦੌਰਾਨ ਮਜ਼ਦੂਰਾਂ ਵੱਲੋਂ ਕੁਝ ਸਾੜ-ਫੂਕ ਦੀਆਂ ਘਟਨਾਵਾਂ ਵੀ ਵਾਪਰੀਆਂ। ਇਹ ਸਾਰੇ ਸੰਘਰਸ਼ ਮਜ਼ਦੂਰਾਂ ਵੱਲੋਂ ਕਾਨੂੰਨ ਅਨੁਸਾਰ ਤਨਖ਼ਾਹ ਅਤੇ ਤੇਲ ਤੇ ਹੋਰ ਮਹਿੰਗਾਈ ਮੁਤਾਬਿਕ ਤਨਖ਼ਾਹਾਂ ਤਨਖ਼ਾਹ ਵਿਚ ਕੁਝ ਵਾਧਾ ਕਰ ਦਿੱਤਾ। ਜਦੋਂ ਤੱਕ ਮਜ਼ਦੂਰ ਇਕੱਠੇ ਹੋ ਕੇ ਸੰਘਰਸ਼ ਦਾ ਸਮੂਹਿਕ ਹੰਭਲਾ ਨਹੀਂ ਮਾਰਦੇ, ਸਰਕਾਰਾਂ ਘੱਟੋ-ਘੱਟ ਮਜ਼ਦੂਰੀ/ਤਨਖ਼ਾਹ ਦੇ ਕਾਨੂੰਨ ਨੂੰ ਲਾਗੂ ਕਰਨ ਤੋਂ ਇਨਕਾਰੀ ਸਰਮਾਏਦਾਰ ਕਾਰੋਬਾਰੀਆਂ ਵੱਲੋਂ ਮਚਾਈ ਅੰਨ੍ਹੀ ਲੁੱਟ ਪ੍ਰਤੀ ਅੱਖਾਂ ਬੰਦ ਕਰੀ ਰੱਖਦੀਆਂ ਹਨ। ਸੰਘਰਸ਼ਾਂ ਦੇ ਦਬਾਅ ਨਾਲ ਹੀ ਸਰਕਾਰਾਂ ਅਤੇ ਪ੍ਰਸ਼ਾਸਨ ਅਜਿਹੇ ਕਦਮ ਚੁੱਕਣ ਲਈ ਮਜਬੂਰ ਹੁੰਦੇ ਹਨ।

ਇਕ ਪਾਸੇ ਸਰਕਾਰਾਂ ਨੇ ਘੱਟੋ-ਘੱਟ ਤਨਖ਼ਾਹ ਵਿਚ ਕੁਝ ਵਾਧਾ ਕੀਤਾ ਹੈ, ਜੋ

ਹਕੀਕਤ ਇਹ ਹੈ ਕਿ ਸਤਿਅਮ ਵਰਮਾ ਕਦੇ ਨੋਇਡਾ ਗਏ ਹੀ ਨਹੀਂ ਸਨ ਅਤੇ ਨਾ ਹੀ ਉਹ ਕਿਸੇ ਵੀ ਪੱਧਰ 'ਤੇ ਮਜ਼ਦੂਰ ਹੜਤਾਲ ਨਾਲ ਜੁੜੇ ਹੋਏ ਸਨ। ਉਹ ਕਿਸੇ ਵੱਟਸਐਪ ਗਰੁੱਪ ਦੇ ਮੈਂਬਰ ਵੀ ਨਹੀਂ ਸਨ। ਉਨ੍ਹਾਂ ਨੂੰ 17 ਅਪ੍ਰੈਲ ਨੂੰ ਪੁਲਿਸ ਹਿਰਾਸਤ ਵਿੱਚ ਲਿਆ ਗਿਆ। ਇਸ ਤੋਂ ਪਹਿਲਾਂ ਪੁਲਿਸ ਵੱਲੋਂ ਲਖਨਊ ਵਿੱਚ ਜਨ ਚੇਤਨਾ ਦਫ਼ਤਰ 'ਤੇ ਛਾਪਾ ਵੀ ਮਾਰਿਆ ਗਿਆ ਜੋ ਮਜ਼ਦੂਰ ਅੰਦੋਲਨ ਦੀ ਹਮਾਇਤ ਵਿਚ ਉੱਠਣ ਵਾਲੀਆਂ ਲੋਕਪੱਖੀ ਆਵਾਜ਼ਾਂ ਵਿਚ ਦਹਿਸ਼ਤ ਪਾਉਣ ਲਈ ਸੀ।

ਵਾਲੇ ਦਿਨਾਂ ਵਿਚ ਹੋਰ ਕਾਰਕੁਨਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਵੇ।

ਘੱਟੋਘੱਟ ਉਜ਼ਰਤ ਦਾ ਕਾਨੂੰਨ ਲਾਗੂ ਕਰਨ ਅਤੇ ਮਹਿੰਗਾਈ ਅਨੁਸਾਰ ਤਨਖ਼ਾਹ ਵਧਾਉਣ ਦੀ ਮੰਗ ਕਰਨਾ, ਪੱਕੇ ਤੇ ਸਨਮਾਨਜਨਕ ਰੋਜ਼ਗਾਰ ਲਈ ਸੰਘਰਸ਼ ਕਰਨਾ ਮਜ਼ਦੂਰਾਂ ਦਾ ਸੰਵਿਧਾਨਕ ਹੱਕ ਹੈ। ਕਿਸੇ ਮੁੱਦੇ ਬਾਰੇ ਆਪਣੇ ਵਿਚਾਰ ਪ੍ਰਗਟਾਉਣਾ ਅਤੇ ਆਪਣੇ ਹਿਤਾਂ ਲਈ ਇਕੱਠੇ ਹੋਣਾ ਤੇ ਸੰਘਰਸ਼ ਕਰਨਾ ਮੁੱਢਲੇ ਜਮਹੂਰੀ ਹੱਕ ਹਨ। ਮਜ਼ਦੂਰਾਂ ਦੀ ਜ਼ਿੰਦਗੀ ਅਤੇ ਕੰਮ ਦੇ ਭੈੜੇ ਹਾਲਾਤਾਂ ਨੂੰ

ਹਿਤਾਂ ਲਈ ਸੰਘਰਸ਼ ਕਰਨ ਦੇ ਹੱਕ ਨੂੰ ਗਿਣ-ਮਿੱਥਕੇ ਨਿਸ਼ਾਨਾ ਬਣਾਇਆ ਗਿਆ ਹੈ।

ਇਨ੍ਹਾਂ ਸੰਘਰਸ਼ਾਂ ਨੇ ਜਥੇਬੰਦੀ ਅਤੇ ਸਮੂਹਿਕ ਸੰਘਰਸ਼ਾਂ ਦਾ ਮਹੱਤਵ ਇਕ ਵਾਰ ਫਿਰ ਉਜਾਗਰ ਕਰ ਦਿੱਤਾ ਹੈ। ਸਮੂਹ ਲੋਕ ਹਿਤੈਸ਼ੀ ਤਾਕਤਾਂ ਨੂੰ ਜ਼ੋਰਦਾਰ ਹੰਭਲਾ ਮਾਰ ਕੇ ਸਰਕਾਰਾਂ ਦੇ ਫਾਸ਼ੀਵਾਦੀ ਜਾਬਰ ਹੱਲੇ ਵਿਰੁੱਧ ਲੋਕ ਤਾਕਤ ਉਸਾਰਨੀ ਚਾਹੀਦੀ ਹੈ ਅਤੇ ਮੰਗ ਕਰਨੀ ਚਾਹੀਦੀ ਹੈ ਕਿ ਨੋਇਡਾ ਅਤੇ ਮਾਨੇਸਰ ਦੇ ਉਦਯੋਗਿਕ ਖੇਤਰਾਂ ਵਿੱਚ ਝੂਠੇ ਕੇਸ ਬਣਾਕੇ ਗ੍ਰਿਫ਼ਤਾਰ ਸਾਰੇ





ਵਧਾਉਣ ਲਈ ਕੀਤੇ ਗਏ। ਇਰਾਨ ਵਿਰੁੱਧ ਜੰਗ ਨਾਲ ਬਣੇ ਤੇਲ ਤੇ ਗੈਸ ਸੰਕਟ ਕਾਰਨ ਅਸਹਿ ਮਹਿੰਗਾਈ ਹੇਠ ਪਿਸ ਰਹੇ ਮਜ਼ਦੂਰਾਂ ਲਈ ਗੁਜ਼ਾਰਾ ਕਰਨਾ ਬੇਹੱਦ ਮੁਸ਼ਕਲ ਹੋ ਗਿਆ ਹੈ। ਠੇਕਾ ਕਾਮਿਆਂ ਨੂੰ ਪੱਕੇ ਕਰਨਾ ਵੀ ਵੱਡੀ ਮੰਗ ਹੈ।

ਅੰਦੋਲਨ ਦੀ ਸ਼ੁਰੂਆਤ 2 ਅਪ੍ਰੈਲ ਨੂੰ ਹਰਿਆਣਾ ਦੇ ਮਾਨੇਸਰ ਵਿੱਚ ਕਈ ਫੈਕਟਰੀਆਂ ਦੇ ਮਜ਼ਦੂਰਾਂ ਦੀ ਹੜਤਾਲ ਨਾਲ ਹੋਈ ਅਤੇ ਇਹ ਮਾਨੇਸਰ ਉਦਯੋਗਿਕ ਖੇਤਰ ਦੀਆਂ ਕਈ ਇਕਾਈਆਂ ਵਿੱਚ ਤੇਜ਼ੀ ਨਾਲ ਫੈਲ ਗਈ। 7000 ਤੋਂ ਵੱਧ ਮਜ਼ਦੂਰਾਂ ਨੇ ਕੰਮ ਬੰਦ ਕਰ ਦਿੱਤਾ। ਇਸ ਰੋਹ ਭਰੇ ਸੰਘਰਸ਼ ਦੇ ਦਬਾਅ ਹੇਠ ਹਰਿਆਣੇ ਦੇ ਮੁੱਖ ਮੰਤਰੀ ਨੂੰ ਘੱਟੋ-ਘੱਟ ਤਨਖ਼ਾਹ ਵਿਚ ਕੁਝ ਵਾਧਾ ਕਰਨਾ ਪਿਆ। ਮਜ਼ਦੂਰਾਂ ਨੇ ਹੋਰ ਮੰਗਾਂ ਲਈ ਸੰਘਰਸ਼ ਜਾਰੀ ਰੱਖਿਆ, ਇਸ ਤੋਂ ਬੁਖਲਾ ਕੇ ਹਰਿਆਣਾ ਸਰਕਾਰ ਨੇ ਅੰਦੋਲਨਕਾਰੀਆਂ ਵਿਰੁੱਧ ਪੁਲਿਸ ਤਾਕਤ ਵਰਤੀ ਅਤੇ ਇਨਕਲਾਬੀ ਮਜ਼ਦੂਰ ਕੇਂਦਰ ਦੇ 6 ਕਾਰਕੁਨਾਂ ਸਮੇਤ 55 ਤੋਂ ਵੱਧ ਮਜ਼ਦੂਰਾਂ ਨੂੰ ਦੋ ਐੱਫਆਈਆਰ ਵਿਚ ਗ੍ਰਿਫ਼ਤਾਰ ਕਰ ਲਿਆ।

ਤਨਖ਼ਾਹ ਵਾਧੇ ਦੀ ਮੰਗ ਤੇਜ਼ੀ ਨਾਲ ਯੂ.ਪੀ. ਦੇ ਨੋਇਡਾ ਉਦਯੋਗਿਕ ਖੇਤਰਾਂ ਵਿੱਚ ਵੀ ਫੈਲ ਗਈ। ਰਿਚਾ ਗਲੋਬਲ ਟੈਕਸਟਾਈਲਜ਼ ਤੋਂ ਸ਼ੁਰੂ ਹੋਇਆ ਅੰਦੋਲਨ ਹੋਰ ਫੈਕਟਰੀਆਂ ਤੱਕ ਫੈਲ ਗਿਆ। 9 ਅਤੇ 10 ਅਪ੍ਰੈਲ ਨੂੰ 10,000 ਤੋਂ ਵੱਧ ਮਜ਼ਦੂਰ ਸੜਕਾਂ 'ਤੇ ਉਤਰ ਆਏ। ਯੂਪੀ ਪੁਲਿਸ ਨੇ ਅੰਦੋਲਨ ਨੂੰ ਕੁਚਲਣ ਲਈ ਜਾਬਰ ਤਰੀਕੇ ਅਪਣਾਏ। ਇਸ ਦੌਰਾਨ ਹੋਈਆਂ ਕੁਝ ਹਿੰਸਾ ਦੀਆਂ ਘਟਨਾਵਾਂ ਬਾਰੇ ਖ਼ੁਲਾਸੇ ਹੋ ਰਹੇ ਹਨ ਕਿ ਇਹ ਅੰਦੋਲਨ ਨੂੰ ਅਸਫ਼ਲ ਬਣਾਉਣ ਲਈ ਵੱਟਸਐਪ ਗਰੁੱਪਾਂ ਅਤੇ ਇਕੱਠਾਂ ਵਿਚ ਘੁਸੇ ਅਨਸਰਾਂ ਵੱਲੋਂ ਕੀਤੀ ਗਈ ਸੀ। ਜੇਕਰ ਇਹ ਵੀ ਮੰਨ ਲਿਆ ਜਾਵੇ ਕਿ ਮਜ਼ਦੂਰਾਂ ਨੇ ਗੁੱਸੇ ਵਿਚ ਆ ਕੇ ਹਿੰਸਾ ਕੀਤੀ ਤਾਂ ਇਹ ਫੈਕਟਰੀ ਮੈਨੇਜਮੈਂਟਾਂ ਵੱਲੋਂ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਕੀਤੀਆਂ ਜਾ ਰਹੀਆਂ ਲਾਕਾਨੂੰਨੀਆਂ ਅਤੇ ਕਿਰਤੀਆਂ ਦੇ ਨਿਚੋੜੇ ਜਾ ਰਹੇ ਲਹੂ ਦੇ ਮੁਕਾਬਲੇ ਕੁਝ ਵੀ ਨਹੀਂ ਹੈ।

ਪੁਲਿਸ ਨੇ ਅੰਦੋਲਨ ਨੂੰ ਦਬਾਉਣ ਲਈ ਹਜ਼ਾਰਾਂ ਮਜ਼ਦੂਰ ਅਤੇ ਮਜ਼ਦੂਰਾਂ ਦੀ ਹਮਾਇਤ ਕਰਨ ਵਾਲੇ ਕਾਰਕੁਨ ਹਿਰਾਸਤ ਵਿੱਚ ਲੈ ਲਏ। ਕਈ ਐੱਫਆਈਆਰ ਦਰਜ ਕੀਤੀਆਂ ਗਈਆਂ ਅਤੇ ਅੱਜ ਵੀ ਸੱਤ ਕਾਰਕੁਨ ਅਤੇ ਬਹੁਤ ਸਾਰੇ ਮਜ਼ਦੂਰ ਜੇਲ੍ਹਾਂ ਵਿੱਚ ਹਨ। ਇਸ ਸੰਘਰਸ਼ ਦੇ ਦਬਾਅ ਹੇਠ ਯੂਪੀ ਦੇ ਮੁੱਖ ਮੰਤਰੀ ਨੇ ਵੀ ਸੰਘਰਸ਼ ਦੀ ਧਾਰ ਖੁੰਢੀ ਕਰਨ ਲਈ ਉਦਯੋਗਿਕ ਖੇਤਰ, ਗੌਤਮ ਬੁੱਧ ਨਗਰ ਜ਼ਿਲ੍ਹੇ ਵਿਚ ਘੱਟੋ-ਘੱਟ ਮਹਿੰਗਾਈ ਦੇ ਮੁਕਾਬਲੇ ਅਜੇ ਵੀ ਬਹੁਤ ਨਿਗੂਣਾ ਹੈ, ਦੂਜੇ ਪਾਸੇ ਮਜ਼ਦੂਰਾਂ ਨੂੰ ਖ਼ੌਫ਼ਜ਼ਦਾ ਕਰਕੇ ਸੰਘਰਸ਼ ਤੋਂ ਦੂਰ ਕਰਨ ਲਈ ਜਾਬਰ ਹੱਲਾ ਵਿੱਢ ਦਿੱਤਾ ਗਿਆ ਹੈ। ਉੱਤਰ ਪ੍ਰਦੇਸ਼ ਦੇ ਗੌਤਮ ਬੁੱਧ ਨਗਰ ਜ਼ਿਲ੍ਹੇ (ਨੋਇਡਾ ਖੇਤਰ) ਪੁਲਿਸ ਕਮਿਸ਼ਨਰੇਟ ਵੱਲੋਂ ਮਜ਼ਦੂਰਾਂ ਅਤੇ ਕਾਰਕੁਨਾਂ ਵਿਰੁੱਧ ਕੌਮੀ ਸੁਰੱਖਿਆ ਐਕਟ (ਐੱਨ.ਐੱਸ.ਏ.) ਲਗਾਇਆ ਗਿਆ ਹੈ।

ਪ੍ਰਸਿੱਧ ਲੋਕਪੱਖੀ ਬੁੱਧੀਜੀਵੀ ਅਤੇ ਪੱਤਰਕਾਰ ਸਤਿਅਮ ਵਰਮਾ ਅਤੇ ਰੰਗਕਰਮੀ ਆਕ੍ਰਿਤੀ ਨੂੰ ਐੱਨ.ਐੱਸ.ਏ. ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਨੋਇਡਾ ਵਿੱਚ ਵਧ ਰਹੇ ਮਜ਼ਦੂਰ ਅੰਦੋਲਨ ਨਾਲ ਸੰਬੰਧਤ ਦਰਸਾ ਕੇ ਇਹਤਿਹਾਤੀ ਨਜ਼ਰਬੰਦੀ ਤਹਿਤ ਜੇਲ੍ਹ ਵਿਚ ਡੱਕ ਦਿੱਤਾ ਗਿਆ ਹੈ। ਇਸੇ ਸਿਲਸਿਲੇ 'ਚ ਸਾਫਟਵੇਅਰ ਇੰਜੀਨੀਅਰ ਅਦਿੱਤਿਆ ਆਨੰਦ, ਕਾਰਕੁਨ ਮਨੀਸ਼ਾ, ਵਿਦਿਆਰਥੀ ਹਿਮਾਂਸ਼ੂ ਠਾਕੁਰ ਅਤੇ ਕਲਾਕਾਰ ਸ਼੍ਰਿਸ਼ਟੀ ਗੁਪਤਾ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸ਼੍ਰਿਸ਼ਟੀ ਕਲਾ ਭਵਨ ਸ਼ਾਂਤੀ ਨਿਕੇਤਨ ਦੀ ਗਰੈਜੂਏਟ ਹੈ ਅਤੇ ਉਸਨੂੰ 11 ਅਪ੍ਰੈਲ ਨੂੰ ਬੌਟਨੀਕਲ ਗਾਰਡਨ ਮੈਟਰੋ ਸਟੇਸ਼ਨ ਤੋਂ ਗਿ ?ਰਫ਼ਤਾਰ ਕੀਤਾ ਗਿਆ।

ਇਸ ਤਰ੍ਹਾਂ ਭਗਵਾ ਹਕੂਮਤ ਨੇ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਜੀਵਨ-ਗੁਜ਼ਾਰੇ ਲਈ ਤਨਖ਼ਾਹ ਵਿਚ ਲੋੜੀਂਦੇ ਵਾਧੇ ਦੀ ਅਸਲ ਲੜਾਈ ਨੂੰ ਅਮਨ-ਕਾਨੂੰਨ ਦੀ ਸਮੱਸਿਆ ਵਿੱਚ ਬਦਲ ਦਿੱਤਾ ਹੈ। ਪੀ.ਯੂ.ਸੀ.ਐੱਲ. ਅਤੇ ਹੋਰ ਜਥੇਬੰਦੀਆਂ ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਹਕੂਮਤੀ ਦਹਿਸ਼ਤ ਪਾਉਣ ਲਈ ਕਾਰਕੁਨਾਂ ਉੱਪਰ ਤਸ਼ੱਦਦ ਕੀਤਾ ਗਿਆ ਹੈ ਅਤੇ ਮਜ਼ਦੂਰਾਂ ਦਾ ਖ਼ਤਰਨਾਕ ਮੁਜਰਿਮਾਂ ਵਾਂਗ ਸ਼ਿਕਾਰ ਪਿੱਛਾ ਕੀਤਾ ਜਾ ਰਿਹਾ ਹੈ। ਹਿੰਸਾ ਦੀਆਂ ਵਧਾ-ਚੜ੍ਹਾ ਕੇ ਪੇਸ਼ ਕੀਤੀਆਂ ਕਹਾਣੀਆਂ ਰਾਹੀਂ ਮਹਿੰਗਾਈ, ਜੀਵਨ-ਗੁਜ਼ਾਰੇ ਅਤੇ ਮਜ਼ਦੂਰਾਂ ਦੇ ਮਕਾਨਾਂ ਦੇ ਕਿਰਾਏ ਦੇ ਖ਼ਰਚੇ ਵਧਣ ਵਰਗੇ ਅਸਲ ਮੁੱਦੇ ਦਬਾ ਦਿੱਤੇ ਗਏ ਹਨ।


ਗੌਤਮ ਬੁੱਧ ਨਗਰ ਪੁਲਿਸ ਕਮਿਸ਼ਨਰੇਟ ਦੇ ਮੀਡੀਆ ਸੈੱਲ ਵੱਲੋਂ 13 ਮਈ 2026 ਨੂੰ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਸੱਤਿਅਮ ਵਰਮਾ ਅਤੇ ਆਕਿ ?ਰਤੀ ਵਿਰੁੱਧ ਐੱਨ.ਐੱਸ.ਏ. ਦਾ ਇਸਤੇਮਾਲ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ "... ਹਿੰਸਕ ਪ੍ਰਦਰਸ਼ਨ, ਅੱਗਜ਼ਨੀ ਅਤੇ ਮਜ਼ਦੂਰ ਅੰਦੋਲਨ ਦੌਰਾਨ ਅਰਾਜਕਤਾ ਫੈਲਾਉਣ ਵਿੱਚ ਉਨ੍ਹਾਂ ਦੀ ਭੂਮਿਕਾ ਮਹੱਤਵਪੂਰਨ ਸਾਹਮਣੇ ਆਈ ਹੈ," ਅਤੇ ਉਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿੱਚ ਲੋਕਾਂ ਨੂੰ ਉਕਸਾ ਕੇ ਜਨਤਕ ਕਾਨੂੰਨ-ਵਿਵਸਥਾ ਭੰਗ ਕਰਨ ਦੀ ਕੋਸ਼ਿਸ਼ ਕੀਤੀ।

ਹਾਲਾਂਕਿ ਦੋਨਾਂ ਵਿੱਚੋਂ ਕੋਈ ਵੀ "...ਹਿੰਸਕ ਪ੍ਰਦਰਸ਼ਨ, ਅੱਗਜ਼ਨੀ, ਮਜ਼ਦੂਰ ਹੜਤਾਲ ਭੜਕਾਉਣ ਜਾਂ ਅਵਿਵਸਥਾ ਫੈਲਾਉਣ..." ਵਿੱਚ ਸ਼ਾਮਲ ਨਹੀਂ ਸੀ, ਫਿਰ ਵੀ ਉਨ੍ਹਾਂ 'ਤੇ ਐੱਨ.ਐੱਸ.ਏ. ਲਗਾਇਆ ਗਿਆ। ਪੁਲਿਸ ਉਨ੍ਹਾਂ ਨੂੰ ਕਥਿਤ ਹਿੰਸਕ ਅੰਦੋਲਨ ਦੇ ਮੁੱਖ ਸੂਤਰਧਾਰ ਬਣਾ ਕੇ ਪੇਸ਼ ਕਰ ਰਹੀ ਹੈ ਅਤੇ ਹੋਰ ਪ੍ਰਦਰਸ਼ਨਾਂ ਨੂੰ ਰੋਕਣ ਦੇ ਨਾਂ 'ਤੇ "ਇਹਤਿਹਾਤੀ ਨਜ਼ਰਬੰਦੀ"ਤਹਿਤ ਜੇਲ੍ਹ ਵਿਚ ਰੱਖਿਆ ਜਾ ਰਿਹਾ ਹੈ। ਜੇਕਰ ਕੋਈ ਬੁੱਧੀਜੀਵੀ ਜਾਂ ਕਾਰਕੁਨ ਕਿਰਤ ਕਾਨੂੰਨਾਂ ਨੂੰ ਲਾਗੂ ਕਰਨ ਦੀ ਗੱਲ ਕਰਦਾ ਹੈ ਤਾਂ ਪੁਲਿਸ-ਪ੍ਰਸ਼ਾਸਨ ਚੀਕ ਉੱਠਦਾ ਹੈ ਕਿ ਇਸ ਨਾਲ 'ਭਾਰਤ ਦੀ ਸੁਰੱਖਿਆ ਨੂੰ ਖ਼ਤਰਾ' ਪੈਦਾ ਹੋ ਗਿਆ ਹੈ। ਸਰਮਾਏਦਾਰ ਕਾਰੋਬਾਰੀਆਂ ਅਤੇ ਵੱਡੇ-ਵੱਡੇ ਕਾਰਪੋਰੇਟ ਉਦਯੋਗਾਂ ਦੀਆਂ ਮੈਨੇਜਮੈਂਟਾਂ ਵੱਲੋਂ ਕੀਤੀ ਜਾ ਰਹੀ ਲੁੱਟ ਸਰਕਾਰਾਂ ਅਤੇ ਪੁਲਿਸ-ਪ੍ਰਸ਼ਾਸਨ ਲਈ 'ਕੌਮੀ ਵਿਕਾਸ' ਹੈ। ਨਿਆਂ ਪ੍ਰਣਾਲੀ ਦੇ ਕਈ ਜੱਜ ਵੀ ਇਹੀ ਸਰਕਾਰੀ ਦਲੀਲ ਦਿੰਦੇ ਦੇਖੇ ਜਾ ਸਕਦੇ ਹਨ। ਇਹ ਇਸ ਲੋਟੂ ਪ੍ਰਬੰਧ ਦਾ ਜਮਾਤੀ ਚਿਹਰਾ ਹੈ। ਯੂਪੀ ਪੁਲਿਸ ਨੇ ਦੋ ਹੋਰ ਕਾਰਕੁਨਾਂ-ਰੂਪੇਸ਼ ਅਤੇ ਆਦਿਤਿਆ ਆਨੰਦ ਉੱਪਰ ਵੀ ਐੱਨ.ਐੱਸ.ਏ. ਲਗਾਉਣ ਦਾ ਇਰਾਦਾ ਜ਼ਾਹਿਰ ਕੀਤਾ ਹੈ। ਜਦੋਂ ਕਿ ਆਦਿਤਿਆ ਆਨੰਦ ਨੇ ਵੀਡੀਓ ਅਪੀਲ ਜਾਰੀ ਕਰਕੇ ਮਜ਼ਦੂਰਾਂ ਨੂੰ ਸ਼ਾਂਤੀਪੂਰਨ ਢੰਗ ਨਾਲ ਹੜਤਾਲ ਕਰਨ ਅਤੇ ਕਿਸੇ ਵੀ ਕਿਸਮ ਦੀ ਹਿੰਸਾ ਤੋਂ ਬਚਣ ਦੀ ਅਪੀਲ ਕੀਤੀ ਸੀ। ਇਸ ਵੀਡੀਓ ਨੂੰ ਪੁਲਿਸ ਉਸਦੇ "ਮਾਸਟਰਮਾਈਂਡ" ਹੋਣ ਦਾ ਸਬੂਤ ਦੱਸ ਰਹੀ ਹੈ। ਇਹ ਵੀ ਸੰਭਵ ਹੈ ਕਿ ਆਉਣ

ਨਜ਼ਰਅੰਦਾਜ਼ ਕਰਨ ਵਿਚ ਆਪਣੀ ਮੁਜਰਮਾਨਾ ਭੂਮਿਕਾ ਨੂੰ ਸਵੀਕਾਰ ਕਰਨ ਦੀ ਬਜਾਏ ਨਾਗਰਿਕਾਂ ਦੇ ਇਸ ਸੰਵਿਧਾਨਕ ਹੱਕ ਨੂੰ ਅਪਰਾਧ ਬਣਾ ਕੇ ਅਤੇ ਐੱਨ.ਐੱਸ.ਏ. ਲਗਾਕੇ ਸਰਕਾਰ ਨੇ ਆਪਣੀ ਮਜ਼ਦੂਰ ਵਿਰੋਧੀ ਅਤੇ ਕਾਰਪੋਰੇਟ ਹਿਤੈਸ਼ੀ ਖ਼ਸਲਤ ਦਾ ਪ੍ਰਤੱਖ ਸਬੂਤ ਪੇਸ਼ ਕੀਤਾ ਹੈ।

ਮਾਨਵਤਾ ਦੇ ਲੰਮੇ ਸੰਘਰਸ਼ ਰਾਹੀਂ ਪ੍ਰਫੁੱਲਤ ਹੋਈਆਂ ਜਮਹੂਰੀ ਕਦਰਾਂ-ਕੀਮਤਾਂ ਦੇ ਮੱਦੇਨਜ਼ਰ ਜਾਬਰ ਕਾਨੂੰਨ ਐੱਨ.ਐੱਸ.ਏ. ਬਣਾਉਣਾ ਅਤੇ ਇਸਨੂੰ ਹੱਕੀ ਸੰਘਰਸ਼ਾਂ ਅਤੇ ਲੋਕਪੱਖੀ ਵਿਦਵਾਨਾਂ ਤੇ ਕਾਰਕੁਨਾਂ ਨੂੰ ਦਬਾਉਣ ਲਈ ਵਰਤਣਾ ਭਾਰਤੀ ਹਾਕਮ ਜਮਾਤ ਦੀ ਤਾਨਾਸ਼ਾਹ ਜ਼ਿਹਨੀਅਤ ਨੂੰ ਦਰਸਾਉਂਦਾ ਹੈ। ਉਹ ਮਜ਼ਦੂਰਾਂ ਤੇ ਹੋਰ ਮਿਹਨਤਕਸ਼ਾਂ ਦੀ ਕੀਮਤ 'ਤੇ ਅੰਨ੍ਹੀ ਲੁੱਟ ਦੀ ਖੁੱਲ੍ਹੀ ਛੋਟ ਦੇ ਕੇ ਕਾਰਪੋਰੇਟ ਕਾਰੋਬਾਰਾਂ ਦੇ ਮੁਨਾਫ਼ੇ ਯਕੀਨੀਂ ਬਣਾਉਣਾ ਚਾਹੁੰਦੇ ਹਨ। ਇਸੇ ਲਈ ਕਿਰਤ ਕਾਨੂੰਨਾਂ ਵਿਚ ਵੱਡੀ ਰੱਦੋਬਦਲ ਕਰਕੇ ਚਾਰ ਕਿਰਤ ਕੋਡ ਪਾਸ ਕੀਤੇ ਗਏ ਹਨ। ਭਗਵਾ ਹਕੂਮਤ ਭਲੀਭਾਂਤ ਜਾਣਦੀ ਹੈ ਕਿ ਕਾਰਪੋਰੇਟ ਹਿਤੈਸ਼ੀ 'ਵਿਕਾਸ' ਨਾਲ ਆਮ ਲੋਕਾਂ ਦਾ ਜੀਵਨ ਗੁਜ਼ਾਰਾ ਦਿਨੋ-ਦਿਨ ਵਧੇਰੇ ਤੋਂ ਵਧੇਰੇ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਇਨ੍ਹਾਂ ਹਾਲਾਤ ਤੋਂ ਤੰਗ ਮਜ਼ਦੂਰ ਸੜਕਾਂ ਉੱਪਰ ਆਉਣਗੇ ਅਤੇ ਸੰਘਰਸ਼ਾਂ ਦੇ ਦਬਾਅ ਰਾਹੀਂ ਆਪਣੇ ਹੱਕ ਲੈਣ ਦਾ ਰਾਹ ਅਖ਼ਤਿਆਰ ਕਰਨਗੇ। ਮੌਜੂਦਾ ਜਬਰ ਭਵਿੱਖੀ ਸੰਘਰਸ਼ਾਂ ਨੂੰ ਰੋਕਣ ਦੀ ਪੇਸ਼ਬੰਦੀ ਹੈ। ਇਸ ਸੰਘਰਸ਼ ਵਿਚ ਐੱਨ.ਐੱਸ.ਏ. ਲਗਾ ਕੇ ਹਕੂਮਤ ਵੱਲੋਂ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ, ਜਥੇਬੰਦੀ ਬਣਾਉਣ ਅਤੇ ਇਕੱਠੇ ਹੋ ਕੇ ਆਪਣੇ

ਕਾਰਕੁਨਾਂ, ਕਲਾਕਾਰਾਂ ਅਤੇ ਮਜ਼ਦੂਰਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਆਕ੍ਰਿਤੀ ਅਤੇ ਸਤਿਅਮ ਵਰਮਾ ਉੱਤੇ ਲਗਾਇਆ ਐੱਨ.ਐੱਸ.ਏ. ਤੁਰੰਤ ਵਾਪਸ ਲਿਆ ਜਾਵੇ ਅਤੇ ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਸਰਕਾਰ ਸੰਘਰਸ਼ਸ਼ੀਲਾਂ ਉੱਪਰਐੱਨ.ਐੱਸ.ਏ. ਲਗਾਉਣਾ ਬੰਦ ਕਰੇ। ਇਹ ਕਥਿਤ ਕੌਮੀ ਸੁਰੱਖਿਆ ਐਕਟ ਰੱਦ ਕੀਤਾ ਜਾਵੇ। ਮਜ਼ਦੂਰਾਂ, ਬੁੱਧੀਜੀਵੀਆਂ ਅਤੇ ਕਾਰਕੁਨਾਂ ਦਾ ਅਕਸ ਵਿਗਾੜਣ ਲਈ ਝੂਠੇ ਬਿਰਤਾਂਤ ਘੜਨ ਵਾਲੇ, ਜਮਹੂਰੀ ਸੰਘਰਸ਼ ਨੂੰ ਦਬਾਉਣ ਲਈ ਗ਼ੈਰਕਾਨੂੰਨੀ ਗ੍ਰਿਫ਼ਤਾਰੀਆਂ, ਤਸ਼ੱਦਦ ਕਰਨ ਅਤੇ ਤਾਕਤ ਦੀ ਅੰਨ੍ਹੀ ਵਰਤੋਂ ਕਰਨ ਵਾਲੇ ਪੁਲਿਸ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸਰਕਾਰਾਂ ਵੱਲੋਂ ਪਿਛਲੇ ਦਹਾਕਿਆਂ ਵਿਚ ਲਾਗੂ ਕੀਤੇ 'ਵਿਕਾਸ' ਮਾਡਲ ਦੇ ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ ਹਿੱਸਿਆਂ ਉੱਪਰ ਪਏ ਤਬਾਹਕੁਨ ਅਸਰਾਂ ਦੀ ਜਾਂਚ ਲਈ ਸੁਤੰਤਰ ਬੁੱਧੀਜੀਵੀਆਂ, ਟਰੇਡ ਯੂਨੀਅਨ ਆਗੂਆਂ, ਸਮਾਜ ਸ਼ਾਸਤਰੀਆਂ ਅਤੇ ਕਾਨੂੰਨੀ ਮਾਹਰਾਂ ਨੂੰ ਸ਼ਾਮਲ ਕਰਕੇ ਉੱਚ ਪੱਧਰੀ ਕਮਿਸ਼ਨ ਬਣਾਇਆ ਜਾਵੇ ਜੋ ਵੱਖ-ਵੱਖ ਰਾਜਾਂ ਵਿੱਚ ਮਜ਼ਦੂਰਾਂ, ਖ਼ਾਸ ਕਰਕੇ ਪਰਵਾਸੀ ਮਜ਼ਦੂਰਾਂ, ਦੀ ਸਥਿਤੀ ਅਤੇ ਘੱਟੋ-ਘੱਟ ਮਜ਼ਦੂਰੀ ਦੀ ਸਮੀਖਿਆ ਕਰੇ। ਕਮਿਸ਼ਨ ਮਜ਼ਦੂਰਾਂ ਉੱਤੇ ਪੈ ਰਹੇ ਆਰਥਕ ਦਬਾਅ ਦੇ ਮੂਲ ਕਾਰਨਾਂ ਨੂੰ ਸਮਝ ਕੇ ਇਸਦੇ ਉਚਿਤ ਹੱਲ ਪੇਸ਼ ਕਰੇ। ਸਰਕਾਰ ਕੇਂਦਰੀ ਟਰੇਡ ਯੂਨੀਅਨਾਂ ਦੀ ਮੰਗ 'ਤੇ ਵਿਚਾਰ ਕਰੇ ਜਿਸ ਵਿੱਚ ਘੱਟੋ-ਘੱਟ ਮਜ਼ਦੂਰੀ ਘੱਟੋ-ਘੱਟ 30,000 ਪ੍ਰਤੀ ਮਹੀਨਾ ਕਰਨ ਦੀ ਮੰਗ ਕੀਤੀ ਗਈ ਹੈ।

## ਕਾਰਲ ਮਾਰਕਸ ਜਨਮ ਦਿਹਾੜਾ ਸਮਾਗਮ

# ਮਾਰਕਸੀ ਵਿਚਾਰਧਾਰਾ ਇਨਕਲਾਬੀ ਸਮਾਜਕ ਤਬਦੀਲੀ ਲਈ ਅੱਜ ਵੀ ਪ੍ਰਸੰਗਕ: ਬੂਟਾ ਸਿੰਘ

ਜਲੰਧਰ (ਬਲਜਿੰਦਰ ਸਿੰਘ ਪਟਿਆਲਾ) : ਕਾਰਲ ਮਾਰਕਸ ਦੇ 208ਵੇਂ ਜਨਮ ਦਿਹਾੜੇ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ 'ਅਜੋਕੇ ਸਮੇਂ 'ਚ ਮਾਰਕਸਵਾਦ ਦੀ ਪ੍ਰਸੰਗਕਤਾ' ਵਿਸ਼ੇ 'ਤੇ ਹੋਈ ਵਿਚਾਰ-ਚਰਚਾ ਨੇ ਨਿਚੋੜ ਕੱਢਿਆ ਕਿ ਪੂੰਜੀਵਾਦ ਦੇ ਸਿਖ਼ਰਲੇ ਪੜਾਅ ਸਾਮਰਾਜਵਾਦ ਨੇ ਪੂਰੀ ਤਰ੍ਹਾਂ ਨਿਸੰਗ ਹੋ ਕੇ ਦੁਨੀਆਂ ਨੂੰ ਆਪਣਾ ਲੋਟੂ, ਜੰਗਬਾਜ਼ ਅਤੇ ਫਾਸ਼ੀ ਚਿਹਰਾ ਉਘਾੜਕੇ ਦਿਖਾ ਦਿੱਤਾ ਹੈ। ਜਿਸ ਖ਼ਿਲਾਫ਼ ਲੋਕ ਵਿਰੋਧ ਵੀ ਸੰਸਾਰ ਮੰਚ 'ਤੇ ਸਾਹਮਣੇ ਆ ਰਿਹਾ ਹੈ। ਇਸ ਵਿਚਾਰ-ਚਰਚਾ ਦੇ ਸ਼ੁਰੂਆਤੀ ਸ਼ਬਦ ਬੋਲਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਸਮਾਜ ਨੂੰ ਚਿੰਬੜੇ ਚੌਤਰਫ਼ਾ ਰੋਗਾਂ ਦਾ ਇਲਾਜ ਮਾਰਕਸਵਾਦੀ ਵਿਗਿਆਨ ਪਾਸ ਹੀ ਹੈ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਪਰ ਇਹ ਇਲਾਜ ਕੋਈ ਸੁਭਾਵਕ ਵਰਤਾਰਾ ਨਹੀਂ। ਇਸ ਲਈ ਸਮਾਜ ਦੀਆਂ ਤਬਦੀਲੀ-ਪਸੰਦ ਸ਼ਕਤੀਆਂ ਨੂੰ ਆਪਣੀ ਚੇਤਨ ਭੂਮਿਕਾ ਅਦਾ ਕਰਨ ਲਈ ਅੱਗੇ ਆਉਣ ਦੀ ਲੋੜ ਹੈ। ਜਨਰਲ ਸਕੱਤਰ ਨੇ ਜ਼ੋਰ ਦਿੱਤਾ ਕਿ ਵਿਚਾਰ-ਚਰਚਾਵਾਂ ਦੇ ਅਜੇਹੇ ਸਿਲਸਲੇ ਨੂੰ ਨਿਰੰਤਰ ਜਾਰੀ ਰੱਖਣਾ





ਸਮੇਂ ਦੀ ਤਿੱਖੀ ਮੰਗ ਹੈ। 'ਅਜੋਕੇ ਸਮੇਂ 'ਚ ਮਾਰਕਸਵਾਦ ਦੀ ਪ੍ਰਸੰਗਕਤਾ' ਵਿਸ਼ੇ ਉਪਰ ਆਪਣੇ ਭਾਸ਼ਣ ਨੂੰ ਕੇਂਦਰਤ ਕਰਦਿਆਂ ਲੇਖਕ, ਅਨੁਵਾਦਕ ਅਤੇ ਜਮਹੂਰੀ ਹੱਕਾਂ ਦੀ ਲਹਿਰ ਦੇ ਜਾਣੇ-ਪਹਿਚਾਣੇ ਝੰਡਾ ਬਰਦਾਰ ਬੂਟਾ ਸਿੰਘ ਮਹਿਮੂਦਪੁਰ ਨੇ ਕਿਹਾ ਕਿ ਕਾਰਲ ਮਾਰਕਸ ਦਾ ਜਨਮ ਦਿਹਾੜਾ, ਮਜ਼ਦੂਰ ਜਮਾਤ ਦੀ ਪੁੱਗਤ ਵਾਲੇ ਨਵੇਂ ਸਮਾਜ ਦੀ ਸਿਰਜਣਾ ਦਾ ਜਨਮ ਦਿਹਾੜਾ ਹੈ। ਕਾਰਨ ਮਾਰਕਸ ਨੇ ਇਹ ਨੁਕਤਾ ਉਭਾਰਕੇ ਸਾਹਮਣੇ ਲਿਆਂਦਾ ਕਿ ਪੂੰਜੀਵਾਦ ਆਪਣੇ ਵਜੂਦ ਦੇ ਅੰਦਰ ਸਮੋਈ ਵਿਰੋਧਤਾਈ ਕਾਰਨ ਇਹ ਨਿਰੰਤਰ ਸੰਕਟ ਵਿੱਚ ਘਿਰਿਆ ਹੈ। ਭਾਵੇਂ ਇਹ ਢੋਲ ਇਉਂ ਪਿੱਟਦਾ ਹੈ ਕਿ ਸਰਮਾਇਦਾਰੀ ਪ੍ਰਬੰਧ ਸਦੀਵੀ ਹੈ। ਪਰ ਹਕੀਕਤ ਇਹ ਹੈ ਕਿ ਇਸਦੇ ਧੁਰ ਅੰਦਰ ਹੀ ਇਸਦੀ ਆਪਣੀ ਕਬਰ ਖੋਦੇ ਜਾਣ ਦੇ ਲੱਛਣ ਸਮੋਏ ਹਨ। ਬੂਟਾ ਸਿੰਘ ਮਹਿਮੂਦਪੁਰ ਨੇ ਇਤਿਹਾਸਕ ਤੱਥਾਂ ਅਤੇ ਅਜੋਕੇ ਸਮੇਂ ਦੀਆਂ ਚਿੱਟੇ ਦਿਨ ਵਰਗੀਆਂ ਹਕੀਕਤਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਨਕਲਾਬੀ ਸਮਾਜਕ ਤਬਦੀਲੀ ਲਈ ਮਾਰਕਸੀ ਫ਼ਲਸਫ਼ਾ ਅੱਜ ਵੀ ਸਰਵੋਤਮ ਰਾਜਨੀਤਕ ਧਾਰਾ ਹੈ। ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਭਾਸ਼ਣ ਵਿੱਚ ਇਹ ਪੱਖ ਉੱਭਰਵੇਂ ਰੂਪ ਵਿੱਚ ਪੇਸ਼ ਕੀਤਾ ਕਿ ਉਪਰੋਂ ਪੱਕੇ ਪੈਰੀਂ ਹੋਣ ਦੀਆਂ ਬੜ੍ਹਕਾਂ ਮਾਰਦਾ ਅਜੋਕਾ ਲੋਕ-ਦੋਖੀ ਪ੍ਰਬੰਧ ਮਾਰਕਸੀ ਚਿੰਤਨ ਦੀਆਂ ਨਜ਼ਰਾਂ 'ਚ ਅੰਦਰੋਂ ਖੋਖਲਾ ਹੈ। ਉਹ ਆਪਣੀ ਹੋਂਦ ਲਈ ਜੰਗਾਂ, ਫਾਸ਼ੀ ਹੱਲਿਆਂ ਦਾ ਸਹਾਰਾ ਲੈ ਕੇ ਅੱਕੀ 'ਪਲਾਹੀ' ਹੱਥ ਮਾਰਦਾ ਹੈ ਇਸਦੇ ਨਤੀਜੇ ਵਜੋਂ ਉਹ ਹੋਰ ਵੀ ਡੂੰਘੇ ਸੰਕਟਾਂ ਵਿੱਚ ਘਿਰਦਾ ਜਾ ਰਿਹਾ ਹੈ। ਅਖ਼ੀਰ 'ਚ ਬੂਟਾ ਸਿੰਘ ਨੇ ਕਿਹਾ ਕਿ ਅਨੇਕਾਂ ਸਮੱਸਿਆਵਾਂ ਵਿੱਚ ਘਿਰੇ ਸੰਸਾਰ ਪ੍ਰਬੰਧ ਲਈ ਮੁਕਤੀ, ਖ਼ੁਸ਼ਹਾਲੀ, ਤਰੱਕੀ, ਬਰਾਬਰੀ ਅਤੇ ਅਮਨ ਦਾ ਮਾਰਗ ਦਰਸਾਵਾ ਮਾਰਕਸਵਾਦੀ ਵਿਗਿਆਨਕ ਵਿਚਾਰਧਾਰਾ ਹੀ ਹੈ। ਇਸ ਮੌਕੇ ਮਾਸਟਰ ਮਦਨ ਲਾਲ ਬੁੱਲੋਵਾਲ, ਡਾ. ਜਗਜੀਤ ਸਿੰਘ ਚੀਮਾ, ਮੰਗਤ ਰਾਮ ਪਾਸਲਾ, ਡਾ. ਸੈਲੇਸ਼, ਅਮੀਸ਼ ਬਾਗ਼ਪੁਰ, ਅਮਰੀਕ ਸਿੰਘ ਆਰ.ਸੀ.ਐਫ., ਕੇਸਰ, ਰਮੇਸ਼ ਚੌਹਕਾ ਅਤੇ ਪ੍ਰੋ. ਕੇਵਲ ਕਲੋਟੀ ਨੇ ਵੀ ਆਪਣੇ ਵਿਚਾਰ ਰੱਖੇ। ਵਿਚਾਰ-ਚਰਚਾ ਨੇ ਬਹੁਤ ਹੀ ਨਿਤਰਵੇਂ ਰੂਪ 'ਚ ਕਿਹਾ ਕਿ ਪੂੰਜੀਵਾਦ, ਨਵ ਉਦਾਰਵਾਦ ਵਰਗੀਆਂ ਸਭੇ ਘੜੀਆਂ ਯੁਗਤਾਂ ਘੱਟੇ ਰੁਲ ਰਹੀਆਂ ਹਨ। ਪੂੰਜੀਵਾਦੀ ਪ੍ਰਬੰਧ ਸਥਾਈ ਤੌਰ 'ਤੇ ਨਹੀਂ ਰਹਿ ਸਕਦਾ। ਇਸਦਾ ਜਕੜ ਪੰਜਾ ਤੋੜਨ ਲਈ ਚੇਤਨ ਜਮਾਤੀ ਜਾਗਰਤੀ ਅਤੇ ਨਵੇਂ ਸਿਰਿਓਂ ਇਨਕਲਾਬੀ ਲਹਿਰ ਦੀ ਉਸਾਰੀ ਅਤੇ ਨਿਜ਼ਾਮ ਸਿਰਜਣ ਲਈ ਬੇਕਿਰਕ ਜਮਾਤੀ ਘੋਲ਼ ਲਾਜ਼ਮੀ ਹੈ। ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਦੇਸ਼ ਦੇ ਗੰਭੀਰ ਅਤੇ ਚਿੰਤਾਜਨਕ ਹਾਲਾਤ ਅੰਦਰ ਇਹ ਮਾਣ ਦੇਸ਼ ਭਗਤ ਯਾਦਗਾਰ ਕਮੇਟੀ ਦੇ ਹਿੱਸੇ ਆਉਂਦਾ ਹੈ ਜਿਹੜੀ ਮੂੰਹ ਜ਼ੋਰ ਹਨੇਰੇ ਦੀ ਪਰਵਾਹ ਨਾ ਕਰਦਿਆਂ ਧਰਤੀ 'ਤੇ ਰੰਗਲੀ ਸਵੇਰ ਲਿਆਉਣ ਲਈ ਸਮੇਂ-ਸਮੇਂ ਅਜੋਕੇ ਸਮੇਂ ਮਾਰਕਸਵਾਦ ਦੀ ਪ੍ਰਸੰਗਕਤਾ ਵਰਗੇ ਢੁਕਵੇਂ ਮੁੱਦਿਆਂ ਨੂੰ ਮੁਖ਼ਾਤਬ ਹੋ ਰਹੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਸਿੰਘ ਨੇ ਸਭਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅੱਜ ਦਾ ਬਹੁਤ ਹੀ ਅਰਥ ਭਰਪੂਰ ਸਮਾਗਮ ਇਹ ਆਸ ਬੰਨਾਉਂਦਾ ਹੈ ਕਿ ਭਵਿੱਖ ਵਿੱਚ ਅਜੇਹੀ ਵਿਚਾਰ-ਚਰਚਾ ਦਾ ਸਿਲਸਲਾ ਨਿਰੰਤਰ ਜਾਰੀ ਰਹਿਣਾ ਚਾਹੀਦਾ ਹੈ। ਵਿਚਾਰ-ਚਰਚਾ ਸਮਾਗਮ ਦਾ ਮੰਚ ਸੰਚਾਲਨ ਕਮੇਟੀ ਮੈਂਬਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

## ਦਰਿਆਈ ਪਾਣੀਆਂ ਦੀ ਵੰਡ ਦੇ ਰੱਟੇ ਦੇ ਵਾਜਬ ਤੇ ਨਿਆਈਂ ਹੱਲ ਨਾਲ ਜੁੜੀਆਂ ਮੰਗਾਂ

# ਪਾਣੀ ਸੰਕਟ ਦੇ ਹੱਲ ਲਈ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਰੱਦ ਕਰਨ ਦੀ ਲੋੜ 'ਤੇ ਜ਼ੋਰ

ਸੰਗਰੂਰ, (ਬਲਜਿੰਦਰ ਸਿੰਘ ਪਟਿਆਲਾ) : ਦਰਿਆਈ ਪਾਣੀਆਂ ਦੀ ਵੰਡ ਦੇ ਰੱਟੇ ਦੇ ਵਾਜਬ ਤੇ ਨਿਆਈਂ ਨਿਪਟਾਰੇ ਨਾਲ ਜੁੜੇ ਮੁੱਦਿਆਂ ਅਤੇ ਸਮੁੱਚੇ ਪਾਣੀ ਸੰਕਟ ਦੇ ਹੱਲ ਦੀਆਂ ਮੰਗਾਂ ਨੂੰ ਉਭਾਰਨ ਲਈ ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਜੇਜੀ ਰਿਜ਼ੌਰਟ ਸੰਗਰੂਰ ਵਿਖੇ ਸੂਬਾਈ ਚੇਤਨਾ ਕਨਵੈਂਨਸ਼ਨ ਕੀਤੀ ਗਈ ਜਿਸ ਵਿੱਚ ਸੈਂਕੜੇ ਕਿਸਾਨ ਕਾਰਕੁੰਨਾਂ ਤੇ ਔਰਤ ਸਰਗਰਮਾਂ ਨੇ ਭਾਗ ਲਿਆ। ਜਥੇਬੰਦੀ ਨੇ ਦਰਿਆਈ ਪਾਣੀਆਂ ਦੀ ਵੰਡ ਦੇ ਮਸਲੇ ਨੂੰ ਲੋਕ ਮੁਖੀ ਤੇ ਸੂਬਿਆਂ ਦੇ ਕਿਸਾਨਾਂ ਦੀ ਆਪਸੀ ਏਕਤਾ ਦੇ ਚੌਖਟੇ 'ਚ ਹੱਲ ਕਰਨ ਦੀ ਪਹੁੰਚ ਉਭਾਰੀ। ਜਥੇਬੰਦੀ ਵੱਲੋਂ ਤਿੰਨ ਵੱਖ ਵੱਖ ਖੇਤਰਾਂ ਬਾਰੇ ਵਿਚਾਰ ਚਰਚਾ ਕਰਦੇ ਤਿੰਨ ਬੁਲਾਰੇ ਸੰਬੋਧਨ



ਹੋਏ। ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ ਨੇ ਬੀਬੀਐਮਬੀ ਦੇ ਪ੍ਰਬੰਧਕੀ ਢਾਂਚੇ ਵਿੱਚ ਕੇਂਦਰੀ ਕੰਟਰੋਲ ਵਧਾਉਣ ਦੇ ਮੋਦੀ ਹਕੂਮਤ ਦੇ ਮਨਸੂਬਿਆਂ ਦੀ ਨਿੰਦਾ ਕਰਦਿਆਂ ਅਜਿਹੇ ਕਦਮ ਰੋਕਣ ਦੀ ਮੰਗ ਬਾਰੇ ਚਰਚਾ ਕੀਤੀ। ਉਹਨਾਂ ਕਿਹਾ ਕਿ ਮੋਦੀ ਸਰਕਾਰ ਪੰਜਾਬ ਤੇ ਹਰਿਆਣੇ ਦੀ ਸਥਾਈ ਮੈਂਬਰੀ ਦਾ ਖਾਤਮਾ ਕਰਕੇ ਇਸਦੀ ਮੈਨੇਜਮੈਂਟ ਅੰਦਰ ਆਪਣਾ ਦਖਲ ਵਧਾ ਰਹੀ ਹੈ ਤਾਂ ਕਿ ਇਸ ਨੂੰ ਰੱਟੇ ਵਾਲੇ ਮੁੱਦੇ ਵਜੋਂ ਹੋਰ ਜਿਆਦਾ ਵਰਤਿਆ ਜਾ ਸਕੇ। ਨਾਲ ਹੀ ਉਹਨਾਂ ਸਮੁੱਚੇ ਪਾਣੀ ਸੰਕਟ ਦੀ ਤਸਵੀਰ ਪੇਸ਼ ਕਰਦਿਆਂ ਕਿਹਾ ਕਿ ਦਰਿਆਈ ਪਾਣੀਆਂ ਦੀ ਵੰਡ ਦਾ ਰੱਟਾ ਸਮੁੱਚੇ ਪਾਣੀ ਸੰਕਟ ਦੇ ਵਿੱਚ ਇੱਕ ਮੁੱਦਾ ਹੈ ਜਦ ਕਿ ਦੋਹਾਂ ਸੂਬਿਆਂ ਦੇ ਕਿਸਾਨਾਂ ਲਈ ਤੇ ਆਮ ਲੋਕਾਂ ਲਈ ਜਲ ਸੰਕਟ ਦੀਆਂ ਬਹੁਤ ਪਰਤਾਂ ਤੇ ਪਸਾਰ ਹਨ। ਉਹਨਾਂ ਦਰਸਾਇਆ ਕਿ ਮੌਜੂਦਾ ਜਲ ਸੰਕਟ ਹਰੇ ਇਨਕਲਾਬ ਵਾਲੇ ਸਾਮਰਾਜ ਪੱਖੀ ਖੇਤੀ ਮਾਡਲ ਵੱਲੋਂ ਪੈਦਾ ਕੀਤਾ ਹੋਇਆ ਹੈ। ਦਰਿਆਈ ਪਾਣੀਆਂ ਦੇ ਵੰਡ ਦੇ ਰੱਟੇ ਵਾਲੇ ਨੁਕਤਿਆਂ ਦੀ ਚਰਚਾ ਕਰਦਿਆਂ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਦਰਿਆਈ ਪਾਣੀਆਂ ਦੀ ਵੰਡ ਵਾਲੇ ਮਸਲੇ ਨੂੰ ਸਿੰਧ ਨਦੀ ਜਲ ਸੰਧੀ ਦੇ ਹਵਾਲੇ ਨਾਲ ਜੋੜ ਕੇ ਨਜਿੱਠਿਆ ਜਾਣਾ ਚਾਹੀਦਾ ਹੈ। ਰਾਜਸਥਾਨ ਤੇ ਹਰਿਆਣੇ ਚ ਵਰਤੇ ਜਾ ਰਹੇ ਪਾਣੀ ਦਾ ਪਹਿਲੂ ਸਿੰਧ ਨਦੀ ਜਲ ਸੰਧੀ ਵਿੱਚ ਭਾਰਤ ਅੰਦਰ ਪਾਣੀ ਦੀ ਵਰਤੋਂ ਦੇ ਦਾਅਵਿਆਂ ਦੇ ਪ੍ਰਸੰਗ ਨਾਲ ਜੋੜ ਕੇ ਦੇਖਿਆ ਜਾਣਾ ਚਾਹੀਦਾ ਹੈ। ਉਹਨਾਂ ਆਪਣੀ ਚਰਚਾ ਰਾਹੀਂ ਦਰਸਾਇਆ ਪੰਜਾਬ ਤੇ ਹਰਿਆਣੇ ਦਰਮਿਆਨ ਸਮੁੱਚੇ ਦਰਿਆਈ ਪਾਣੀਆਂ ਦੀ ਵੰਡ ਨੂੰ ਲੈ ਕੇ ਰੱਟਾ ਨਹੀਂ ਹੈ ਸਗੋਂ ਇਹ ਸਿਰਫ ਬਿਆਸ ਪ੍ਰੋਜੈਕਟ ਦੇ ਪਾਣੀ ਦੀ ਵੰਡ ਦੇ ਛੋਟੇ ਪੱਖ 'ਤੇ ਕੇਂਦਰਿਤ ਹੈ ਜਿਸਦੀ ਜੜ੍ਹ 1980ਵਿਆਂ ਦੇ ਸ਼ੁਰੂ ਚ ਇੰਦਰਾ ਗਾਂਧੀ ਹਕੂਮਤ ਵੱਲੋਂ ਇੱਕ ਪਾਸੜ ਢੰਗ ਨਾਲ ਕੀਤੇ ਫੈਸਲੇ ਚ ਪਈ ਹੈ। ਉਹਨਾਂ ਕਿਹਾ ਕਿ ਵੋਟ ਸਿਆਸਤਦਾਨਾਂ ਵੱਲੋਂ ਦਰਿਆਈ ਬਾਣੀਆਂ ਦੀ ਵੰਡ ਦੇ ਰੱਟੇ ਵਾਲੇ ਛੋਟੇ ਨੁਕਤੇ ਨੂੰ ਇਲਾਕਾਈ ਤੇ ਫਿਰਕੂ ਰੰਗਤ ਵਾਲੀ ਹਵਾ ਭਰ ਕੇ ਜਿਆਦਾ ਫੁਲਾ ਕੇ ਪੇਸ਼ ਕੀਤਾ ਜਾਂਦਾ ਹੈ। ਤੇ ਇਸ ਦੀ ਆੜ ਵਿੱਚ ਸਮੁੱਚੇ ਜਲ ਸੰਕਟ ਲਈ ਦੋਸ਼ੀ ਬਣਦੀਆਂ ਹਕੂਮਤਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਛੁਪਾ ਲਿਆ ਜਾਂਦਾ ਹੈ। ਉਹਨਾਂ ਕਿਹਾ ਕਿ 1981 ਵਾਲੇ ਇੱਕ ਪਾਸੜ ਫੈਸਲਿਆਂ ਨੂੰ ਰੱਦ ਕਰਕੇ ਬਿਆਸ ਪ੍ਰੋਜੈਕਟ ਵਾਲੇ ਪਾਣੀ ਦੀ ਵੰਡ ਬਾਰੇ ਮੁੜ ਚਰਚਾ ਹੋਣੀ ਚਾਹੀਦੀ ਹੈ। ਇਹਦੇ ਵਿੱਚ ਹਰਿਆਣੇ ਤੇ ਰਾਜਸਥਾਨ ਦੀ ਸਿੰਧ ਬੇਸਿਨ ਦੇ ਅੰਗ ਵਜੋਂ ਰਿਪੇਰੀਅਨ/ਬੇਸਨ ਹੈਸੀਅਤ ਨੂੰ ਮੁੜ ਅੰਗਣ ਦਾ ਸਵਾਲ ਵੀ ਸ਼ਾਮਿਲ ਹੈ। ਜਥੇਬੰਦੀ ਦੇ ਸੀਨੀਅਰ ਸੂਬਾ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਸਮੁੱਚੇ ਜਲ ਸੰਕਟ ਤੇ ਦਰਿਆਈ ਪਾਣੀਆਂ ਦੇ ਰੱਟੇ ਦੇ ਹੱਲ ਨਾਲ ਸਬੰਧਿਤ ਮੰਗਾਂ ਬਾਰੇ ਚਰਚਾ ਕੀਤੀ। ਉਹਨਾਂ ਕਿਹਾ ਕਿ ਦਰਿਆਈ ਪਾਣੀਆਂ ਦਾ ਰੱਟਾ ਦੋਹਾਂ ਸੂਬਿਆਂ ਦੇ ਦਾਅਵਿਆਂ ਦਾ ਸੰਨ੍ਹ ਮੇਲ ਭਰਾਤਰੀ ਢੰਗ ਨਾਲ ਹੱਲ ਕੀਤਾ ਜਾ ਸਕਦਾ ਹੈ। ਇਸ ਲਈ ਨਿਰਪੱਖ ਪਾਣੀ ਮਾਹਰਾਂ, ਵਿਗਿਆਨੀਆਂ ਤੇ ਸਰਵ-ਪ੍ਰਵਾਨਤ ਸਮਾਜਿਕ ਸ਼ਖਸ਼ੀਅਤਾਂ 'ਤੇ ਆਧਾਰਤ ਟੀਮਾਂ ਬਣਾਉਣ ਦੀ ਲੋੜ ਹੈ ਜਿਨ੍ਹਾਂ 'ਚੋਂ ਭਟਕਾਊ ਸਿਆਸਤਦਾਨਾਂ ਤੇ ਵਿਕਾਊ ਅਫਸਰਸ਼ਾਹੀ ਨੂੰ ਬਾਹਰ ਰੱਖਿਆ ਜਾਣਾ ਚਾਹੀਦਾ ਹੈ। ਇਸ ਨੂੰ ਕੌਮਾਂਤਰੀ ਤੌਰ 'ਤੇ ਪ੍ਰਵਾਨਿਤ ਰਿਪੇਰੀਅਨ ਤੇ ਬੇਸਿਨ ਸਿਧਾਂਤਾਂ ਦੀ ਰੌਸ਼ਨੀ ਚ ਨਜਿਠਿਆ ਜਾਣਾ ਚਾਹੀਦਾ ਹੈ ਜਿਸ ਵਿੱਚ ਪਾਣੀ ਦੀ ਚੱਲੀ ਆ ਰਹੀ ਵਰਤੋਂ ਨੂੰ ਕਾਇਮ ਰੱਖਣ ਦੀ ਪ੍ਰਵਾਨਤ ਕੌਮਾਂਤਰੀ ਪਹੁੰਚ ਰੱਖੀ ਜਾਣੀ ਚਾਹੀਦੀ ਹੈ। ਰੱਟੇ ਦਾ ਨਿਪਟਾਰਾ ਸਿਰਫ ਬਿਆਸ ਪ੍ਰੋਜੈਕਟ ਦੇ ਵਰਤੋਂ ਵਾਲੇ ਪਾਣੀ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ ਜਦਕਿ ਬਾਕੀ ਦਰਿਆਵਾਂ ਦੇ ਪਾਣੀ ਦੀ ਵੰਡ ਨੂੰ ਚਰਚਾ ਦਾ ਵਿਸ਼ਾ ਨਹੀਂ ਬਣਾਇਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਮੁੱਚੇ ਜਲ ਸੰਕਟ ਦੇ ਹੱਲ ਲਈ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਨੂੰ ਰੱਦ ਕਰਨ ਦੀ ਲੋੜ ਹੈ, ਖੇਤੀ ਦਾ ਮੌਜੂਦਾ ਜਿਆਦਾ ਪਾਣੀ ਖਪਤ ਵਾਲਾ ਕਾਰਪੋਰੇਟ ਪੱਖੀ ਮਾਡਲ ਬਦਲਣ ਦੀ ਲੋੜ ਹੈ, ਦਰਿਆਵਾਂ ਤੇ ਧਰਤੀ ਹੇਠਲੇ ਪਾਣੀ ਤੇ ਕੰਪਨੀਆਂ ਦੇ ਕੰਟਰੋਲ ਲਈ ਸੰਸਾਰ ਬੈਂਕ ਵੱਲੋਂ ਬਣਾਈਆਂ ਜਾ ਰਹੀਆਂ ਵਿਉਂਤਾਂ ਰੱਦ ਕਰਨ ਦੀ ਲੋੜ ਹੈ। ਪੰਜਾਬ ਤੇ ਹਰਿਆਣੇ ਅੰਦਰ ਪਾਣੀ ਸੰਕਟ ਦਾ ਬੁਨਿਆਦੀ ਪਹਿਲੂ ਪਾਣੀ ਦਾ ਪ੍ਰਦੂਸ਼ਿਤ ਹੋਣਾ ਇਸਦੀ ਤੋਟ ਹੋਣੀ ਤੇ ਇਸਦਾ ਕੰਪਨੀਆਂ ਲਈ ਵਪਾਰੀਕਰਨ ਹੋਣਾ ਹੈ ਜਦ ਕਿ ਦਰਿਆਈ ਪਾਣੀਆਂ ਦੀ ਵੰਡ ਦਾ ਰੱਟਾ ਇਸ ਸਮੁੱਚੇ ਸੰਕਟ ਦਾ ਛੋਟਾ ਪੱਖ ਹੈ ਤੇ ਇਸਨੂੰ ਭਰਾਤਰੀ ਭਾਵ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪੰਜਾਬ ਹਰਿਆਣਾ ਤੇ ਰਾਜਸਥਾਨ ਸੂਬਿਆਂ ਦੀ ਕਿਸਾਨੀ ਦੀ ਏਕਤਾ ਦੀ ਰਾਖੀ ਉਹਨਾਂ ਦਾ ਮੁੱਖ ਸਰੋਕਾਰ ਹੈ ਕਿਉਂਕਿ ਇਸੇ ਏਕਤਾ ਦੇ ਜ਼ੋਰ ਹੀ ਖੇਤੀ ਕਾਨੂੰਨਾਂ ਵਾਂਗ ਖੇਤੀ ਸੰਕਟ ਦੇ ਹੱਲ ਲਈ ਲੜਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਦਰਿਆਈ ਪਾਣੀਆਂ ਦੀ ਵੰਡ ਨਾਲ ਜੁੜੇ ਮੁੱਦੇ ਉਭਾਰਨ ਵੇਲੇ ਮੁਲਕ ਪੱਧਰੀ ਕਿਸਾਨ ਏਕਤਾ ਦੇ ਇਸ ਪਹਿਲੂ ਨੂੰ ਹਮੇਸ਼ਾ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਅਤੇ ਹਾਕਮ ਜਮਾਤਾਂ ਵਾਲੀ ਫਿਰਕੂ ਤੇ ਸੌੜੀ ਇਲਾਕਾਈ ਪਹੁੰਚ ਨਾਲੋਂ ਨਿਖੇੜਾ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਉਹਨਾਂ ਦੀ ਜਥੇਬੰਦੀ ਵੱਲੋਂ ਇਹ ਸਰੋਕਾਰ ਸੰਯੁਕਤ ਕਿਸਾਨ ਮੋਰਚੇ 'ਚ ਵੀ ਰੱਖੇ ਜਾ ਰਹੇ ਹਨ। ਇਸ ਕਨਵੈਂਨਸ਼ਨ ਵਿੱਚ ਦੇਸ਼ ਅੰਦਰ ਸਨਅਤੀ ਮਜ਼ਦੂਰਾਂ 'ਤੇ ਹੋ ਰਹੇ ਜਬਰ ਦੀ ਸਖਤ ਨਿੰਦਾ ਕੀਤੀ ਗਈ, ਉਹਨਾਂ ਦੀਆਂ ਹੱਕੀ ਮੰਗਾਂ ਦੀ ਹਮਾਇਤ ਕਰਦਾ ਤੇ ਗ੍ਰਿਫਤਾਰ ਕੀਤੇ ਮਜ਼ਦੂਰਾਂ ਦੀ ਰਿਹਾਈ ਅਤੇ ਝੂਠੇ ਕੇਸ ਰੱਦ ਕਰਨ ਦੀ ਮੰਗ ਕਰਦਾ ਮਤਾ ਵੀ ਕੀਤਾ ਗਿਆ। ਸਨਅਤੀ ਮਜ਼ਦੂਰਾਂ ਤੇ ਕਿਸਾਨਾਂ ਦੀ ਸੰਘਰਸ਼ ਏਕਤਾ ਦੇ ਨਾਅਰੇ ਨੂੰ ਬੁਲੰਦ ਕੀਤਾ ਗਿਆ।




Galaxy Kitchen Cabinets Ltd.
Residential & Commercial

• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058

Hans
Demolition & Excavating


* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4


THE HARP GREWAL ਹਰਪ ਗਰੇਵਾਲ REAL ESTATE TEAM
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC. BROKERAGE
HIGHER STANDARDS


Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.

We can Also Arrange
Decoration
Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions in Calgary


Punjabi Rang Radio
CHLO AM530
(TORONTO)
11PM-12AM
(SATURDAY)

Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com

202-895 Lawrence Ave E, North York, ON M3C 3L2

Hiring Drivers/Owners/Operators
GALAXY Frightline inc.
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਕਮਿਊਨਿਸਟ ਇਨਕਲਾਬੀ ਆਗੂ ਸਾਥੀ ਸੁਰਿੰਦਰ ਤਿਵਾੜੀ ਸਦੀਵੀ ਵਿਛੋੜਾ ਦੇ ਗਏ

*ਨਕਸਲਬਾੜੀ ਕਿਸਾਨ ਬਗਾਵਤ ਤੋਂ ਪ੍ਰੇਰਿਤ ਹੋ ਕੇ ਆਪਣੀ ਜ਼ਿੰਦਗੀ ਭਾਰਤੀ ਲੋਕਾਂ ਦੀ ਮੁਕਤੀ ਲਈ ਸੰਘਰਸ਼ ਦੇ ਲੇਖੇ ਲਾਉਣ ਲਈ ਤੁਰੇ ਕਮਿਊਨਿਸਟ ਇਨਕਲਾਬੀਆਂ ਦੀ ਪੀੜ੍ਹੀ ਦੇ ਇਕ ਸਿਰਕੱਢ ਆਗੂ ਕਾ. ਸੁਰਿੰਦਰ ਤਿਵਾੜੀ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਜੀਵਨ ਘਾਲਣਾ ਦੇ ਮਹੱਤਵ ਨੂੰ ਸਮਝਣ ਲਈ 'ਕਾਮਰੇਡ ਸੁਰਿੰਦਰ ਤਿਵਾੜੀ ਸ਼ਰਧਾਂਜਲੀ ਸਮਾਗਮ ਕਮੇਟੀ, ਪੰਜਾਬ' ਵੱਲੋਂ ਛਾਪੀ ਲਿਖਤ ਪਾਠਕਾਂ ਦੇ ਰੂਬਰੂ ਕੀਤੀ ਜਾ ਰਹੀ ਹੈ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਕਾ. ਸੁਰਿੰਦਰ ਤਿਵਾੜੀ ਦੀ ਇਨਕਲਾਬੀ ਜੀਵਨ ਘਾਲਣਾ ਨੂੰ ਸੂਹੀ ਸਲਾਮ ਕਰਦਾ ਹੈ। -ਸੰਪਾਦਕ*

**ਇਨਕਲਾਬੀ ਘਾਲਣਾ ਦਾ ਸੰਦੇਸ਼ ਗ੍ਰਹਿਣ ਕਰੋ ਇਨਕਲਾਬੀ ਵਿਰਸਾ ਬੁਲੰਦ ਕਰੋ**


ਅਪ੍ਰੈਲ ਦੇ ਆਖਰੀ ਦਿਨਾਂ 'ਚ ਦੁੱਖ ਭਰੀ ਖਬਰ ਆਈ ਕਿ ਕਾਮਰੇਡ ਸੁਰਿੰਦਰ ਤਿਵਾੜੀ ਆਪਣਾ ਜੀਵਨ ਪੰਧ ਮੁਕਾ ਕੇ ਚਲੇ ਗਏ। ਕਮਿਊਨਿਸਟ ਇਨਕਲਾਬੀ ਲਹਿਰ ਤੇ ਲੋਕਾਂ ਦੀ ਸਮੁੱਚੀ ਲਹਿਰ ਲਈ ਇਹ ਡੂੰਘੇ ਗ਼ਮ ਦਾ ਸਮਾਂ ਹੈ, ਪਰ ਨਾਲ ਹੀ ਕਾ. ਸੁਰਿੰਦਰ ਤਿਵਾੜੀ ਦੇ ਸ਼ਾਨਾਮੱਤੇ ਜੀਵਨ ਪੰਧ 'ਤੇ ਮਾਣ ਕਰਨ ਦਾ ਸਮਾਂ ਵੀ ਹੈ। ਉਹਨਾਂ ਦੀ ਜ਼ਿੰਦਗੀ ਲੋਕ ਮੁਕਤੀ ਦੇ ਮਹਾਨ ਮਿਸ਼ਨ ਦੇ ਲੇਖੇ ਲੱਗੀ ਹੈ। ਲੋਕਾਂ ਨੂੰ ਸਮਰਪਿਤ ਇੱਕ ਲੰਮਾ ਸਿਆਸੀ ਸਫ਼ਰ ਥੰਮ ?ਹ ਗਿਆ ਹੈ ਪਰ ਮਿਸ਼ਨ ਨੂੰ ਸਮਰਪਿਤ ਹੋ ਕੇ ਜਿਉਣ ਦੀ ਇੱਕ ਮਾਣਮੱਤੀ ਵਿਰਾਸਤ ਦੇ ਗਿਆ ਹੈ। ਇਹ ਵਿਰਾਸਤ ਲੋਕਾਂ ਦਾ ਸਰਮਾਇਆ ਹੈ।

**ਲੋਕਾਂ ਨੂੰ ਸਮਰਪਿਤ ਜੀਵਨ ਪੰਧ ਦੀ ਸ਼ੁਰੂਆਤ** : ਲੁਧਿਆਣਾ ਜ਼ਿਲ੍ਹੇ ਦੇ ਛੋਟੇ ਜਿਹੇ ਕਸਬੇ ਸਮਰਾਲਾ 'ਚ ਜਨਮੇ ਕਾ. ਸੁਰਿੰਦਰ ਤਿਵਾੜੀ ਦਾ ਬਚਪਨ ਆਮ ਬੱਚਿਆਂ ਵਰਗਾ ਨਹੀਂ ਸੀ। ਬਚਪਨ 'ਚ ਹੀ ਮਾਤਾ-ਪਿਤਾ ਦੇ ਵਿਛੋੜੇ ਮਗਰੋਂ ਸਕੂਲੀ ਜੀਵਨ ਦੌਰਾਨ ਅਜਿਹਾ ਅਰਸਾ ਵੀ ਰਿਹਾ ਜਦੋਂ ਉਹ ਘਰ 'ਚ ਇਕੱਲਾ ਹੀ ਹੋਇਆ ਕਰਦਾ ਸੀ। ਉਹਨਾਂ ਦੀ ਦਸਵੀਂ ਦਾ ਸਾਲ ਹੀ ਨਕਸਲਬਾੜੀ ਬਗ਼ਾਵਤ ਦਾ ਸਾਲ ਸੀ ਤੇ ਉਸ ਵੇਲੇ ਤੋਂ ਹੀ ਇਸ ਲਹਿਰ ਦਾ ਪ੍ਰਤਾਪ ਪੰਜਾਬ ਦੀ ਜਵਾਨੀ ਦੇ ਮਸਤਕ ਅੰਦਰ ਦਿਖਾਈ ਦੇਣ ਲੱਗਿਆ ਸੀ। ਲੋਕ ਮੁਕਤੀ ਦੇ ਚਾਨਣ ਦਾ ਦੀਵਾ ਸਾਥੀ ਸੁਰਿੰਦਰ ਦੇ ਮਸਤਕ 'ਚ ਵੀ ਜਗ ਉੱਠਿਆ ਸੀ। ਕਾਮਰੇਡ ਸੁਰਿੰਦਰ ਤਿਵਾੜੀ 60ਵਿਆਂ ਦੇ ਦਹਾਕੇ ਦੇ ਅਖੀਰਲੇ ਸਾਲਾਂ ਦੌਰਾਨ ਕਮਿਊਨਿਸਟ ਇਨਕਲਾਬੀਆਂ ਦੀ ਇੱਕ ਪੂਰੀ ਪੀੜ੍ਹੀ ਵਾਂਗ ਹੀ ਲਹਿਰ ਦੀ ਬੁੱਕਲ 'ਚ ਨਕਸਲਬਾੜੀ ਕਿਸਾਨ ਬਗਾਵਤ ਦੇ ਝੰਜੋੜੇ ਨਾਲ ਆਏ ਸਨ। ਅਜਿਹੇ ਝੰਜੋੜੇ ਨਾਲ ਹੋਈ ਇਹ ਸ਼ੁਰੂਆਤ ਡੂੰਘੇ ਅਧਿਐਨ ਤੇ ਪੱਕੇ ਇਰਾਦੇ ਨਾਲ ਇੱਕ ਲੰਮੇ ਇਨਕਲਾਬੀ ਸਿਆਸੀ ਸਫਰ 'ਚ ਵਟ ਗਈ ਜਿਹੜਾ ਲਗਭਗ 56 ਵਰ੍ਹੇ ਅਡੋਲ ਰਹਿੰਦਿਆਂ ਜਾਰੀ ਰਿਹਾ। ਉਹਨਾਂ ਦੀ ਜਥੇਬੰਦੀ ਅਨੁਸਾਰ ਉਹਨਾਂ ਦਾ ਦਿਹਾਂਤ ਉਹਨਾਂ ਦੀ ਕਰਮ ਭੂਮੀ 'ਚ ਹੀ ਹੋਇਆ। ਏਸੇ ਕਰਮ ਖੇਤਰ 'ਚ ਹੀ ਉਹਨਾਂ ਨੂੰ ਕਮਿਊਨਿਸਟ ਰਸਮਾਂ ਨਾਲ ਅੰਤਿਮ ਵਿਦਾਇਗੀ ਦਿੱਤੀ।

ਸਾਥੀ ਤਿਵਾੜੀ ਬੀ.ਐਸ.ਸੀ. ਦੇ ਦੂਜੇ ਸਾਲ 'ਚ ਸਨ ਜਦ ਉਹ ਪੜ੍ਹਾਈ ਛੱਡ ਕੇ, ਕਮਿਊਨਿਸਟ ਇਨਕਲਾਬੀ ਲਹਿਰ 'ਚ ਕੁਲ-ਵਕਤੀ ਵਜੋਂ ਤੁਰ ਪਏ। ਉਹ ਬਹੁਤ ਗੰਭੀਰ ਤੇ ਜ਼ਹੀਨ ਵਿਦਿਆਰਥੀ ਸਨ ਤੇ ਆਪਣੇ ਅਧਿਆਪਕਾਂ ਦੇ ਹਰਮਨਪਿਆਰੇ ਵਿਦਿਆਰਥੀ ਸਨ। ਸਕੂਲੀ ਜੀਵਨ ਦੌਰਾਨ ਉਹਨਾਂ ਨੂੰ ਇਨਕਲਾਬੀ ਸਿਆਸੀ ਚੇਤਨਾ ਦੇ ਲੜ ਲੱਗਣ ਦੀ ਮੁਢਲੀ ਪ੍ਰੇਰਨਾ ਪੰਜਾਬੀ ਕਵੀ ਕੁਲਵੰਤ ਨੀਲੋਂ ਤੋਂ ਮਿਲੀ ਜਿਹੜੇ ਸਾਥੀ ਸੁਰਿੰਦਰ ਤਿਵਾੜੀ ਦੇ ਅਧਿਆਪਕ ਸਨ। ਚੜ੍ਹਦੀ ਜਵਾਨੀ 'ਚ ਹੀ ਉਹਨਾਂ ਨੇ ਆਪਣੀ ਬੌਧਿਕ ਲਿਆਕਤ ਨੂੰ ਰਵਾਇਤੀ ਵਿਅਕਤੀਗਤ ਖਾਹਿਸ਼ਾਂ ਦੀ ਪੂਰਤੀ ਦੀ ਥਾਂ ਲੋਕ ਮੁਕਤੀ ਦੇ ਮਹਾਨ ਕਾਜ਼ ਦੇ ਲੇਖੇ ਲਾਉਣ ਦਾ ਫ਼ੈਸਲਾ ਕਰ ਲਿਆ। ਸਮਾਜ ਅੰਦਰ ਡੂੰਘੀ ਤਰ੍ਹਾਂ ਮੌਜੂਦ ਕਿਰਤੀ ਲੋਕਾਂ ਦੀ ਲੁੱਟ, ਅਨਿਆਂ, ਜਬਰ ਤੇ ਵਿਤਕਰਿਆਂ ਦਾ ਖਾਤਮਾ ਕਰਕੇ ਮਨੁੱਖ ਦੀ ਆਜ਼ਾਦੀ, ਤਰੱਕੀ ਤੇ ਖੁਸ਼ਹਾਲੀ ਲਈ ਸਾਂਝੀਵਾਲਤਾ ਵਾਲਾ ਕਮਿਊਨਿਸਟ ਸਮਾਜ ਉਸਾਰਨ ਦੇ ਸੰਘਰਸ਼ ਨੂੰ ਆਪਣਾ ਅਕੀਦਾ ਬਣਾ ਲਿਆ। ਮੁਲਕ ਅੰਦਰ ਇਨਕਲਾਬ ਰਾਹੀਂ ਲੁਟੇਰੀਆਂ ਜਮਾਤਾਂ ਦੇ ਰਾਜ ਨੂੰ ਪਲਟ ਕੇ, ਕਿਰਤੀ ਕਿਸਾਨਾਂ ਦਾ ਲੋਕ ਜਮਹੂਰੀ ਰਾਜ ਕਾਇਮ ਕਰਨ ਦਾ ਹੋਕਾ ਦੇ ਰਹੀ ਨਕਸਲਬਾੜੀ ਲਹਿਰ 'ਚ ਕੁੱਦ ਪਏ। ਉਹਨਾਂ ਦੇ ਕੁਲਵਕਤੀ ਸਿਆਸੀ ਸਫ਼ਰ ਦੀ ਸ਼ੁਰੂਆਤ 1970 'ਚ ਨਕਸਲਬਾੜੀ ਲਹਿਰ ਦੀ ਇੱਕ ਜਥੇਬੰਦੀ ਸੀ.ਪੀ.ਆਈ. (ਐਮ.ਐਲ) ਦੇ ਕਾਰਕੁੰਨ ਵਜੋਂ ਹੋਈ। 1971 'ਚ ਉਹ ਹੋਰਨਾਂ ਕੁੱਝ ਸਾਥੀਆਂ ਨਾਲ ਕਾ. ਹਰਭਜਨ ਸੋਹੀ ਦੀ ਅਗਵਾਈ ਹੇਠਲੀ ਪੰਜਾਬ ਕਮਿਊਨਿਸਟ ਇਨਕਲਾਬੀ ਕਮੇਟੀ 'ਚ ਸ਼ਾਮਲ ਹੋ ਗਏ।

**ਨਕਸਲਬਾੜੀ ਕਿਸਾਨ ਬਗ਼ਾਵਤ ਦੀ ਵਿਰਾਸਤ ਦਾ ਡਟਵਾਂ ਪਹਿਰੇਦਾਰ** : ਕਾਮਰੇਡ ਸੁਰਿੰਦਰ ਤਿਵਾੜੀ ਨਕਸਲਬਾੜੀ ਕਿਸਾਨ ਬਗ਼ਾਵਤ ਦੀ ਵਿਰਾਸਤ ਨੂੰ ਸਹੀ ਅਰਥਾਂ 'ਚ ਆਤਮਸਾਤ ਕਰਨ ਵਾਲਿਆਂ 'ਚ ਸ਼ੁਮਾਰ ਸਨ। ਨਕਸਲਬਾੜੀ ਕਿਸਾਨ ਬਗ਼ਾਵਤ ਦਾ ਤਜਰਬਾ ਤਿੰਲਗਾਨਾ ਦੀ ਕਿਸਾਨ ਲਹਿਰ ਤੇ ਸ੍ਰੀਕਾਕੁਲਮ ਦੇ ਕਿਸਾਨ ਸੰਘਰਸ਼ ਵਾਂਗ ਦਹਾਕਿਆਂ ਦੇ ਲੰਮੇ ਸੰਘਰਸ਼ ਅਮਲ ਦਾ ਤਜਰਬਾ ਸੀ। ਇਹ ਕਿਸਾਨ ਬਗ਼ਾਵਤ ਦਹਾਕੇ ਭਰ 'ਚ ਇਨਕਲਾਬੀਆਂ ਵੱਲੋਂ ਉਸਾਰੇ ਜਨਤਕ ਕਿਸਾਨ ਸੰਘਰਸ਼ ਦਾ ਸਿਖਰ ਸੀ। ਇਹ ਸੰਘਰਸ਼ ਮੁਢਲੀਆਂ ਮੰਗਾਂ ਤੋਂ ਜ਼ਮੀਨ ਦੀ ਵੰਡ ਦੀ ਉਚੇਰੀ ਮੰਗ ਤੱਕ ਇੱਕ ਲੰਮੇ ਅਮਲ ਰਾਹੀਂ ਪੁੱਜਿਆ ਸੀ ਜਿਸ ਵਿੱਚ ਜਨਤਾ ਦੀ ਭਾਰੀ ਸ਼ਮੂਲੀਅਤ ਸੀ। ਚੀਨੀ ਕਮਿਊਨਿਸਟ ਪਾਰਟੀ ਵੱਲੋਂ ਇਸ ਦੇ ਜਨਤਕ ਇਨਕਲਾਬੀ ਖਾਸੇ ਨੂੰ ਉਚਿਆਇਆ ਗਿਆ ਸੀ। ਕਾਮਰੇਡ ਨਾਗੀ ਰੈਡੀ ਤੇ ਸਾਥੀਆਂ ਵੱਲੋਂ ਵੀ ਇਸੇ ਇਨਕਲਾਬੀ ਜਨਤਕ ਸੇਧ ਨੂੰ ਉਭਾਰਿਆ ਜਾ ਰਿਹਾ ਸੀ। ਕਾ. ਹਰਭਜਨ ਸੋਹੀ ਦੀ ਅਗਵਾਈ ਵਾਲੀ ਇਸ ਜਥੇਬੰਦੀ ਵੱਲੋਂ ਵੀ ਉਸ ਵੇਲੇ ਨਕਸਲਬਾੜੀ ਲਹਿਰ ਦੇ ਏਸੇ ਅਸਲ ਤੱਤ ਨੂੰ ਠੀਕ ਤਰ੍ਹਾਂ ਬੁੱਝ ਕੇ, ਪੰਜਾਬ ਅੰਦਰ ਇਨਕਲਾਬੀ ਲਹਿਰ ਦੀ ਸਹੀ ਸੇਧ 'ਤੇ ਉਸਾਰੀ ਲਈ ਗੰਭੀਰ ਯਤਨ ਕੀਤੇ ਜਾ ਰਹੇ ਸਨ। ਚਾਹੇ ਉਦੋਂ ਇਨਕਲਾਬੀ ਨੌਜਵਾਨਾਂ ਦਾ ਵੱਡਾ ਹਿੱਸਾ ਖੱਬੂ ਮਾਅਰਕੇਬਾਜ ਰੁਝਾਨ ਦੀ ਮਾਰ ਹੇਠ ਆ ਗਿਆ ਸੀ ਪ੍ਰੰਤੂ ਕਾ. ਸੋਹੀ, ਕਾ. ਗੁਰਦਿਆਲ ਪਹਾੜ੍ਹਪੁਰ, ਕਾ. ਠਾਣਾ ਸਿੰਘ ਵਰਗੇ ਆਗੂਆਂ ਵੱਲੋਂ ਨਕਸਲਬਾੜੀ ਕਿਸਾਨ ਬਗ਼ਾਵਤ ਦੇ ਅਸਲ ਸੁਨੇਹੇ ਭਾਵ ਜ਼ਮੀਨ ਦੇ ਵੰਡ ਲਈ ਸੰਘਰਸ਼ ਨੂੰ ਰਾਜ ਸੱਤਾ ਲਈ ਹਥਿਆਰਬੰਦ ਸੰਘਰਸ਼ ਨਾਲ ਜੋੜਨ 'ਤੇ ਜ਼ੋਰ ਦਿੱਤਾ ਜਾ ਰਿਹਾ ਸੀ। ਇਸ ਸਹੀ ਵਿਚਾਰ 'ਤੇ ਪੂਰੀ ਦ੍ਰਿੜਤਾ ਅਤੇ ਸਪੱਸ਼ਟਤਾ ਨਾਲ ਖੜ੍ਹ ਕੇ ਨੌਜਵਾਨਾਂ ਨੂੰ ਨਕਸਲਬਾੜੀ ਬਗ਼ਾਵਤ ਦੀ ਅਸਲ ਇਨਕਲਾਬੀ ਲੀਹ ਨੂੰ ਗ੍ਰਹਿਣ ਕਰਨ ਲਈ ਪ੍ਰੇਰਿਆ ਜਾ ਰਿਹਾ ਸੀ। ਇਹਨਾਂ ਆਗੂਆਂ ਨੇ ਹਥਿਆਰਬੰਦ ਘੋਲ ਦੀ ਤਿਆਰੀ ਲਈ ਲੋਕਾਂ ਨੂੰ ਫੌਰੀ ਤੇ ਅੰਸ਼ਕ ਮੁੱਦਿਆਂ ਦੇ ਸੰਘਰਸ਼ਾਂ ਦੇ ਅਮਲ 'ਚੋਂ ਲੰਘਾਉਣ 'ਤੇ ਜ਼ੋਰ ਦਿੱਤਾ। ਅਜਿਹਾ ਕਰਨ ਲਈ ਲੋਕਾਂ ਦੀਆਂ ਤਬਕਾਤੀ ਜਥੇਬੰਦੀਆਂ ਬਣਾਉਣ ਤੇ ਜਨਤਕ ਸੰਘਰਸ਼ ਉਸਾਰਨ ਦੀ ਇਨਕਲਾਬੀ ਜਨਤਕ ਲੀਹ ਦਾ ਹੋਕਾ ਉੱਚਾ ਕੀਤਾ। ਕਾ. ਤਿਵਾੜੀ ਨੇ ਵੀ ਨਕਸਲਬਾੜੀ ਦੀ ਇਸੇ ਵਿਰਾਸਤ ਦਾ ਝੰਡਾ ਉੱਚਾ ਕੀਤਾ ਤੇ ਉਹ ਇਸ ਜਥੇਬੰਦੀ 'ਚ ਸ਼ਾਮਿਲ ਹੋ ਕੇ ਇਨਕਲਾਬੀ ਜਨਤਕ ਸੰਘਰਸ਼ਾਂ ਦੀ ਉਸਾਰੀ 'ਚ ਜੁਟ ਗਏ।

ਉਹ ਜਲਦੀ ਹੀ ਇਸ ਜਥੇਬੰਦੀ ਦੀਆਂ ਆਗੂ ਪਰਤਾਂ 'ਚ ਸ਼ੁਮਾਰ ਹੋ ਗਏ। ਮਹਾਨ ਮੋਗਾ ਸੰਗਰਾਮ ਦੇ ਖਾੜਕੂ ਜਨਤਕ ਐਕਸ਼ਨਾਂ ਨੇ ਪੰਜਾਬ ਅੰਦਰ ਇਸ ਲੀਹ ਦੀ ਸਥਾਪਤੀ 'ਚ ਅਹਿਮ ਰੋਲ ਨਿਭਾਇਆ। ਇਸ ਸਾਰੇ ਦੌਰ ਅੰਦਰ ਪੰਜਾਬ 'ਚ ਜਨਤਕ ਜਥੇਬੰਦੀਆਂ ਬਣਾਉਣ ਤੇ ਜਨਤਕ ਘੋਲ ਉਸਾਰਨ ਦੀਆਂ ਨਵੀਆਂ ਲੀਹਾਂ ਪਾਈਆਂ ਗਈਆਂ। ਇਨਕਲਾਬੀਆਂ ਦੇ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਪਾਈ ਜਾ ਰਹੀ ਦਹਿਸ਼ਤ ਲੋਕਾਂ ਦੇ ਜਨਤਕ ਖਾੜਕੂ ਸੰਗਰਾਮ ਨੇ ਚਕਨਾਚੂਰ ਕਰ ਦਿੱਤੀ ਤੇ ਲੋਕਾਂ ਦੀ ਇਨਕਲਾਬੀ ਲਹਿਰ ਪੰਜਾਬ 'ਚ ਉਭਰਵੀਂ ਤਾਕਤ ਬਣਕੇ ਦਿਖਾਈ ਦਿੱਤੀ। ਜਨਤਕ ਜਥੇਬੰਦੀਆਂ ਦੇ ਘੋਲ ਵੇਗ ਫੜਨ ਲੱਗੇ। ਇਸ ਦੌਰ 'ਚ ਹੀ ਲੋਕਾਂ ਦੇ ਜਨਤਕ ਸੰਘਰਸ਼ਾਂ ਦੀ ਲਹਿਰ ਨੂੰ ਸਿਆਸੀ ਸਵਾਲਾਂ ਨਾਲ ਸਹੀ ਢੰਗ ਨਾਲ ਜੋੜਨ ਦੀ ਸੇਧ ਉਭਾਰੀ ਗਈ। ਜਨਤਕ ਲਹਿਰ ਦੇ ਅਹਿਮ ਜੁਝਾਰੂ ਹਿੱਸਿਆਂ ਨੇ ਇਹਨਾਂ ਵਿਚਾਰਾਂ ਦਾ ਡੂੰਘਾ ਪ੍ਰਭਾਵ ਗ੍ਰਹਿਣ ਕੀਤਾ ਤੇ ਇਉਂ ਲੋਕ ਜਥੇਬੰਦੀਆਂ ਵੱਲੋਂ ਜਥੇਬੰਦ ਕੀਤੀ ਗਈ 1974 ਦੀ ਮੋਗਾ ਸੰਗਰਾਮ ਰੈਲੀ ਇਸ ਪਹੁੰਚ ਦੀ ਉਭਰਵੀਂ ਮਿਸਾਲ ਬਣਕੇ ਜਗੀ। ਕਾ. ਤਿਵਾੜੀ ਨੇ 70ਵਿਆਂ ਦੇ ਇਸ ਦੌਰ 'ਚ ਵਿਦਿਆਰਥੀ ਲਹਿਰ ਨੂੰ ਇਨਕਲਾਬੀ ਸੇਧ 'ਚ



ਪ੍ਰਭਾਵਿਤ ਕਰਨ ਲਈ ਅਣਥੱਕ ਕੰਮ ਕੀਤਾ। ਸਨਅਤੀ ਮਜ਼ਦੂਰਾਂ ਤੇ ਮੁਲਾਜ਼ਮ ਸੰਘਰਸ਼ਾਂ ਦੀ ਜੁਝਾਰੂ ਤੇ ਇਨਕਲਾਬੀ ਕਾਇਆ ਪਲਟੀ ਲਈ ਸਹੀ ਨੀਤੀਆਂ ਦਾ ਸੰਚਾਰ ਕਰਨ ਵਿੱਚ ਲਗਾਤਾਰ ਡਟੇ ਰਹੇ।

**ਹਾਕਮ ਜਮਾਤਾਂ ਨਾਲ ਸਾਂਝ ਭਿਆਲੀ ਖ਼ਿਲਾਫ ਅਸੂਲੀ ਪੁਜੀਸ਼ਨ** : ਕਾ. ਸੁਰਿੰਦਰ ਤਿਵਾੜੀ ਹਾਕਮ ਜਮਾਤਾਂ ਨਾਲ ਗੱਠਜੋੜਾਂ ਰਾਹੀਂ ਸਾਂਝ ਭਿਆਲੀ ਵਾਲੀ ਨੀਤੀ ਤੋਂ ਸਦਾ ਇਨਕਾਰੀ ਰਹੇ ਅਤੇ ਕਮਿਊਨਿਸਟ ਇਨਕਲਾਬੀ ਸ਼ਕਤੀਆਂ ਵੱਲੋਂ ਹਾਕਮ ਜਮਾਤਾਂ ਨਾਲ ਗੱਠਜੋੜ ਬਣਾਉਣ ਦੇ ਰੁਝਾਨਾਂ ਖਿਲਾਫ਼ ਡਟਵੇਂ ਸਿਆਸੀ ਵਿਚਾਰਧਾਰਕ ਸੰਘਰਸ਼ 'ਚ ਹਿੱਸਾ ਲਿਆ। 1974 'ਚ ਜਦੋਂ ਇੰਦਰਾ ਗਾਂਧੀ ਦੇ ਫਾਸ਼ੀ ਜਬਰ ਖਿਲਾਫ਼ ਹਾਕਮ ਜਮਾਤਾਂ ਦੇ ਦੂਸਰੇ ਧੜੇ ਵੱਲੋਂ ਸ਼ੁਰੂ ਕੀਤੇ ਜੇ.ਪੀ. ਅੰਦੋਲਨ ਨਾਲ ਕਮਿਊਨਿਸਟ ਇਨਕਲਾਬੀਆਂ ਦੇ ਇੱਕ ਹਿੱਸੇ ਵੱਲੋਂ ਗੱਠਜੋੜ ਕਰਨ ਦਾ ਰੁਝਾਨ ਉੱਭਰਿਆ ਤਾਂ ਉਹ ਇਸਦੇ ਖਤਰਿਆਂ ਤੋਂ ਚੌਕਸ ਕਰਨ ਵਾਲਿਆਂ 'ਚ ਸ਼ੁਮਾਰ ਸਨ। ਉਹਨਾਂ ਨੇ ਇਸਦੇ ਜਮਾਤੀ ਭਿਆਲੀ ਤੱਕ ਜਾਣ ਤੇ ਇਨਕਲਾਬੀ ਲੀਹ ਤੋਂ ਲਹਿ ਜਾਣ ਦੇ ਫ਼ਿਕਰ ਦਰਸਾਏ। ਉਸ ਵੇਲੇ ਉਹਨਾਂ ਨੇ ਕਾਮਰੇਡ ਸੋਹੀ ਦੀ ਅਗਵਾਈ ਹੇਠ ਇਸ ਸੇਧ ਦਾ ਸੰਚਾਰ ਕਰਨ 'ਚ ਅਹਿਮ ਹਿੱਸਾ ਪਾਇਆ ਕਿ ਕਮਿਊਨਿਸਟ ਇਨਕਲਾਬੀ ਤਾਕਤਾਂ ਨੂੰ ਹਾਕਮਾਂ ਦੇ ਇੱਕ ਜਾਂ ਦੂਜੇ ਧੜੇ ਨਾਲ ਟੋਚਨ ਹੋਣ ਦੀ ਥਾਂ ਲੋਕਾਂ ਸਾਹਮਣੇ ਮੁਕਤੀ ਦਾ ਬਦਲਵਾਂ ਆਰਥਿਕ ਸਿਆਸੀ ਪ੍ਰੋਗਰਾਮ ਤੇ ਰਾਹ ਉਭਾਰਨਾ ਚਾਹੀਦਾ ਹੈ। ਉਹਨਾਂ ਦੀ ਇਸ ਵਿਚਾਰਧਾਰਕ ਸੰਘਰਸ਼ ਦੀ ਮਹੱਤਤਾ ਮੋਦੀ ਹਕੂਮਤ ਦੇ ਫਾਸ਼ੀ ਹਮਲੇ ਦੇ ਦੌਰ 'ਚ ਮੁੜ ਉਜਾਗਰ ਹੋ ਰਹੀ ਹੈ ਤੇ ਇਸ ਹਮਲੇ ਖਿਲਾਫ਼ ਸੰਘਰਸ਼ ਦੀ ਸਹੀ ਪਹੁੰਚ 'ਤੇ ਖੜ੍ਹਨ ਦਾ ਮਹੱਤਵ ਦਰਸਾ ਰਹੀ ਹੈ।

ਇਸ ਵਿਚਾਰ ਨੂੰ ਪੰਜਾਬ ਦੀ ਜਨਤਕ ਜਮਹੂਰੀ ਲਹਿਰ ਦੇ ਹੋਣਹਾਰ ਤੇ ਗਿਣਨਯੋਗ ਹਿੱਸੇ ਨੇ ਗ੍ਰਹਿਣ ਕੀਤਾ। ਵੱਖ ਵੱਖ ਵਰਗਾਂ ਦੀਆਂ ਜਥੇਬੰਦੀਆਂ ਨੇ ਮੋਗੇ 'ਚ ਸੰਗਰਾਮ ਰੈਲੀ ਜਥੇਬੰਦ ਕਰਕੇ ਲੋਕਾਂ ਸਾਹਮਣੇ ਕੌਮ ਦੇ ਕਲਿਆਣ ਦਾ ਬਦਲਵਾਂ ਰਾਹ ਤੇ ਪ੍ਰੋਗਰਾਮ ਰੱਖਿਆ।

ਐਮਰਜੈਂਸੀ ਹਟਣ ਬਾਅਦ 1977 'ਚ ਭਾਰਤੀ ਰਾਜ ਨੇ ਜਨਤਾ ਸਰਕਾਰ ਰਾਹੀਂ ਕਮਿਊਨਿਸਟ ਇਨਕਲਾਬੀਆਂ ਨੂੰ ਪਲੋਸਵੀਂ ਛੋਹ ਨਾਲ ਰਾਹੋਂ ਥਿੜਕਾਉਣ ਦੀ ਚਾਲ ਚੱਲੀ। ਹਕੂਮਤ ਵੱਲੋਂ ਇਨਕਲਾਬੀਆਂ 'ਤੇ ਪਾਏ ਕੇਸ ਰੱਦ ਕਰਨ ਤੇ ਇਨਕਲਾਬੀਆਂ ਨੂੰ ਹਥਿਆਰਬੰਦ ਸੰਘਰਸ਼ ਦਾ ਰਾਹ ਤਿਆਗ ਕੇ 'ਮੁੱਖ-ਧਾਰਾ' ਦੇ ਪਾਰਲੀਮਾਨੀ ਰਾਹ 'ਚ ਆਉਣ ਦੀਆਂ ਪੇਸ਼ਕਸ਼ਾਂ ਕੀਤੀਆਂ ਗਈਆਂ। ਕਮਿਊਨਿਸਟ ਇਨਕਲਾਬੀ ਲਹਿਰ ਦਾ ਇੱਕ ਹਿੱਸਾ ਇਸ ਥਿੜਕਣ ਦਾ ਸ਼ਿਕਾਰ ਵੀ ਹੋਇਆ। ਪਰ ਹੋਰਨਾਂ ਕਿੰਨੇ ਹੀ ਇਨਕਲਾਬੀਆਂ ਵਾਂਗ ਕਾ. ਸੁਰਿੰਦਰ ਤਿਵਾੜੀ ਨੇ ਇਹਨਾਂ ਪੇਸ਼ਕਸ਼ਾਂ ਨੂੰ ਠੁਕਰਾਉਂਦਿਆਂ ਇਨਕਲਾਬੀ ਲੋਕ ਯੁੱਧ ਦੀ ਤਿਆਰੀ 'ਚ ਡਟੇ ਰਹਿਣ ਦਾ ਰਾਹ ਚੁਣਿਆ ਤੇ ਗੁਪਤਵਾਸ ਰਹਿੰਦਿਆਂ ਹੀ ਸਰਗਰਮੀ ਜਾਰੀ ਰੱਖਣ ਦਾ ਫ਼ੈਸਲਾ ਕੀਤਾ। ਇਹ ਨਕਸਲਬਾੜੀ ਦੇ ਰਾਹ 'ਚ ਉਹਨਾਂ ਦੀ ਅਡੋਲ ਨਿਹਚਾ ਸੀ ਕਿ ਉਹ ਜ਼ਿੰਦਗੀ ਭਰ ਪਾਰਲੀਮਾਨੀ ਰਾਹ ਦੇ ਭਰਮ ਭੁਲੇਖੇ ਤੋਂ ਮੁਕਤ ਰਹੇ ਅਤੇ ਅੰਤ ਤੱਕ ਗੁਪਤਵਾਸ ਰਹਿੰਦਿਆਂ ਇਨਕਲਾਬੀ ਲੋਕ ਯੁੱਧ ਦੀ ਤਿਆਰੀ 'ਚ ਜੁਟੇ ਰਹੇ।

**ਪਾਰਲੀਮਾਨੀ ਰਾਹ ਦੀ ਦਲਦਲ 'ਚ ਜਾਣ ਤੋਂ ਇਨਕਾਰੀ** : ਕਾ. ਸੁਰਿੰਦਰ ਤਿਵਾੜੀ ਪਾਰਲੀਮਾਨੀ ਸਿਆਸਤ ਦੀ ਦਲਦਲ ਤੋਂ ਸਦਾ ਮੁਕਤ ਰਹੇ। ਉਹ ਮੁਲਕ ਅੰਦਰ ਜਮਹੂਰੀ ਇਨਕਲਾਬ ਦੇ ਮਿਸ਼ਨ ਨੂੰ ਪ੍ਰਣਾਏ ਰਹੇ। ਉਹਨਾਂ ਦਾ ਪੱਕਾ ਵਿਚਾਰ ਸੀ ਕਿ 1947 'ਚ ਦੇਸ਼ ਅੰਦਰ ਸਿਰਫ਼ ਸੱਤਾ ਬਦਲੀ ਹੋਈ ਸੀ ਤੇ ਅੰਗਰੇਜ਼ ਸਾਮਰਾਜੀਆਂ ਦੇ ਸਿੱਧੇ ਰਾਜ ਦੀ ਥਾਂ ਇੱਥੋਂ ਦੇ ਦਲਾਲ ਸਰਮਾਏਦਾਰਾਂ ਤੇ ਜਗੀਰਦਾਰਾਂ ਨੇ ਰਾਜ ਭਾਗ ਸਾਂਭਿਆ ਸੀ ਅਤੇ ਸਾਮਰਾਜੀ ਲੁੱਟ ਤੇ ਦਾਬੇ ਦੇ ਸਿਰਫ਼ ਢੰਗ ਬਦਲੇ ਸਨ। ਭਾਰਤ ਦੇਸ਼ ਇੱਕ ਸਾਮਰਾਜੀ ਮੁਲਕ ਦੀ ਥਾਂ ਕਈ ਸਾਮਰਾਜੀ ਮੁਲਕਾਂ ਦੀ ਲੁੱਟ ਦੀ ਥਾਂ ਬਣ ਗਿਆ ਸੀ। ਸਾਮਰਾਜੀ ਤੇ ਜਗੀਰੂ ਲੁੱਟ ਤੇ ਦਾਬੇ ਤੋਂ ਮੁਕੰਮਲ ਮੁਕਤੀ ਲਈ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ, ਖੇਤ ਮਜ਼ਦੂਰਾਂ, ਛੋਟੇ ਵਪਾਰੀਆਂ/ਕਾਰੋਬਾਰੀਆਂ ਤੇ ਕੌਮੀ ਸਰਮਾਏਦਾਰਾਂ ਨੂੰ ਕੌਮੀ ਮੁਕਤੀ ਦੇ ਪ੍ਰੋਗਰਾਮ ਦੁਆਲੇ ਇੱਕਜੁੱਟ ਹੋ ਕੇ ਜੂਝਣ ਦੀ ਜ਼ਰੂਰਤ ਹੈ। ਇਸ ਸਮੁੱਚੇ ਕਾਰਜ ਦੀ ਅਗਵਾਈ ਮਜ਼ਦੂਰ ਜਮਾਤ ਦੀ ਪਾਰਟੀ ਹੀ ਕਰ ਸਕਦੀ ਹੈ ਤੇ ਇਹ ਸੰਘਰਸ਼ ਜ਼ਮੀਨ ਦੀ ਵੰਡ ਦੁਆਲੇ ਉਸਰ ਰਹੇ ਸੰਘਰਸ਼ ਨਾਲ, ਮੁਕਾਬਲੇ ਦੀ ਲੋਕ ਸੱਤਾ ਉਸਾਰਦਿਆਂ ਅੱਗੇ ਵਧੇਗਾ। ਉਹਨਾਂ ਦਾ ਦ੍ਰਿੜ ਵਿਚਾਰ ਸੀ ਕਿ ਦੇਸ਼ ਅੰਦਰਲਾ ਪਾਰਲੀਮਾਨੀ ਢਾਂਚਾ ਇਸ ਉਦੇਸ਼ ਦਾ ਸਾਧਨ ਨਹੀਂ ਬਣ ਸਕਦਾ। ਇਹ ਪਾਰਲੀਮਾਨੀ ਢਾਂਚਾ ਤੇ ਇਸਦੀਆਂ ਸੰਸਥਾਵਾਂ ਮੁਲਕ ਦੀਆਂ ਹਾਕਮ ਜਮਾਤਾਂ ਵੱਲੋਂ ਜਮਹੂਰੀਅਤ ਦੇ ਨਾਂ 'ਤੇ ਰਚਿਆ ਗਿਆ ਡਰਾਮਾ ਹੈ। ਇਹ ਜਮਹੂਰੀਅਤ ਝੂਠੀ ਹੈ ਤੇ ਲੋਕਾਂ ਸਾਹਮਣੇ ਖਰੀ ਲੋਕ ਜਮਹੂਰੀਅਤ ਦੀ ਸਿਰਜਣਾ ਦਾ ਕਾਰਜ ਹੈ। ਇਸ ਕਾਰਜ ਲਈ ਲੋਕ ਸੰਘਰਸ਼ਾਂ ਨੂੰ ਇਨਕਲਾਬੀ ਸੇਧ 'ਚ ਅੱਗੇ ਵਧਾਉਣ ਲਈ ਉਹਨਾਂ ਅਣਥੱਕ ਘਾਲਣਾ ਘਾਲੀ। ਇਸ ਸੇਧ ਨੂੰ ਪ੍ਰਚਾਰਿਆ ਤੇ ਲੋਕਾਂ ਦੇ ਆਗੂਆਂ ਨੂੰ ਸਿੱਖਿਅਤ ਕਰਨ 'ਚ ਅਹਿਮ ਹਿੱਸਾ ਪਾਇਆ । ਇਸ ਬਾਰੇ ਉਹਨਾਂ ਨੇ ਵੱਖ-ਵੱਖ ਤਰ੍ਹਾਂ ਦੀਆਂ ਲਿਖਤਾਂ ਲਿਖੀਆਂ। ਉਹਨਾਂ ਦੀਆਂ ਲਿਖਤਾਂ ਵੱਖ-ਵੱਖ ਇਨਕਲਾਬੀ ਪਰਚਿਆਂ 'ਚ ਪ੍ਰਕਾਸ਼ਿਤ ਹੋਈਆਂ।

**ਮਾਰਕਸਵਾਦ ਲੈਨਿਨਵਾਦ ਤੇ ਮਾਓ ਵਿਚਾਰਧਾਰਾ 'ਚ ਅਡੋਲ ਨਿਹਚਾ** : ਇੱਕ ਕਮਿਊਨਿਸਟ ਇਨਕਲਾਬੀ ਵਜੋਂ ਉਹਨਾਂ ਨੇ ਮਾਰਕਸਵਾਦ ਲੈਨਿਨਵਾਦ ਤੇ ਮਾਓ ਵਿਚਾਰਧਾਰਾ 'ਚ ਅਡੋਲ ਨਿਹਚਾ ਦਾ ਪ੍ਰਗਟਾਵਾ ਕੀਤਾ। ਉਹਨਾਂ ਇਸ ਵਿਗਿਆਨਕ ਵਿਚਾਰਧਾਰਾ ਦਾ ਪੱਲਾ ਘੁੱਟ ਕੇ ਫੜਿ ?ਹਆ ਤੇ ਸਿਧਾਂਤਕ ਸਪੱਸ਼ਟਤਾ ਨਾਲ ਇਹਨਾਂ ਵਿਚਾਰਾਂ 'ਤੇ ਖੜ੍ਹੇ। ਲਹਿਰ ਅੰਦਰ ਥਿੜਕਣਾਂ ਤੇ ਭਟਕਣਾਂ ਦੇ ਵੱਖ-ਵੱਖ ਨਾਜ਼ੁਕ ਮੋੜਾਂ 'ਤੇ ਉਹ ਨਿਹਚਾਵਾਨ ਤੇ ਵਿਚਾਰਧਾਰਕ ਤੌਰ 'ਤੇ ਪ੍ਰਪੱਕ ਕਮਿ: ਇਨ: ਵਜੋਂ ਨਿਭੇ। ਮਾਓ-ਜੇ-ਤੁੰਗ ਦੀ ਮੌਤ ਤੇ ਨਾਗੀ ਰੈਡੀ ਦੇ ਵਿਛੋੜੇ ਨੇ ਉਹਨਾਂ ਦੇ ਹੌਂਸਲੇ ਪਸਤ ਨਹੀਂ ਕੀਤੇ ਸਗੋਂ ਉਹ ਹੋਰ ਦ੍ਰਿੜ ਤੇ ਪੱਕੇ ਇਰਾਦੇ ਨਾਲ ਅੱਗੇ ਆਏ। ਲਹਿਰ ਦੀਆਂ ਫੁੱਟਾਂ ਨੇ ਉਹਨਾਂ ਦਾ ਉਤਸ਼ਾਹ ਮੱਧਮ ਨਹੀਂ ਪਾਇਆ। ਉਹ ਪੂਰੀ ਤਰ੍ਹਾਂ ਦ੍ਰਿੜ੍ਹਤਾ ਨਾਲ ਕਮਿ:ਇਨ: ਤਾਕਤਾਂ ਦੀ ਲੀਹ ਅਧਾਰਿਤ ਏਕਤਾ ਦੇ ਮੁੱਦਈ ਰਹੇ। ਮਾਰਕਸਵਾਦੀ ਸਿਧਾਂਤ ਦੀ ਤਾਕਤ ਨਾਲ ਉਹਨਾਂ ਨੇ ਗਲਤ ਰੁਝਾਨਾਂ ਖਿਲਾਫ ਸੰਘਰਸ਼ 'ਚ ਹਿੱਸਾ ਲਿਆ ਤੇ ਇਹਨਾਂ ਦਾ ਟਾਕਰਾ ਕਰਦਿਆਂ ਸਹੀ ਲੀਹ ਦੀ ਸਥਾਪਤੀ ਤੇ ਰਾਖੀ ਦੇ ਕਾਰਜ 'ਚ ਹਿੱਸਾ ਪਾਇਆ। ਸਮਾਜਵਾਦੀ ਚੀਨ ਦੇ ਪੂੰਜੀਵਾਦੀ ਹੋ ਜਾਣ ਨੇ, ਇਨਕਲਾਬੀ ਕਾਜ਼ 'ਚ ਉਹਨਾਂ ਦੇ ਵਿਸ਼ਵਾਸ ਨੂੰ ਕਮਜ਼ੋਰ ਨਹੀਂ ਕੀਤਾ, ਉਹਨਾਂ ਦੇ ਇਨਕਲਾਬੀ ਜਜ਼ਬੇ ਨੂੰ ਬੇਦਿਲ ਨਹੀਂ ਕੀਤਾ ਸਗੋਂ ਉਹਨਾਂ ਨੇ ਆਪਣੀ ਜਥੇਬੰਦੀ ਵੱਲੋਂ ਇਸ ਵਰਤਾਰੇ ਦੇ ਕੀਤੇ ਵਿਸ਼ਲੇਸ਼ਣ ਨਾਲ ਆਪਣੀ ਸੂਝ ਨੂੰ ਹੋਰ ਡੂੰਘੀ ਕੀਤਾ ਤੇ ਨਿਹਚਾ ਨੂੰ ਹੋਰ ਪਕੇਰੀ ਕੀਤਾ। ਉਹਨਾਂ ਨੇ ਸਭਨਾਂ ਅਹਿਮ ਮੋੜਾਂ 'ਤੇ ਭਰਵੇਂ ਸਿਧਾਂਤਕ ਅਧਿਐਨ ਨਾਲ ਸਿਆਸੀ ਵਿਚਾਰਧਾਰਕ ਬਹਿਸ ਵਿਚਾਰ 'ਚ ਡੂੰਘੀ ਤਰ੍ਹਾਂ ਸ਼ਮੂਲੀਅਤ ਕੀਤੀ। ਬੌਧਿਕ ਸੋਚ ਵਿਚਾਰ ਦੇ ਉੱਦਮਾਂ 'ਚ ਉਹਨਾਂ ਨੇ ਨਿੱਠ ਕੇ ਹਿੱਸਾ ਪਾਇਆ। ਉਹ ਪੂਰੀ ਸਪੱਸ਼ਟਤਾ ਨਾਲ ਦਰੁਸਤ ਸਿਆਸੀ ਵਿਚਾਰਧਾਰਕ ਪੁਜੀਸ਼ਨਾਂ 'ਤੇ ਖੜ੍ਹਦੇ ਰਹੇ। ਕਮਿਊਨਿਸਟ ਇਨਕਲਾਬੀ ਜਥੇਬੰਦੀ ਦੀ ਉਸਾਰੀ ਦੇ ਕਾਰਜ 'ਚ ਉਹਨਾਂ ਨੇ ਅਹਿਮ ਹਿੱਸਾ ਪਾਇਆ। ਰੂਪੋਸ਼ ਰਹਿੰਦਿਆਂ ਔਖੇ ਸਮਿਆਂ 'ਚ ਇਨਕਲਾਬੀ ਲਹਿਰ ਦੀ ਅਗਵਾਈ ਦੇ ਕਾਰਜ ਨਿਭਾਏ। ਉਹ ਵੱਖ-ਵੱਖ ਮੌਕਿਆਂ 'ਤੇ ਕਮਿਊਨਿਸਟ ਇਨਕਲਾਬੀ ਜਥੇਬੰਦੀਆਂ ਦੀਆਂ ਆਗੂ ਸਫਾਂ 'ਚ ਰਹੇ। ਏਸ ਵੇਲੇ ਉਹ ਸੀ.ਪੀ.ਆਰ.ਸੀ.ਆਈ. (ਐਮ.ਐਲ) ਦੀ ਪੰਜਾਬ ਸੂਬਾ ਕਮੇਟੀ ਤੇ ਕੇਂਦਰੀ ਕਮੇਟੀ ਦੇ ਮੈਂਬਰ ਸਨ।

**ਇਨਕਲਾਬੀ ਜਨਤਕ ਲਹਿਰ ਉਸਾਰੀ 'ਚ ਆਗੂ ਰੋਲ** : ਖਾਲਿਸਤਾਨੀ ਤੇ ਹਕੂਮਤੀ ਦਹਿਸ਼ਤਗਰਦੀ ਦੇ ਦੌਰ ਅੰਦਰ ਉਹ ਦੋਹਾਂ ਤਰ੍ਹਾਂ ਦੀ ਦਹਿਸ਼ਤਗਰਦੀ ਖ਼ਿਲਾਫ਼ ਲੋਕ ਟਾਕਰਾ ਉਸਾਰਨ ਦੇ ਕਾਰਜ 'ਚ ਮੂਹਰਲੀਆਂ ਸਫਾਂ 'ਚ ਰਹੇ। ਉਹਨਾਂ ਨੇ ਫਿਰਕਾਪ੍ਰਸਤੀ ਖਿਲਾਫ਼ ਸੰਘਰਸ਼ ਤੇ ਧਰਮ ਖ਼ਿਲਾਫ਼ ਸੰਘਰਸ਼ 'ਚ ਵਖਰੇਵਾਂ ਕਰਨ ਦੀ ਪਹੁੰਚ 'ਤੇ ਜ਼ੋਰ ਦਿੱਤਾ। ਫਿਰਕਾਪ੍ਰਸਤੀ ਖਿਲਾਫ਼ ਸੰਘਰਸ਼ ਨੂੰ ਜਮਾਤੀ ਜੱਦੋਜਹਿਦ ਨਾਲ ਸੁਮੇਲਣ 'ਤੇ ਜ਼ੋਰ ਦਿੱਤਾ। ਖਾਲਿਸਤਾਨੀ ਤੇ ਹਕੂਮਤੀ ਦਹਿਸ਼ਤਗਰਦੀ ਦੇ ਦੌਰ 'ਚ ਉਹ ਲੋਕਾਂ ਦੀ ਸਵੈ-ਰੱਖਿਆ ਦੇ ਕਾਰਜ ਨੂੰ ਗੰਭੀਰਤਾ ਨਾਲ ਸੰਬੋਧਿਤ ਹੋਏ। ਪੰਜਾਬ ਅੰਦਰ ਸਨਅਤੀ ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਘੋਲਾਂ ਨੂੰ ਅਗਵਾਈ ਦੇਣ 'ਚ ਉਹਨਾਂ ਨੇ ਵਿਸ਼ੇਸ਼ ਕਰਕੇ ਹਿੱਸਾ ਪਾਇਆ। ਇਹਨਾਂ ਘੋਲਾਂ ਨੂੰ ਇਨਕਲਾਬੀ ਦਿਸ਼ਾ 'ਚ ਸੇਧਤ ਕਰਨ ਲਈ ਗੰਭੀਰ ਤੇ ਅਣਥੱਕ ਯਤਨ ਜੁਟਾਏ। ਏਸ ਸੇਧ ਬਾਰੇ ਤੇ ਇਸਦੀ ਮਹੱਤਤਾ ਬਾਰੇ ਲਹਿਰ ਦੇ ਕਾਰਕੁੰਨਾਂ ਨੂੰ ਸਿੱਖਿਅਤ ਕਰਨ 'ਚ ਭਰਵਾਂ ਯੋਗਦਾਨ ਪਾਇਆ। ਮਜ਼ਦੂਰ ਲਹਿਰ ਦੀਆਂ ਸਮੱਸਿਆਵਾਂ ਹੱਲ ਕਰਨਾ ਉਹਨਾਂ ਦਾ ਨੇੜਲਾ ਸਰੋਕਾਰ ਬਣਿਆ ਰਿਹਾ। ਮਜ਼ਦੂਰ ਮੁਲਾਜ਼ਮ ਲਹਿਰ ਦੇ ਵਿਕਾਸ ਲਈ ਉਹਨਾਂ ਨੇ ਰਸਮੀ ਟਰੇਡ ਯੂਨੀਅਨ ਸਰਗਰਮੀਆਂ ਤੱਕ ਸੀਮਤ ਰਹਿਣ ਦੀ ਥਾਂ ਸਿਆਸੀ ਘੋਲ਼ ਕੇਂਦਰਾਂ ਦੀ ਉਸਾਰੀ ਦੀ ਲੋੜ 'ਤੇ ਜ਼ੋਰ ਦਿੱਤਾ। ਪੰਜਾਬ ਅੰਦਰ ਇਨਕਲਾਬੀ ਲੋਕ ਲਹਿਰ ਦੀ ਉਸਾਰੀ 'ਚ ਉਹਨਾਂ ਦਾ ਅਹਿਮ ਆਗੂ ਰੋਲ ਸ਼ਾਮਿਲ ਹੈ। ਇਨਕਲਾਬੀ ਜਨਤਕ ਲੀਹ 'ਤੇ ਉਸਰ ਰਹੇ ਲੋਕ ਸੰਘਰਸ਼ਾਂ 'ਚ ਉਹਨਾਂ ਵੱਲੋਂ ਇਸ ਲੀਹ ਦੇ ਕੀਤੇ ਸੰਚਾਰ ਦੇ ਕਾਰਜਾਂ ਦੀ ਵੀ ਭੂਮਿਕਾ ਸ਼ਾਮਿਲ ਹੈ।

**ਇਨਕਲਾਬ ਨੂੰ ਸਮਰਪਿਤ ਮਿਸਾਲੀ ਜ਼ਿੰਦਗੀ** : ਉਹਨਾਂ ਦੀ ਘਾਲਣਾ ਭਰੀ ਜ਼ਿੰਦਗੀ ਸਮਰਪਿਤ ਕਮਿਊਨਿਸਟ ਇਨਕਲਾਬੀ ਵਜੋਂ ਮਿਸਾਲੀ ਜ਼ਿੰਦਗੀ ਸੀ। ਉਹਨਾਂ ਲਈ ਇਨਕਲਾਬੀ ਮਿਸ਼ਨ ਸਦਾ ਸਿਰਮੌਰ ਰਿਹਾ ਹੈ ਤੇ ਉਹ ਇਸਨੂੰ ਹਰ ਪਲ ਜਿਉਣ ਵਾਲਿਆਂ 'ਚੋਂ ਸਨ। ਉਹ ਇਨਕਲਾਬੀ ਕਾਰਜਾਂ ਨਾਲ ਗੂੜ੍ਹੀ ਤਰ੍ਹਾਂ ਇੱਕਮਿੱਕ ਸਨ। ਉਹਨਾਂ ਨੇ ਸਾਰੀ ਜ਼ਿੰਦਗੀ ਲੋਕਾਂ ਦਰਮਿਆਨ ਮਜ਼ਦੂਰ ਬਸਤੀਆਂ 'ਚ ਇਨਕਲਾਬੀ ਕਾਰਜਾਂ ਨੂੰ ਨੇਪਰੇ ਚਾੜ੍ਹਦਿਆਂ ਗੁਜਾਰੀ। ਅੰਡਰ ਗਰਾਊਂਡ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਦਾ ਸਦਾ ਖਿੜੇ ਮੱਥੇ ਉੱਚੇ ਮਨੋਬਲ ਨਾਲ ਸਾਹਮਣਾ ਕੀਤਾ। ਸ਼ਹੀਦ ਭਗਤ ਸਿੰਘ ਨੇ ਕਿਹਾ ਸੀ ਕਿ ਇਨਕਲਾਬ ਲਈ ਨੌਜਵਾਨਾਂ ਨੂੰ ਆਪਣੀਆਂ ਜ਼ਿੰਦਗੀਆਂ ਪਿੰਡਾਂ ਤੇ ਮਜ਼ਦੂਰ ਬਸਤੀਆਂ 'ਚ ਗੁਜਾਰਨੀਆਂ ਪੈਣਗੀਆਂ। ਉਹ ਸ਼ਹੀਦ ਭਗਤ ਸਿੰਘ ਵੱਲੋਂ ਇਨਕਲਾਬ ਦੇ ਕਾਜ਼ ਲਈ ਕੁਰਬਾਨੀ ਬਾਰੇ ਕਹੇ ਇਹਨਾਂ ਬੋਲਾਂ ਨੂੰ ਅਮਲ 'ਚ ਪੁਗਾ ਜਾਣ ਵਾਲਿਆਂ 'ਚੋਂ ਸਨ। ਇਨਕਲਾਬ ਦੇ ਰਾਹ ਦੇ ਬਿਖੜੇ ਪੈਂਡਿਆਂ 'ਤੇ ਇੱਕ ਅਣਥੱਕ ਪਾਂਧੀ ਵਜੋਂ ਉਹਨਾਂ ਦੀਆਂ ਪੈੜਾਂ ਅਮਿੱਟ ਹਨ। ਆਪਣੀ ਸਿਆਸੀ ਵਿਚਾਰਧਾਰਕ ਪ੍ਰਤੀਬੱਧਤਾ, ਸਪੱਸ਼ਟਤਾ ਅਤੇ ਡੂੰਘੀ ਸਮਰਪਣ ਭਾਵਨਾ ਸਦਕਾ ਉਹ ਇਨਕਲਾਬੀਆਂ ਦੀ ਮੌਜੂਦਾ ਪੀੜ੍ਹੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਦਾ ਪ੍ਰੇਰਨਾ ਬਣੇ ਰਹਿਣਗੇ।

# ਮਰਹੂਮ ਕਮਿਊਨਿਸਟ ਇਨਕਲਾਬੀ ਆਗੂ ਕਾ. ਸੁਰਿੰਦਰ ਤਿਵਾੜੀ ਨੂੰ ਜਨਮ ਭੂਮੀ ਸਮਰਾਲਾ 'ਚ ਲੋਕ ਸ਼ਰਧਾਂਜਲੀ

## ਹਜ਼ਾਰਾਂ ਲੋਕਾਂ ਨੇ ਕਾਮਰੇਡ ਤਿਵਾੜੀ ਦੀ ਅਮਰ ਘਾਲਣਾ ਨੂੰ ਜ਼ਿੰਦਾਬਾਦ ਕਿਹਾ




ਸਮਰਾਲਾ, (ਬਲਜਿੰਦਰ ਸਿੰਘ ਪਟਿਆਲਾ) : ਮਰਹੂਮ ਕਮਿਊਨਿਸਟ ਇਨਕਲਾਬੀ ਆਗੂ ਕਾਮਰੇਡ ਸੁਰਿੰਦਰ ਤਿਵਾੜੀ ਨੂੰ ਸ਼ਰਧਾਂਜਲੀ ਦੇਣ ਲਈ ਹਜ਼ਾਰਾਂ ਲੋਕ ਪੰਜਾਬ ਦੇ ਕੋਨੇ ਕੋਨੇ ਚੋਂ ਅੱਜ ਉਹਨਾਂ ਦੀ ਜਨਮ ਭੂਮੀ ਸਮਰਾਲਾ ਵਿਖੇ ਪਹੁੰਚੇ। 56 ਵਰ੍ਹੇ ਇਨਕਲਾਬੀ ਲਹਿਰ 'ਚ ਆਪਣੀ ਜਿੰਦਗੀ ਦਾ ਪਲ-ਪਲ ਲਾਉਣ ਵਾਲੇ ਕਾਮਰੇਡ ਤਿਵਾੜੀ ਦੀ ਅਮਰ ਘਾਲਣਾ ਨੂੰ ਲੋਕਾਂ ਨੇ ਸੰਗਰਾਮੀ ਨਾਅਰਿਆ ਨਾਲ ਸਿਜਦਾ ਕੀਤਾ। ਦਾਣਾ ਮੰਡੀ ਚ ਸਜੇ ਪੰਡਾਲ ਚ ਸਮਾਗਮ ਦੀ ਸ਼ੁਰੂਆਤ ਵਿਛੜੇ ਸਾਥੀ ਦੀ ਤਸਵੀਰ ਨੂੰ ਕਮੇਟੀ ਮੈਂਬਰਾਂ ਤੇ ਹੋਰਨਾਂ ਆਗੂਆਂ ਵੱਲੋਂ ਫੁੱਲ ਭੇਂਟ ਕਰਨ ਨਾਲ ਹੋਈ। ਇਸ ਮੌਕੇ ਸਮੁੱਚੇ ਇਕੱਠ ਨੇ ਖੜ੍ਹੇ ਹੋ ਕੇ ਕੌਮਾਂਤਰੀ ਗੀਤ ਦੀ ਧੁਨ 'ਤੇ ਕਾਮਰੇਡ ਤਿਵਾੜੀ ਦੇ ਕਿਰਤ ਦੀ ਮੁਕਤੀ ਦੇ ਅਕੀਦੇ ਨੂੰ ਬੁਲੰਦ ਕੀਤਾ। ਇਸ ਤੋਂ ਪਹਿਲਾਂ ਲੋਕ ਸੰਗੀਤ ਮੰਡਲੀ ਭਦੌੜ ਦੇ ਕਲਾਕਾਰਾਂ ਵੱਲੋਂ ਸ਼ਰਧਾਂਜਲੀ ਗੀਤਾਂ ਦੀ ਇੱਕ ਲੜੀ ਨਾਲ ਸਮਾਗਮ ਦਾ ਆਗਾਜ਼ ਕੀਤਾ ਗਿਆ।

ਸ਼ਰਧਾਂਜਲੀਆਂ ਦੀ ਸ਼ੁਰੂਆਤ ਕਮੇਟੀ ਮੈਂਬਰ ਪਾਵੇਲ ਕੁੱਸਾ ਨੇ ਕਰਦਿਆਂ ਇਨਕਲਾਬੀ ਲਹਿਰ ਅੰਦਰ ਡਟਣ ਲਈ ਕਾਮਰੇਡ ਤਿਵਾੜੀ ਦੇ ਲੰਮੇ ਅਣਥੱਕ ਸਫਰ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ। ਸੀਪੀਆਈ ਐਮਐਲ ਐਨਡੀ ਦੇ ਆਗੂ ਕਾਮਰੇਡ ਦਰਸ਼ਨ ਖਟਕੜ ਨੇ ਸੁਰਿੰਦਰ ਤਿਵਾੜੀ ਨਾਲ ਆਪਣੀਆਂ ਮਿਲਣੀਆਂ ਨੂੰ ਯਾਦ ਕਰਦਿਆਂ ਉਸ ਨੂੰ ਇਰਾਦੇ ਦਾ ਪੱਕਾ ਸਾਥੀ ਕਰਾਰ ਦਿੱਤਾ। ਉਹਨਾਂ ਕਿਹਾ ਕਿ ਕਾਮਰੇਡ ਸੁਰਿੰਦਰ ਤਿਵਾੜੀ ਨੇ ਨਕਸਲਵਾੜੀ ਲਹਿਰ ਦੀ ਸਹੀ ਭਾਵਨਾ ਨੂੰ ਬੁਝਦਿਆਂ ਲਹਿਰ ਅੰਦਰ ਲੋਕਾਂ ਦੀ ਸ਼ਮੂਲੀਅਤ 'ਤੇ ਜ਼ੋਰ ਦਿੱਤਾ। ਉਹਨਾਂ ਕਿਹਾ ਕਿ ਸਾਥੀ ਤਿਵਾੜੀ ਲੋਕਾਂ ਦੀ ਲਹਿਰ 'ਤੇ ਆਪਣੀ ਛਾਪ ਛੱਡ ਕੇ ਗਏ ਹਨ। ਕਾਮਰੇਡ ਮੁਖਤਿਆਰ ਪੂਹਲਾ ਨੇ ਸਾਥੀ ਤਿਵਾੜੀ ਦੀ ਮਾਰਕਸਵਾਦ ਲੈਨਿਨਵਾਦ ਮਾਓ ਵਿਚਾਰਧਾਰਾ 'ਤੇ ਡੂੰਘੀ ਪਕੜ ਬਾਰੇ ਚਰਚਾ ਕੀਤੀ। ਉਹਨਾਂ ਨੇ ਕਮਿਊਨਿਸਟ ਇਨਕਲਾਬੀ ਸ਼ਕਤੀਆਂ ਦੀ ਏਕਤਾ ਦੀ ਲੋੜ ਉਭਾਰਦਿਆਂ ਲੋਕ ਇਨਕਲਾਬ ਦੇ ਰਾਹ 'ਤੇ ਅੱਗੇ ਵਧਣ ਦਾ ਸੱਦਾ ਦਿੱਤਾ।

ਸ਼ਰਧਾਂਜਲੀ ਸਮਾਗਮ ਕਮੇਟੀ ਦੇ ਕਨਵੀਨਰ ਜਸਪਾਲ ਜੱਸੀ ਨੇ ਕਾ. ਤਿਵਾੜੀ ਵੱਲੋਂ ਕਮਿਊਨਿਸਟ ਇਨਕਲਾਬੀ ਲਹਿਰ ਅਤੇ ਲੋਕ ਸੰਘਰਸ਼ਾਂ ਦੀ ਲਹਿਰ ਅੰਦਰ ਪਾਏ ਯੋਗਦਾਨ ਦੇ ਵੱਖ-ਵੱਖ ਪਹਿਲੂਆਂ ਬਾਰੇ ਚਰਚਾ ਕੀਤੀ। ਉਹਨਾਂ ਕਿਹਾ ਕਿ ਅੱਜ ਫੌਰੀ ਪ੍ਰਸੰਗ ਅੰਦਰ ਕਿਸਾਨ ਮਜ਼ਦੂਰ ਏਕਤਾ ਦਾ ਨਾਅਰਾ ਉੱਚਾ ਕਰਨਾ ਤੇ ਇਸ ਏਕਤਾ ਨੂੰ ਸਾਕਾਰ ਕਰਨ ਲਈ ਅਮਲੀ ਤੌਰ 'ਤੇ ਕੰਮ ਕਰਨਾ ਹੀ ਕਾਮਰੇਡ ਤਿਵਾੜੀ ਨੂੰ ਸੱਚੀ ਸ਼ਰਧਾਂਜਲੀ ਹੈ। ਇਸ ਮੌਕੇ ਮੁਕਤੀ ਸੰਗਰਾਮ ਮਜ਼ਦੂਰ ਮੰਚ ਵੱਲੋਂ ਕਾਮਰੇਡ ਨਮਿਤਾ ਨੇ ਸੁਰਿੰਦਰ ਤਿਵਾੜੀ ਵੱਲੋਂ ਇਨਕਲਾਬੀ ਜਨਤਕ ਲੀਹ ਦੀ ਸਥਾਪਤੀ ਲਈ ਘਾਲੀ ਘਾਲਣਾ ਨੂੰ ਉਚਿਆਇਆ। ਉਨਾਂ ਨੇ ਵੀ ਕਮਿਊਨਿਸਟ ਇਨਕਲਾਬੀਆਂ ਦੀ ਆਪਸੀ ਏਕਤਾ ਤੇ ਸਹਿਯੋਗ ਦੀ ਲੋੜ 'ਤੇ ਜ਼ੋਰ ਦਿੱਤਾ। ਮੁੰਬਈ ਤੋ ਆਏ ਕਮਿ. ਇਨ. ਲਹਿਰ ਦੇ ਪੱਤਰਕਾਰ ਵਜੋਂ ਆਨਲਾਈਨ ਮੰਚਾਂ 'ਤੇ ਲਿਖਦੇ ਹਰਸ਼ ਠਾਕੁਰ ਨੇ ਵੀ ਕੁਝ ਸ਼ਰਧਾਂਜਲੀ ਸ਼ਬਦ ਕਹੇ। ਉਹਨਾਂ ਕਿਹਾ ਕਿ ਸੁਰਿੰਦਰ ਤਿਵਾੜੀ ਦਾ ਕੀਤਾ ਕੰਮ ਸਦਾ ਅਮਰ ਰਹੇਗਾ। ਕਮੇਟੀ ਮੈਂਬਰ ਹਰਜਿੰਦਰ ਸਿੰਘ ਨੇ ਮੰਚ ਸੰਚਾਲਨ ਕੀਤਾ। ਵਿਛੜੇ ਸਾਥੀ ਦੀ ਜਥੇਬੰਦੀ ਸੀ.ਪੀ.ਆਰ.ਸੀ.ਆਈ. (ਐਮ ਐਲ) ਵੱਲੋਂ ਲੋਕਾਂ ਨਾਲ ਸਾਂਝਾ ਕਰਦਾ ਤੇ ਸਮਾਗਮ ਜਥੇਬੰਦ ਕਰਨ ਵਾਲੀ ਕਮੇਟੀ ਦਾ ਧੰਨਵਾਦ ਕਰਦਾ ਸੰਦੇਸ਼ ਮੰਚ ਤੋਂ ਪੜਿਆ ਗਿਆ। ਇਸ ਸੰਦੇਸ਼ ਵਿੱਚ ਜਥੇਬੰਦੀ ਨੇ ਕਾਮਰੇਡ ਤਿਵਾੜੀ ਨੂੰ ਸਮਰਪਿਤ ਕਮਿ ਇਨ ਆਗੂ ਕਰਾਰ ਦਿੱਤਾ ਤੇ ਉਸਦਾ ਫਖਰਯੋਗ ਵਿਰਸਾ ਬੁਲੰਦ ਕਰਨ ਦਾ ਸੱਦਾ ਦਿੱਤਾ। ਲੋਕ ਸੰਗਰਾਮ ਮੋਰਚਾ ਦੇ ਸੂਬਾਈ ਪ੍ਰਧਾਨ ਤਾਰਾ ਸਿੰਘ ਵੱਲੋਂ ਵੀ ਸ਼ੋਕ ਸੰਦੇਸ਼ ਭੇਜਿਆ ਗਿਆ ਸੀ।

ਇਸ ਸਮਾਗਮ ਵਿੱਚ ਵਿਛੜੇ ਸਾਥੀ ਦੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਤੇ ਸ਼ਹਿਰ ਨਿਵਾਸੀਆਂ ਸਮੇਤ ਪੰਜਾਬ ਦੀ ਇਨਕਲਾਬੀ ਲਹਿਰ ਤੇ ਜਮਹੂਰੀ ਲਹਿਰ ਦੇ ਆਗੂ-ਕਾਰਕੁਨ, ਲੋਕ ਜਮਹੂਰੀ ਸ਼ਖਸ਼ੀਅਤਾਂ ਵੱਡੀ ਗਿਣਤੀ 'ਚ ਪਹੁੰਚੇ ਹੋਏ ਸਨ। ਪੰਡਾਲ ਵਿੱਚ ਕਾਮਰੇਡ ਤਿਵਾੜੀ ਦੇ ਆਦਰਸ਼ਾਂ ਤੇ ਸੋਚਾਂ ਨੂੰ ਪ੍ਰਗਟਾਉਂਦੇ ਨਾਅਰਿਆਂ ਦੇ ਬੈਨਰ ਮੌਜੂਦ ਸਨ।

# ਸ਼ਹੀਦ ਸੁਖਦੇਵ ਦੇ ਜਨਮ ਦਿਨ ਤੇ ਅਕੀਦਤ ਸਮਾਗਮ

## ਸ਼ਹੀਦ ਦੇ ਘਰ ਨੂੰ ਮਿਉਜ਼ੀਅਮ ਅਤੇ ਲਾਇਬ੍ਰੇਰੀ ਬਣਾਉਣ ਦੀ ਮੰਗ





ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : 15 ਮਈ ਨੂੰ ਅੰਗਰੇਜ਼ੀ ਰਾਜ ਦੇ ਖਾਤਮੇ ਲਈ ਆਪਣੀ ਜਵਾਨੀ ਦੇਸ ਦੇ ਲੇਖੇ ਲਾ ਗਏ ਸ਼ਹੀਦ ਭਗਤ ਸਿੰਘ, ਰਾਜਗੁਰੂ ਨਾਲ ਫਾਂਸੀ ਦਾ ਰੱਸਾ ਚੁੰਮਣ ਵਾਲੇ ਯੋਧੇ ਸ਼ਹੀਦ ਸੁਖਦੇਵ ਦਾ ਜਨਮ ਦਿਨ ਸੀ। ਇਸ ਦਿਨ ਸ਼ਹੀਦ ਦੀ ਜਨਮ ਸਥਲੀ ਮੁੱਹਲਾ ਨੌਘਰਾ ਵਿਖੇ ਸ਼ਹੀਦ ਸੁਖਦੇਵ ਦੀ ਕੁਰਬਾਨੀ ਨੂੰ ਸਿਜਦਾ ਕਰਨ ਲਈ ਇਨਕਲਾਬੀ ਕੇਂਦਰ ਪੰਜਾਬ ਅਤੇ ਲੋਕ ਮੋਰਚਾ ਪੰਜਾਬ ਨੇ ਹੋਰ ਜਨਤਕ ਜਮਹੂਰੀ , ਤਰਕਸ਼ੀਲ ਜੱਥੇਬੰਦੀਆਂ ਦੇ ਸਹਿਯੋਗ ਨਾਲ ਯਾਦਗਾਰੀ ਮਾਰਚ ਕਰਦਿਆਂ ਮੁੱਹਲਾ ਨੌਘਰਾ ਪੁੱਜੇ। ਕਾਰਪੋਰੇਸ਼ਨ ਦੀ ਪਾਰਕਿੰਗ ਨੇੜੇ ਇਕੱਤਰ ਹੋ ਕੇ ਜਥੇਬੰਦੀਆਂ ਦੇ ਕਾਰਕੁਨਾਂ ਨੇ ਵਾਇਆ ਚੋੜਾ ਬਾਜ਼ਾਰ, ਮੁੱਹਲਾ ਨੌਘਰਾ ਤਕ ਝੰਡਿਆਂ ਬੈਨਰਾਂ ਨਾਲ ਲੈਸ ਹੋ ਕੇ ਮਾਰਚ ਕੀਤਾ। ਸ਼ਹੀਦੋ ਥੋਡਾ ਕਾਜ ਅਧੂਰਾ ਲਾ ਕੇ ਜ਼ਿੰਦਗੀਆਂ ਕਰਾਂਗੇ ਪੂਰਾ, ਸ਼ਹੀਦ ਸੁਖਦੇਵ ਦਾ ਪੈਗਾਮ ਜਾਰੀ ਰੱਖਣਾ ਹੈ ਸੰਗਰਾਮ ਦੇ ਨਾਅਰਿਆਂ ਨਾਲ ਪੈਂਦੀ ਗੂੰਜ ਨੇ ਲੋਕਾਂ ਨੂੰ ਚੇਤੇ ਕਰਵਾਇਆ ਕਿ ਅੱਜ ਸ਼ਹੀਦ ਸੁਖਦੇਵ ਦਾ ਮੁਬਾਰਕ ਜਨਮ ਦਿਨ ਹੈ। ਤੇਈ ਮਾਰਚ 1931 ਨੂੰ ਫਾਂਸੀ ਚੜ੍ਹ ਕੁਰਬਾਨ ਹੋਣ ਵਾਲੇ ਸ਼ਹੀਦ ਸਾਡਾ ਸਰਮਾਇਆ ਹਨ, ਪ੍ਰੇਰਨਾ ਸਰੋਤ ਹਨ। ਸ਼ਹੀਦ ਸੁਖਦੇਵ ਦੀ ਜਨਮਸਥਲੀ ਅੱਜ ਵੀ ਸੰਸਾਰ ਭਰ 'ਚ ਸਾਮਰਾਜ ਖਿਲਾਫ ਚੱਲ ਰਹੀ ਜਦੋਜਹਿਦ ਲਈ ਚਮਕਦਾ ਰਾਹ ਦਸੇਰਾ ਹੈ। ਇਹ ਵਿਚਾਰ ਸ਼ਹੀਦ ਨੂੰ ਸਿਜਦਾ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਜਰਨਲ ਸਕੱਤਰ ਕੰਵਲਜੀਤ ਖੰਨਾ ਨੇ ਕਹੇ। ਉਨ੍ਹਾਂ ਕਿਹਾ ਕਿ ਸ਼ਹੀਦ ਸੁਖਦੇਵ ਨੇ ਇਸ ਕਰਕੇ ਕੁਰਬਾਨੀ ਨਹੀਂ ਸੀ ਦਿੱਤੀ ਕਿ ਦੇਸ਼ ਦੀ ਆਜ਼ਾਦੀ ਤੋਂ ਬਾਦ ਵੀ ਲੋਕ ਗਰੀਬੀ ਭੁੱਖਮਰੀ ਨਾਲ ਘੁਲਦੇ ਰਹਿਣ। ਬਲਾਤਕਾਰ, ਜਬਰ ਜਿਨਾਹ ਆਮ ਵਰਤਾਰਾ ਬਣ ਜਾਵੇ। ਇਸ ਸਮੇਂ ਬੋਲਦਿਆਂ ਮੋਲਡਰ ਐਂਡ ਸਟੀਲ ਵਰਕਰਜ ਯੂਨੀਅਨ ਦੇ ਆਗੂ ਹਰਜਿੰਦਰ ਸਿੰਘ ਨੇ ਕਿਹਾ ਕਿ ਸ਼ਹੀਦ ਸੁਖਦੇਵ ਦਾ ਸੁਪਨਾ ਲੁੱਟ ਰਹਿਤ ਸਮਾਜ ਤੇ ਰਾਜ ਦੀ ਸਥਾਪਨਾ ਸੀ। ਉਨ੍ਹਾਂ ਕਿਹਾ ਕਿ ਦੇਸ਼ ਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ, ਮਹਿੰਗਾਈ ਲੱਕ ਤੋੜ ਵੱਧ ਰਹੀ ਹੈ। ਮਜ਼ਦੂਰਾਂ ਦੀਆਂ ਮੰਗਾਂ ਦੇ ਹੱਕ ਚ ਬੋਲਣ ਵਾਲੇ ਆਗੂਆਂ, ਬੁੱਧੀਜੀਵੀਆਂ 'ਤੇ ਯੋਗੀ ਸਰਕਾਰ ਵਲੋਂ ਕੌਮੀ ਸੁਰੱਖਿਆ ਕਾਨੂੰਨ ? ਜਿਹੇ ਕਾਲੇ ਕਾਨੂੰਨ ਮੜ ਕੇ ਜ਼ੇਲ੍ਹ 'ਚ ਬੰਦ ਕੀਤਾ ਹੈ ਜਿਨ੍ਹਾਂ ਵਿੱਚ ਸਤਿਅਮ ਵਰਮਾ ਅਤੇ ਆਕ੍ਰਿਤੀ ਚੋਧਰੀ ਤਿੰਨ ਸੋ ਮਜ਼ਦੂਰਾਂ ਤੇ ਪਰਚਾ ਦਰਜ ਕਰ ਦਿੱਤਾ ਗਿਆ ਹੈ। ਭਾਜਪਾ ਨੇ ਦੇਸ਼ ਚ ਅਣ ਐਲਾਨੀ ਐਮਰਜੈਂਸੀ ਲਾ ਰੱਖੀ ਹੈ। ਬੰਗਾਲ 'ਚ ਭਾਜਪਾਈ ਫਾਸ਼ੀਵਾਦ ਸਿਰ ਚੜ੍ਹ ਕੇ ਬੋਲਿਆ ਹੈ। ਉਨ੍ਹਾਂ ਪੋਟਰੋਲ ਡੀਜਲ, ਹਰ ਤਰ੍ਹਾਂ ਦੀ ਗੈਸ ਦੇ ਰੇਟਾਂ ਚ ਵਾਧੇ ਦੀ ਆਲੋਚਨਾ ਕਰਦਿਆਂ ਤੁਰੰਤ ਰੱਦ ਕਰਨ ਦੀ ਮੰਗ ਕੀਤੀ। ਉੱਘੇ ਸਮਾਜ ਚਿੰਤਕ ਬਲਕੌਰ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਸਮੇਂ ਪ੍ਰਸਿੱਧ ਰੰਗਕਰਮੀ ਤਰਲੋਚਨ ਸਿੰਘ ਦੀ ਨਿਰਦੇਸ਼ਨਾ ਹੇਠ ਡਾ. ਸਵਰਾਜਬੀਰ ਦਾ ਸੋਲੋ ਨਾਟਕ ਖੇਡ ਕੇ ਸਿਹਤ ਦੇ ਨਾਮ ਤੇ ਪੈ ਰਹੇ ਡਾਕਿਆਂ ਅਤੇ ਫੈਲੇ ਭ੍ਰਿਸ਼ਟਾਚਾਰ ਦਾ ਬਾਖੂਬੀ ਪਾਜ਼ ਉਘੇੜਿਆ। ਹਾਜ਼ਰ ਵਰਕਰਾਂ ਨੇ ਸ਼ਹੀਦ ਦੇ ਬੁੱਤ ਤੇ ਨਾਰਿਆਂ ਦੀ ਗੂੰਜ 'ਚ ਫੁੱਲ ਪੱਤੀਆਂ ਭੇਟ ਕੀਤੀਆਂ। ਇਸ ਸਮੇਂ ਪਲਸ ਮੰਚ ਦੇ ਆਗੂ ਕਸਤੂਰੀ ਲਾਲ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸ਼ਹੀਦ ਸੁਖਦੇਵ ਦੀ ਜਨਮ ਸਥਲੀ ਨੂੰ ਰਾਸ਼ਟਰੀ ਧਰੋਹਰ ਵਜੋਂ ਮਿਉਜਮ ਅਤੇ ਲਾਇਬ੍ਰੇਰੀ ਦਾ ਰੁਤਬਾ ਤੇ ਰੂਪ ਦਿੱਤਾ ਜਾਵੇ। ਇਸ ਸਮੇਂ ਰਬਿਤਾ ਨੇ ਕਵਿਤਾ ਕਹੀ। ਸਮਾਗਮ 'ਚ ਮੁਹੱਲਾ ਵਾਸੀਆਂ ਨੇ ਬਲਵੀਰ ਚੰਦ ਪਰਿਵਾਰ ਵੱਲੋਂ ਮਨੀਸ਼ਾ, ਰਾਜ ਰਾਣੀ ਨੇ ਭਾਗ ਲਿਆ ਅਤੇ ਪਾਣੀ ਅਤੇ ਲੱਡੂਆਂ ਦੀ ਸੇਵਾ ਕੀਤੀ।

ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਜਸਵੰਤ ਜੀਰਖ ਨੇ ਸਟੇਜ ਸੰਚਾਲਨ ਕਰਦਿਆਂ ਮੰਗ ਕੀਤੀ ਕਿ ਜਨਮ ਦਿਨ ਤੇ ਇਹ ਘਰ ਚੋਵੀ ਘੰਟੇ ਖੁੱਲ੍ਹਾ ਰੱਖਿਆ ਜਾਵੇ। ਉਨ੍ਹਾਂ ਅੱਜ ਵਿਸ਼ੇਸ਼ ਦਿਨ ਤੇ ਵੀ ਸ਼ਹੀਦ ਦੇ ਘਰ ਨੂੰ ਤਾਲਾ ਲੱਗਾ ਹੋਣ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਡਿਪਟੀ ਕਮਿਸ਼ਨਰ ਲੁਧਿਆਣਾ ਤੋਂ ਮਾਮਲੇ ਦਾ ਸਖ਼ਤ ਨੋਟਿਸ ਲੈਣ ਦੀ ਮੰਗ ਕੀਤੀ। ਇਸ ਸਮੇਂ ਤਰਕਸ਼ੀਲ ਸੁਸਾਇਟੀ, ਜਮਹੂਰੀ ਅਧਿਕਾਰ ਸਭਾ, ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ, ਮਹਾਂ ਸਭਾ ਲੁਧਿਆਣਾ, ਵੱਲੋਂ ਬਲਵਿੰਦਰ ਸਿੰਘ, ਸਤੀਸ਼ ਸੱਚਦੇਵਾ, ਅਰੁਣ ਕੁਮਾਰ, ਰਾਕੇਸ਼ ਆਜ਼ਾਦ, ਜਗਜੀਤ ਸਿੰਘ, ਅਜਮੇਰ ਦਾਖਾ, ਕਲਪਨਾ ਸਮੇਤ ਮਜ਼ਦੂਰ ਆਗੂ ਵਿਜੈ ਨਾਰਾਇਣ, ਡੀ ਟੀ ਐਫ ਆਗੂ ਬਲਬੀਰ ਬਾਸੀ, ਹਰਦੇਵ ਮੁਲਾਂਪੁਰ, ਮਦਨ ਸਿੰਘ, ਸਤਪਾਲ ਸਿੰਘ, ਡਾ ਸੁਰਜੀਤ ਸਿੰਘ, ਹਰਜਿੰਦਰ ਕੌਰ, ਹਰਸਾ ਸਿੰਘ, ਹਿੰਮਤ ਸਿੰਘ, ਹਰਮਨ ਆਦਿ ਹਾਜ਼ਰ ਸਨ।


DM TRANSPORT

ace ACI US & Canada Bonded

Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8

Email : bob@dmtransport.ca
Web : www.dmtransport.ca

Hiring AZ drivers and owner operator





Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਹਵਾਈ ਸਫ਼ਰ ਦੀਆਂ ਦੁਸ਼ਵਾਰੀਆਂ ਤੋਂ ਪਾਰ ਦਾ ਕੈਨੇਡਾ

*ਮਈ ਦੇ ਪਹਿਲੇ ਹਫ਼ਤੇ ਅੰਮ੍ਰਿਤਸਰ ਤੋਂ ਕੈਨੇਡਾ ਵੱਲ ਤੁਰਨ ਦਾ ਦਿਨ ਸੀ। ਬਹੁਤ ਸਾਰਾ ਸਮਾਨ ਲੈ ਕੇ ਸੱਤ ਸਮੁੰਦਰ ਪਾਰ ਜਾਣਾ ਤੁਹਾਨੂੰ ਬਹੁਤ ਸਾਰੇ ਡਰਾਂ ਅਤੇ ਖਿਝ ਨਾਲ਼ ਭਰ ਦਿੰਦਾ ਹੈ। ਖਿਝ ਨਾਲ਼ ਭਰਿਆ ਦਿਨ ਕਵਿਤਾ ਦਾ ਨਹੀਂ ਹੁੰਦਾ। ਕਵਿਤਾ ਤਾਂ ਖਿਝ ਦਾ ਸਹਿਜ ਵਿੱਚ ਰੁਪਾਂਤਰਣ ਹੁੰਦੀ ਹੈ। ਬੇਤਰਤੀਬੀਆਂ ਦਾ ਤਰਤੀਬ ਵਿੱਚ ਉਲੱਥਾ। ਮੇਰੀ ਸਮੱਸਿਆ ਹੋਰ ਸੀ। ਮੈਂ ਚਾਹੁੰਦਾ ਸਾਂ ਇਸ ਵਰ੍ਹੇ ਛਪੀਆਂ ਆਪਣੀਆਂ ਨਵੀਆਂ ਕਿਤਾਬਾਂ ਦੀਆਂ ਕੁਝ ਕਾਪੀਆਂ ਨਾਲ਼ ਲੈ ਜਾਵਾਂ।ਪਰ ਇਹ ਤਮੰਨਾਂ ਵੀ ਨਿਸ਼ਚਿਤ ਭਾਰ ਤੋਂ ਬਾਹਰ ਰਹਿ ਜਾਣ ਦੇ ਡਰ ਕਾਰਨ ਪੂਰੀ ਹੁੰਦੀ ਨਹੀਂ ਸੀ ਲੱਗ ਰਹੀ।*



ਮਲਵਿੰਦਰ
+1 365 994 6744

ਇਸ ਵਾਰ ਬਰੈਂਪਟਨ ਕੁਝ ਸ਼ਾਂਤ ਲੱਗਾ ਹੈ। ਸੜਕਾਂ 'ਤੇ ਟਰੈਫਿਕ ਦਾ ਭੀੜ-ਭੜੱਕਾ ਨਹੀਂ ਹੈ। ਕਾਰਾਂ ਵਿੱਚ ਉੱਚੀ ਆਵਾਜ਼ ਵਿੱਚ ਵੱਜਦੇ ਗਾਣੇ ਵੀ ਘੱਟ ਸੁਣਾਈ ਦਿੱਤੇ। ਪਲਾਜ਼ਿਆਂ ਵਿੱਚ ਗਾਣੇ ਲਾ ਕੇ ਕਾਰਾਂ ਘੁਮਾਉਂਦੇ ਤੇ ਕੈਨੇਡਾ ਦੇ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਮਨਚਲਿਆਂ ਦੇ ਦਰਸ਼ਣ ਵੀ ਨਹੀਂ ਹੋਏ। ਗੁਰੂ ਘਰਾਂ ਵਿੱਚ ਰੌਣਕ ਹੈ ਪਰ ਭੀੜ ਦਾ ਰੌਲ਼ਾ ਨਹੀਂ ਹੈ। ਬੱਸਾਂ ਵੀ ਪਹਿਲਾਂ ਵਾਂਗ ਭਰੀਆਂ ਨਹੀਂ ਹਨ। ਕਈ ਬੇਸਮੈਂਟਾਂ ਕਿਰਾਏਦਾਰ ਉਡੀਕ ਰਹੀਆਂ ਹਨ। ਕੁਦਰਤ ਪਹਿਲਾਂ ਵਾਂਗ ਹੀ ਰੁੱਤਾਂ ਦਾ ਕਹਿਣਾ ਮੰਨਦਿਆਂ, ਮੌਸਮਾਂ ਦੀ ਗੀਤ ਨਿਭਾਉਂਦਿਆਂ ਪੰਛੀਆਂ, ਜਾਨਵਰਾਂ, ਬਿਰਖਾਂ ਤੇ ਇਨਸਾਨਾਂ ਦੇ ਅੰਗ-ਸੰਗ ਨਿੱਭ ਰਹੀ ਹੈ। ਪਰ ਮਹਿੰਗਾਈ ਆਪਣਾ ਰੰਗ ਵਿਖਾ ਰਹੀ ਹੈ। ਨੌਕਰੀਆਂ ਦੀ ਭਾਲ਼ ਵਿੱਚ ਭਟਕਦੇ ਪਰਵਾਸੀ ਵੀ ਮਿਲ਼ੇ। ਆਪਣਾ ਵਤਨ ਛੱਡ ਕੇ ਸੁਪਨਿਆਂ ਦਾ ਪਿੱਛਾ ਕਰਦੇ ਲੋਕਾਂ ਲਈ ਜੀਵਨ ਕਠਿਨ ਹੋ ਗਿਆ ਹੈ। ਬਹੁਤ ਸਾਰੇ ਪਰਵਾਸੀ ਵਾਪਸ ਆਪਣੇ ਵਤਨ ਨੂੰ ਚਲੇ ਗਏ ਹਨ ਤੇ ਕੁਝ ਭੇਜ ਦਿੱਤੇ ਗਏ ਹਨ। ਪੂੰਜੀਵਾਦ ਆਪਣੇ ਤੇਵਰ ਵਿਖਾ ਰਿਹਾ ਹੈ। ਇਸ ਬਾਰੇ ਵਿਸਥਾਰ ਵਿੱਚ ਗੱਲਾਂ ਵੀ ਕਰਾਂਗੇ। ਪਹਿਲਾਂ ਹਵਾਈ ਸਫ਼ਰ ਦੀਆਂ ਦੁਸ਼ਵਾਰੀਆਂ ਦੀ ਗੱਲ ਕਰਦੇ ਹਾਂ।

ਮਈ ਦੇ ਪਹਿਲੇ ਹਫ਼ਤੇ ਅੰਮ੍ਰਿਤਸਰ ਤੋਂ ਕੈਨੇਡਾ ਵੱਲ ਤੁਰਨ ਦਾ ਦਿਨ ਸੀ। ਬਹੁਤ ਸਾਰਾ ਸਮਾਨ ਲੈ ਕੇ ਸੱਤ ਸਮੁੰਦਰ ਪਾਰ ਜਾਣਾ ਤੁਹਾਨੂੰ ਬਹੁਤ ਸਾਰੇ ਡਰਾਂ ਅਤੇ ਖਿਝ ਨਾਲ਼ ਭਰ ਦਿੰਦਾ ਹੈ। ਖਿਝ ਨਾਲ਼ ਭਰਿਆ ਦਿਨ ਕਵਿਤਾ ਦਾ ਨਹੀਂ ਹੁੰਦਾ। ਕਵਿਤਾ ਤਾਂ ਖਿਝ ਦਾ ਸਹਿਜ ਵਿੱਚ ਰੁਪਾਂਤਰਣ ਹੁੰਦੀ ਹੈ। ਬੇਤਰਤੀਬੀਆਂ ਦਾ ਤਰਤੀਬ ਵਿੱਚ ਉਲੱਥਾ। ਮੇਰੀ ਸਮੱਸਿਆ ਹੋਰ ਸੀ। ਮੈਂ ਚਾਹੁੰਦਾ ਸਾਂ ਇਸ ਵਰ੍ਹੇ ਛਪੀਆਂ ਆਪਣੀਆਂ ਨਵੀਆਂ ਕਿਤਾਬਾਂ ਦੀਆਂ ਕੁਝ ਕਾਪੀਆਂ ਨਾਲ਼ ਲੈ ਜਾਵਾਂ।ਪਰ ਇਹ ਤਮੰਨਾਂ ਵੀ ਨਿਸ਼ਚਿਤ ਭਾਰ ਤੋਂ ਬਾਹਰ ਰਹਿ ਜਾਣ ਦੇ ਡਰ ਕਾਰਨ ਪੂਰੀ ਹੁੰਦੀ ਨਹੀਂ ਸੀ ਲੱਗ ਰਹੀ। ਖੈਰ! ਕੁਝ ਕਾਪੀਆਂ ਨੂੰ ਥਾਂ ਤੇ ਆਗਿਆ ਮਿਲ ਹੀ ਗਈ। ਏਅਰਪੋਰਟ ਘਰੋਂ ਬਹੁਤੀ ਦੂਰ ਨਹੀਂ ਹੈ। ਸਮਾਨ ਜਮ੍ਹਾਂ ਕਰਵਾਉਂਦਿਆਂ ਤੇ ਬੋਰਡਿੰਗ ਕਾਰਡ ਹਾਸਲ ਕਰਨ ਨੂੰ ਵੀ ਕੋਈ ਬਹੁਤਾ ਸਮਾਂ ਨਾ ਲੱਗਾ। ਏਅਰਪੋਰਟ ਦੇ ਅੰਦਰ ਫੋਟੋ ਲੁਹਾਕੇ ਪੋਸਟ ਕਰ ਦਿੱਤੀ ਤਾਂ ਜੋ ਦੋਸਤਾਂ ਨੂੰ ਸੂਚਨਾ ਮਿਲ ਸਕੇ ਕਿ ਮੈਂ ਪਰਵਾਸ ਦੀ ਅਗਲੀ ਗੇੜੀ ਲਈ ਨਿਕਲ ਪਿਆ ਹਾਂ। ਇਹ ਪੰਜਵੀਂ ਵਾਰ ਹੈ। ਪਿਛਲੀਆਂ ਵਾਰੀਆਂ ਦੇ ਤਜ਼ਰਬੇ ਦੇ ਆਧਾਰ 'ਤੇ ਇਸ ਵਾਰ ਅੰਮ੍ਰਿਤਸਰ ਤੋਂ ਇੰਡੀਗੋ ਏਅਰਲਾਈਨ ਦੇ ਜਹਾਜ਼ 'ਤੇ ਦਿੱਲੀ ਪਹੁੰਚਣਾ ਸੀ ਜਿਥੋਂ ਸਾਡੀ ਪੋਲਿਸ਼ ਏਅਰਲਾਈਨ ਦੀ ਫਲਾਈਟ ਲੋਟ ਲਈ ਦਿੱਲੀ ਤੋਂ ਵਾਇਆ ਵਾਰਸਾਅ ਟੋਰਾਂਟੋ ਲਈ ਟਿਕਟ ਬੁੱਕ ਸੀ। ਇਹ ਇਸ ਗੇੜੀ ਦਾ ਅਗਲਾ ਤਜ਼ਰਬਾ ਸੀ। ਪਰ ਅੰਮ੍ਰਿਤਸਰ ਤੋਂ ਉਡਾਨ ਭਰਨ ਤੋਂ ਪਹਿਲਾਂ ਹੀ ਸਾਨੂੰ ਦੱਸ ਦਿੱਤਾ ਗਿਆ ਕਿ ਦਿੱਲੀ ਦਾ ਮੌਸਮ ਬਹੁਤ ਖਰਾਬ ਹੈ। ਦਿੱਲੀ ਦਾ ਮੌਸਮ ਸੱਚਮੁੱਚ ਖਰਾਬ ਸੀ। ਬੱਦਲਾਂ ਦੀ ਗਰਜ਼ ਤੇ ਬਿਜਲੀ ਦੀ ਡਰਾਉਣੀ ਲਿਸ਼ਕੋਰ ਖਰਾਬ ਮੌਸਮ ਦੀ ਗਵਾਹੀ ਭਰ ਰਹੇ ਸਨ। ਜਹਾਜ਼ ਨੂੰ ਜੈਪੁਰ ਵੱਲ ਮੋੜਨਾ ਪਿਆ। ਹਾਲਾਤ ਉਥੇ ਵੀ ਸਾਜ਼ਗਾਰ ਨਹੀਂ ਸਨ। ਅੱਧਾ ਘੰਟਾ ਜੈਪੁਰ ਦੀ ਪ੍ਰਕਰਮਾ ਕਰਨ ਉਪਰੰਤ ਵਰ੍ਹਦੇ ਮੀਂਹ ਵਿੱਚ ਜਹਾਜ਼ ਲੈਂਡ ਕੀਤਾ। ਇਸ ਠਹਿਰਾਅ ਦੌਰਾਨ ਨਵਾਂ ਭਾਣਾ ਵਾਪਰਿਆ। ਕੁਝ ਸਵਾਰ ਲੋਕਾਂ ਨੇ ਰੌਲ਼ਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਸਾਨੂੰ ਇਥੇ ਲਾਹ ਦਿੱਤਾ ਜਾਵੇ। ਅਸੀਂ ਦਿਲ ਦੇ ਮਰੀਜ਼ ਹਾਂ, ਸਾਡਾ ਸਾਹ ਘੁੱਟ ਰਿਹਾ ਹੈ, ਘਬਰਾਹਟ ਹੋ ਰਹੀ ਹੈ। ਅਸਲ ਵਿੱਚ ਇਹ ਉਹ ਲੋਕ ਸਨ ਜਿੰਨਾਂ ਨੇ ਦਿੱਲੀ ਤੋਂ ਨਵੀਂ ਫਲਾਈਟ ਜਾਂ ਕਿਸੇ ਹੋਰ ਸਾਧਨ ਰਾਹੀਂ ਜੈਪੁਰ ਪਹੁੰਚਣਾ ਸੀ। ਹੁਣ ਉਹਨਾਂ ਦੇ ਹੱਥ ਬਟੇਰਾ ਲੱਗ ਗਿਆ ਸੀ। ਉਨ੍ਹਾਂ ਦੀ ਜ਼ਿਦ ਅਤੇ ਸਟਾਫ਼ ਦੀ ਮਜ਼ਬੂਰੀ ਦੌਰਾਨ ਕੋਈ ਫੌਰੀ ਹੱਲ ਨਜ਼ਰ ਨਹੀਂ ਸੀ ਆਉਂਦਾ। ਇਸ ਦੌਰਾਨ ਸਾਡੇ ਵਰਗਿਆਂ ਨੇ, ਜਿੰਨਾਂ ਦਿੱਲੀਉਂ ਜਹਾਜ਼ ਫੜ ਕੈਨੇਡਾ, ਅਮਰੀਕਾ ਜਾਂ ਹੋਰ ਦੇਸਾਂ ਵਿੱਚ ਜਾਣਾ ਸੀ, ਬੇਨਤੀ ਕੀਤੀ ਕਿ ਇਹਨਾਂ ਲੋਕਾਂ ਦਾ ਫੈਸਲਾ ਕਰਕੇ ਜਹਾਜ਼ ਨੂੰ ਤੋਰਿਆ ਜਾਵੇ ਤਾਂ ਜੋ ਅਸੀ ਸਮੇਂ ਸਿਰ ਦਿੱਲੀ ਪਹੁੰਚ ਸਕੀਏ। ਪਰ ਅਜਿਹਾ ਫੈਸਲਾ ਲੈਣਾ ਪਾਇਲਟ ਜਾਂ ਜਹਾਜ਼ ਵਿੱਚ ਮੌਜੂਦ ਹੋਰ ਸਟਾਫ਼ ਦੇ ਵੱਸ ਦੀ ਗੱਲ ਤਾਂ ਨਹੀਂ ਸੀ। ਇਸ ਲਈ ਫੈਸਲਾ ਲੈਂਦਿਆਂ ਕੁਝ ਹੋਰ ਘੰਟੇ ਬੀਤ ਗਏ। ਫਿਰ ਜੈਪੁਰ ਉਤਰਨ ਵਾਲਿਆਂ ਦੇ ਜਮ੍ਹਾਂ ਹੋਏ ਸਮਾਨ ਦੀ ਭਾਲ਼ ਕਰਕੇ ਉਹਨਾਂ ਦੇ ਹਵਾਲੇ ਕਰਦਿਆਂ ਵੀ ਸਮਾਂ ਤਾਂ ਲੱਗਣਾ ਸੀ। ਕੁਲ ਮਿਲਾਕੇ ਜਦੋਂ ਜਹਾਜ਼ ਦੇ ਉੱਡਣ ਦੀ ਸੰਭਾਵਨਾ ਬਣੀ, ਅਸੀਂ ਸਮਝ ਚੁੱਕੇ ਸਾਂ ਕਿ ਸਾਥੋਂ ਦਿੱਲੀ ਤੋਂ ਟੋਰਾਂਟੋ ਵਾਇਆ ਵਾਰਸਾਅ ਵਾਲੀ ਫਲਾਈਟ ਫੜ੍ਹ ਨਹੀਂ ਹੋਣੀ। ਸਵਾ ਲੱਖ ਰੁਪਈਆ ਟਿੱਕਟਾਂ ਦਾ ਬਰਬਾਦ ਹੋ ਜਾਣਾ ਹੈ। ਅਸੀਂ ਕੈਨੇਡਾ ਦੇ ਸ਼ਹਿਰ ਬਰੈਂਪਟਨ ਬੈਠੇ ਬੇਟੇ ਵਿਕਰਾਂਤ ਨੂੰ ਇਹ ਟਿਕਟਾਂ ਕੈਂਸਲ ਕਰਵਾਉਣ ਲਈ ਕਹਿ ਦਿੱਤਾ। ਕੁਝ ਕਟੌਤੀ ਨਾਲ਼ ਇਹ ਰਕਮ ਵਾਪਸ ਮਿਲ ਜਾਣੀ ਸੀ।

ਹੁਣ ਸਮੱਸਿਆ ਸੀ ਦਿੱਲੀ ਤੋਂ ਟੋਰਾਂਟੋ ਜਾਣ ਲਈ ਕਿਸੇ ਨਵੇਂ ਜਹਾਜ਼ ਦਾ ਪ੍ਰਬੰਧ ਕਰਨਾ।ਅਸੀਂ ਦੋਵੇਂ ਜੀਅ ਦਿੱਲੀ ਏਅਰਪੋਰਟ ਤੇ ਬੈਠੇ ਬੇਟੇ ਵਿਕਰਾਂਤ ਦੇ ਸੰਪਰਕ ਵਿੱਚ ਸਾਂ। ਉਹ ਸਾਡੇ ਦਿੱਲੀ ਤੋਂ ਟੋਰਾਂਟੋ ਪਹੁੰਚਣ ਲਈ ਜੁਗਾੜ ਲਗਾ ਰਿਹਾ ਸੀ। ਅਖੀਰ ਬ੍ਰਿਟਿਸ ਏਅਰਵੇਜ਼ ਦੀ ਵਰਜਿਨ ਅਟਲਾਂਟਿਕ ਜਹਾਜ਼ ਦੀ ਕੋਈ ਦੋ ਲੱਖ ਦੀ ਟਿਕਟ ਬੁੱਕ ਹੋਈ। ਇਹ ਫਲਾਈਟ ਰਾਤ ਸਾਢੇ ਗਿਆਰਾ ਵਜੇ ਉੱਡਣੀ ਸੀ ਜਿਸ ਨੌਂ ਘੰਟਿਆਂ ਵਿਚ ਲੰਡਨ ਦੇ ਸ਼ਹਿਰ ਹੀਥਰੋ ਉਤਰਨਾ ਸੀ ਜਿੱਥੇ ਡੇਢ ਘੰਟੇ ਦਾ ਸਟੇਅ ਸੀ। ਉਥੋਂ ਅਗਾਂਹ ਬਦਲਵੇਂ ਜਹਾਜ਼ ਵਿੱਚ ਟੋਰਾਂਟੋ ਜਾਣਾ ਸੀ।ਵਧੀਆ ਸਾਫ਼-ਸੁਥਰਾ ਜਹਾਜ਼ ਤੇ ਸਟਾਫ਼ ਦੇ ਵਤੀਰੇ ਨੇ ਸਾਡੀ ਹੁਣ ਤੱਕ ਆਈਆਂ ਦੁਸ਼ਵਾਰੀਆਂ ਦੀ ਚੀਸ ਨੂੰ ਥੋੜ੍ਹਾ ਘਟਾ ਦਿੱਤਾ।

ਸਾਡੇ ਇੱਕ ਦੋਸਤ ਸਰਬਜੀਤ ਸਿੰਘ ਸੰਧੂ ਦੀ ਨਵੀਂ ਕਾਵਿ-ਪੁਸਤਕ ਦਾ ਨਾਂ ਹੈ 'ਲੰਮੇ ਪੰਧ ਵਫ਼ਾ ਦੇ'। ਸਾਡਾ ਇਹ ਪੰਧ ਵਫ਼ਾ ਦਾ ਤਾਂ ਨਹੀਂ ਪਰ ਲੰਮਾ ਸੀ।ਹੀਥਰੋ ਏਅਰਪੋਰਟ 'ਤੇ ਸਾਡਾ ਜਹਾਜ਼ ਕੁਝ ਮਿੰਟ ਤਾਂ ਵੈਸੇ ਲੇਟ ਪਹੁੰਚਿਆ। ਫਿਰ ਸਕਿਉਰਿਟੀ ਚੈੱਕ-ਅੱਪ ਵਾਲਿਆਂ ਵੀ ਵੱਧ ਸਮਾਂ ਲਿਆ। ਸਾਡੀ ਚਿੰਤਾ ਵੱਧ ਗਈ ਕਿ ਅਗਲਾ ਜਹਾਜ਼ ਨਿਕਲ ਨਾ ਜਾਵੇ। ਸਕਿਉਰਿਟੀ ਵਾਲਿਆਂ ਨੇ ਕਿਹਾ ਕਿ ਜੋ ਕੁਝ ਵੀ ਜੇਬਾਂ ਵਿੱਚ ਹੈ ਬਾਹਰ ਕੱਢਕੇ ਟਰੇਅ ਵਿੱਚ ਰੱਖ ਦੇਵੋ। ਮੈਂ ਜੇਬ ਵਿੱਚ ਪਏ ਹਜ਼ਾਰ ਕੈਨੇਡੀਅਨ ਡਾਲਰ ਵੀ ਟਰੇਅ ਵਿੱਚ ਰੱਖ ਦਿੱਤੇ। ਉਥੋਂ ਵਿਹਲੇ ਹੋਕੇ ਅਗਾਂਹ ਤੁਰੇ ਤਾਂ ਹੋਰ ਚੈਕਿੰਗ ਵਾਲੇ ਮਿਲ ਗਏ। ਉਹਨਾਂ ਨੂੰ ਬੇਨਤੀ ਕੀਤੀ ਕਿ ਸਾਡਾ ਜਹਾਜ਼ ਨਿਕਲ ਸਕਦਾ ਹੈ। ਲੰਮਾ ਪੈਂਡਾ ਸੀ। ਅਸੀਂ ਲੱਗਭੱਗ ਦੌੜਦਿਆਂ ਸਬੰਧਤ ਟਰਮੀਨਲ 'ਤੇ ਪਹੁੰਚੇ। ਜਹਾਜ਼ ਅੰਦਰ ਦਾਖ਼ਲ ਹੋਣ ਵਾਲੇ ਅਸੀਂ ਆਖਰੀ ਸਵਾਰੀਆਂ ਵਿਚੋਂ ਸਾਂ। ਖੈਰ! ਅੰਦਰ ਗਏ ਤਾਂ ਸੀਟਾਂ ਵੀ ਚੰਗੀਆਂ ਮਿਲ ਗਈਆਂ। ਆਪਣੇ ਸਮਾਨ ਦੀ ਫੋਲਾ-ਫਾਲੀ ਕੀਤੀ ਤਾਂ ਮੈਨੂੰ ਲੱਗਿਆ ਕਿ ਮੇਰੇ ਕੈਨੇਡੀਅਨ ਡਾਲਰ ਤਾਂ ਉਥੇ ਟਰੇਅ ਵਿੱਚ ਹੀ ਰਹਿ ਗਏ। ਮੈਂ ਸਟਾਫ ਨਾਲ਼ ਗੱਲ ਕੀਤੀ। ਉਹਨਾਂ ਸਟਾਫ਼ ਵਿੱਚ ਸ਼ਾਮਲ ਇੱਕ ਪੰਜਾਬੀ ਕੁੜੀ ਨੂੰ ਬੁਲਾ ਲਿਆ। ਅਸੀਂ ਪੰਜਾਬੀ ਵਿੱਚ ਗੱਲਾਂ ਕੀਤੀਆਂ ਤੇ ਮੈਂ ਉਸਨੂੰ ਆਪਣੀ ਸਮੱਸਿਆ ਦੱਸੀ। ਉਸ ਕਿਹਾ ਚਲੋ ਅੰਕਲ ਤੁਹਾਡੇ ਬੈਗ ਦੁਬਾਰਾ ਚੈੱਕ ਕਰਦੇ ਹਾਂ। ਅਸੀਂ ਵਾਪਸ ਗਏ ਤਾਂ ਸ਼੍ਰੀਮਤੀ ਵੀ ਮੇਰਾ ਬੈਗ ਚੈੱਕ ਕਰ ਰਹੇ ਸਨ। ਉਸ ਪਿਆਰੀ ਪੰਜਾਬਣ ਧੀ ਦੀ ਹਾਜ਼ਰੀ ਵਿੱਚ ਮੇਰੇ ਕੈਨੇਡੀਅਨ ਡਾਲਰ ਮਿਲ਼ ਗਏ। ਹੁਣ ਜਹਾਜ਼ ਆਪਣੀ ਮਰਜ਼ੀ ਨਾਲ਼ ਉੱਡ ਰਿਹਾ ਸੀ ਤੇ ਅਸੀਂ ਆਪਣੀ ਮਰਜ਼ੀ ਨਾਲ਼ ਸੌਂ ਜਾਗ ਰਹੇ ਸਾਂ।

ਦਿੱਲੀ ਤੋਂ ਚੱਲ ਕੇ ਅਠਾਰਾਂ ਘੰਟੇ ਬਾਅਦ ਟੋਰਾਂਟੋ ਏਅਰਪੋਰਟ 'ਤੇ ਉੱਤਰੇ ਤਾਂ ਸੁਖ ਦਾ ਲੰਮਾ ਸਾਹ ਲਿਆ। ਇਮੀਗਰੇਸ਼ਨ ਤੋਂ ਵਿਹਲੇ ਹੋਕੇ ਸਬੰਧਤ ਬੈਲਟ ਕੋਲ ਖਲੋ ਗਏ ਜਿੱਥੋਂ ਅੱਗੜ-ਪਿੱਛੜ ਭੱਜੇ ਆ ਰਹੇ ਅਟੈਚੀਆਂ, ਬੈਗਾਂ ਵਿਚੋਂ ਆਪਣਾ ਸਮਾਨ ਪਹਿਚਾਣ ਕੇ ਲਾਹੁਣਾ ਸੀ। ਏਅਰਪੋਰਟ ਤੋਂ ਬਾਹਰ ਨਿਕਲੇ ਤਾਂ ਬੇਟੇ ਵਿਕਰਾਂਤ ਦੇ ਨਾਲ਼ ਪੋਤੀ ਬਹਿਰ ਵੀ ਲੈਣ ਆਈ ਸੀ। ਕੋਈ ਰਾਤ ਦੇ ਗਿਆਰਾਂ ਵਜੇ ਬਰੈਂਪਟਨ ਵਾਲ਼ੇ ਘਰ ਪਹੁੰਚੇ ਤਾਂ ਲੱਗਾ ਜਿਵੇਂ ਬਹੁਤ ਵੱਡੀ ਜ਼ੰਗ ਜਿੱਤ ਕੇ ਆਏ ਹਾਂ। ਨਵੇਂ ਤਜ਼ਰਬੇ ਇਹ ਹੋਏ ਕਿ ਕੋਈ ਵੀ ਜਹਾਜ਼ ਵਕਤ ਸਿਰ ਨਹੀਂ ਤੁਰਦਾ। ਕੁਝ ਸਟਾਫ਼ ਦਾ ਵਤੀਰਾ ਵੀ ਸਹੀ ਨਹੀਂ ਸੀ। ਸਕਿਉਰਿਟੀ ਚੈੱਕ ਕਰਨ ਵਾਲ਼ੇ ਬਿਨਾਂ ਕਾਰਣ ਲੇਟ ਵੀ ਕਰਦੇ ਹਨ ਅਤੇ ਪਰੇਸ਼ਾਨ ਵੀ। ਚਲੋ! ਇਹ ਇੱਕ ਨਵਾਂ ਤਜ਼ਰਬਾ ਸੀ। ਇਥੋਂ ਹੀ ਬੜਾ ਕੁਝ ਸਮਝਣ, ਜਾਣਨ ਨੂੰ ਮਿਲਦਾ ਹੈ। ਹੁਣ ਮਿਸੀਸਾਗਾ ਦੀ ਹੇਜ਼ਲ ਮਕਾਈਔਨ ਲਾਇਬ੍ਰੇਰੀ ਦੇ ਹਵਾਲੇ ਨਾਲ਼ ਕੁਝ ਚੰਗੇ ਅਨੁਭਵ ਸਾਂਝੇ ਕਰਦੇ ਹਾਂ। ਗੁਰਦੇਵ ਚੌਹਾਨ ਹੋਰਾਂ ਦਾ ਟੈਲੀਫੂਨ ਆਉਂਦਾ ਹੈ।

ਉਹ ਸਕੇਅਰ ਵੰਨ ਦੀ ਗੇੜੀ ਲਾਉਣੀ ਚਾਹੁੰਦਾ ਹੈ। ਮੈਂ ਵੀ ਤਿਆਰ ਹੋ ਜਾਂਦਾ ਹਾਂ। ਟਰਿੰਨਟੀ ਮਾਲ ਤੋਂ ਸਾਡਾ ਇਹ ਸਫ਼ਰ ਚਾਰ ਵਜੇ ਤੋਂ ਬਾਅਦ ਸ਼ੁਰੂ ਹੁੰਦਾ ਹੈ। ਸਕੇਅਰ ਵੰਨ ਦੀ ਸੈਂਟਰਲ ਲਾਇਬ੍ਰੇਰੀ ਗੁਰਦੇਵ ਚੌਹਾਨ ਦੀ ਖਿੱਚ ਦਾ ਕਾਰਣ ਹੁੰਦੀ ਹੈ। ਕਿਤਾਬਾਂ ਨਾਲ਼ ਉਸਦਾ ਖਾਸ ਮੋਹ ਹੈ ਤੇ ਇਹ ਮੋਹ ਪਾਲਣ ਲਈ ਲਾਇਬ੍ਰੇਰੀ ਹੀ ਸਭ ਤੋਂ ਢੁੱਕਵੀਂ ਜਗ੍ਹਾ ਹੈ। ਲਾਇਬ੍ਰੇਰੀ ਦੇ ਬਾਹਰ ਖੁੱਲੇ ਲਾਅਨ ਵਿਚ ਬੈਂਚਾਂ ਉਪਰ ਬੈਠੇ ਲੋਕ ਆਨੰਦ ਦੀ ਅਵਸਥਾ ਵਿਚ ਹਨ।ਬੱਚੇ ਵੱਖ-ਵੱਖ ਟੋਲਿਆਂ ਵਿਚ ਫੁੱਟਬਾਲ ਖੇਡ ਰਹੇ ਹਨ। ਅਜਬ ਨਜ਼ਾਰਾ ਹੈ। ਰੂਹ ਨੂੰ ਸਕੂਨ ਦੇਣ ਵਾਲਾ। ਭੱਜ-ਦੌੜ, ਭੀੜ-ਭੜੱਕੇ ਤੋਂ ਹੱਟਵਾਂ ਨਿੱਘ, ਅਪਣੱਤ ਨਾਲ਼ ਭਰਿਆ ਕੋਨਾ। ਜਿਵੇਂ ਪੰਛੀ ਚੌਗਿਰਦੇ ਤੋਂ ਬੇਖਬਰ ਚਹਿਚਹਾ ਰਹੇ ਹੋਣ। ਇਸ ਲਾਅਨ ਦੀ ਇੱਕ ਬਾਹੀ ਸਟੇਜ ਹੈ ਜਿੱਥੇ ਹਰ ਸ਼ਾਮ ਕੋਈ ਨਾਟਕ ਖੇਡਿਆ ਜਾਂਦਾ ਹੈ ਜਾਂ ਕੋਈ ਹੋਰ ਕਲਾ ਨਾਲ਼ ਸਬੰਧਤ ਸਮਾਗਮ ਹੁੰਦਾ ਹੈ। ਅਗਲੇ ਤਿੰਨ ਦਿਨਾਂ ਦੌਰਾਨ ਕੈਨੇਡਾ ਲਿਟਰੇਚਰ ਫੈਸਟੀਵਲ ਹੋਣ ਜਾ ਰਿਹਾ ਹੈ ਜਿਸ ਵਿੱਚ ਹੋਣ ਵਾਲੇ ਪ੍ਰੋਗਰਾਮਾਂ ਦੇ ਵੇਰਵੇ ਇੱਕ ਬੋਰਡ ਉਪਰ ਲਿਖੇ ਹਨ। ਇਹਨਾਂ ਸਮਾਗਮਾਂ ਵਿੱਚ ਅੰਗਰੇਜੀ, ਪੰਜਾਬੀ, ਹਿੰਦੀ, ਗੁਜਰਾਤੀ, ਬੰਗਾਲੀ ਅਤੇ ਕੁਝ ਹੋਰ ਭਾਸ਼ਾਵਾਂ ਵਿੱਚ ਸਾਹਿਤਕ ਗਤੀ-ਵਿਧੀਆਂ ਹੋਣਗੀਆਂ। ਇਨ੍ਹਾਂ ਵੇਰਵਿਆਂ ਵਿਚ ਹੀ ਆਉਂਦੇ ਐਤਵਾਰ ਨੂੰ ਹੋਣ ਵਾਲੇ ਪੰਜਾਬੀ ਕਵੀ ਦਰਬਾਰ ਦਾ ਜ਼ਿਕਰ ਵੀ ਹੈ। ਸਾਨੂੰ ਖ਼ੁਸ਼ੀ ਹੁੰਦੀ ਹੈ ਕਿਉਂਕਿ ਮੈਂ ਤੇ ਗੁਰਦੇਵ ਚੌਹਾਨ ਵੀ ਇਸ ਕਵੀ ਦਰਬਾਰ ਵਿੱਚ ਸ਼ਾਮਲ ਕਵੀਆਂ ਵਿਚ ਹਾਜ਼ਰ ਹੋਵਾਂਗੇ।

ਅੰਦਰ ਗਏ ਤਾਂ ਲਾਇਬ੍ਰੇਰੀ ਦੀ ਇਸ ਪੰਜ ਮੰਜ਼ਲੀ ਇਮਾਰਤ ਦੀ ਹਰ ਮੰਜ਼ਿਲ ਉਪਰ ਵਿਸ਼ਾਲ ਹਾਲ ਅੰਦਰ ਹਰ ਵਿਸ਼ੇ ਦੀਆਂ ਕਿਤਾਬਾਂ ਦੇ ਨਾਲ਼ ਬਹਿਣ, ਪੜ੍ਹਨ ਦਾ ਸੁਖਾਵਾਂ ਪ੍ਰਬੰਧ ਵੀ ਹੈ। ਬਹੁਤੇ ਲੋਕ ਲੈਪਟੌਪ ਉਪਰ ਬੈਠੇ ਆਪਣਾ ਕੋਈ ਕੰਮ ਕਰ ਰਹੇ ਸਨ। ਨਿਰਾਸ਼ਾ ਸਾਨੂੰ ਇਹ ਹੋਈ ਕਿ ਅੰਗਰੇਜ਼ੀ ਤੋਂ ਇਲਾਵਾ ਕਿੱਧਰੇ ਵੀ ਹੋਰ ਭਾਸ਼ਾਵਾਂ ਯਾਨੀ ਅੰਤਰਰਾਸ਼ਟਰੀ ਭਾਸ਼ਾਵਾਂ ਦਾ ਕੋਨਾ ਨਜ਼ਰ ਨਹੀਂ ਆਇਆ। ਹੋਰ ਲਾਇਬ੍ਰੇਰੀਆਂ ਵਿਚ ਅੰਤਰਰਾਸ਼ਟਰੀ ਭਾਸ਼ਾਵਾਂ ਵਾਲੇ ਕੋਨੇ ਵਿਚ ਪੰਜਾਬੀ ਭਾਸ਼ਾ ਦੀਆਂ ਕਿਤਾਬਾਂ ਵੀ ਪਈਆਂ ਹੁੰਦੀਆਂ ਹਨ। ਦੂਸਰੀ ਨਿਰਾਸ਼ਾ ਇਹ ਹੋਈ ਕਿ ਕਿੱਧਰੇ ਵੀ ਪੋਇਟਰੀ ਦੀਆਂ ਕਿਤਾਬਾਂ ਨਜ਼ਰ ਨਹੀਂ ਆਈਆਂ। ਬਹੁਤੀਆਂ ਕਿਤਾਬਾਂ ਵਿਗਿਆਨ ਨਾਲ਼ ਸਬੰਧਤ ਹਨ। ਹੋਰਨਾਂ ਭਾਸ਼ਾਵਾਂ ਦੇ ਅੰਗਰੇਜ਼ੀ ਅਨੁਵਾਦ ਪੜ੍ਹਨ ਨੂੰ ਮਿਲਦੇ ਹਨ। ਉਂਝ ਇਸ ਲਾਇਬ੍ਰੇਰੀ ਵਿੱਚ ਕੋਈ ਪੌਣੇ ਦੋ ਲੱਖ ਕਿਤਾਬਾਂ ਹਨ। ਇਸ ਤੋਂ ਇਲਾਵਾ ਆਡੀਓ ਬੁਕਸ ਅਤੇ ਮੀਡੀਆ ਨਾਲ਼ ਸਬੰਧਤ ਲਿਟਰੇਚਰ ਵੀ ਇਥੇ ਪੜ੍ਹਨ ਨੂੰ ਮਿਲਦਾ ਹੈ। ਉਪਰਲੀਆਂ ਮੰਜ਼ਿਲਾਂ ਦੀ ਗੇੜੀ ਲਾ ਕੇ ਜਦ ਥੱਲੇ ਗਰਾਊਂਡ ਫਲੋਰ 'ਤੇ ਆਏ ਤਾਂ ਉਥੇ ਇੱਕ ਕੋਨੇ ਵਿੱਚ ਫਾਰ ਸੇਲ ਦੀ ਤਖਤੀ ਨਾਲ਼ ਕੁਝ ਕਿਤਾਬਾਂ ਪਈਆਂ ਸਨ। ਲਿਖਿਆ ਤਾਂ ਇਹ ਸੀ ਕਿ ਹਰ ਕਿਤਾਬ ਇੱਕ ਡਾਲਰ ਦੀ। ਪਰ ਕੁਝ ਕਿਤਾਬਾਂ ਦੇ ਅੰਦਰਲੇ ਪੰਨੇ 'ਤੇ ਦੋ, ਤਿੰਨ ਜਾਂ ਚਾਰ ਡਾਲਰ ਵੀ ਲਿਖਿਆ ਪੜ੍ਹਨ ਨੂੰ ਮਿਲਿਆ। ਖੈਰ! ਅਸੀਂ ਦੋਹਾਂ ਨੇ ਕੁਝ ਕਿਤਾਬਾਂ ਦੀ ਚੋਣ ਕੀਤੀ। ਮੈਂ ਤਾਂ ਬੱਚਿਆਂ ਲਈ ਕੁਝ ਕਿਤਾਬਾਂ ਤੇ ਕੁਝ ਆਪਣੇ ਬੇਟੇ ਲਈ ਕਿਤਾਬਾਂ ਖਰੀਦੀਆਂ। ਮੇਰਾ ਤਾਂ ਅੰਗਰੇਜ਼ੀ ਵਿੱਚ ਹੱਥ ਤੰਗ ਹੈ। ਇਥੇ ਉਹ ਕਿਤਾਬਾਂ ਰੱਖੀਆਂ ਜਾਂਦੀਆਂ ਹਨ ਜਿਹੜੀਆਂ ਲੰਮਾ ਸਮਾਂ ਅਣਗੌਲੀਆਂ ਪਈਆਂ ਰਹਿੰਦੀਆਂ ਹਨ। ਹੈਰਾਨੀ ਵਾਲ਼ੀ ਗੱਲ ਇਹ ਸੀ ਕਿ ਇਹਨਾਂ ਵਿੱਚ ਇੱਕ ਅਜਿਹੀ ਕਿਤਾਬ ਵੀ ਪਈ ਸੀ ਜਿਸਨੂੰ ਪੁਲਿਟਜ਼ਰ ਪਰਾਈਜ਼ ਵੀ ਮਿਲ ਚੁੱਕਾ ਹੈ। ਲੱਗਦਾ ਸਾਹਿਤ ਹਰ ਭਾਸ਼ਾ ਵਿੱਚ ਅਣਗੌਲਿਆ ਹੋ ਰਿਹਾ ਹੈ। ਬਹੁਤ ਸਾਰੇ ਵਰਤਾਰਿਆਂ ਨੂੰ ਹੁਣ ਕਿਸੇ ਭਾਸ਼ਾ, ਖਿੱਤੇ ਜਾਂ ਭਾਈਚਾਰੇ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਸਭ ਕੁਝ ਵਿਸ਼ਵ ਵਿਆਪੀ ਹੋ ਰਿਹਾ ਹੈ। ਸ਼ੋਸ਼ਲ ਮੀਡੀਆ ਦੇ ਦੁਰ-ਪ੍ਰਭਾਵ ਪੂਰੇ ਵਿਸ਼ਵ ਵਿੱਚ ਵੇਖੇ ਜਾ ਸਕਦੇ ਹਨ। ਹਵਾਈ ਸਫ਼ਰ ਦੌਰਾਨ ਵੀ ਤੇ ਹੋਰ ਥਾਵਾਂ 'ਤੇ ਵੀ ਕੁਝ ਗਿਣਤੀ ਦੇ ਲੋਕਾਂ ਦੇ ਹੱਥਾਂ ਵਿੱਚ ਕਿਤਾਬ ਵੇਖੀ ਹੈ। ਇੱਕ ਟਿਮ ਹੌਰਟਨ 'ਤੇ ਬੈਠੀ ਬਜ਼ੁਰਗ ਔਰਤ ਦੇ ਹੱਥ ਵਿੱਚ ਮੋਟੀ ਕਿਤਾਬ ਵੇਖਕੇ ਚੰਗਾ ਵੀ ਲੱਗਾ। ਉਹ ਪੜ੍ਹਨ ਵਿੱਚ ਏਨੀ ਲੀਨ ਸੀ ਕਿ ਉਸ ਦੇ ਕੋਲ਼ ਪਈ ਚਾਹ ਵੀ ਠੰਡੀ ਹੋ ਗਈ ਸੀ।

ਬਾਹਰ ਨਿਕਲੇ ਤਾਂ ਦਿਨ ਵਾਹਵਾ ਢਲ਼ ਚੁੱਕਾ ਸੀ। ਨਿਗਾਹ ਲਾਇਬ੍ਰੇਰੀ ਦੇ ਨਾਂ ਵਾਲ਼ੇ ਬੋਰਡ 'ਤੇ ਪਈ। ਇਹ ਲਾਇਬ੍ਰੇਰੀ ਹੇਜ਼ਲ ਮਕਾਲੀਔਨ ਦੇ ਨਾਂ ਨੂੰ ਸਮਰਪੱਤ ਹੈ। ਹੇਜ਼ਲ ਮਕਾਲੀਔਨ ਕੈਨੇਡਾ ਦੀ ਰਾਜਨੀਤੀ ਵਿਚ ਇੱਕ ਵੱਡਾ ਤੇ ਸਤਿਕਾਰਤ ਨਾਂ ਹੈ। ਉਹ 36 ਸਾਲ ਮਿਸੀਸਾਗਾ ਸ਼ਹਿਰ ਦੀ ਮੇਅਰ ਰਹੀ। ਇਹ ਇਸ ਸ਼ਹਿਰ ਦੀ ਸਭ ਤੋਂ ਲੰਮਾ ਸਮਾਂ ਮੇਅਰ ਰਹਿਣ ਦਾ ਰਿਕਾਰਡ ਵੀ ਹੈ। ਇਸ ਅਰਸੇ ਦੌਰਾਨ ਹੀ ਉਸਨੇ 1979 ਵਿਚ ਹੋਏ ਇੱਕ ਰੇਲ ਹਾਦਸੇ ਵਿੱਚ ਦੋ ਲੱਖ ਲੋਕਾਂ ਨੂੰ ਇਹ ਆਫ਼ਤ ਤੋਂ ਬਚਾਇਆ। ਫਰਵਰੀ 1921 ਵਿੱਚ ਜਨਮੀ ਹੇਜ਼ਲ ਨੇ ਜਦ 2023 ਵਿਚ ਦੁਨੀਆਂ ਨੂੰ ਅਲਵਿਦਾ ਕਹੀ ਤਾਂ ਉਸਦੀ ਉਮਰ 101 ਸਾਲ ਸੀ। ਇਹ ਲਾਇਬ੍ਰੇਰੀ ਉਸਦੀ ਯਾਦ ਨੂੰ ਤਾਜ਼ਾ ਕਰਦੀ ਹੈ। ਅਜਿਹੇ ਲੋਕਾਂ ਦੇ ਸਿਰ 'ਤੇ ਹੀ ਸੂਖ਼ਮ ਕਲਾਵਾਂ ਜਿੰਦਾ ਹਨ ਅਤੇ ਸਮਾਜਿਕ ਵਿਵਸਥਾ ਵਿੱਚ ਕੁਝ ਕਦਰਾਂ ਕੀਮਤਾਂ ਬਚੀਆਂ ਹਨ। ਉਸ ਦੇ ਵਿਅਕਤੀਤਵ ਨੂੰ ਪ੍ਰਣਾਮ ਕਰਦਿਆਂ ਅਸੀਂ ਵਾਪਸੀ ਦੇ ਚਾਲੇ ਪਾ ਲਏ। ਕੈਨੇਡਾ ਕੋਲ਼ ਅਜੇ ਸਾਡੇ ਵਰਗਿਆਂ ਲਈ ਵਾਹਵਾ ਸਪੇਸ ਪਈ ਹੈ।



## ਮਸਨੂਈ ਬੁੱਧੀ, ਡੱਫਰਪੁਣਾ ਅਤੇ ਜੰਗਾਂ
## ਹਰ ਚੀਜ਼ ਨੂੰ ਜਾਣਨ ਦੀ ਸਾਨੂੰ ਲੋੜ ਨਹੀਂ ਹੈ।

# ਬਹੁਤ ਥੋੜ੍ਹੀਆਂ ਹੀ ਹਨ ਜਿਹੜੀਆਂ ਅਸੀਂ ਆਪਣੀ ਜ਼ਿੰਦਗੀ/ਫਲਸਫੇ 'ਚ ਕਰਦੇ ਹਾਂ

*"ਅਤੇ ਕੁਝ ਲੋਕ ਹਨ ਜੋ ਇਹ ਦਾਅਵਾ ਕਰਦੇ ਹਨ ਕਿ ਵਧੇਰੇ ਡਾਟਾ ਹੋਮੋ ਸੇਪੀਅਨਜ਼ ਯਾਨੀ ਕਿ ਅਜੋਕੇ ਮਨੁੱਖ ਨੂੰ ਖਤਮ ਕਰ ਦੇਵੇਗਾ ਅਤੇ ਉਸਨੂੰ ਜਾਣਕਾਰੀ ਦੇ ਇਸ ਤਾਕਤਵਰ ਵਹਾਅ ਵਿੱਚ ਇੱਕ ਤਿਣਕੇ ਮਾਫਕ ਬੇਵੱਸ ਹੋਏ ਨਾਲ ਧੂਹਕੇ ਵਹਾਅ ਲੈ ਜਾਏਗਾ। ਉਦੋਂ ਅਸੀਂ ਲਗਭਗ ਉਹ ਸਭ ਕੁਝ ਜਾਣਨ ਦੇ ਨੇੜ ਹੋਵਾਂਗੇ ਜੀਹਨੂੰ ਜਾਣਨ ਦੀ ਸਾਨੂੰ ਕੋਈ ਜ਼ਰੂਰਤ ਨਹੀਂ ਹੈ।'' (ਰੌਬਰਟੋ ਕਾਲਾਸੋ, ਦ ਅਨਨੇਮੇਬਲ ਪ੍ਰੈਜ਼ੈਂਟ, 2017)*

**ਐਡਵਰਡ ਕਰਟਿਨ**
**ਅਨੁਵਾਦ : ਡਾਕਟਰ ਬਲਜਿੰਦਰ**



ਅਜਿਹਾ ਹੋਣਾ ਬਹੁਤ ਦੁੱਭਰ ਗੱਲ ਹੈ ਅਤੇ ਇਹ ਹੋਰ ਵੀ ਦੁੱਭਰ ਹੋਵੇਗਾ ਜਦੋਂ ਮਸਨੂਈ ਬੁੱਧੀ ਸਾਨੂੰ ਕੁਛ ਨੂੰ ਵੀ ਜਾਣਨ ਦੇ ਬੋਝ ਤੋਂ ਮੁਕਤ ਕਰ ਦੇਵੇਗੀ ਸਿਵਾਏ ਇਸ ਗੱਲ ਦੇ ਕਿ ਮਸਨੂਈ ਬੁੱਧ ਤੋਂ ਕਿਸੇ ਵੀ ਗੱਲ ਦੇ ਜਵਾਬ ਕਿਵੇਂ ਪੁੱਛਣੇ ਹਨ। ਆਪਣੇ ਲਈ ਸੋਚਣ, ਕਿਤਾਬਾਂ ਨੂੰ ਪੜ੍ਹਨ ਅਤੇ ਬਾਹਰਮੁਖੀ ਕੁਦਰਤੀ ਹਕੀਕਤ ਵਿੱਚ ਵਿਚਰਣ ਦਾ ਬੋਝ ਸਾਡੇ ਸਿਰਾਂ ਤੋਂ ਜਾਂਦਾ ਰਹੇਗਾ। ਮਸਨੂਈ ਬੁੱਧ ਦੇ ਸਿਰੀ, ਅਲੈਕਸਾ ਜਿਹੇ ਹੋਰ ਸਹਾਇਕ ਸੌਖਿਆਂ ਹੀ ਸਾਨੂੰ ਉਸ ਮਸਨੂਈ ਹਕੀਕਤ ਵਾਲੀ ਭੂਲ-ਭੁਲੱਈਆ ਵਾਲੀ ਦੁਨੀਆਂ ਵਿੱਚ ਲੈ ਵਾੜਨਗੇ ਜਿੱਥੇ ਆਪਣੇ ਸਾਰੇ ਫਿਕਰਾਂ ਝੋਰਿਆਂ ਨੂੰ ਚੁਟਕੀ ਮਾਰਕੇ ਮਿਟਾਇਆ ਜਾਵੇਗਾ ਅਤੇ ਸਮੇਂ ਦੇ ਕੁਦਰਤੀ ਵਹਾਅ ਦੀ ਥਾਂ ਐਧਰ ਉੱਧਰ ਭਟਕਦੇ ਫਿਰਦੇ ਇਸ਼ਾਰਿਆਂ ਦੀ ਟੀਂ ਟੀਂ ਲੈ ਲਵੇਗੀ।

ਅਤੇ ਸਭ ਤੋਂ ਅਹਿਮ ਗੱਲ-ਹਕੀਕਤ ਪ੍ਰਚਾਰ ਦੇ ਓਹਲੇ ਗਾਇਬ ਹੋ ਜਾਵੇਗੀ ਕਿਓਂਕਿ ਮਸਨੂਈ ਬੁੱਧ ਅਤੇ ਡਿਜੀਟਲ ਦੁਨੀਆ ਨੂੰ ਤਕਨੀਕੀ ਕੰਪਨੀਆਂ ਅਤੇ ਸਰਕਾਰੀ ਖੁਫੀਆ ਏਜੰਸੀਆਂ ਨੇ ਸਿਰਜਿਆ ਹੈ ਅਤੇ ਇਹਨਾਂ ਦੇ ਕਾਬੂ ਹੇਠ ਹੈ ਜਿਹੜੇ ਕਿ ਕਾਰਪੋਰੇਟ ਮੀਡੀਆ ਦੇ ਨਾਲ ਰਲਕੇ ਸਾਡੀਆਂ ਚਕਰੀਆਂ ਘੁਮਾਉਂਦੇ ਹਨ। ਉਹਨਾਂ ਦਾ ਨਿਸ਼ਾਨਾ ਸਾਡੇ ਮਨ ਨੂੰ ਕਾਬੂ ਹੇਠ ਕਰਨਾ ਹੈ, MKUltra ਐੱਮਕੇਅਲਟਰਾ ਦਾ ਖ਼ਤਰਾ ਸਾਡੇ ਸਿਰਾਂ 'ਤੇ ਮੰਡਰਾ ਰਿਹਾ ਹੈ।

ਕਾਲਾਸੋ ਨੇ ਨੌਂ ਸਾਲ ਪਹਿਲਾਂ ਉੱਪਰ ਲਿਖੇ ਜੋ ਲਫਜ਼ ਲਿਖੇ ਸਨ ਅਤੇ ਮੈਂ ਆਪਣੇ ਪਿਛਲੇ ਪਹਿਰੇ ਵਿੱਚ ਭਵਿੱਖ ਕਾਲ ਵਿੱਚ ਲਿਖੇ ਸਨ। ਪਰ ਆਓ ਅਸੀਂ ਅੱਜ ਦੇ ਰੂਬਰੂ ਹੋਈਏ ਅਤੇ ਇਹ ਜਾਣੀਏ ਕਿ ਹੁਣ ਉਹ ਭਵਿੱਖ ਆ ਗਿਆ ਹੈ ਜਿਵੇਂ ਕਿ ਸਾਨੂੰ ਯਾਦ ਆਉਂਦੀ ਹੈ ਜਦੋਂ ਇੰਟਰਨੈੱਟ 1960 ਦੇ ਦਹਾਕੇ ਦੇ ਅਖੀਰ ਵਿੱਚ ਪੈਂਟਾਗਨ ਦੀ ਐਡਵਾਂਸ ਰਿਸਰਚ ਪ੍ਰੋਜੈਕਟ ਏਜੰਸੀ (ARPANET) ਤੋਂ ਉਪਜਿਆ ਸੀ ਉਦੋਂ ਬਹੁਤ ਸਾਰੇ ਖ਼ਦਸ਼ੇ ਜ਼ਾਹਰ ਕੀਤੇ ਗਏ ਸਨ ਕਿ ਡਿਜੀਟਲ ਕੰਪਿਊਟਰ ਤਕਨੀਕ ਦੇ ਵਿਕਾਸ ਹੋਣ ਨਾਲ ਜਬਰ ਅਤੇ ਨਿਗਰਾਨੀ ਵਧੇਗੀ, ਆਜ਼ਾਦੀ ਨਹੀਂ ਮਿਲੇਗੀ।

'ਹੇ, ਸਿਰੀ, ਮੈਂ ਤੇਰੇ ਤੋਂ ਕਿਸੇ ਚੀਜ਼ ਬਾਬਤ ਸੁਆਲ ਕਿਓਂ ਕਰ ਰਿਹਾ ਹਾਂ?' ਵਰਗਾ ਸੁਆਲ ਅੱਜ ਕੋਈ ਨਹੀਂ ਪੁੱਛ ਰਿਹਾ।

**ਸਮਾਰਟ ਫ਼ੋਨਾਂ ਨੂੰ ਸਮਾਰਟ ਕਹਿਣ ਦਾ ਇੱਕ ਕਾਰਨ ਹੈ:** ਉਹ ਹੈ ਕਿ ਇਹ ਫੋਨ ਹਰ ਕਿਸੇ ਨੂੰ ਸਿੱਧਰਾ ਬਣਾਉਣ ਲਈ ਤਿਆਰ ਕੀਤੇ ਗਏ ਹਨ, ਪਰ ਸਿਰਫ਼ ਸਿਧਰੇ ਲੋਕਾਂ ਦੇ ਪੱਲੇ ਇਹ ਗੱਲ ਪੈਣੀ ਨਹੀਂ। ਹਰ ਕਿਸੇ ਕੋਲ ਕੋਈ ਨਾ ਕੋਈ ਕਾਰਨ ਹੈ ਕਿ ਉਹਦੇ ਕੋਲ ਸਮਾਰਟ ਫ਼ੋਨ ਹੋਣਾ ਚਾਹੀਦਾ ਹੈ। ਲੋਕਾਂ ਦੀਆਂ ਖੋਪੜੀਆਂ ਅੰਦਰ ਬੇਫਾਲਤੂ ਦੀ ਜਾਣਕਾਰੀ ਨਾਲ ਤੂੜ ਦਿਓ ਅਤੇ ਫਿਰ ਦੇਖੋ ਕਿ ਉਹ ਕਿਵੇਂ ਊਰੀ ਵਾਂਗ ਘੁੰਮਦੇ ਨੇ। ਹੈਨਰੀ ਥੋਰੋ ਵਰਗੀ ਉਲਟੀ ਖੋਪੜੀ ਨੇ ਇਸ ਗੱਲ ਨੂੰ ਬਹੁਤ ਪਹਿਲਾਂ ਹੀ ਸਮਝ ਲਿਆ ਸੀ ਜਦੋਂ ਉਸਨੇ ਆਪਣੇ ਲੇਖ 'ਲਾਈਫ ਵਿਦਾਊਟ ਪ੍ਰਿੰਸੀਪਲ (ਅਸੂਲ ਵਿਹੂਣੀ ਜ਼ਿੰਦਗੀ)' ਵਿੱਚ ਲਿਖਿਆ ਸੀ: 'ਬੇਕਾਰ ਦੀ ਸਮੱਗਰੀ ਨੂੰ ਰਟਣ ਨਾਲੋਂ ਭੈੜੀ ਵੀ ਕੋਈ ਗੱਲ ਹੋ ਸਕਦੀ ਹੈ ਇਹ ਗੱਲ ਹਜ਼ਮ ਕਰਨੀ ਔਖੀ ਹੈ।' ਅੱਜ, ਜਦ ਕੋਈ ਬੰਦਾ ਕੁੱਝ ਵੀ ਯਾਦ ਹੀ ਨਹੀਂ ਰੱਖ ਸਕਦਾ ਤਾਂ ਫਿਰ ਭੁੱਲਣ ਵਾਲੀ ਕਿਹੜੀ ਗੱਲ ਹੋਈ। ਇਹ ਬੇਕਾਰ ਮਾਦਾ ਦਿਨ ਪੁਰ ਰਾਤ ਮਨਾਂ ਦੀ ਧੁਲਾਈ ਕਰਦਾ ਰਹਿੰਦਾ ਹੈ। ਇਹ ਇੱਥੇ ਹੁੰਦਾ ਵੀ ਹੈ ਅਤੇ ਨਹੀਂ ਵੀ ਅਤੇ ਨਾਲੋ ਨਾਲ ਵਾਪਰਦਾ ਰਹਿੰਦਾ ਹੈ, ਐਵੇਂ ਮੁੱਚੀ ਦੇ ਮਨ ਅੰਦਰ ਵਲਵਲੇ ਕਫੂਰ ਬਣ ਅਲੋਪ ਹੁੰਦੇ ਰਹਿੰਦੇ ਹਨ।

ਤਾਂ ਫਿਰ ਕਿਹੜੀ ਚੀਜ਼ ਨੂੰ ਜਾਣੀਏ? ਇਹ ਅੱਛਾ ਸਵਾਲ ਹੈ।

ਪਰ ਇਹਦੀ ਥਾਂ ਇੱਕ ਪੁਰਾਣਾ ਸਵਾਲ ਖੜ੍ਹਾ ਕਰ ਦਿੱਤਾ ਗਿਆ ਹੈ: ਕਿ ਕਿਹੜੀ ਗੱਲ ਨੂੰ ਅਣਦੇਖਿਆਂ ਕਰਨ ਦੀ ਅਹਿਮੀਅਤ ਹੈ? ਅੱਜ ਸੈਂਸਰਸ਼ਿਪ ਮੁੱਖ ਤੌਰ 'ਤੇ ਲੋਕਾਂ ਦੀਆਂ ਖੋਪੜੀਆਂ ਅੰਦਰ ਬੇਫਾਲਤੂ ਦੀ ਜਾਣਕਾਰੀ ਤੂੜਕੇ ਮੜ੍ਹੀ ਜਾਂਦੀ ਹੈ। ਇਸ ਲਈ ਸਾਡੇ ਲਈ ਇਹ ਜਾਣਨਾ ਲਾਜ਼ਮੀ ਹੈ ਕਿ ਅਸੀਂ ਇਸ ਬੇਤੁਕੇ ਡਾਟਾ ਤੋਂ ਖਹਿੜਾ ਕਿਵੇਂ ਛੁਡਾਈਏ।

ਯਕੀਨਨ ਪਹਿਲਾ ਕਦਮ ਇਹ ਹੈ ਕਿ ਜਿੰਨਾ ਸੰਭਵ ਹੋਵੇ ਸੋਸ਼ਲ ਮੀਡੀਆ ਨੂੰ ਕਿਨਾਰਾ ਕੀਤਾ ਜਾਵੇ ਅਤੇ ਮਸਨੂਈ ਬੁੱਧ ਤੋਂ ਕਦੇ ਵੀ ਕੋਈ ਸਵਾਲ ਨਾ ਪੁੱਛਿਆ ਜਾਵੇ। ਫਿਰ ਕਾਰਪੋਰੇਟ ਮੀਡੀਆ ਦੀ ਰਿਪੋਰਟਿੰਗ ਅਤੇ ਬੇਤੁਕੇ ਲੇਖਾਂ ਤੋਂ ਬਚਣ ਲਈ ਜਿਸਦਾ ਮੰਤਵ ਦਰਸ਼ਕਾਂ ਨੂੰ ਉਸ ਸੁਹਾਵਣੇ ਸੁਪਨਿਆਂ ਵਾਲੇ ਤਬਾਹਕਾਰੀ ਸਫ਼ਰ 'ਤੇ ਲੈ ਜਾਣਾ ਹੈ ਜਿਸ 'ਤੇ ਚੱਲਦਿਆਂ "ਮਨ ਨੂੰ ਸ਼ਾਂਤੀ ਦਿੰਦੀ" ਜਾਪਦੀ ਵਾਧੂ ਦੀ ਭਕਾਈ ਸੁਣਨ ਦੇ ਅਗਲੇ ਹੀ ਪਲ ਇਨਸਾਨਾਂ ਅੰਦਰ ਖੌਫ ਪੈਦਾ ਕਰਨ ਵਾਲੀਆਂ ਸੁਰਖੀਆਂ ਆ ਖੜ੍ਹਦੀਆਂ ਹਨ। ਅਤੇ 'ਸਮਾਰਟ' ਫੋਨਾਂ ਨੂੰ ਵਗਾਹ ਮਾਰੋ ਕਿਓਂਕਿ ਇਹ ਸਮਾਰਟ ਫੋਨ ਨਿਗਾਹਬਾਨੀ ਅਤੇ ਧਿਆਨ ਭਟਕਾਉਣ ਵਾਲੇ ਯੰਤਰ ਹਨ ਜਿਹੜੇ ਇਹਨਾਂ ਦੀ ਵਰਤੋਂਕਾਰਾਂ ਅੰਦਰ ਬੇਧਿਆਨੀ ਅਤੇ ਡੱਫਰਪੁਣਾ ਉਪਜਾਉਣ ਦੇ ਲਾਜ਼ਮੀ ਸੰਦ ਹਨ। ਲੈਪਟਾਪ ਕੰਪਿਊਟਰ ਵੀ ਕੋਈ ਘੱਟ ਮਾਰੂ ਨਹੀਂ ਹਨ, ਪਰ ਘੱਟੋ ਘੱਟ ਐਨੀ ਕੁ ਤਾਂ ਬੱਚਤ ਹੈ ਕਿ ਹਰ ਕੋਈ ਉਹਨਾਂ ਨੂੰ ਹਰ ਵਕਤ ਆਪਣੀ ਜੇਬ ਅੰਦਰ ਤਾਂ ਨਹੀਂ ਪਾਈ ਰੱਖਦਾ। ਸਮਾਰਟ ਸੈੱਲ ਫੋਨ ਆਪ ਹੀ ਸਿਰਜੇ ਸੈੱਲਾਂ (ਇੱਥੇ ਭਾਵ ਜੇਲ੍ਹ ਵਿਚਲੇ ਸੈੱਲ ਤੋਂ ਹੈ) ਮਾਫਕ ਹਨ ਜਿਹਨਾਂ ਦੀਆਂ ਚਾਬੀਆਂ ਇਹਨਾਂ ਸੈੱਲਾਂ ਦੇ ਮਾਲਕਾਂ ਦੀਆਂ ਜੇਬਾਂ ਵਿੱਚ ਨਹੀਂ ਪਾਈਆਂ ਹੋਈਆਂ। ਜਿੰਨੀ ਸਿੱਧ ਪੱਧਰੀ ਇਹ ਗੱਲ ਲੱਗਦੀ ਹੈ ਓਨੀ ਸਿੱਧ ਪੱਧਰੀ ਇਹ ਹੈ ਨਹੀਂ ਹੈ। ਅਜਿਹੇ ਸੰਦਾਂ ਦੀ ਕਾਮਯਾਬੀ ਦੇ ਪਿੱਛੇ ਲੋਕਾਂ ਦਾ ਅਣਭੋਲਪੁਣਾ ਪਿਆ ਹੈ ਜਿਹਨਾਂ ਨੂੰ ਉਹਨਾਂ ਦੇ ਜੇਲ੍ਹਰਾਂ ਨੇ ਬੁੱਧੂ ਬਣਾਇਆ ਹੈ। ਫਿਰ ਵੀ ਇਹਨਾਂ ਫੋਨਾਂ ਨੂੰ ਸੁੱਟ ਦੇਣ ਦਾ ਸੁਝਾਅ ਦੇਣਾ ਐਨਾ ਹਾਸੋਹੀਣਾ ਅਤੇ ਨਾਮੁਮਕਿਨ ਜਾਪਦਾ ਹੈ ਕਿ ਇਹ ਉਨ੍ਹਾਂ ਮਾਲਕਾਂ ਦੀ ਉਹਨਾਂ ਲੋਕਾਂ ਉੱਤੇ ਭਾਰੂ ਹੋਈ ਤਾਕਤ ਨੂੰ ਸਾਬਤ ਕਰਦਾ ਹੈ ਜਿਹੜੇ ਲੋਕ ਇਹਨਾਂ ਫੋਨਾਂ ਤੋਂ ਬਿਨਾਂ ਜਿਓਂਦਿਆਂ ਰਹਿਣ ਨੂੰ ਕਲਪ ਵੀ ਨਹੀਂ ਸਕਦੇ।

ਜਿੱਥੋਂ ਤੱਕ ਪਹਿਲੇ ਸਵਾਲ ਦੀ ਗੱਲ ਹੈ ਸੰਖੇਪ ਵਿੱਚ ਮੈਨੂੰ ਇਹਦਾ ਜਵਾਬ ਦੇ ਲੈਣ ਦਿਓ। ਹੇਠਾਂ ਲਿਖੀ ਗੱਲ ਦਾ ਥਹੁ ਪਾ ਲੈਣ ਨਾਲ ਕਾਫ਼ੀ ਸਾਰੇ ਸਮੇਂ ਅਤੇ ਦਿਮਾਗੀ ਤਰੱਦਦ ਦੀ ਵੀ ਬੱਚਤ ਹੋਵੇਗੀ।

ਸੰਯੁਕਤ ਰਾਜ ਅਮਰੀਕਾ ਇੱਕ ਸਾਮਰਾਜਵਾਦੀ ਜੰਗਬਾਜ਼ ਹਕੂਮਤ ਹੈ ਜਿਸਨੂੰ ਕਦੇ ਨਾ ਖ਼ਤਮ ਹੋਣ ਵਾਲੀਆਂ ਜੰਗਾਂ ਲਈ ਸਿਰਜਿਆ ਗਿਆ ਹੈ। ਕੁੱਲ ਦੁਨੀਆ 'ਤੇ ਇਹ ਆਪਣੀ ਇਕੱਲੇ ਦੀ ਹੀ ਚੌਧਰ ਵਾਲੀ ਸਾਮਰਾਜੀ ਹਕੂਮਤ ਚਲਾਉਣੀ ਚਾਹੁੰਦਾ ਹੈ।

ਰੂਸ ਅਤੇ ਈਰਾਨ ਵਿਰੁੱਧ ਇਸਦੀਆਂ ਜੰਗਾਂ ਖਤਮ ਹੋਣ ਵਾਲੀਆਂ ਨਹੀਂ ਹਨ ਕਿਓਂਕਿ ਇਹ ਚੀਨ ਨੂੰ ਵੀ ਪਛਾੜ ਦੇਣ ਦੀ ਰਣਨੀਤੀ ਵਾਲੀ ਜੰਗੀ ਯੋਜਨਾ ਦਾ ਇੱਕ ਹਿੱਸਾ ਹਨ। ਕੋਈ ਵੀ ਅਜਿਹੀ 'ਸੌਦੇਬਾਜ਼ੀ' ਨਹੀਂ ਕੀਤੀ ਜਾਵੇਗੀ ਜੀਹਦਾ ਸਿੱਟਾ ਮੁਕੰਮਲ ਜਿੱਤ ਤੋਂ ਹੇਠਾਂ ਰਹਿੰਦਾ ਹੋਵੇ। ਇਜ਼ਰਾਈਲ ਮੱਧ ਪੂਰਬ ਵਿੱਚ ਕਾਰਜਸ਼ੀਲ ਇੱਕ ਅਮਰੀਕੀ ਫੌਜੀ ਅੱਡਾ ਹੈ। ਅਮਰੀਕਾ ਅਤੇ ਇਜ਼ਰਾਈਲ ਦੇ ਤਾਲਮੇਲ ਵਾਲੀਆਂ ਧਾੜਵੀਂ ਜੰਗਾਂ ਅਤੇ ਇਜ਼ਰਾਈਲ ਦੇ ਪਸਾਰਵਾਦ ਦਾ ਮੰਤਵ ਇਸ ਖੇਤਰ ਨੂੰ ਆਪਣੇ ਕਬਜ਼ੇ ਹੇਠ ਲਿਆਉਣਾ ਹੈ। ਇਸ ਦੇ ਉਲਟ ਸਾਰੀਆਂ ਮੁੱਖ ਧਾਰਾਵੀ ਮੀਡੀਆ ਰਿਪੋਰਟਾਂ ਝੂਠ ਦਾ ਪੁਲੰਦਾ ਹਨ ਜਿਹੜੀਆਂ ਲੋਕਾਂ ਨੂੰ ਇਹ ਸੋਚਣ ਲਾਉਂਦੀਆਂ ਹਨ ਕਿ ਜਦੋਂ ਮਹਿਜ਼ ਜੰਗ ਦੇ ਹੀ ਮਨਸੂਬੇ ਬਣਾਏ ਜਾਂਦੇ ਹਨ ਤਾਂ ਅਮਨ-ਚੈਨ ਹੋ ਸਕਦਾ ਹੁੰਦਾ ਹੈ। ਅਸਥਾਈ ਰੂਪ ਵਿੱਚ ਕੀਤੀਆਂ ਗਈਆਂ ਜੰਗਬੰਦੀਆਂ ਵੀ ਜੰਗੀ ਮਨਸੂਬਾਬੰਦੀ ਦਾ ਹੀ ਹਿੱਸਾ ਹਨ।

ਰਿਪਬਲੀਕਨ ਅਤੇ ਡੈਮੋਕ੍ਰੇਟਿਕ ਅਮਰੀਕਾ ਦੀਆਂ ਦੋਵੇਂ ਮੁੱਖ ਧਾਰਾਵੀ ਪਾਰਟੀਆਂ ਇਸ ਰਣਨੀਤੀ ਦੀ ਹਮਾਇਤ ਕਰਦੀਆਂ ਹਨ, ਜੋ ਇਸ ਮੁਲਕ ਅਮਰੀਕਾ ਦੇ ਮਾਲਕ ਅਤੇ ਇਹਦੇ ਅਰਥਚਾਰੇ ਨੂੰ ਕੰਟਰੋਲ ਕਰਨ ਵਾਲੀਆਂ ਅਦਿੱਖ ਵਿੱਤੀ ਤਾਕਤਾਂ ਦੇ ਹਿੱਤਾਂ ਵਿੱਚ ਲੱਗੀਆਂ ਹੋਈਆਂ ਹਨ। ਭਾਵੇਂਕਿ ਪਾਰਟੀਆਂ ਅਤੇ ਉਹਨਾਂ ਦੇ ਆਗੂਆਂ ਦੀਆਂ ਰਣਨੀਤੀਆਂ ਨੂੰ ਲੈ ਕੇ ਅਸਹਿਮਤੀਆਂ ਹੋ ਸਕਦੀਆਂ ਹਨ, ਪਰ ਉਹ ਅਮਰੀਕਾ ਦੇ ਆਲਮੀ ਦਬਦਬੇ ਨੂੰ ਬਰਕਰਾਰ ਰੱਖਣ ਲਈ ਰੂਸ, ਈਰਾਨ ਅਤੇ ਚੀਨ ਖਿਲਾਫ ਜੰਗ ਜਾਰੀ ਰੱਖਣ ਦੀ ਰਣਨੀਤਕ ਯੋਜਨਾ 'ਤੇ ਇੱਕਮੱਤ ਹਨ।

ਆਪਣੇ ਕਬਜ਼ੇ ਹੇਠ ਕਰਨ ਲਈ ਡਿਜੀਟਲ ਪ੍ਰਚਾਰ ਜੰਗ ਬਹੁਤ ਅਹਿਮੀਅਤ ਰੱਖਦੀ ਹੈ ਜਿਸ ਤਹਿਤ ਆਮ ਲੋਕਾਂ ਨੂੰ ਉਹਨਾਂ ਖ਼ਿਲਾਫ਼ ਇੱਕ ਬਦਲਵਾਂ ਬਿਰਤਾਂਤ ਸਿਰਜਕੇ ਉਹਨਾਂ ਦੀਆਂ ਖੋਪੜੀਆਂ ਨੂੰ ਝੂਠ ਤੂਫ਼ਾਨ ਅਤੇ ਬੇਫਾਲਤੂ ਦੀ ਬਕਵਾਸ ਨਾਲ ਤੂੜਕੇ ਕਾਬੂ ਹੇਠ ਕੀਤਾ ਅਤੇ ਭਰਮਾਇਆ ਜਾਂਦਾ ਹੈ। ਚੋਣਾਂ ਅਜਿਹੀ 'ਉਮੀਦ' ਪ੍ਰਚਾਰ ਦਾ ਇੱਕ ਮੁੱਖ ਅੰਗ ਹਨ। ਇਸ ਦੋਧਾਰੀ ਆਪਾ ਸਹਿਮਤੀ ਦੀ ਪੂਰੀ ਪੁਸ਼ਟੀ ਕਰਨ ਲਈ ਅਮਰੀਕਾ ਵੱਲੋਂ ਛੇੜੀਆਂ ਗਈਆਂ 21ਵੀਂ ਸਦੀ ਦੀਆਂ ਜੰਗਾਂ ਦਾ ਅਧਿਐਨ ਕਰੋ।

ਆਸ ਦੀ ਇਕੋ ਇੱਕ ਛੋਟੀ ਜਿਹੀ ਕਿਰਨ ਅਸਲ ਵਿੱਚ ਰਣਨੀਤਕ ਤੌਰ 'ਤੇ ਜੁੜੀ ਹੋਈ ਜੰਗ ਹੈ ਜਿਸ ਨਾਲ ਇਹਨਾਂ ਬੇਅੰਤ ਜੰਗਾਂ ਨੂੰ ਠੱਲ੍ਹ ਪਾਈ ਜਾ ਸਕਦੀ ਹੈ, ਉਹ ਹੈ ਅਮਰੀਕਾ ਵਿੱਚ ਇੱਕ ਹਕੀਕੀ ਲੋਕਪੱਖੀ ਅਤੇ ਗਹਿਰਾਈ ਵਾਲੀ ਚੇਤੰਨ ਜੰਗ-ਵਿਰੋਧੀ ਲਹਿਰ ਉੱਠਣੀ ਅਤੇ ਬਹੁ-ਧਰੁਵੀ ਮੁਲਕਾਂ ਨੂੰ ਇਹ ਅਹਿਸਾਸ ਹੋਣਾ ਕਿ ਆਪਣੀਆਂ ਜੰਗਾਂ ਨੂੰ ਰੋਕਣ ਦਾ ਅਮਰੀਕਾ ਦਾ ਕੋਈ ਇਰਾਦਾ ਨਹੀਂ ਹੈ ਅਤੇ ਉਹ ਮੁਲਕ ਅਮਰੀਕਾ ਦੇ ਏਜੰਡੇ ਖਿਲਾਫ ਸਟੀਲ ਮਾਫਕ ਇਕਮੁੱਠ ਹੋ ਜਾਣ।

ਡਿਜੀਟਲ ਬਕਵਾਸ ਅਤੇ ਜਿਹੜੀਆਂ ਬੇਲੋੜੀਆਂ ਗੱਲਾਂ ਨੂੰ ਤੁਸੀਂ ਜਾਣਨਾ ਨਹੀਂ ਚਾਹੁੰਦੇ ਉਹਨਾਂ ਦੇ ਬਹਿਕਾਵੇ ਵਿੱਚ ਨਾ ਆਓ ਅਤੇ ਨਾ ਹੀ ਸ਼ਾਂਤਚਿੱਤ ਹੋਵੋ। ਉੱਪਰ ਦਰਸਾਈਆਂ ਕੁੱਝ ਸਿਆਸੀ ਗੱਲਾਂ ਵਰਗੀਆਂ ਲਾਜ਼ਮੀ ਗੱਲਾਂ ਵੱਲ ਧਿਆਨ ਇਕਾਗਰ ਕਰਨਾ ਚਾਹੀਦਾ ਹੈ। ਹਾਲਾਂਕਿ, ਇਹਨਾਂ ਤੋਂ ਪਰ੍ਹੇ ਅਤੇ ਕਿਸੇ ਅਗੰਮੀ ਸ਼ਕਤੀ ਦੇ ਅਵਤਾਰ ਧਾਰਣ ਵਾਂਗ ਬਹੁਤ ਡੂੰਘਾਈ ਨਾਲ ਉਹ ਗੱਲਾਂ ਹਨ ਜਿਹਨਾਂ ਨੂੰ ਨਿਵੇਕਲੇ ਰੌਬਰਟੋ ਕੈਲਾਸੋ ਨੇ ਸਾਹਿਤ ਅਤੇ ਦੇਵਤਿਆਂ ਨਾਮੀਂ ਆਪਣੀ ਰਚਨਾ ਅੰਦਰ 'ਪੂਰਨ ਸਾਹਿਤ' ਕਿਹਾ ਹੈ, ਜਿਹੜਾ ਕਿ ਸਿਰਫ ਸਾਹਿਤਕ ਰਚਨਾ ਜ਼ਰੀਏ ਹੀ ਹਾਸਲ ਕੀਤਾ ਜਾਣ ਵਾਲਾ ਗਿਆਨ ਹੈ - "ਇੱਕ ਸੰਪੂਰਨ ਦੀ ਭਾਲ ਵਿੱਚ ਅਤੇ ਜੀਹਦੇ ਅੰਦਰ ਹਰ ਵਸਤ ਸਮੋਈ ਹੋਈ ਹੋਵੇ ਅਤੇ ਉਸੇ ਸਮੇਂ ਹੀ ਇਹ ਕੁੱਝ ਸੰਪੂਰਨ ਵੀ ਹੋਵੇ, ਬੰਧੇਜਮੁਕਤ ਵੀ ਹੋਵੇ, ਕਿਸੇ ਵੀ ਫਰਜ਼ ਜਾਂ ਸਮੂਹ ਦੇ ਕਾਰਜ ਤੋਂ ਮੁਕਤ ਵੀ ਹੋਵੇ ਅਤੇ ਜਿਹੜਾ ਸਮਾਜ ਲਈ ਵੀ ਕੋਈ ਕੰਮ ਦਾ ਨਾ ਹੋਵੇ।" ਇਹ ਅਜਿਹੀ ਲਿਖਤ ਹੈ ਜੀਹਨੂੰ ਪੜ੍ਹਨਾ ਚਾਹੀਦਾ ਹੈ, ਗ੍ਰਹਿਣ ਕਰਨਾ ਚਾਹੀਦਾ ਹੈ, ਜੀਹਦੀ ਪ੍ਰਛਾਈਂ ਮਨ ਅੰਦਰ ਤਰੰਗਾਂ ਛੇੜਦੀ ਹੈ ਅਤੇ ਜਿੱਥੇ ਇੱਕ ਨਵੀਂ ਹਕੀਕਤ ਵਾਲਾ ਕਿਵਾੜ ਖੁੱਲ੍ਹਦਾ ਹੈ ਅਤੇ ਮਾਨਤਾ ਦੇਣ ਦੀ ਝੁਨਝੁਣੀ ਛੇੜਦੀ ਹੈ ਜੋ ਮੋਹਤ ਕਰ ਲੈਂਦੀ ਹੈ। ਇਹ ਹੈ ਉਹ ਸਥਾਨ ਜੀਹਨੂੰ ਨੀਤਸ਼ੇ ਨੇ ਹਕੀਕਤ ਦਾ ਸਥਾਨ, ਆਮ ਭਾਸ਼ਣ ਜਾਂ ਸੰਕਲਪਿਕ ਸੋਚ ਤੋਂ ਬਹੁਤ ਪਰੇ "ਅਲੰਕਾਰਾਂ ਦੀ ਇੱਕ ਮੋਬਾਈਲ ਫੌਜ" ਵਾਲਾ ਸਥਾਨ ਕਿਹਾ ਸੀ। ਮੈਂ ਇਸਦਾ ਜ਼ਿਕਰ ਇਸ ਲਈ ਕਰਦਾ ਹਾਂ ਕਿਉਂਕਿ ਇਹਨੂੰ ਅਮਲ ਵਿੱਚ ਲਿਆਉਣਾ ਬਹੁਤ ਜ਼ਰੂਰੀ ਹੈ, ਇਹ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਕਲਾ ਦਿਲ ਅਤੇ ਦਿਮਾਗ ਅੰਦਰ ਅਣਖ ਜਗਾਉਂਦੀ ਹੈ। ਮੇਰੇ ਇਸ ਆਪਾ ਪ੍ਰਗਟਾਵੇ ਨੂੰ ਝਟਕੇਦਾਰ ਹੋਣ ਦਿਓ ਕਿਓਂਕਿ ਜਦੋਂ ਅਸੀਂ ਇਹਨਾਂ ਥਾਨੀਂ ਗੁਜ਼ਰਦੇ ਹਾਂ ਕਿ ਕੀ ਜਾਣਨ ਦੇ ਯੋਗ ਹੈ ਅਤੇ ਕੀ ਨਹੀਂ ਹੈ। ਇਸਨੂੰ ਓਨਾ ਹੀ ਰਹੱਸਮਈ ਲੱਗਣ ਦਿਓ ਜਿੰਨਾ ਇਹ ਹੋਣਾ ਚਾਹੀਦਾ ਹੈ। ਜੰਗਾਂ ਓਨੀਆਂ ਹੀ ਅਧਿਆਤਮਕ ਹਨ ਜਿੰਨੀਆਂ ਕਿ ਭੌਤਿਕ, ਇਹ ਅਜਿਹੀ ਹਕੀਕਤ ਹੈ ਜਿਹਦੇ ਬਾਰੇ ਕੁੱਝ ਕਲਾਕਾਰਾਂ ਨੂੰ ਹਮੇਸ਼ਾ ਤੋਂ ਹੀ ਪਤਾ ਹੈ। ਅਸੀਂ ਹਮੇਸ਼ਾ ਇਸੇ ਰਾਹ 'ਤੇ ਚੱਲਦੇ ਪਏ ਹਾਂ।


ਮੇਰੇ ਇੱਕ ਦੋਸਤ ਅਤੇ ਸਲਾਹਕਾਰ ਅਤੇ ਜੰਗ ਵਿਰੋਧੀ ਆਤਮਕ ਕਵੀ ਡੈਨੀਅਲ ਬੇਰੀਗਨ ਐਸਜੇ ਦੀ ਕੱਲ੍ਹ ਦੇ ਦਿਨ ਦਸ ਸਾਲ ਪਹਿਲਾਂ ਮੌਤ ਹੋ ਗਈ ਸੀ। ਉਹਦੀ ਆਪਣੀ ਬਾਗੀਆਨਾ ਜ਼ਿੰਦਗੀ ਅਤੇ ਕੌੜੀਆਂ ਹਕੀਕਤਾਂ ਨੂੰ ਆਪਣੇ ਵੱਲੋਂ ਕਠੋਰ ਲਫਜ਼ਾਂ ਨਾਲ ਬਿਆਨ ਕਰਨ ਦਾ ਤਰੀਕਾ ਸਾਨੂੰ ਯਾਦ ਦਿਵਾਉਣ ਦਾ ਇੱਕ ਤਰੀਕਾ ਸੀ। ਕੁੱਝ ਇਓਂ ਹੈ:

"ਦੁਨੀਆ ਨੂੰ ਮੇਰਾ ਇੱਕੋ ਸੁਨੇਹਾ ਹੈ: ਬੇਕਸੂਰ ਲੋਕਾਂ ਨੂੰ ਮਾਰਨ ਦੀ ਸਾਨੂੰ ਕਿਸੇ ਨੇ ਇਜਾਜ਼ਤ ਨਹੀਂ ਦਿੱਤੀ ਹੋਈ। ਇਹਨਾਂ ਕਤਲਾਂ ਵਿੱਚ ਸ਼ਰੀਕ ਹੋਣ ਦੀ ਸਾਨੂੰ ਕੋਈ ਇਜਾਜ਼ਤ ਨਹੀਂ ਹੈ। ਸਾਨੂੰ ਆਪਣੇ ਮੂੰਹ ਸਿਓਂਤੇ ਰੱਖਣ ਦੀ ਕੋਈ ਇਜਾਜ਼ਤ ਨਹੀਂ ਹੈ ਜਦਕਿ ਸਾਡੇ ਨਾਮ 'ਤੇ ਸਾਡੇ ਪੈਸੇ ਨਾਲ, ਗੁਪਤ ਢੰਗ ਤਰੀਕਿਆਂ ਨਾਲ ਸਮੂਹਕ ਕਤਲੇਆਮ ਰਚਣ ਦੀਆਂ ਤਿਆਰੀਆਂ ਕੀਤੀਆਂ ਜਾਂਦੀਆਂ ਹਨ... ਅਜਿਹੇ ਸਮਿਆਂ ਵਿੱਚ ਮੇਰੇ ਲਈ ਬਣੇ ਰਹਿਣਾ ਬਹੁਤ ਦੁਖਦਾਈ ਹੈ ਜਿੱਥੇ ਮੇਰੇ ਕੋਲ 'ਕਤਲ ਕਰਨਾ ਬੰਦ ਕਰੋ' ਕਹਿਣ ਤੋਂ ਸਿਵਾਏ ਮਨੁੱਖਾਂ ਨੂੰ ਕਹਿਣ ਲਈ ਕੁੱਝ ਵੀ ਨਹੀਂ ਹੈ।... ਈਸਾਈ ਧਰਮ ਦੇ ਫਲਸਫੇ ਦੇ ਲਿਹਾਜ਼ ਨਾਲ ਸਾਡੀ ਇਹ ਤ੍ਰਾਸਦੀ ਬਹੁਤ ਪ੍ਰਾਚੀਨ ਸਮਿਆਂ ਤੋਂ ਹੈ। ਅਸੀਂ ਮੁੜਕੇ ਓਥੇ ਹੀ ਪਹੁੰਚ ਗਏ ਹਾਂ ਜਿੱਥੋਂ ਅਸੀਂ ਸ਼ੁਰੂ ਕੀਤਾ ਸੀ। ਤੁਸੀਂ ਨਾ ਮਾਰੋ; ਮਾਰਨ ਦੀ ਸਾਨੂੰ ਕੋਈ ਇਜਾਜ਼ਤ ਨਹੀਂ ਹੈ। ਅੱਜ ਹਰ ਗੱਲ ਇਸ 'ਤੇ ਖੜ੍ਹੀ ਹੈ-ਸੱਭੋ ਕੁੱਝ।'

**ਐਡਵਰਡ ਕਰਟਿਨ:** ਸਮਾਜ ਸ਼ਾਸਤਰੀ, ਖੋਜਕਰਤਾ, ਕਵੀ, ਨਿਬੰਧਕਾਰ, ਪੱਤਰਕਾਰ, ਨਾਵਲਕਾਰ....ਲੇਖਕ - ਵਰਗਾਂ ਦੇ ਘੇਰੇ ਤੋਂ ਆਜ਼ਾਦ। ਉਸਦੀ ਨਵੀਂ ਕਿਤਾਬ ਐਟ ਦ ਲੌਸਟ ਐਂਡ ਫਾਊਂਡ: ਪਰਸਨਲ ਐਂਡ ਪੋਲੀਟੀਕਲ ਡਿਸਪੈਚਸ ਆਫ਼ ਰਜ਼ਿਸਟੈਂਸ ਐਂਡ ਹੋਪ (ਕਲੈਰਿਟੀ ਪ੍ਰੈਸ) ਹੈ।

**ਸਰੋਤ- ਕਾਊਟਰਕਰੈਂਟ** 02/05/2026

**Edward Curtin: Sociologist, researcher, poet, essayist, journalist, novelist....writer - beyond a cage of categories. His latest book is AT THE LOST AND FOUND: Personal & Political Dispatches of Resistance and Hope (Clarity Press).**


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)

ਲਗਦਾ ਹੈ ਕਿ ਇਹ ਕੋਈ ਨਵਾਂ ਪਲਾਨ ਹੈ। ਪਰ ਨਹੀਂ ਇਸ ਬਾਰੇ ਸਭ ਤੋਂ ਪਹਿਲਾਂ 2008 ਦੇ ਵਿਚ ਗੌਰਮਿੰਟ ਆਫ਼ ਕੈਨੇਡਾ ਨੇ ਕਾਨੂੰਨ ਬਣਾਇਆ ਸੀ ਜਿਸ ਦਾ ਮਕਸਦ ਸੀ ਕਿ ਉਹ ਕੈਨੇਡੀਅਨ ਜਿਹੜੇ ਜਾਂ ਤਾਂ ਜਮਾਂਦਰੂ ਹੀ ਡਿਸਏਬਲ ਹੁੰਦੇ ਹਨ ਜਾਂ ਫਿਰ ਬਾਅਦ ਵਿਚ ਜ਼ਿੰਦਗੀ 'ਚ, ਪਰਮਾਨੈਂਟਲੀ ਡਿਸਏਬਲ ਹੋ ਜਾਂਦੇ ਹਨ। ਉਨ੍ਹਾਂ ਦਾ ਹੱਕ ਹੈ ਕਿ ਉਹ ਰੋਟੀ, ਕੱਪੜਾ ਤੇ ਮਕਾਨ ਲਈ ਯਾਨੀ ਰਹਿਣ ਸਹਿਣ ਜਾਂ ਖਾਣ ਪੀਣ ਤੇ ਤਨ 'ਤੇ ਕੱਪੜੇ ਲਈ ਸਰਕਾਰੀ ਸਹਾਇਤਾ ਪਾ ਸਕਣ।

**ਇਹ ਹੈ ਕੀ ?**

ਇਹ ਇਕ ਉਹ ਸੇਵਿੰਗ ਅਕਾਊਂਟ ਹੁੰਦਾ ਹੈ ਜਿਸ ਵਿਚ ਕੈਨੇਡੀਅਨ ਜੋ ਕਿ ਜਾਂ ਪੀ ਆਰ (PR) ਹਨ ਜਾਂ ਫਿਰ ਪੱਕੀ ਸ਼ਹਿਰੀ ਹਨ, ਆਪਣਾ ਆਰਡੀਐਸਪੀ ਅਕਾਊਂਟ ਖੋਲ੍ਹ ਸਕਦੇ ਹਨ। ਅਜੇ ਤੱਕ ਸਿਰਫ਼ ਇਕ ਹੀ ਇੰਸ਼ੋਰੈਂਸ ਕੰਪਨੀ ਹੈ ਜਿਸ ਵਿਚ ਉਹ ਆਪਣਾ ਸੇਵਿੰਗਜ਼ ਅਕਾਉਂਟ ਖੋਲ੍ਹ ਸਕਦੇ ਹਨ ਅਤੇ ਇਸ ਤੋਂ ਇਲਾਵਾ ਕਈ ਵਿੱਤੀ ਸੰਸਥਾਵਾਂ ਵੀ ਹਨ। ਸਰਕਾਰ ਆਪਣੇ ਵਲੋਂ ਉਸ ਦੀ ਬਣਦੀ ਗਰਾਂਟ ਵੀ ਪਾ ਦਿੰਦੀ ਹੈ। ਕਿੰਨਾ ਅਕਾਊਂਟ ਖੋਲ੍ਹਣਾ ਹੈ ਤੇ ਕਿੰਨੀ ਗਰਾਂਟ ਮਿਲ ਸਕਦੀ ਹੈ ਇਸ ਲਈ ਉਨ੍ਹਾਂ ਨੂੰ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਕਰ ਕੀਤਾ ਜਾ ਸਕਦਾ ਹੈ।

ਇਸ ਅਕਾਊਂਟ ਨੂੰ ਖੋਲ੍ਹਣ ਦੀ ਉਮਰ 0 ਸਾਲ ਤੋਂ 49 ਸਾਲ ਤੱਕ ਦੀ ਹੈ। ਜੇ ਗਰਾਂਟ ਲੈਣੀ ਹੋਵੇ।

ਇਹ ਗਰਾਂਟ 0 ਤੋਂ 49 ਸਾਲ ਦੀ ਉਮਰ ਤੱਕ $90,000 ਤੱਕ ਦੀ ਹੋ ਸਕਦੀ ਹੈ। ਸੇਵਿੰਗ ਕਰਨ ਲਈ ਵੀ ਬਹੁਤਾ ਵੱਡਾ ਅਮਾਊਂਟ ਨਹੀਂ ਹੈ। ਅਸੀਂ ਮਹੀਨੇ ਦੇ ਮਹੀਨੇ $125 ਤੱਕ ਦੀ ਵੀ ਸੇਵਿੰਗ ਕਰ ਸਕਦੇ ਹਾਂ।

ਇਸ ਤਰ੍ਹਾਂ ਇਸ ਪਲਾਨ ਵਿਚ ਆਪਣਾ ਮੂਲ ਪੈਸਾ ਪਲੱਸ ਗਰਾਂਟ ਤੇ ਪਲੱਸ ਦੋਹਾਂ ਉਤੇ ਵਿਆਜ ਵੀ ਲੈ ਸਕਦੇ ਹਾਂ। ਵੱਧ ਤੋਂ ਵੱਧ ਇਸ ਪਲਾਨ ਵਿਚ ਅਸੀਂ $200,000 ਡਾਲਟ ਤੱਕ ਸੇਵ ਕਰ ਸਕਦੇ ਹਾਂ। $500 ਜੋੜਨ ਨਾਲ $1500 ਦੀ ਗਰਾਂਟ ਤੇ ਹੋਰ $1000 ਜੋੜਨ ਨਾਲ $2000 ਦੀ ਗਰਾਂਟ। ਗਰਾਂਟ ਇਸ ਤੋਂ ਵੱਧ ਵੀ ਉਪਲਬਧ ਹੈ।

ਇਹ ਪਲੈਨ ਕਦੋਂ ਮਿਚਿਓਰ (Mature) ਹੁੰਦੀ ਹੈ ?









ਸ਼ੇਰ ਜੰਗ ਰਾਣਾ
416-910-9000

ਬਚਿੱਤਰ ਸਿੰਘ
416-527-3737

ਹਰਬੰਸ ਸਿੰਘ
416-817-7142

ਵੈਸੇ ਪੈਸੇ ਜੋੜਨ ਵਾਲੇ ਆਪਣਾ ਪੈਸਾ ਵਿਆਜ ਸਮੇਤ ਜਦ ਮਰਜ਼ੀ ਲੈ ਸਕਦੇ ਹਨ ਪਰ ਜੇ ਅਸੀਂ ਆਪਣਾ ਪੈਸਾ ਪੂਰਾ ਤੇ ਗਰਾਂਟ ਤੇ ਉਪਰ ਦਾ ਵਿਆਜ ਥੋੜ੍ਹਾ-ਥੋੜ੍ਹਾ ਕਰਕੇ ਲੈਣਾ ਚਾਹੁੰਦੇ ਹਾਂ ਤਾਂ ਇਹ ਪਲੈਨ 60 ਸਾਲ ਦੀ ਉਮਰ ਤੇ ਮਿਚਿਓਰ ਹੋ ਜਾਂਦੀ ਹੈ।

ਫਿਰ ਆਪਣਾ ਜੋ ਹੈਂਡੀਕੈਪ ਹੁੰਦਾ ਹੈ ਉਹ ਆਪਣੇ 60 ਸਾਲ ਤੋਂ ਵੱਧ ਦੇ ਸਮੇਂ ਲਈ ਮਹੀਨੇ ਦੇ ਮਹੀਨੇ ਪੈਸੇ ਲੈਣਾ ਸ਼ੁਰੂ ਕਰ ਸਕਦਾ ਹੈ। ਕਿੰਨਾ ਪੈਸਾ ਮਹੀਨੇ ਦਾ ਜਾਂ ਸਾਲ ਦਾ ਲਿਆ ਜਾ ਸਕਦਾ ਹੈ ? ਇਹ ਨਿਰਭਰ ਕਰਦਾ ਹੈ ਕਿ ਉਸ ਨੇ ਕਿੰਨਾ ਪੈਸਾ ਸੇਵ ਕੀਤਾ ਹੈ ਤੇ ਕਿੰਨੀ ਗਰਾਂਟ ਲਈ ਹੈ।

ਤੇ ਉਸ ਨੂੰ ਕਿੰਨਾ ਵਿਆਜ ਮਿਲਿਆ ਹੈ।

**ਕਿੰਨਾ ਲੋਕਾਂ ਲਈ ਇਹ ਪਲੈਨ ਲਾਹੇਵੰਦ ਹੈ ?**

- ਜਿਨ੍ਹਾਂ ਕੋਲ CRA ਕੋਲੋਂ DTC Certificate ਹੈ।
- ਜਿਨ੍ਹਾਂ ਦੀ ਉਮਰ 59 ਸਾਲ ਤੋਂ ਘੱਟ ਹੈ ਜਾਂ ਗਰਾਂਟ ਹਾਸਲ ਕਰਨ ਲਈ 49 ਸਾਲ ਤੋਂ ਘੱਟ ਹੈ।
- ਜੋ ਜਨਮ ਤੋਂ ਹੀ Autism, Bipolar Disorder, Cerebral palsy, COPD, permanent depression Down syndrome , Hearing Loss, blindness, multiple sclerosis, paralysis, Parkinson disease, Dementia, crohn's disease, cystic, Fibrosis or amputation.
- ਇਸ ਤੋਂ ਇਲਾਵਾ ਕੋਈ ਵੀ ਜੋ ਪੂਰੀ ਤਰ੍ਹਾਂ ਕਿਸੇ ਵੀ ਕਾਰਨ ਕਰਕੇ ਡਿਸਏਬਲ ਹੈ ਉਹਦਾ ਡਾਕਟਰ ਉਹ ਨੂੰ CRA ਦਾ T 2201 ਫਾਰਮ ਭਰ ਕੇ ਦੇ ਸਕਦਾ ਹੈ।
- ਬਾਕੀ ਤੁਸੀਂ ਵੱਧ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਫੋਨ ਕਰਕੇ ਜਾਣਕਾਰੀ ਹਾਸਲ ਕਰ ਸਕਦੇ ਹੋ। ਕਿਉਂਕਿ ਇਥੇ ਸਾਰਾ ਕੁਝ ਨਹੀਂ ਲਿਖਿਆ ਜਾ ਸਕਦਾ। ਜਿਵੇਂ ਕਿ ਹਰ ਕੋਈ ਵੱਖਰੇ ਢੰਗ ਨਾਲ ਵੀ ਡਿਸਟੇਬਲ ਹੋ ਸਕਦਾ ਹੈ।


Buy or Sell Any Residential or Commercial Real Estate with Insta Realty Team.




www.instarlt.com
403-613-5868
Email: info@instarlt.com
#3256, 4310-104 Ave NE Calgary AB T3N 1W3

### ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨਾਲ ਜੁੜੇ

# ਇੰਗਲੈਂਡ ਰਹਿੰਦੇ ਸਾਥੀ ਅਵਤਾਰ ਉੱਪਲ ਸਦੀਵੀ ਵਿਛੋੜਾ ਦੇ ਗਏ



ਸਾਹਿਤਕ ਸਭਿਆਚਾਰਕ ਸਰਗਰਮੀਆਂ ਨਾਲ ਜੁੜੇ, ਮਹਿਫ਼ਲਾਂ ਵਿਚ ਗ਼ਜ਼ਲਾਂ ਦੀ ਸੌਗੰਧੀ ਵੰਡਣ ਵਾਲੇ, ਗ਼ਦਰੀ ਬਾਬਿਆਂ ਦੇ ਮੇਲੇ 'ਚ ਬਹੁਤ ਹੀ ਉਤਸ਼ਾਹ ਨਾਲ ਸ਼ਾਮਲ ਹੋਣ ਵਾਲੇ, ਭਾਰਤ ਦੇ ਲੋਕ ਸੰਘਰਸ਼ਾਂ ਦੇ ਗਹਿ-ਗੱਡ ਹਮਾਇਤੀ ਅਤੇ ਇੰਗਲੈਂਡ ਵਿਚ ਲੋਕਪੱਖੀ ਸਰਗਰਮੀਆਂ ਨਾਲ ਬਾਵਸਤਾ ਰਹਿਣ ਵਾਲੇ ਸਾਥੀ ਅਵਤਾਰ ਉੱਪਲ 19 ਮਈ ਨੂੰ ਇੰਗਲੈਂਡ ਵਿਖੇ ਸਦੀਵੀ ਵਿਛੋੜਾ ਦੇ ਗਏ। ਅਦਾਰਾ ਸਰੋਕਾਰਾਂ ਦੀ ਆਵਾਜ਼ ਉਨ੍ਹਾਂ ਦੇ ਤੁਰ ਜਾਣ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹੈ ਅਤੇ ਉਨ੍ਹਾਂ ਦੇ ਸਮੂਹ ਪਰਿਵਾਰ, ਸਾਕ ਸਬੰਧੀਆਂ ਅਤੇ ਸੰਗੀ ਸਾਥੀਆਂ ਦੇ ਦੁੱਖ 'ਚ ਸ਼ਰੀਕ ਹੈ।

BRING YOUR PARENTS & GRAND PARENTS FOR A FREE HEARING TEST
1410-6004 Country Hills Blvd NE Building 1401 Calgary, AB T3N 1T8
APEX SKY MEDICAL CENTRE
ਅਲਬਰਟਾ ਦੀ ਪਹਿਲੀ ਪੰਜਾਬੀ ਬੋਲਣ ਵਾਲੀ Hearing Instrument ਸਪੈਸ਼ਲਿਸਟ
403 723 3141
www.primehearing.clinic
info@primehearing.clinic
PRIME HEARING CLINIC
*Conditions Apply
18 ਸਾਲ ਤੋਂ ਵੱਧ ਉਮਰ ਵਾਲਿਆਂ ਲਈ
ਮੁਫ਼ਤ ਕੰਨਾਂ ਦਾ ਟੈਸਟ ਅਤੇ ਮੁਫ਼ਤ ਕੰਨਾਂ ਦੀਆਂ ਮਸ਼ੀਨਾਂ
WE SPEAK YOUR LANGUAGE
ਪੰਜਾਬੀ | ਹਿੰਦੀ
URDU | ENGLISH
Ramandeep (Reet) Kaur
Registered Hearing Aid Prcatitioner(RHAP)
Board Certified Hearing Instrument Specialist(BC-HIS)
Book Your Free Hearing Test

YYC Home Care Services
Serving All Across Alberta
ਬਜ਼ੁਰਗਾਂ ਦੀ ਦੇਖਭਾਲ ਬਿਨਾਂ ਕਿਸੇ ਖਰਚੇ ਦੇ ਤੋਂ!
ਪੈਰਾਮੈਡਿਕ ਦੁਆਰਾ ਚਲਾਈ ਜਾ ਰਹੀ ਕੰਪਨੀ
825-760-0983
DIRECT BILLING AVAILABLE FOR HOME CARE
ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁੱਕਿੰਗ ਕਰੋ

Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6

RDSP UP TO $90,000 GOVERNMENT GRANT + BOND.
SUPER VISA INSURANCE
MDRT The Premier Association of Financial Professionals
Punjab Insurance Inc
LIFE INSURANCE | CRITICAL ILLNESS INSURANCE
DISABILITY INSURANCE | TRAVEL INSURANCE
VISITOR INSURANCE | RESP, RRSP, TFSA & FHSA
HARPREET RANA 416-871-3571
NIAMAT RANA 416-206-1616
WWW.PUNJABINSURANCE.CA